ਸੋਮਵਾਰ, 31 ਅਕਤੂਬਰ, 2022
15 ਕੱਤਕ { ਨਾਨਕਸ਼ਾਹੀ 554, ਬਿਕਰਮੀ 2079
ਜਿਲਦ/VOL. : 71
ਅੰਕ/NO. : 150

# ਨਵਾਂ ਜ਼ਮਾਨਾ

DAILY NAWAN ZAMANA • MONDAY, 31 OCTOBER, 2022
ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

## ਚੁਰਾਇਆ ਸਮਾਨ ਸੌਰੀ ਕਹਿ ਕੇ ਮੋੜ ਗਿਆ ਚੋਰ

**ਬਾਲਾਘਾਟ** : ਮੱਧ ਪ੍ਰਦੇਸ਼ ਦੇ ਬਾਲਾਘਾਟ ਜ਼ਿਲ੍ਹੇ 'ਚ ਚੋਰ ਨੇ ਕੁਝ ਦਿਨ ਪਹਿਲਾਂ ਮੰਦਰ 'ਚੋਂ ਚੋਰੀ ਕੀਤੀਆਂ ਚਾਂਦੀ ਅਤੇ ਪਿੱਤਲ ਦੀਆਂ ਚੀਜ਼ਾਂ ਮੁਆਫੀ ਮੰਗ ਕੇ ਵਾਪਸ ਕਰ ਦਿੱਤੀਆਂ। ਇੱਕ ਚਿੱਠੀ 'ਚ ਚੋਰ ਨੇ ਲਿਖਿਆ ਹੈ—ਇਸ ਚੋਰੀ ਕਾਰਨ ਮੈਨੂੰ ਬਹੁਤ ਨੁਕਸਾਨ ਹੋਇਆ ਹੈ। ਚੋਰ ਨੇ 24 ਅਕਤੂਬਰ ਦੀ ਰਾਤ ਨੂੰ ਲਾਮਟਾ ਬਜ਼ਾਰ ਚੌਕ ਸਥਿਤ ਸ਼ਾਂਤੀਨਾਥ ਦਿਗੰਬਰ ਜੈਨ ਮੰਦਰ ਵਿੱਚੋਂ 9 ਚਾਂਦੀ ਦੇ ਛਤਰ ਤੇ ਚਾਂਦੀ ਦੀਆਂ ਹੀ 10 ਹੋਰ ਵਸਤਾਂ ਅਤੇ 13 ਪਿੱਤਲ ਦੀਆਂ ਚੀਜ਼ਾਂ ਚੋਰੀ ਕਰ ਲਈਆਂ ਸਨ।

## ਗੁਜਰਾਤ ਚੋਣਾਂ ਦਾ ਐਲਾਨ ਇਸੇ ਹਫਤੇ ਸੰਭਵ

**ਨਵੀਂ ਦਿੱਲੀ** : ਚੋਣ ਕਮਿਸ਼ਨ ਗੁਜਰਾਤ ਅਸੰਬਲੀ ਚੋਣਾਂ ਦਾ ਪ੍ਰੋਗਰਾਮ ਇਸੇ ਹਫਤੇ ਕਰ ਸਕਦਾ ਹੈ। 2017 'ਚ ਅਪਣਾਈ ਪਰੰਪਰਾ ਦਾ ਹਵਾਲਾ ਦਿੰਦੇ ਹੋਏ ਚੋਣ ਕਮਿਸ਼ਨ ਨੇ ਇਸ ਮਹੀਨੇ ਦੇ ਸ਼ੁਰੂ 'ਚ ਹਿਮਾਚਲ ਅਸੰਬਲੀ ਚੋਣਾਂ ਦੀਆਂ ਤਰੀਕਾਂ ਦੇ ਨਾਲ ਗੁਜਰਾਤ ਦੇ ਚੋਣ ਪ੍ਰੋਗਰਾਮ ਦਾ ਐਲਾਨ ਨਹੀਂ ਕੀਤਾ ਸੀ। ਹਿਮਾਚਲ 'ਚ 12 ਨਵੰਬਰ ਨੂੰ ਇੱਕੋ ਗੇੜ 'ਚ ਵੋਟਾਂ ਪੈਣਗੀਆਂ, ਜਦੋਂ ਕਿ ਵੋਟਾਂ ਦੀ ਗਿਣਤੀ 8 ਦਸੰਬਰ ਨੂੰ ਹੋਵੇਗੀ।

## ਜਹਾਜ਼ ਕਾਰਖਾਨੇ ਦਾ ਨੀਂਹ-ਪੱਥਰ

**ਵਡੋਦਰਾ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਗੁਜਰਾਤ ਦੇ ਵਡੋਦਰਾ 'ਚ ਟਰਾਂਸਪੋਰਟ ਏਅਰਕ੍ਰਾਫਟ ਸੀ-295 ਦੇ ਨਿਰਮਾਣ ਯੂਨਿਟ ਦਾ ਨੀਂਹ ਪੱਥਰ ਰੱਖਿਆ। ਉਨ੍ਹਾ ਇਸ ਮੌਕੇ ਦਾਅਵਾ ਕੀਤਾ ਕਿ ਭਾਰਤ ਕੌਮਾਂਤਰੀ ਪੱਧਰ 'ਤੇ ਪ੍ਰਮੁੱਖ ਮੈਨੂਫੈਕਚਰਿੰਗ ਹੱਬ ਬਣ ਰਿਹਾ ਹੈ। ਵਡੋਦਰਾ 'ਚ ਸੀ-295 ਜਹਾਜ਼ਾਂ ਦੇ ਨਿਰਮਾਣ ਨਾਲ ਨਾ ਸਿਰਫ ਦੇਸ਼ ਦੀ ਫੌਜੀ ਤਾਕਤ ਵਧੇਗੀ, ਸਗੋਂ ਏਅਰੋਸਪੇਸ ਈਕੋ ਸਿਸਟਮ ਵੀ ਬਣੇਗਾ।

## ਮੋਗਾਦਿਸ਼ੂ 'ਚ ਕਾਰ ਬੰਬ ਧਮਾਕਿਆਂ 'ਚ ਭਾਰੀ ਜਾਨੀ ਨੁਕਸਾਨ



**ਮੋਗਾਦਿਸ਼ੂ** : ਸੋਮਾਲੀਆ ਦੀ ਰਾਜਧਾਨੀ ਮੋਗਾਦਿਸ਼ੂ 'ਚ ਦੋ ਕਾਰ ਬੰਬ ਧਮਾਕਿਆਂ 'ਚ ਘੱਟੋ-ਘੱਟ 100 ਵਿਅਕਤੀ ਮਾਰੇ ਗਏ ਅਤੇ ਮਰਨ ਵਾਲਿਆਂ ਦੀ ਗਿਣਤੀ ਵਧਣ ਦਾ ਖਦਸ਼ਾ ਹੈ। ਸੋਮਾਲੀਆ ਦੇ ਰਾਸ਼ਟਰਪਤੀ ਹਸਨ ਸ਼ੇਖ ਮੁਹੰਮਦ ਨੇ ਐਤਵਾਰ ਮੌਕੇ 'ਤੇ ਪੱਤਰਕਾਰਾਂ ਨੂੰ ਦੱਸਿਆ ਕਿ ਕਰੀਬ 300 ਵਿਅਕਤੀ ਜ਼ਖਮੀ ਹੋਏ ਹਨ। ਉਨ੍ਹਾ ਇਨ੍ਹਾਂ ਹਮਲਿਆਂ ਨੂੰ ਬੇਹੱਦ ਬੇਰਹਿਮ ਅਤੇ ਬੁਜ਼ਦਿਲਾਨਾ ਕਾਰਵਾਈ ਕਰਾਰ ਦਿੱਤਾ।

## ਸਿਓਲ ਤ੍ਰਾਸਦੀ 'ਚ ਮ੍ਰਿਤਕਾਂ ਦੀ ਗਿਣਤੀ ਡੇਢ ਸੌ ਤੋਂ ਟੱਪੀ

**ਸਿਓਲ** : ਦੱਖਣੀ ਕੋਰੀਆ ਦੀ ਰਾਜਧਾਨੀ ਸਿਓਲ 'ਚ 'ਹੈਲੋਵੀਨ' ਤਿਉਹਾਰ ਦੌਰਾਨ ਭੀੜ ਦੇ ਤੰਗ ਗਲੀ 'ਚ ਦਾਖਲ ਹੋਣ ਦੀ ਕੋਸ਼ਿਸ਼ ਸਮੇਂ ਮਚੀ ਭਗਦੜ 'ਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ 153 ਹੋ ਗਈ ਹੈ, ਜਦੋਂ ਕਿ 82 ਹੋਰ ਜ਼ਖਮੀਆਂ ਦਾ ਇਲਾਜ ਚੱਲ ਰਿਹਾ ਹੈ। ਐਮਰਜੈਂਸੀ ਕਰਮਚਾਰੀਆਂ ਅਤੇ ਰਾਹਗੀਰਾਂ ਨੇ ਰਾਜਧਾਨੀ ਦੇ ਇਟੇਵਨ ਜ਼ਿਲ੍ਹੇ ਵਿਚ ਭਗਦੜ ਤੋਂ ਬਾਅਦ ਸੜਕਾਂ 'ਤੇ ਪਏ ਲੋਕਾਂ ਨੂੰ ਸਾਹ ਦਿਵਾਉਣ ਦੀ ਕੋਸ਼ਿਸ਼ ਕੀਤੀ। ਮ੍ਰਿਤਕਾਂ ਅਤੇ ਜ਼ਖਮੀਆਂ 'ਚ ਬਹੁਤੇ ਨੌਜਵਾਨ ਅਤੇ ਮੁਟਿਆਰਾਂ ਹਨ। ਮਰਨ ਵਾਲਿਆਂ 'ਚ 19 ਵਿਦੇਸ਼ੀ ਵੀ ਹਨ, ਜਿਨ੍ਹਾਂ ਦੀ ਪਛਾਣ ਕੀਤੀ ਜਾ ਰਹੀ ਹੈ।

## ਟਵਿੱਟਰ ਦੇ ਸਟਾਫ ਦੀ ਛਾਂਟੀ ਦੀ ਤਿਆਰੀ

**ਨਿਊਯਾਰਕ** : ਐਲੋਨ ਮਸਕ ਦਾ ਟਵਿੱਟਰ 'ਚੋਂ ਕਰਮਚਾਰੀਆਂ ਦੀ ਛਾਂਟੀ ਕਰਨ ਦਾ ਇਰਾਦਾ ਹੈ। ਕੁਝ ਦਿਨ ਪਹਿਲਾਂ ਮਸਕ ਨੇ 44 ਅਰਬ ਡਾਲਰ ਨਾਲ ਸੋਸ਼ਲ ਮੀਡੀਆ ਕੰਪਨੀ ਦੀ ਮਾਲਕੀ ਹਾਸਲ ਕੀਤੀ ਸੀ। ਕੁਝ ਪ੍ਰਬੰਧਕਾਂ ਨੂੰ ਉਨ੍ਹਾਂ ਕਰਮਚਾਰੀਆਂ ਦੀ ਸੂਚੀ ਬਣਾਉਣ ਲਈ ਕਿਹਾ ਗਿਆ ਹੈ, ਜਿਨ੍ਹਾਂ ਨੂੰ ਨੌਕਰੀ ਤੋਂ ਕੱਢਿਆ ਜਾ ਸਕਦਾ ਹੈ।

# ਚੀਫ ਜਸਟਿਸ ਜੀ, ਜਮਹੂਰੀਅਤ ਬਚਾਅ ਲਓ : ਮਮਤਾ



**ਕੋਲਕਾਤਾ** : ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਐਤਵਾਰ ਦੇਸ਼ ਵਿਚ ਜਮਹੂਰੀ ਅਦਾਰਿਆਂ ਦੀ ਸੰਘੀ ਘੁੱਟੇ ਜਾਣ 'ਤੇ ਚਿੰਤਾ ਜ਼ਾਹਰ ਕਰਦਿਆਂ ਖਬਰਦਾਰ ਕੀਤਾ ਕਿ ਜੇ ਇਹ ਰੁਝਾਨ ਜਾਰੀ ਰਿਹਾ ਤਾਂ ਰਾਸ਼ਟਰ ਰਾਸ਼ਟਰਪਤੀ ਤਰਜ਼ ਦੀ ਸਰਕਾਰ ਵੱਲ ਵਧ ਜਾਵੇਗਾ। ਉਨ੍ਹਾ ਦੇਸ਼ ਦੇ ਚੀਫ ਜਸਟਿਸ ਨੂੰ ਜਮਹੂਰੀਅਤ ਤੇ ਫੈਡਰਲ ਢਾਂਚੇ ਦੀ ਸੁਰੱਖਿਆ ਯਕੀਨੀ ਬਣਾਉਣ ਦਾ ਸੱਦਾ ਦਿੱਤਾ। ਬੀਬੀ ਮਮਤਾ ਨੇ ਇੱਥੇ ਨੈਸ਼ਨਲ ਯੂਨੀਵਰਸਿਟੀ ਆਫ ਜੁਡੀਸ਼ੀਅਲ ਸਾਇੰਸਿਜ਼ ਦੀ ਕਾਨਵੋਕੇਸ਼ਨ ਦੌਰਾਨ ਚੀਫ ਜਸਟਿਸ ਯੂ ਯੂ ਲਲਿਤ ਦੀ ਮੌਜੂਦਗੀ ਵਿਚ ਇਹ ਗੱਲ ਕਹੀ। ਚੀਫ ਜਸਟਿਸ ਯੂਨੀਵਰਸਿਟੀ ਦੇ ਚਾਂਸਲਰ ਹਨ।

ਨਿਆਂ ਪਾਲਿਕਾ ਨੂੰ ਲੋਕਾਂ ਨੂੰ ਹਰਾਸਮੈਂਟ ਤੋਂ ਬਚਾਉਣ 'ਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਾਰੇ ਜਮਹੂਰੀ ਦੀ ਤਾਕਤ ਨੂੰ ਸਮਾਜ ਦਾ ਇਕ ਵਰਗ ਆਪਣੇ ਕਬਜ਼ੇ ਵਿਚ ਕਰ ਰਿਹਾ ਹੈ। ਉਨ੍ਹਾ ਚੀਫ ਜਸਟਿਸ ਨੂੰ ਮੁਖਾਤਬ ਹੁੰਦਿਆਂ ਕਿਹਾ—ਜਮਹੂਰੀਅਤ ਕਿੱਥੇ ਹੈ? ਕ੍ਰਿਪਾ ਕਰਕੇ ਜਮਹੂਰੀਅਤ ਨੂੰ ਬਚਾਓ। ਪੱਖਪਾਤੀ ਮੀਡੀਆ 'ਤੇ ਵਰ੍ਹਦਿਆਂ ਮਮਤਾ ਨੇ ਕਿਹਾ—ਇਹ ਕਿਸੇ ਦੀ ਵੀ ਲਾਹ ਦਿੰਦੇ ਹਨ। ਸਰ, ਸਾਡੇ ਪ੍ਰੈਸਟੀਜ ਸਾਡੀ ਇੱਜ਼ਤ ਹੈ। ਇੱਜ਼ਤ ਲੂਟ ਲਿਆ, ਤੋ ਸਬ ਲੂਟ ਲਿਆ। ਅਦਾਲਤ ਦਾ ਫੈਸਲਾ ਆਉਣ ਤੋਂ ਪਹਿਲਾਂ ਕਈ ਗੱਲਾਂ ਕਹੀਆਂ ਜਾਂਦੀਆਂ ਹਨ। ਮੈਨੂੰ ਇਹ ਕਹਿੰਦਿਆਂ ਅਫਸੋਸ ਹੋ ਰਿਹਾ ਹੈ। ਜੇ ਤੁਸੀਂ ਸਮਝਦੇ ਹੋ ਕਿ ਮੈਂ ਗਲਤ ਹਾਂ, ਮੈਂ ਮੁਆਫੀ ਮੰਗ ਲੈਂਦੀ ਹਾਂ।

ਯੂਨੀਵਰਸਿਟੀ ਨੂੰ ਸੰਸਾਰ ਦੇ ਸਭ ਤੋਂ ਅਹਿਮ ਅਦਾਰਿਆਂ ਵਿੱਚੋਂ ਇਕ ਕਰਾਰ ਦਿੰਦਿਆਂ ਮਮਤਾ ਨੇ ਚੀਫ ਜਸਟਿਸ ਨੂੰ ਵਧਾਈ ਦਿੱਤੀ ਤੇ ਕਿਹਾ—ਮੈਂ ਜਸਟਿਸ ਯੂ ਯੂ ਲਲਿਤ ਨੂੰ ਵਧਾਈ ਦੇਣੀ ਚਾਹਾਂਗੀ। ਮੈਨੂੰ ਨਹੀਂ ਪਤਾ ਕਿ ਆਪਣੀ ਗੱਲ ਕਹਿਣ ਲਈ ਮੈਂ ਇਸ ਮੰਚ ਨੂੰ ਵਰਤ ਸਕਦੀ ਹਾਂ ਕਿ ਨਹੀਂ, ਪਰ ਦੋ ਮਹੀਨਿਆਂ ਵਿਚ ਜਸਟਿਸ ਲਲਿਤ ਨੇ ਦਿਖਾਇਆ ਹੈ ਕਿ ਨਿਆਂ ਪਾਲਿਕਾ ਕੀ ਹੁੰਦੀ ਹੈ।

ਆਪਣੇ ਨੁਕਤੇ ਨੂੰ ਸਪੱਸ਼ਟ ਕਰਦਿਆਂ ਮਮਤਾ ਨੇ ਕਿਹਾ—ਮੈਂ ਇਹ ਨਹੀਂ ਕਹਿ ਰਹੀ ਕਿ ਲੋਕਾਂ ਦਾ ਨਿਆਂ ਪਾਲਿਕਾ 'ਤੇ ਵਿਸ਼ਵਾਸ ਉਠ ਗਿਆ ਹੈ, ਪਰ ਅੱਜਕੱਲ੍ਹ ਸਥਿਤੀ ਬਦ ਤੋਂ ਬਦਤਰ ਹੋ ਰਹੀ ਹੈ।

ਨਿਆਂ ਪਾਲਿਕਾ ਨੂੰ ਲੋਕਾਂ ਨੂੰ ਬੇਇਨਸਾਫੀ ਤੋਂ ਬਚਾਉਣ ਚਾਹੀਦਾ ਹੈ ਤੇ ਉਨ੍ਹਾਂ ਦੇ ਦੁਖੜੇ ਸੁਣਨੇ ਚਾਹੀਦੇ ਹਨ। ਲੋਕ ਬੰਦ ਦਰਵਾਜ਼ਿਆਂ ਪਿੱਛੇ ਕਰਾਹ ਰਹੇ ਹਨ।

## ਮੁਸਕਰਾਉਂਦਾ ਸੂਰਜ



**ਨਵੀਂ ਦਿੱਲੀ** : ਹਾਲਾਂਕਿ ਸੂਰਜ ਦੀਆਂ ਕਈ ਤਸਵੀਰਾਂ ਸੋਸ਼ਲ ਮੀਡੀਆ 'ਤੇ ਅਕਸਰ ਵਾਇਰਲ ਹੁੰਦੀਆਂ ਰਹਿੰਦੀਆਂ ਹਨ, ਪਰ ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਸੂਰਜ ਦੀ ਅਜਿਹੀ ਤਸਵੀਰ ਸਾਂਝੀ ਕੀਤੀ ਹੈ, ਜਿਸ ਨੂੰ ਦੇਖ ਕੇ ਲੱਗ ਰਿਹਾ ● ਬਾਕੀ ਸਫ਼ਾ 2 'ਤੇ

## ਆਰ ਐੱਸ ਐੱਸ ਅਸਲ ਕੌਫੀ, ਭਾਜਪਾ ਤਾਂ ਝੱਗ ਐ : ਪ੍ਰਸ਼ਾਂਤ



**ਪਟਨਾ** : ਚੋਣ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਨੇ ਕਿਹਾ ਹੈ ਕਿ ਅਸਲ ਕੌਫੀ ਆਰ ਐੱਸ ਐੱਸ ਹੈ, ਭਾਜਪਾ ਤਾਂ ਝੱਗ ਹੈ। ਬਿਹਾਰ ਵਿਚ 3500 ਕਿੱਲੋਮੀਟਰ ਦੀ ਪਦਯਾਤਰਾ 'ਤੇ ਨਿਕਲੇ ਪ੍ਰਸ਼ਾਂਤ ਨੇ ਪੱਛਮੀ ਚੰਪਾਰਨ ਜ਼ਿਲ੍ਹੇ ਦੇ ਲੌਰੀਆ ਵਿਚ ਕਿਹਾ ਕਿ ਉਸ ਨੂੰ ਇਹ ਸਮਝਣ ਵਿਚ ਕਾਫੀ ਸਮਾਂ ਲੱਗ ਗਿਆ ਕਿ ਨਾਥੂਰਾਮ ਗੌਡਸੇ ਦੀ ਵਿਚਾਰਧਾਰਾ ਨੂੰ ਸਿਰਫ ਗਾਂਧੀ ਦੀ ਕਾਂਗਰਸ ਨੂੰ ਸੁਰਜੀਤ ਕਰਕੇ ਹੀ ਹਰਾਇਆ ਜਾ ਸਕਦਾ ਹੈ। ਨਿਤੀਸ਼ ਕੁਮਾਰ ਤੇ ਜਗਨ ਮੋਹਨ ਰੈਡੀ ਦੀਆਂ ਲਾਲਸਾਵਾਂ ਪੂਰੀਆਂ ਕਰਨ ਵਿਚ ਮਦਦ ਕਰਨ ਦੀ ਥਾਂ ਇਸ ਦਿਸ਼ਾ ਵਿਚ ਕੰਮ ਕੀਤਾ ਹੁੰਦਾ ਤਾਂ ਚੰਗਾ ਹੁੰਦਾ। ਉਸ ਨੇ ਕਿਹਾ ਕਿ ਮੋਦੀ ਦਾ ਰੱਥ ਰੋਕਣ ਲਈ ਆਪੋਜ਼ੀਸ਼ਨ ਦੀ ਏਕਤਾ ਹੋਣ 'ਤੇ ਸ਼ੱਕ ਜ਼ਾਹਰ ਕਰਦਿਆਂ ਕਿਹਾ ਕਿ ਭਾਜਪਾ ਨੂੰ ਸਮਝੇ ਬਿਨਾਂ ਹਰਾਇਆ ਨਹੀਂ ਜਾ ਸਕਦਾ। ਮਿਸਾਲ ਦਿੰਦਿਆਂ ਉਸ ਨੇ ਕਿਹਾ—ਕੀ ਤੁਸੀਂ ਕਦੇ ਕੌਫੀ ਦਾ ਕੱਪ ਦੇਖਿਆ ਹੈ? ਉੱਪਰ ਝੱਗ ਹੁੰਦੀ ਹੈ। ਭਾਜਪਾ ਵੀ ਉਸੇ ਤਰ੍ਹਾਂ ਹੈ। ਹੇਠਾਂ ਆਰ ਐੱਸ ਐੱਸ ਦਾ ਢਾਂਚਾ ਹੈ। ਆਰ ਐੱਸ ਐੱਸ ਸਮਾਜੀ ਤਾਣੇ-ਬਾਣੇ ਵਿਚ ਘਰ ਕਰ ਚੁੱਕਾ ਹੈ। ਇਸ ਨੂੰ ਸ਼ਾਰਟਕੱਟਾਂ ਨਾਲ ਨਹੀਂ ਹਰਾਇਆ ਜਾ ਸਕਦਾ।

# 'ਮੇਲਾ ਗ਼ਦਰੀ ਬਾਬਿਆਂ ਦਾ' ਜੋਸ਼ੋ-ਖਰੋਸ਼ ਨਾਲ ਸ਼ੁਰੂ








**ਜਲੰਧਰ (ਕੇਸਰ)**

ਆਜ਼ਾਦੀ ਸੰਗਰਾਮ ਦੇ ਅਮਰ ਸ਼ਹੀਦਾਂ, ਗ਼ਦਰੀ ਇਨਕਲਾਬੀਆਂ ਦੀਆਂ ਅਥਾਹ ਕੁਰਬਾਨੀਆਂ ਨੂੰ ਸਿਜਦਾ ਕਰਦਿਆਂ ਸ਼ਮ੍ਹਾ ਰੌਸ਼ਨ ਕਰਕੇ ਜੋਸ਼ੋ-ਖ਼ਰੋਸ਼ ਨਾਲ ਸ਼ੁਰੂ ਹੋਇਆ ਤਿੰਨ ਰੋਜ਼ਾ ਮੇਲਾ ਗ਼ਦਰੀ ਬਾਬਿਆਂ ਦਾ।

ਐਤਵਾਰ ਮੇਲੇ ਦੇ ਉਦਘਾਟਨੀ ਸਮਾਗਮ ਨੂੰ ਸੰਬੋਧਨ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਕਾਰਜਕਾਰੀ ਜਨਰਲ ਸਕੱਤਰ ਡਾ. ਪਰਮਿੰਦਰ ਸਿੰਘ ਨੇ ਕਿਹਾ ਕਿ ਲੋਕਾਂ ਦੀ ਜ਼ਿੰਦਗੀ ਉਪਰ ਬੋਲੇ ਜਾ ਰਹੇ ਚੌਤਰਫ਼ੇ ਹੱਲਿਆਂ ਨੂੰ ਪਛਾੜਨ ਲਈ ਮੇਲਾ ਲੋਕਾਂ 'ਚ ਸੂਝ-ਬੂਝ ਪੈਦਾ ਕਰਨ ਲਈ ਚੌਮੁਖੀਏ ਚਿਰਾਗ਼ ਦਾ ਕੰਮ ਕਰੇਗਾ। ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਸਾਡੇ ਪੁਰਖ਼ਿਆਂ ਦੇ ਇਤਿਹਾਸ ਨੂੰ ਸੰਭਾਲਣ, ਉਸ ਦੀ ਪ੍ਰਸੰਗਕਤਾ ਉਭਾਰਨ ਲਈ ਮੇਲਾ ਬਹੁਤ ਹੀ ਸਾਰਥਕ ਭੂਮਿਕਾ ਨਿਭਾ ਰਿਹਾ ਹੈ। ਮੇਲੇ ਨੂੰ ਮਿਲ ਰਹੇ ਸਹਿਯੋਗ 'ਤੇ ਉਹਨਾ ਲੋਕਾਂ ਦਾ ਧੰਨਵਾਦ ਕੀਤਾ। ਕਮੇਟੀ ਦੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਬਹੁਤ ਹੀ ਪੀੜ੍ਹ-ਪਰੁੰਨੇ ਮਨ ਨਾਲ ਅਸੀਂ ਮਹਿਸੂਸ ਕਰ ਰਹੇ ਹਾਂ ਕਿ ਅੱਜ ਉਦਘਾਟਨੀ ਸਮਾਗਮ ਦੀ ਸ਼ਮ੍ਹਾ ਰੌਸ਼ਨ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਰੰਗਕਰਮੀਆਂ, ਕਵੀਆਂ ਨੇ ਮਿਲ ਕੇ ਜਗਾਉਣੀ ਸੀ, ਪਰ ਅਜੇ ਤੱਕ ਵੀ ਲਹਿੰਦੇ ਪੰਜਾਬ ਦੀਆਂ ਨਾਟਕ ਮੰਡਲੀਆਂ ਅਤੇ ਕਵੀ ਬਾਬਾ ਨਜ਼ਮੀ ਦੇ ਵੀਜ਼ੇ ਸੰਬੰਧੀ ਕੁਝ ਵੀ ਨਾ ਦੱਸਣਾ ਬਹੁਤ ਹੀ ਦੁਖ਼ਦਾਇਕ ਹੈ।

ਪਹਿਲੇ ਦਿਨ ਹੀ ਚਿਤਰਕਲਾ ਅਤੇ ਫੋਟੋ ਕਲਾ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ ਗਿਆ, ਜਿਸ ਵਿੱਚ ਗੁਰਦੀਸ਼ ਜਲੰਧਰ, ਰਵਿੰਦਰ ਰਵੀ ਲੁਧਿਆਣਾ, ਗੁਰਪ੍ਰੀਤ ਬਠਿੰਡਾ ਤੇ ਉਨ੍ਹਾ ਦੀ ਬੇਟੀ, ਅਮਿਤ ਜ਼ਰਫ਼, ਹਰਮੀਤ ਆਰਟਿਸਟ ਅੰਮ੍ਰਿਤਸਰ, ਇੰਦਰਜੀਤ ਜਲੰਧਰ, ਵਰੁਣ ਟੰਡਨ ਅਤੇ ਕੰਵਰਦੀਪ ਸਿੰਘ ਦੀਆਂ ਕਲਾਕ੍ਰਿਤਾਂ ਮੇਲੇ 'ਚ ਵਿਸ਼ੇਸ਼ ਖਿੱਚ ਦਾ ਕੇਂਦਰ ਬਣੀਆਂ ਹੋਈਆਂ ਹਨ।

ਇਸ ਮੌਕੇ ਕਮੇਟੀ ਦੇ ਮੀਤ ਪ੍ਰਧਾਨ ਸੀਤਲ ਸਿੰਘ ਸੰਘਾ, ਵਿੱਤ ਸਕੱਤਰ ਰਣਜੀਤ ਸਿੰਘ ਔਲਖ, ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਕੁਲਬੀਰ ਸਿੰਘ ਸੰਘੇੜਾ, ਮੰਗਤ ਰਾਮ ਪਾਸਲਾ, ਹਰਵਿੰਦਰ ਭੰਡਾਲ, ਪ੍ਰਗਟ ਸਿੰਘ ਜਾਮਾਰਾਏ, ਕ੍ਰਿਸ਼ਨਾ, ਪ੍ਰੋ. ਗੋਪਾਲ ਸਿੰਘ ਬੁੱਟਰ, ਹਰਮੇਸ਼ ਮਾਲੜੀ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਚਰੰਜੀ ਲਾਲ ਕੰਗਣੀਵਾਲ ਅਤੇ ਵਿਜੈ ਬੰਬੇਲੀ ਤੋਂ ਇਲਾਵਾ ਮੇਲੇ ਨਾਲ ਜੁੜੀਆਂ ਪ੍ਰਬੰਧਕ ਟੀਮਾਂ ਹਾਜ਼ਰ ਸਨ।

ਮੇਲੇ ਦੇ ਪਹਿਲੇ ਦਿਨ ਹੋਏ ਭਾਸ਼ਣ ਮੁਕਾਬਲੇ ਵਿੱਚ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਬਲਪ੍ਰੀਤ ਕੌਰ (ਲਾਇਲਪੁਰ ਖਾਲਸਾ ਕਾਲਜ ਜਲੰਧਰ), ਗੁਰਸਿਮਰਨ ਕੌਰ (ਐੱਮ ਡੀ ਦਇਆਨੰਦ ਮਾਡਲ ਸਕੂਲ ਨਕੋਦਰ) ਅਤੇ ਤਾਨੀਆ (ਗੌਰਮਿੰਟ ਕਾਲਜ, ਹੁਸ਼ਿਆਰਪੁਰ) ਨੇ ਪ੍ਰਾਪਤ ਕੀਤਾ।

ਗਾਇਨ ਮੁਕਾਬਲਾ (ਸੀਨੀਅਰ ਸੋਲੋ) ਪਹਿਲਾ, ਦੂਜਾ ਅਤੇ ਤੀਜਾ ਸਥਾਨ ਕ੍ਰਮਵਾਰ ਜੈਸਮੀਨ (ਸੰਤ ਹੀਰਾ ਦਾਸ ਕੰਨਿਆ ਮਹਾਂਵਿਦਿਆਲਿਆ, ਕਾਲਾ ਸੰਘਿਆਂ), ਹਰਸ਼ (ਬਿਲਗਾ), ਜਸਕੀਤ (ਕਮਲਾ ਨਹਿਰੂ ਪਬਲਿਕ ਸਕੂਲ, ਫਗਵਾੜਾ) ਅਤੇ (ਸੀਨੀਅਰ ਸਮੂਹ ਗਾਇਨ) ਪਹਿਲਾ, ਦੂਜਾ ਅਤੇ ਤੀਜਾ ● ਬਾਕੀ ਸਫ਼ਾ 2 'ਤੇ

# ਰਿਜ਼ਰਵ ਬੈਂਕ ਮਹਿੰਗਾਈ ਵਧਣ ਦੇ ਕਾਰਨ ਦੱਸੇਗੀ




**ਮੁੰਬਈ** : ਛੇ ਸਾਲ ਪਹਿਲਾਂ ਮੁਦਰਾ ਨੀਤੀ ਕਮੇਟੀ ਬਣਨ ਤੋਂ ਬਾਅਦ ਪਹਿਲੀ ਵਾਰ ਭਾਰਤੀ ਰਿਜ਼ਰਵ ਬੈਂਕ ਲਗਾਤਾਰ 9 ਮਹੀਨਿਆਂ ਦੌਰਾਨ ਮਹਿੰਗਾਈ ਦਰ ਨੂੰ ਕਾਬੂ 'ਚ ਰੱਖਣ 'ਚ ਅਸਫਲ ਰਹਿਣ 'ਤੇ ਸਰਕਾਰ ਨੂੰ ਰਿਪੋਰਟ ਤਿਆਰ ਕਰਕੇ ਸੌਂਪੇਗੀ। ਕਮੇਟੀ ਦੀ ਸਥਾਪਨਾ 2016 'ਚ ਮੁਦਰਾ ਨੀਤੀ ਬਣਾਉਣ ਲਈ ਯੋਜਨਾਬੱਧ ਢਾਂਚੇ ਵਜੋਂ ਕੀਤੀ ਗਈ ਸੀ, ਉਦੋਂ ਤੋਂ ਕਮੇਟੀ ਨੀਤੀਗਤ ਵਿਆਜ ਦਰਾਂ 'ਤੇ ਸਭ ਤੋਂ ਵੱਧ ਫੈਸਲਾ ਲੈਣ ਵਾਲੀ ਸੰਸਥਾ ਰਹੀ ਹੈ। ਕਮੇਟੀ ਦੇ ਢਾਂਚੇ ਤਹਿਤ ਸਰਕਾਰ ਨੇ ਬੈਂਕ ਨੂੰ ਇਹ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਸੌਂਪੀ ਸੀ ਕਿ ਮਹਿੰਗਾਈ 4 ਫੀਸਦੀ ਤੋਂ ਹੇਠਾਂ ਰਹੇ (ਦੋ ਫੀਸਦੀ ਉੱਤੇ-ਥੱਲੇ ਹੋ ਸਕਦੀ ਹੈ)। ਹਾਲਾਂਕਿ ਇਸ ਸਾਲ ਜਨਵਰੀ ਤੋਂ ਮਹਿੰਗਾਈ ਲਗਾਤਾਰ 6 ਫੀਸਦੀ ਤੋਂ ਉਪਰ ਹੈ। ਸਤੰਬਰ 'ਚ ਵੀ ਖਪਤਕਾਰ ਸੂਚਕ ਅੰਕ 'ਤੇ ਆਧਾਰਤ ਪ੍ਰਚੂਨ ਮਹਿੰਗਾਈ ਦਰ 7.4 ਫੀਸਦੀ ਦਰਜ ਕੀਤੀ ਗਈ ਸੀ। ਇਸ ਦਾ ਅਰਥ ਹੈ ਕਿ ਮਹਿੰਗਾਈ ਲਗਾਤਾਰ 9 ਮਹੀਨਿਆਂ ਤੋਂ 6 ਫੀਸਦੀ ਪੱਧਰ ਤੋਂ ਉਪਰ ਹੈ। ਮਹਿੰਗਾਈ ਦਾ ਇਹ ਪੱਧਰ ਦਰਸਾਉਂਦਾ ਹੈ ਕਿ ਬੈਂਕ ਆਪਣੀਆਂ ਲਾਜ਼ਮੀ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ 'ਚ ਅਸਫਲ ਰਹੀ ਹੈ।

## ਹਰਿਆਣਾ 'ਚ ਪੰਚਾਇਤੀ ਚੋਣਾਂ ਲਈ ਵੋਟਿੰਗ

**ਚੰਡੀਗੜ੍ਹ** : ਹਰਿਆਣਾ 'ਚ ਪੰਚਾਇਤੀ ਚੋਣਾਂ ਦੇ ਪਹਿਲੇ ਪੜਾਅ 'ਚ 9 ਜ਼ਿਲ੍ਹਿਆਂ ਦੀਆਂ 1278 ਪੰਚਾਇਤ ਸੰਮਤੀਆਂ ਅਤੇ 175 ਜ਼ਿਲ੍ਹਾ ਪ੍ਰੀਸ਼ਦਾਂ ਲਈ ਐਤਵਾਰ ਵੋਟਾਂ ਪਈਆਂ। ਯਮੁਨਾਨਗਰ ਦੇ ਪਿੰਡ ਫਤਿਹਪੁਰ ਵਿਚ ਚੋਣ ਡਿਊਟੀ 'ਤੇ ਤਾਇਨਾਤ ਅਧਿਕਾਰੀ ਅਸ਼ੋਕ ਕੁਮਾਰ ਦੀ ਸ਼ਨੀਵਾਰ ਰਾਤ ਭੇਤਭਰੀ ਹਾਲਤ ਵਿਚ ਮੌਤ ਹੋ ਗਈ ਹੈ। ਸੂਬੇ ਦੇ 22 ਜ਼ਿਲ੍ਹਿਆਂ ਵਿੱਚੋਂ 9 ਜ਼ਿਲ੍ਹਿਆਂ ਭਿਵਾਨੀ, ਝੱਜਰ, ਜੀਂਦ, ਕੈਥਲ, ਮਹਿੰਦਰਗੜ੍ਹ, ਨੂਹ, ਪੰਚਕੂਲਾ, ਪਾਣੀਪਤ ਅਤੇ ਯਮੁਨਾਨਗਰ 'ਚ ਵੋਟਾਂ ਪਈਆਂ।

## ਮਾਰੂਤੀ ਸੁਜ਼ੂਕੀ 9925 ਗੱਡੀਆਂ ਵਾਪਸ ਮੰਗਵਾਏਗੀ

**ਨਵੀਂ ਦਿੱਲੀ** : ਪ੍ਰਮੁੱਖ ਕਾਰ ਨਿਰਮਾਤਾ ਕੰਪਨੀ ਮਾਰੂਤੀ ਸੁਜ਼ੂਕੀ ਇੰਡੀਆ ਪਿਛਲੇ ਬ੍ਰੇਕ ਅਸੈਂਬਲੀ ਪਿੰਨ 'ਚ ਸੰਭਾਵਤ ਨੁਕਸ ਨੂੰ ਠੀਕ ਕਰਨ ਲਈ ਤਿੰਨ ਮਾਡਲਾਂ—ਵੈਗਨਾਰ, ਸੇਲੇਰੀਓ ਅਤੇ ਇਗਨਿਸ ਦੀਆਂ 9925 ਗੱਡੀਆਂ ਵਾਪਸ ਮੰਗਵਾਏਗੀ।

ਕੰਪਨੀ ਨੇ ਸਟਾਕ ਐਕਸਚੇਂਜ ਨੂੰ ਭੇਜੀ ਸੂਚਨਾ 'ਚ ਦੱਸਿਆ ਹੈ ਕਿ ਪ੍ਰਭਾਵਤ ਵਾਹਨ 3 ਅਗਸਤ ਤੋਂ 1 ਸਤੰਬਰ 2022 ਦਰਮਿਆਨ ਬਣਾਏ ਗਏ ਸਨ।

# ਫਾਸ਼ੀ ਤਾਕਤਾਂ ਮਾਨਵਤਾਵਾਦੀ ਸਮਾਜ ਦੇ ਰਾਹ 'ਚ ਰੋੜਾ



**ਬਰਨਾਲਾ** : ਸੱਤਾ ਦੀ ਸਾਂਝ ਨਾਲ ਵਧ-ਫੁੱਲ ਰਹੀਆਂ ਫਾਸ਼ੀਵਾਦੀ ਤਾਕਤਾਂ ਮਾਨਵਤਾਵਾਦੀ ਸਮਾਜ ਦੇ ਰਾਹ ਦਾ ਰੋੜਾ ਹਨ, ਜਿਹੜੀਆਂ ਧਰਮ ਤੇ ਅੰਧ-ਵਿਸ਼ਵਾਸ ਦੇ ਸਹਾਰੇ ਲੋਕਾਂ ਨੂੰ ਗੁੰਮਰਾਹ ਕਰਨ 'ਤੇ ਤੁਲੀਆਂ ਹੋਈਆਂ ਹਨ। ਇਹ ਗੱਲ ਐਤਵਾਰ ਇਥੇ ਫੈਡਰੇਸ਼ਨ ਆਫ ਇੰਡੀਅਨ ਰੈਸ਼ਨੇਲਿਸਟ ਐਸੋਸੀਏਸ਼ਨਜ਼ (ਫੀਰਾ) ਦੀ ਦੋ ਦਿਨਾ ਕਾਨਫਰੰਸ ਦੀ ਸਮਾਪਤੀ ਦੌਰਾਨ ਬੋਲਦਿਆਂ ਕੌਮੀ ਸਕੱਤਰ ਡਾ. ਸੁਦੇਸ਼ ਘੋੜੇਰਾਓ ਨੇ ਕਹੀ।

ਉਨ੍ਹਾ ਕਿਹਾ ਕਿ ਹਨੇਰੇ ਦੀਆਂ ਪ੍ਰਤੀਕ ਅਜਿਹੀਆਂ ਤਾਕਤਾਂ ਨੂੰ ਮਾਤ ਦੇਣ ਲਈ ਚੇਤਨਾ, ਇਕਮੁੱਠਤਾ ਤੇ ਸੰਘਰਸ਼ ਹੀ ਰਾਹ ਹੈ। ਤਰਕਸ਼ੀਲ ਸੁਸਾਇਟੀ ਪੰਜਾਬ ਦੀ ਮੇਜ਼ਬਾਨੀ 'ਚ ਹੋਈ ਕਾਨਫਰੰਸ 'ਚ ਔਰਤਾਂ ਤੇ ਅੰਧ-ਵਿਸ਼ਵਾਸ ਵਿਸ਼ੇ 'ਤੇ ਬਸੰਤੀ ਆਚਾਰੀਆ, ਡਾ. ਅਰੀਤ, ਮਮਤਾ ਨਾਇਕ ਤੇ ਸਜੀਤ ਸੀ ਨੇ ਚਰਚਾ ਕੀਤੀ। ਉਨ੍ਹਾਂ ਔਰਤਾਂ ਲਈ ਅੱਗੇ ਵਧਣ ਦੇ ਬਰਾਬਰ ਮੌਕੇ ਤੇ ਸਮਾਜਕ ਬਰਾਬਰੀ ਦੀ ਮੰਗ ਕੀਤੀ।

ਸਾਇੰਸ ਫਾਰ ਸੁਸਾਇਟੀ ਝਾਰਖੰਡ, ਅੰਧਸ਼ਰਧਾ ਨਿਰਮੂਲਨ ਸਮਿਤੀ ਮਹਾਰਾਸ਼ਟਰ, ਯੁਕਤੀਵਾਦੀ ਸੰਗਠਨ ਕੇਰਲਾ ਸਮੇਤ ਹੋਰਨਾਂ ਰਾਜਾਂ ਦੇ ਡੈਲੀਗੇਟਾਂ ਨੇ ਆਪੋ-ਆਪਣੀਆਂ ਸੰਸਥਾਵਾਂ ਦੀਆਂ ਸਰਗਰਮੀਆਂ ਦੀ ਰਿਪੋਰਟ ਪੇਸ਼ ਕੀਤੀ। 'ਫੀਰਾ' ਦੇ ਕੌਮੀ ਪ੍ਰਧਾਨ ਪ੍ਰੋ. ਨਰੇਂਦਰ ਨਾਇਕ ਨੇ ਦੇਸ਼-ਭਰ 'ਚ ਮਾਨਵਵਾਦੀ, ਤਰਕਸ਼ੀਲ ਤੇ ਵਿਗਿਆਨਕ ਵਿਚਾਰਾਂ ਦੇ ਪ੍ਰਚਾਰ, ਪਸਾਰ ਲਈ ਡਟਣ ਦਾ ਸੱਦਾ ਦਿੱਤਾ। ਸਾਹਿਤ ਦੇ ਖੇਤਰ 'ਚ ਤਰਕਸ਼ੀਲ ● ਬਾਕੀ ਸਫ਼ਾ 2 'ਤੇ

## ਪ੍ਰਕਾਸ਼ ਪੁਰਬ ਵਿਸ਼ੇਸ਼ ਸਪਲੀਮੈਂਟ



ਅਸ਼ੋਕ ਸ਼ਰਮਾ (ਫਿਰੋਜ਼ਪੁਰ) 81468-22544



ਸ਼ਾਮ ਲਾਲ ਚਾਵਲਾ (ਕੋਟਕਪੂਰਾ) 98550-56277



ਅਮਰਜੀਤ ਬੱਬਰੀ (ਮੋਗਾ) 94630-83363



ਦਰਸ਼ਨ ਜਿੰਦਲ (ਰਾਮਪੁਰਾ ਫੂਲ) 94172-27460



ਐਡਵੋਕੇਟ ਸਤੀਸ਼ ਕੁਮਾਰ ਭੀਰੀ (ਜੈਤੋ) 94176-12036



ਹਰਿੰਦਰਪਾਲ ਸਿੰਘ (ਜੰਡਿਆਲਾ ਗੁਰੂ) 81463-05443

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ।

*—ਜਨਰਲ ਮੈਨੇਜਰ*

## ਭਾਜਪਾ 20-30 ਵਿਧਾਇਕ ਖਰੀਦਣ ਦੇ ਯਤਨਾਂ 'ਚ : ਰਾਓ

**ਹੈਦਰਾਬਾਦ** : ਤਿਲੰਗਾਨਾ ਦੇ ਮੁੱਖ ਮੰਤਰੀ ਕੇ. ਚੰਦਰਸ਼ੇਖਰ ਰਾਓ ਨੇ ਦੋਸ਼ ਲਾਇਆ ਹੈ ਕਿ ਰਾਜ ਸਰਕਾਰ ਨੂੰ ਅਸਥਿਰ ਕਰਨ ਲਈ ਭਾਜਪਾ ਤਿਲੰਗਾਨਾ ਰਾਸ਼ਟਰ ਸਮਿਤੀ ਦੇ 20-30 ਵਿਧਾਇਕਾਂ ਨੂੰ ਖਰੀਦਣ ਦੀ ਕੋਸ਼ਿਸ਼ ਕਰ ਰਹੀ ਹੈ।

ਉੱਧਰ, ਤਿਲੰਗਾਨਾ ਰਾਸ਼ਟਰ ਸਮਿਤੀ ਦੇ ਚਾਰ ਵਿਧਾਇਕਾਂ ਨੂੰ ਕਥਿਤ ਤੌਰ 'ਤੇ ਖਰੀਦਣ ਦੀ ਕੋਸ਼ਿਸ਼ ਕਰਨ ਵਾਲੇ ਤਿੰਨ ਵਿਅਕਤੀਆਂ ਨੂੰ ਅਦਾਲਤ ਨੇ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ ਹੈ। ਇਹ ਗ੍ਰਿਫਤਾਰੀਆਂ ਸ਼ਨੀਵਾਰ ਰਾਤ ਨੂੰ ਕੀਤੀਆਂ ਗਈਆਂ। ਇਸ ਤੋਂ ਪਹਿਲਾਂ ਤਿਲੰਗਾਨਾ ਹਾਈ ਕੋਰਟ ਨੇ ਮੁਲਜ਼ਮਾਂ ਨੂੰ ਪੁਲਸ ਅੱਗੇ ਆਤਮ-ਸਮਰਪਣ ਕਰਨ ਦਾ ਨਿਰਦੇਸ਼ ਦੇਣ ਵਾਲੇ ਹੇਠਲੀ ਅਦਾਲਤ ਦੇ ਹੁਕਮ ਨੂੰ ਰੱਦ ਕਰ ਦਿੱਤਾ ਸੀ।

## ਰਾਹੁਲ ਨੇ ਲਾਈ ਦੌੜ



**ਜਡਚਰਲਾ (ਤਿਲੰਗਾਨਾ)** : ਕਾਂਗਰਸ ਦੀ 'ਭਾਰਤ ਜੋੜੋ ਯਾਤਰਾ' ਦੀ ਅਗਵਾਈ ਕਰ ਰਹੇ ਰਾਹੁਲ ਗਾਂਧੀ ਐਤਵਾਰ ਪਦਯਾਤਰਾ ਦੌਰਾਨ ਕੁਝ ਸਕੂਲੀ ਵਿਦਿਆਰਥੀਆਂ ਨਾਲ ਅਚਾਨਕ ਦੌੜਨ ਲੱਗੇ। ਰਾਹੁਲ ਦੇ ਅਚਾਨਕ ਭੱਜਣ ਕਾਰਨ ਉਨ੍ਹਾ ਦੇ ਸੁਰੱਖਿਆ ਕਰਮਚਾਰੀ, ਤਿਲੰਗਾਨਾ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਰੇਵੰਤ ਰੈਡੀ ਅਤੇ ਹੋਰ ਵੀ ਭੱਜਣ ਲੱਗੇ।

## ਗੁਰੂ ਨਾਨਕ ਨੇ ਜੀਵਨ ਲੋਕਾਂ ਦੇ ਭਲੇ ਲਈ ਲਾਇਆ : ਮੋਦੀ

**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ 'ਮਨ ਕੀ ਬਾਤ' ਦੌਰਾਨ ਕਿਹਾ ਕਿ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ 8 ਨਵੰਬਰ ਨੂੰ ਮਨਾਇਆ ਜਾਵੇਗਾ। ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੌਰਾਨ ਮਨੁੱਖਤਾ ਦੇ ਭਲੇ ਲਈ ਕੰਮ ਕੀਤਾ। ਪਿਛਲੇ ਸਮੇਂ ਦੌਰਾਨ ਗੁਰੂਆਂ ਦਾ ਪ੍ਰਕਾਸ਼ ਪੁਰਬ ਵੱਡੇ ਪੱਧਰ 'ਤੇ ਮਨਾਉਣ ਦੇ ਯਤਨ ਕੀਤੇ ਗਏ ਹਨ। ਦਹਾਕਿਆਂ ਬਾਅਦ ਕਰਤਾਰਪੁਰ ਲਾਂਘੇ ਦਾ ਨਿਰਮਾਣ ਹੋਣਾ ਵੀ ਰੂਹਾਨੀ ਤੌਰ 'ਤੇ ਸੁਖਦ ਹੈ। ਕੁਝ ਦਿਨ ਪਹਿਲਾਂ ਹੀ ਮੈਨੂੰ ਸ੍ਰੀ ਹੇਮਕੁੰਟ ਸਾਹਿਬ ਲਈ ਰੋਪ ਵੇਅ ਦੇ ਉਦਘਾਟਨ ਦਾ ਵੀ ਸੁਭਾਗ ਪ੍ਰਾਪਤ ਹੋਇਆ ਹੈ। ਸਾਨੂੰ ਆਪਣੇ ਗੁਰੂਆਂ ਦੀਆਂ ਸਿੱਖਿਆਵਾਂ ਤੋਂ ਲਗਾਤਾਰ ਸਿੱਖਣਾ ਚਾਹੀਦਾ ਹੈ।

## ਅੱਜ-ਨਾਮਾ

ਚਲਾ ਗਿਆ ਰੁੱਖਾਂ ਦੇ ਕੋਲ ਸੀ ਇੱਕ ਬੰਦਾ,
ਗੱਠੜੀ ਦੁੱਖਾਂ ਦੀ ਬਹਿ ਗਿਆ ਖੋਲ੍ਹ ਮੀਆਂ।
ਜਿਹੜੀ ਗੁੰਝਲ ਨਾ ਕਿਸੇ ਕੋਲ ਕਦੀ ਖੋਲ੍ਹੀ,
ਸਾਰਾ ਈ ਕੂੜ-ਕਬਾੜ ਗਿਆ ਫੋਲ ਮੀਆਂ।
ਸੁਣਿਆ ਗੱਲ ਕਰੀਏ ਕੰਧਾਂ ਸੁਣਦੀਆਂ ਨੇ,
ਸਭ ਕੁਝ ਆਪ ਹੀ ਗਿਆ ਹੈ ਬੋਲ ਮੀਆਂ।
ਭਰਿਆ ਮੂਹਰੇ ਹੁੰਗਾਰਾ ਨਹੀਂ ਰੁੱਖ ਸੀ'ਗਾ,
ਤਾਕਤ ਬੋਲਣ ਦੀ ਓਸ ਨਹੀਂ ਕੋਲ ਮੀਆਂ।
ਨਾ ਵੀ ਬੋਲਦਾ, ਕੁਦਰਤ ਸਭ ਜਾਣਦੀ ਆ,
ਬੰਦਿਆਂ ਕਿਹੜੇ ਕਮਾਏ ਪਏ ਪਾਪ ਮੀਆਂ।
ਜਿਨ੍ਹਾਂ ਵਾਰਸਾਂ ਲਈ ਕਰਦਾ ਏ ਪਾਪ ਬੰਦਾ,
ਜੜ੍ਹੀਂ ਉਹਨਾਂ ਦੇ ਬਹਿ ਗਿਆ ਆਪ ਮੀਆਂ।

-ਤੀਸ ਮਾਰ ਖਾਂ

# ਕੇਜਰੀਵਾਲ ਦਾ ਭਾਜਪਾ ਦੀ ਨੀਤ 'ਤੇ ਕਿੰਤੂ

**ਭਾਵਨਗਰ** : ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸਾਂਝਾ ਸਿਵਲ ਕੋਡ (ਯੂ ਸੀ ਸੀ) ਨੂੰ ਲਾਗੂ ਕਰਨ ਲਈ ਗੁਜਰਾਤ 'ਚ ਕਮੇਟੀ ਕਾਇਮ ਕਰਨ ਦੇ ਭਾਜਪਾ ਸਰਕਾਰ ਦੇ ਇਰਾਦਿਆਂ 'ਤੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਜੇ ਪਾਰਟੀ ਅਜਿਹਾ ਕਰਨਾ ਚਾਹੁੰਦੀ ਹੈ ਤਾਂ ਇਸ ਨੂੰ ਪੂਰੇ ਦੇਸ਼ 'ਚ ਲਾਗੂ ਕਰਨਾ ਚਾਹੀਦਾ ਹੈ। ਉਨ੍ਹਾ ਐਤਵਾਰ ਆਪਣੇ ਗੁਜਰਾਤ ਦੌਰੇ ਦੇ ਤੀਜੇ ਦਿਨ ਸਵਾਲ ਕੀਤਾ ਕਿ ਕੀ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਇਸ ਦਿਸ਼ਾ 'ਚ ਕਦਮ ਚੁੱਕਣ ਲਈ ਲੋਕ ਸਭਾ ਚੋਣਾਂ ਦੀ ਉਡੀਕ ਕਰ ਰਹੀ ਹੈ।

## ਭਾਜਪਾ ਨੇ ਲੋਕਾਂ ਨੂੰ ਮੂਰਖ ਬਣਾਇਆ : ਮਾਨ




ਅਰਵਿੰਦ ਕੇਜਰੀਵਾਲ ਨਾਲ ਪਾਲੀਟਾਨਾ ਅਤੇ ਧੋਰਾਜੀ ਵਿਖੇ ਚੋਣ ਪ੍ਰਚਾਰ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਸਾਫ ਕੀਤਾ ਕਿ ਭ੍ਰਿਸ਼ਟ ਨੇਤਾਵਾਂ ਨੂੰ ਗੁਜਰਾਤ ਦੇ ਲੋਕਾਂ ਦਾ ਪੈਸਾ ਲੁੱਟਣ ਲਈ ਬਖਸ਼ਿਆ ਨਹੀਂ ਜਾਵੇਗਾ ਅਤੇ ਉਹ ਆਪਣੇ ਗੁਨਾਹਾਂ ਦੀ ਕੀਮਤ ਜ਼ਰੂਰ ਚੁਕਾਉਣਗੇ। ਦਸੰਬਰ ਵਿੱਚ ਵਿਧਾਨ ਸਭਾ ਚੋਣਾਂ 'ਚ 'ਆਪ' ਦੀ ਸ਼ਾਨਦਾਰ ਬਹੁਮਤ ਨਾਲ ਸਰਕਾਰ ਬਣੇਗੀ।

ਉਹਨਾ ਕਿਹਾ ਕਿ ਕਾਂਗਰਸ ਅਤੇ ਭਾਜਪਾ ਆਗੂਆਂ ਨੇ ਦੇਸ਼ ਦਾ ਪੈਸਾ ਅੰਗਰੇਜ਼ਾਂ ਨਾਲੋਂ ਕਿਤੇ ਵੱਧ ਬੇਰਹਿਮੀ ਨਾਲ ਲੁੱਟਿਆ ਹੈ, ਪਰ ਹੁਣ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਕ੍ਰਾਂਤੀਕਾਰੀ ਅਗਵਾਈ ਵਿੱਚ ਵਿਕਾਸ, ਸਕੂਲ ਅਤੇ ਲੋਕਾਂ ਨੂੰ ਉੱਚ ਪੱਧਰੀ ਸਿਹਤ ਸਹੂਲਤਾਂ ਦੇ ਕੇ ਬਦਲਾਅ ਲਿਆਏਗੀ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਸਮੇਂ ਦੇਸ਼ ਸਿਆਸੀ ਤਬਦੀਲੀ ਦੇ ਕੰਢੇ ਖੜ੍ਹਾ ਹੈ ਅਤੇ ਲੋਕ ਰਵਾਇਤੀ ਕਾਂਗਰਸ ਅਤੇ ਭਾਜਪਾ ਤੋਂ ਅੱਕ ਚੁੱਕੇ ਹਨ। ਪਹਿਲਾਂ ਲੋਕਾਂ ਕੋਲ ਕੋਈ ਬਦਲ ਨਹੀਂ ਸੀ, ਪਰ ਹੁਣ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਇਮਾਨਦਾਰ ਆਮ ਆਦਮੀ ਪਾਰਟੀ ਹੈ। ਭਾਜਪਾ 'ਤੇ ਵਰ੍ਹਦਿਆਂ ਮਾਨ ਨੇ ਕਿਹਾ ਕਿ ਉਹ ਝੂਠੇ ਵਾਅਦੇ ਕਰਦੇ ਹਨ, ਪਰ 'ਆਪ' ਜੋ ਵੀ ਵਾਅਦੇ ਕਰਦੀ ਹੈ, ਉਹ ਪੂਰੇ ਕਰਦੀ ਹੈ। ਭਾਜਪਾ ਵਾਲਿਆਂ ਨੇ 15 ਲੱਖ ਵਰਗੇ ਜੁਮਲੇ ਅਤੇ ਹੋਰ ਚੋਣ ਵਾਅਦਿਆਂ ਨਾਲ ਲੋਕਾਂ ਨੂੰ ਮੂਰਖ ਬਣਾਇਆ। 'ਆਪ' ਨੇ ਸੱਤਾ 'ਚ ਆਉਣ ਤੋਂ ਬਾਅਦ 7 ਮਹੀਨਿਆਂ ਦੇ ਅੰਦਰ ਪੰਜਾਬ 'ਚ ਆਪਣੇ ਸਾਰੇ ਚੋਣ ਵਾਅਦਿਆਂ ਨੂੰ ਪੂਰਾ ਕਰ ਦਿੱਤਾ, ਜੋ ਪਿਛਲੀਆਂ ਸਰਕਾਰਾਂ 70 ਸਾਲਾਂ 'ਚ ਪੂਰਾ ਕਰਨ 'ਚ ਅਸਫਲ ਰਹੀਆਂ।

ਉਨ੍ਹਾ ਕਿਹਾ ਕਿ 'ਆਪ' ਆਮ ਲੋਕਾਂ ਦੀ ਪਾਰਟੀ ਹੈ। ਆਮ ਆਦਮੀ ਪਾਰਟੀ ਵੱਲੋਂ ਵਿਧਾਨ ● ਬਾਕੀ ਸਫ਼ਾ 2 'ਤੇ

ਆਪਣੀ ਮੌਲਿਕ ਪੁਸਤਕ ਸੋਨਧਾਰਾ ਰਾਹੀਂ ਪ੍ਰਿੰਸੀਪਲ ਡਾ. ਜਗਰੂਪ ਸਿੰਘ ਪੇਸ਼ ਕਰਦੇ ਹਨ - ਇਕ ਵਿਲੱਖਣ ਕੁਦਰਤੀ ਵਿਕਲਪਕ ਇਲਾਜ ਪ੍ਰਣਾਲੀ




50 ਪ੍ਰਤੀਸ਼ਤ ਛੋਟ ਤੇ ਉਪਲਬਧ।
ਸਟਾਲ - ਮੇਲਾ ਗਦਰੀ ਬਾਬਿਆਂ ਦਾ।
ਈਗਲ ਪ੍ਰਕਾਸ਼ਨ ਜਲੰਧਰ।
ਫੋਨ: 92160-42577

## ਡਾ. ਪੰਕਜ ਧਮੀਜਾ ਨੂੰ ਮਿਲਿਆ ਸਰਬੋਤਮ ਸਕੂਲ ਪ੍ਰਿੰਸੀਪਲ ਦਾ ਪੁਰਸਕਾਰ



ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)-ਫੈਡਰੇਸ਼ਨ ਆਫ਼ ਪ੍ਰਾਈਵੇਟ ਸਕੂਲਜ਼ ਐਸੋਸੀਏਸ਼ਨ ਆਫ਼ ਪੰਜਾਬ ਵੱਲੋਂ ਚੰਡੀਗੜ੍ਹ ਯੂਨੀਵਰਸਿਟੀ ਵਿਖੇ ਦੂਸਰਾ ਐੱਫ. ਏ. ਪੀ.-2022 ਐਵਾਰਡ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪੂਰੇ ਭਾਰਤ ਵਿੱਚੋਂ ਸਕੂਲਾਂ ਦੇ ਪ੍ਰਿੰਸੀਪਲਾਂ ਨੇ ਵੱਖ ਵੱਖ ਸ਼੍ਰੇਣੀਆਂ ਵਿੱਚ ਭਾਗ ਲਿਆ। ਸਮਾਰੋਹ ਦੀ ਸ਼ੁਰੂਆਤ ਪੰਜਾਬ ਦੇ ਗਵਰਨਰ ਸ੍ਰੀ ਬਨਵਾਰੀ ਲਾਲ ਪੁਰੋਹਿਤ ਤੇ ਪੰਜਾਬ ਦੇ ਸਪੀਕਰ ਸ੍ਰ. ਕੁਲਤਾਰ ਸਿੰਘ ਸੰਧਵਾਂ ਵੱਲੋਂ ਦੀਪ ਜਗਾ ਕੇ ਕੀਤੀ ਗਈ। ਉਸ ਤੋਂ ਬਾਅਦ ਪੁਰਸਕਾਰ ਵੰਡ ਸਮਾਰੋਹ ਸ਼ੁਰੂ ਕੀਤਾ ਗਿਆ, ਜਿਸ ਵਿੱਚ ਮਾਤਾ ਸਾਹਿਬ ਕੌਰ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਗੁਰੂ ਹਰਸਹਾਏ ਦੇ ਪ੍ਰਿੰਸੀਪਲ ਡਾ. ਪੰਕਜ ਧਮੀਜਾ ਨੂੰ ਸਕੂਲ ਵਿੱਚ ਵਿਦਿਆਰਥੀਆਂ ਨੂੰ ਅਕੈਡਮਿਕ, ਸਪੋਰਟਸ ਤੇ ਕਲਚਰਲ ਗਤੀਵਿਧੀਆਂ ਪ੍ਰਦਾਨ ਕਰਨ ਅਤੇ ਤਸੱਲੀਬਖ਼ਸ਼ ਨਤੀਜੇ ਲਿਆਉਣ ਕਰਕੇ ਸਰਬੋਤਮ ਸਕੂਲ ਪ੍ਰਿੰਸੀਪਲ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। ਐੱਫ. ਏ. ਪੀ. ਐਵਾਰਡ ਸਮਾਰੋਹ ਵਿੱਚ ਮੰਨੇ ਪ੍ਰਮੰਨੇ ਸੂਫ਼ੀ ਗਾਇਕ ਲਖਵਿੰਦਰ ਵਡਾਲੀ ਵੱਲੋਂ ਆਪਣੀ ਗਾਇਕੀ ਨਾਲ ਆਏ ਹੋਏ ਮਹਿਮਾਨਾਂ ਦਾ ਸਮਾਂ ਬੰਨ੍ਹਿਆ ਗਿਆ। ਮਾਤਾ ਸਾਹਿਬ ਕੌਰ ਸੀ. ਸੈ. ਪਬਲਿਕ ਸਕੂਲ ਦੇ ਡਾ. ਪੰਕਜ ਧਮੀਜਾ ਨੇ ਇਹ ਪੁਰਸਕਾਰ ਪ੍ਰਾਪਤ ਕਰਕੇ ਖੁਸ਼ੀ ਜ਼ਾਹਰ ਕੀਤੀ ਤੇ ਇਸ ਪੁਰਸਕਾਰ ਦਾ ਸਿਹਰਾ ਸਕੂਲ ਦੇ ਪ੍ਰਬੰਧਕ ਮਹੀਪਾਲ ਸਿੰਘ, ਗੁਰਿੰਦਰ ਸਿੰਘ, ਕਮਲਪਾਲ ਸਿੰਘ ਤੇ ਹਰਬੀਰ ਸਿੰਘ ਦੁੱਗਲ ਦੇ ਨਾਲ ਸਮੂਹ ਸਕੂਲ ਸਟਾਫ਼ ਨੂੰ ਦਿੱਤਾ। ਸਕੂਲ ਮੈਨੇਜਮੈਂਟ ਤੇ ਸਮੂਹ ਸਟਾਫ਼ ਵੱਲੋਂ ਸਕੂਲ ਦੇ ਪ੍ਰਿੰਸੀਪਲ ਡਾ. ਪੰਕਜ ਧਮੀਜਾ ਨੂੰ ਵਧਾਈ ਦਿੱਤੀ ਗਈ।

## ਭਾਰਤੀਯ ਅੰਬੇਡਕਰ ਮਿਸ਼ਨ ਵੱਲੋਂ ਦਲਿਤ ਵਿਕਾਸ ਬੋਰਡ ਦੇ ਚੇਅਰਮੈਨ ਸਨਮਾਨਤ



ਸੰਗਰੂਰ (ਪ੍ਰਵੀਨ ਸਿੰਘ)-ਭਾਰਤੀਯ ਅੰਬੇਡਕਰ ਮਿਸ਼ਨ ਵੱਲੋਂ ਕੌਮੀ ਪ੍ਰਧਾਨ ਸ੍ਰੀ ਦਰਸ਼ਨ ਸਿੰਘ ਕਾਂਗੜਾ ਦੀ ਅਗਵਾਈ ਹੇਠ ਇੱਕ ਸਨਮਾਨ ਸਮਾਰੋਹ ਕੀਤਾ ਗਿਆ, ਜਿਸ ਵਿੱਚ ਪਿਛਲੇ ਦਿਨੀਂ ਲੁਧਿਆਣਾ ਦੇ ਕਾਰਪੋਰੇਸ਼ਨ ਵਿਖੇ ਵੱਡੀ ਗਿਣਤੀ ਸਫਾਈ ਸੇਵਕਾਂ, ਸੀਵਰਮੈਨਾਂ, ਡਰਾਇਵਰਾਂ ਤੇ ਮਾਲੀ ਆਦਿ ਨੂੰ ਪੱਕੇ ਕਰਵਾਉਣ ਲਈ ਸੰਘਰਸ਼ ਕਮੇਟੀ ਦੇ ਸਰਗਰਮ ਆਗੂ ਤੇ ਦਲਿਤ ਵਿਕਾਸ ਬੋਰਡ ਪੰਜਾਬ ਸਰਕਾਰ ਦੇ ਸਾਬਕਾ ਚੇਅਰਮੈਨ ਸ੍ਰੀ ਸਮੇਂ ਸਿੰਘ ਬਿਰਲਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਸ੍ਰੀ ਕਾਂਗੜਾ ਨੇ ਕਿਹਾ ਕਿ ਸ੍ਰੀ ਸਮੇਂ ਸਿੰਘ ਬਿਰਲਾ ਇੱਕ ਬਹੁਤ ਹੀ ਮਿਹਨਤੀ ਤੇ ਦਲਿਤ ਸਮਾਜ ਦੇ ਦਲੇਰ ਲੀਡਰ ਹਨ, ਜਿਨ੍ਹਾਂ ਹਮੇਸ਼ਾ ਹੀ ਦਲਿਤਾਂ ਦੇ ਹੱਕਾਂ ਦੀ ਹਰ ਲੜਾਈ ਬੜੀ ਦਲੇਰੀ ਨਾਲ ਲੜ ਕੇ ਉਨ੍ਹਾਂ ਨੂੰ ਹੱਕ ਦਿਵਾਉਣ ਵਿੱਚ ਮੋਹਰੀ ਭੂਮਿਕਾ ਨਿਭਾਈ ਹੈ। ਉਨ੍ਹਾ ਕਿਹਾ ਕਿ ਲੁਧਿਆਣਾ ਕਾਰਪੋਰੇਸ਼ਨ ਵਿਖੇ ਪਿਛਲੇਂ ਲੰਮੇ ਸਮੇਂ ਤੋਂ ਵੱਡੀ ਗਿਣਤੀ ਸਫਾਈ ਸੇਵਕ, ਸੀਵਰਮੈਨ, ਡਰਾਇਵਰ ਤੇ ਮਾਲੀ ਬੜੀ ਘੱਟ ਤਨਖਾਹ ਵਿੱਚ ਕੱਚੇ ਤੌਰ 'ਤੇ ਹੀ ਕੰਮ ਕਰਦੇ ਆ ਰਹੇ ਸਨ, ਜਿਨ੍ਹਾਂ ਨੂੰ ਪੱਕੇ ਕਰਵਾਉਣ ਲਈ ਸ੍ਰੀ ਸਮੇਂ ਸਿੰਘ ਬਿਰਲਾ ਸਣੇ ਲੁਧਿਆਣਾ ਦੇ ਦਲਿਤ ਆਗੂਆਂ ਦੀ ਬਣੀ ਸੰਘਰਸ਼ ਕਮੇਟੀ ਦੀ ਮਿਹਨਤ ਸਦਕਾ ਉਕਤ ਕਰਮਚਾਰੀਆਂ ਨੂੰ ਪੱਕੇ ਕਰਵਾਉਣ ਦੀ ਮੰਗ ਨੂੰ ਪੂਰਾ ਕਰਵਾਇਆ ਗਿਆ। ਇਸ ਮੌਕੇ ਯੂਥ ਵਿੰਗ ਦੇ ਸੂਬਾ ਪ੍ਰਧਾਨ ਮੁਕੇਸ਼ ਰਤਨਾਕਰ, ਸਫਾਈ ਸੇਵਕ ਯੂਨੀਅਨ ਦੇ ਸੂਬਾ ਆਗੂ ਸ੍ਰੀ ਭਾਰਤ ਬੇਦੀ, ਅਜੇ ਕੁਮਾਰ, ਭੁਪਿੰਦਰ ਸਿੰਘ ਜੱਸੀ ਸੂਬਾ ਸਕੱਤਰ, ਸ਼ਸ਼ੀ ਚਾਵਰੀਆ, ਰਾਜੇਸ਼ ਲੋਟ, ਜਰਨੈਲ ਸਿੰਘ ਸਰਪੰਚ ਬੱਲੂਆਣਾ, ਰਣਜੀਤ ਸਿੰਘ ਹੈਪੀ, ਹੈਪੀ ਹੀਰਾ, ਜਗਸੀਰ ਸਿੰਘ ਜੱਗਾ, ਸਾਜਨ ਕਾਂਗੜਾ, ਇੰਦਰਜੀਤ ਨੀਲੂ, ਸੋਨੂੰ ਧੀਮਾਨ, ਮੌਂਟੀ ਪਾਵਲਾ ਪ੍ਰਧਾਨ, ਊਸ਼ਾ ਰਾਣੀ, ਰਾਜਪਾਲ ਆਦਿ ਹਾਜ਼ਰ ਸਨ।

# ਦਾਸ ਐਂਡ ਬ੍ਰਾਊਨ ਵਰਲਡ ਸਕੂਲ ਵਿਖੇ ਰਾਸ਼ਟਰੀ ਯੋਗਾ ਚੈਂਪੀਅਨਸ਼ਿਪ

### ■ ਦੂਜੇ ਦਿਨ ਕਲਾਤਮਕ ਯੋਗਾ 'ਚ ਪ੍ਰਤੀਯੋਗੀਆਂ ਨੇ ਦਿਖਾਏ ਜੌਹਰ



ਫਿਰੋਜ਼ਪੁਰ (ਅਸ਼ੋਕ ਸ਼ਰਮਾ)

47ਵੀਂ ਸਬ-ਜੂਨੀਅਰ ਤੇ ਜੂਨੀਅਰ ਨੈਸ਼ਨਲ ਯੋਗਾਸਨ ਸਪੋਰਟਸ ਚੈਂਪੀਅਨਸ਼ਿਪ ਵਿੱਚ ਕਲਾਤਮਕ ਯੋਗਾ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਨੇ ਆਪਣੀ ਕਲਾ ਦੇ ਜੌਹਰ ਦਿਖਾ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਦਾਸ ਐਂਡ ਬਰਾਊਨ ਵਰਲਡ ਸਕੂਲ ਵਿੱਚ ਕਰਵਾਈ ਗਈ ਇਸ ਚਾਰ ਰੋਜ਼ਾ ਚੈਂਪੀਅਨਸ਼ਿਪ ਵਿੱਚ ਜ਼ਿਲ੍ਹਾ ਸੈਸ਼ਨ ਜੱਜ ਵਰਿੰਦਰ ਅਗਰਵਾਲ ਨੇ ਮੁੱਖ ਮਹਿਮਾਨ ਵਜੋਂ ਆਟੀਟਿਕ ਯੋਗਾ ਮੁਕਾਬਲੇ ਵਿੱਚ ਸ਼ਿਰਕਤ ਕੀਤੀ, ਜਦਕਿ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਕਾਨੂੰਨੀ ਸੇਵਾਵਾਂ ਮੈਡਮ ਏਕਤਾ ਉੱਪਲ ਵਿਸ਼ੇਸ਼ ਤੌਰ 'ਤੇ ਪੁੱਜੇ। ਪ੍ਰੋਗਰਾਮ ਦੀ ਪ੍ਰਧਾਨਗੀ ਪੰਜਾਬ ਯੋਗਾ ਐਸੋਸੀਏਸ਼ਨ ਦੇ ਪ੍ਰਧਾਨ ਡਾ. ਅਨਿਰੁਧ ਗੁਪਤਾ ਨੇ ਕੀਤੀ, ਜਦਕਿ ਅਸ਼ੋਕ ਅਗਰਵਾਲ ਪ੍ਰਧਾਨ ਯੋਗਾ ਫੈਡਰੇਸ਼ਨ ਆਫ ਇੰਡੀਆ ਇੰਦੂ ਅਗਰਵਾਲ ਨੇ ਵੀ ਸ਼ਿਰਕਤ ਕੀਤੀ। ਪ੍ਰਬੰਧਕਾਂ ਵੱਲੋਂ ਸੈਸ਼ਨ ਜੱਜ ਵਰਿੰਦਰ ਅਗਰਵਾਲ ਸਮੇਤ ਮੈਜਿਸਟ੍ਰੇਟ ਏਕਤਾ ਉੱਪਲ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਡਾ. ਅਨਿਰੁਧ ਗੁਪਤਾ ਨੇ ਮੁੱਖ ਮਹਿਮਾਨ ਤੇ ਹੋਰ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਉਨ੍ਹਾਂ ਨੂੰ ਨੈਸ਼ਨਲ ਚੈਂਪੀਅਨਸ਼ਿਪ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਚੈਂਪੀਅਨਸ਼ਿਪ ਵਿੱਚ ਦੇਸ਼ ਦੇ ਕੋਨੇ-ਕੋਨੇ ਤੋਂ 1500 ਤੋਂ ਵੱਧ ਪ੍ਰਤੀਯੋਗੀ, ਯੋਗਾ ਅਧਿਕਾਰੀ, ਮਾਪੇ ਤੇ ਹੋਰ ਮਹਿਮਾਨ ਪਹੁੰਚੇ ਹਨ। ਡਾ. ਗੁਪਤਾ ਨੇ ਕਿਹਾ ਕਿ ਯੋਗ ਰਾਹੀਂ ਹੀ ਸਿਹਤਮੰਦ ਸਮਾਜ ਦੀ ਸਥਾਪਨਾ ਕੀਤੀ ਜਾ ਸਕਦੀ ਹੈ। ਆਸਾਮ, ਪੱਛਮੀ ਬੰਗਾਲ, ਤੇਲੰਗਾਨਾ, ਨਾਗਾਲੈਂਡ, ਤਾਮਿਲਨਾਡੂ, ਕੇਰਲਾ, ਜੰਮੂ-ਕਸ਼ਮੀਰ, ਉੜੀਸਾ, ਮਹਾਰਾਸ਼ਟਰ, ਰਾਜਸਥਾਨ, ਗੁਜਰਾਤ, ਹਰਿਆਣਾ, ਦਿੱਲੀ, ਯੂ.ਪੀ., ਬਿਹਾਰ ਸਮੇਤ ਲਗਭਗ 33 ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸਾਂ ਨੇ ਆਪਣੀ ਪ੍ਰਤਿਭਾ ਦਾ ਸਭ ਦੇ ਸਾਹਮਣੇ ਪ੍ਰਦਰਸ਼ਨ ਕੀਤਾ। ਭਾਗੀਦਾਰਾਂ ਨੇ ਯੋਗਾ ਡਾਂਸ ਦੁਆਰਾ ਇਕੱਠੇ 100 ਤੋਂ ਵੱਧ ਯੋਗਾਸਨ ਕਰਕੇ ਸਾਰਿਆਂ ਤੋਂ ਤਾੜੀਆਂ ਪ੍ਰਾਪਤ ਕੀਤੀਆਂ। ਸੈਸ਼ਨ ਜੱਜ ਵਰਿੰਦਰ ਅਗਰਵਾਲ ਨੇ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਹੈ ਕਿ ਫਿਰੋਜ਼ਪੁਰ ਵਰਗੇ ਸਰਹੱਦੀ ਜ਼ਿਲ੍ਹੇ ਵਿੱਚ ਰਾਸ਼ਟਰੀ ਪੱਧਰ ਦੀ ਯੋਗਾ ਚੈਂਪੀਅਨਸ਼ਿਪ ਕਰਵਾਈ ਜਾ ਰਹੀ ਹੈ ਅਤੇ ਛੋਟੇ ਬੱਚਿਆਂ ਨੂੰ ਯੋਗਾ ਵੱਲ ਪ੍ਰੇਰਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਯੋਗ ਆਤਮਾ ਨੂੰ ਪਰਮ ਆਤਮਾ ਨਾਲ ਜੋੜਨ ਦਾ ਸਾਧਨ ਹੈ। ਭਾਰਤ ਵਿੱਚ ਯੋਗਾ ਸਦੀਆਂ ਤੋਂ ਚੱਲਿਆ ਆ ਰਿਹਾ ਹੈ ਅਤੇ ਹੁਣ ਵਿਦੇਸ਼ਾਂ ਵਿੱਚ ਵੀ ਇਸ ਦਾ ਵੱਡੇ ਪੱਧਰ 'ਤੇ ਪ੍ਰਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ। ਮਨਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ 30 ਅਕਤੂਬਰ ਨੂੰ ਅੰਡਰ-14 ਤੋਂ 16, ਅੰਡਰ-16 ਤੋਂ 18 ਪੁਰਸ਼ ਤੇ ਇਸਤਰੀ ਯੋਗੀਆਂ ਦੀ ਚੈਂਪੀਅਨਸ਼ਿਪ ਹੋਵੇਗੀ, ਇਸ ਤੋਂ ਇਲਾਵਾ 21 ਤੋਂ 30 ਅਤੇ 30 ਮਹਿਲਾ ਦੇ ਯੋਗ ਮੁਕਾਬਲੇ ਕਰਵਾਏ ਜਾਣਗੇ। 31 ਅਕਤੂਬਰ ਨੂੰ ਸਾਰੇ ਰਾਜਾਂ ਦੇ ਯੋਗਾ ਵਿਦਿਆਰਥੀਆਂ ਵੱਲੋਂ ਮਾਸ ਯੋਗਾਸਨ ਦਾ ਪ੍ਰਦਰਸ਼ਨ ਕੀਤਾ ਜਾਵੇਗਾ ਤੇ ਉਸ ਤੋਂ ਬਾਅਦ ਜੇਤੂ ਟੀਮਾਂ ਨੂੰ ਇਨਾਮ ਦਿੱਤੇ ਜਾਣਗੇ। ਇਸ ਮੌਕੇ ਕੰਟੋਨਮੈਂਟ ਬੋਰਡ ਦੇ ਮੈਂਬਰ ਐਡਵੋਕੇਟ ਯੋਗੇਸ਼ ਗੁਪਤਾ, ਪ੍ਰਿੰਸੀਪਲ ਯਚਨਾ ਚਾਵਲਾ, ਉੱਪ-ਪ੍ਰਿੰਸੀਪਲ ਮਨੀਸ਼ ਬੰਗਾ, ਵੀ ਪੀ ਡਾ: ਸਲੀਨ, ਹੈੱਡ ਸਪੋਰਟਸ ਅਜਲਪ੍ਰੀਤ, ਦੀਪਕ ਮੋਂਗਾ, ਸਟੂਟੀ, ਅਰਚਨਾ, ਐਡਵੋਕੇਟ ਰੋਹਿਤ ਗਰਗ, ਰਾਜੇਸ਼ ਵਰਮਾ, ਅਭਿਨਵ ਜੋਸ਼ੀ, ਵਿਸ਼ਾਲ ਗੋਇਲ, ਚੰਦਰਚੂੜ, ਰਮਨ ਕੁਮਾਰ, ਯੋਗੀਰਾਜ ਐੱਨ ਰਾਮਾਲਿੰਗਮ ਆਦਿ ਹਾਜ਼ਰ ਸਨ।

# ਪੰਜਾਬ ਸਰਕਾਰ ਸਿੱਖਿਆ ਦੇ ਵਿਕਾਸ ਤੇ ਸੁਧਾਰ 'ਚ ਕੋਈ ਕਸਰ ਨਹੀਂ ਛੱਡੇਗੀ : ਸਰਾਰੀ

### ■ ਸਰਕਾਰੀ ਸਕੂਲ ਪੰਜੇ ਕੇ ਉਤਾੜ ਵਿਖੇ ਸਾਲਾਨਾ ਸਮਾਰੋਹ ਜਸ਼ਨ-ਏ-ਕਾਮਯਾਬੀ ਮਨਾਇਆ



ਗੁਰੂ ਹਰਸਹਾਏ (ਦੀਪਕ ਵਧਾਵਨ, ਮਨਦੀਪ ਸੋਢੀ)-ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪੰਜੇ ਕੇ ਉਤਾੜ ਵਿਖੇ ਸਾਲਾਨਾ ਸਮਾਰੋਹ 'ਜਸ਼ਨ ਏ ਕਾਮਯਾਬੀ' ਮਨਾਇਆ ਗਿਆ। ਇਸ ਪ੍ਰੋਗਰਾਮ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਸ੍ਰ. ਫੌਜਾ ਸਿੰਘ ਸਰਾਰੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਹ ਸਾਲਾਨਾ ਸਮਾਰੋਹ ਸਕੂਲ ਪ੍ਰਿੰਸੀਪਲ ਸ੍ਰ. ਪ੍ਰੇਮ ਸਿੰਘ ਦੀ ਯੋਗ ਅਗਵਾਈ ਤਹਿਤ ਮਨਾਇਆ ਗਿਆ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੀਨੀਅਰ ਸੈਕੰਡਰੀ) ਸ੍ਰ. ਚਮਕੌਰ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਕੈਬਨਿਟ ਮੰਤਰੀ ਸ੍ਰ. ਫੌਜਾ ਸਿੰਘ ਸਰਾਰੀ ਨੇ ਵਿਦਿਆਰਥੀਆਂ ਦੀ ਖੂਬ ਹੌਸਲਾ ਅਫਜ਼ਾਈ ਕੀਤੀ ਤੇ ਸਕੂਲ ਸਟਾਫ ਨੂੰ ਵੀ ਇਸ ਸਮਾਗਮ ਦੇ ਆਯੋਜਨ ਲਈ ਵਧਾਈ ਦਿੱਤੀ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਮਾਨ ਦੀ ਰਹਿਨੁਮਾਈ ਹੇਠ ਚੱਲ ਰਹੀ ਪੰਜਾਬ ਸਰਕਾਰ ਸਿੱਖਿਆ ਦੇ ਖੇਤਰ ਨੂੰ ਉੱਚਾ ਚੁੱਕਣ ਵਿੱਚ ਕੋਈ ਵੀ ਕਸਰ ਨਹੀਂ ਛੱਡੇਗੀ। ਉਨ੍ਹਾ ਕਿਹਾ ਕਿ ਪੰਜਾਬ ਦੇ ਸਰਕਾਰੀ ਸਕੂਲ ਵੱਡੇ ਵੱਡੇ ਪ੍ਰਾਈਵੇਟ ਸਕੂਲਾਂ ਨਾਲੋਂ ਕਿਸੇ ਪੱਖੋਂ ਵੀ ਘੱਟ ਨਹੀਂ ਹਨ ਤੇ ਸਕੂਲਾਂ 'ਚ ਪ੍ਰਾਈਵੇਟ ਸਕੂਲਾਂ ਨਾਲੋਂ ਵੀ ਵਧੀਆ ਸੁਵਿਧਾਵਾਂ ਵਿਦਿਆਰਥੀਆਂ ਨੂੰ ਪ੍ਰਾਪਤ ਕਰਵਾਈਆਂ ਜਾ ਰਹੀਆਂ ਹਨ। ਸਕੂਲ ਦੇ ਇਸ ਸਾਲਾਨਾ ਸਮਾਰੋਹ ਵਿੱਚ ਵਿਦਿਆਰਥੀਆਂ ਨੇ ਆਪਣੀ ਕਲਾ ਦਾ ਖੂਬ ਪ੍ਰਦਰਸ਼ਨ ਕੀਤਾ। ਵਿਦਿਆਰਥੀਆਂ ਦੁਆਰਾ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦੀਆਂ ਕਲਾਵਾਂ ਗਿੱਧਾ, ਭੰਗੜਾ ਤੇ ਹੋਰ ਸੱਭਿਆਚਾਰਕ ਕਲਾਵਾਂ ਦਾ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਪ੍ਰੇਮ ਸਿੰਘ ਨੇ ਸਮਾਗਮ ਵਿੱਚ ਪਹੁੰਚੇ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਮੁੱਖ ਮਹਿਮਾਨ ਕੈਬਨਿਟ ਮੰਤਰੀ ਸ੍ਰ. ਫੌਜਾ ਸਿੰਘ ਸਰਾਰੀ ਨੂੰ ਸਕੂਲ ਦੀਆਂ ਅਹਿਮ ਪ੍ਰਾਪਤੀਆਂ ਬਾਰੇ ਵੀ ਜਾਣੂ ਕਰਵਾਇਆ। ਇਸ ਮੌਕੇ ਅੰਗਰੇਜ਼ੀ ਲੈਕਚਰਾਰ ਕਰਨਬੀਰ ਸਿੰਘ, ਗੁਰਮੇਲ ਸਿੰਘ, ਮੈਡਮ ਨੀਲਮ ਕੁਮਾਰੀ, ਮੈਡਮ ਪੂਨਮ, ਮੈਡਮ ਰਾਜਵਿੰਦਰ ਕੌਰ ਤੋਂ ਇਲਾਵਾ ਪਿੰਡ ਦੀ ਪੰਚਾਇਤ ਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਪ੍ਰੈੱਸ ਕਲੱਬ ਦੀ ਮੀਟਿੰਗ 'ਚ ਦਰਪੇਸ਼ ਮਸਲਿਆਂ 'ਤੇ ਚਰਚਾ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਪ੍ਰੈੱਸ ਕਲੱਬ ਮਾਛੀਵਾੜਾ ਦੀ ਇੱਕ ਮੀਟਿੰਗ ਲਕਸ਼ਮੀ ਮਾਰਕੀਟ ਵਿਖੇ ਹੋਈ, ਜਿਸ ਵਿੱਚ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਨੇ ਭਾਗ ਲਿਆ। ਮੀਟਿੰਗ ਵਿੱਚ ਪੱਤਰਕਾਰਤਾ ਦੇ ਗੰਭੀਰ ਮਸਲਿਆਂ ਬਾਰੇ ਵਿਚਾਰ ਵਟਾਂਦਰਾ ਹੋਇਆ, ਜਿਸ ਵਿੱਚ ਇਹ ਮੁੱਦਾ ਉੱਠਿਆ ਕਿ ਕੁਝ ਅਖੌਤੀ ਪੱਤਰਕਾਰ ਸਰਕਾਰ ਅਤੇ ਲੋਕ ਸੰਪਰਕ ਤੇ ਸੂਚਨਾ ਵਿਭਾਗ ਤੋਂ ਬਿਨਾਂ ਮਾਨਤਾ ਪ੍ਰਾਪਤ ਅਖ਼ਬਾਰ ਤੇ ਵੈੱਬ ਚੈਨਲ ਚਲਾ ਕੇ ਲੋਕਤੰਤਰ ਦੇ ਚੌਥੇ ਥੰਮ੍ਹ ਦੇ ਅਕਸ ਨੂੰ ਢਾਹ ਲਗਾ ਰਹੇ ਹਨ। ਕੁਝ ਪੱਤਰਕਾਰਾਂ ਨੇ ਸੁਝਾਅ ਦਿੱਤਾ ਕਿ ਪੁਲਸ ਤੇ ਪ੍ਰਸ਼ਾਸਨ ਨੂੰ ਅਜਿਹੇ ਅਖੌਤੀ ਪੱਤਰਕਾਰਾਂ ਖਿਲਾਫ਼ ਨਕੇਲ ਕੱਸਣ ਲਈ ਪ੍ਰੈੱਸ ਕਲੱਬ ਬੇਨਤੀ ਪੱਤਰ ਭੇਜੇਗਾ ਤਾਂ ਜੋ ਮਾਨਤਾ ਪ੍ਰਾਪਤ ਅਖ਼ਬਾਰਾਂ ਲਈ ਕੰਮ ਕਰਨ ਵਾਲੇ ਪੱਤਰਕਾਰਾਂ ਨੂੰ ਕੋਈ ਮੁਸ਼ਕਲ ਨਾ ਆਵੇ। ਇਲਾਕੇ ਦੇ ਕੁਝ ਪਤਵੰਤੇ ਸੱਜਣਾਂ ਵੱਲੋਂ ਪ੍ਰੈੱਸ ਕਲੱਬ ਦੇ ਇਹ ਗੱਲ ਵੀ ਧਿਆਨ ਵਿੱਚ ਲਿਆਂਦੀ ਕਿ ਬਾਹਰੋਂ ਕੁਝ ਪੱਤਰਕਾਰ ਆ ਕੇ ਵਿਗਿਆਪਨ ਦੇਣ ਦੇ ਨਾਮ 'ਤੇ ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਕਰਦੇ ਹਨ, ਜਿਨ੍ਹਾਂ ਨੂੰ ਰੋਕਿਆ ਜਾਵੇ, ਇਸ ਲਈ ਪ੍ਰੈੱਸ ਕਲੱਬ ਨੇ ਅਪੀਲ ਕੀਤੀ ਕਿ ਬਾਹਰਲੇ ਪੱਤਰਕਾਰ ਆਪਣੇ ਇਲਾਕੇ ਤੱਕ ਹੀ ਸੀਮਤ ਰਹਿਣ। ਇਸ ਮੌਕੇ ਸਰਪ੍ਰਸਤ ਸੁਖਵੰਤ ਸਿੰਘ ਗਿੱਲ, ਪ੍ਰਧਾਨ ਗੁਰਦੀਪ ਸਿੰਘ ਟੱਕਰ, ਕਰਮਜੀਤ ਸਿੰਘ ਆਜ਼ਾਦ, ਗੋਬਿੰਦ ਕਿਸ਼ੋਰ, ਅੰਮ੍ਰਿਤਪਾਲ ਸਮਰਾਲਾ, ਗੁਰਮੁਖ ਦੀਪ, ਦੀਪਕ ਕੁਮਾਰ, ਸੁਸ਼ੀਲ ਸ਼ਰਮਾ, ਸ਼ੈਂਕੀ ਸ਼ਰਮਾ, ਸੁੱਚਾ ਬੰਗੜ, ਦੀਪਕ ਚਾਨਣਾ, ਰਵਨੀਤ ਸਿੰਘ ਟੱਕਰ, ਮਨੋਜ ਮੌਗਾ, ਗੁਰਦੇਵ ਸਿੰਘ ਮੌਜੂਦ ਸਨ।

# ਖਾਲਸਾ ਕਾਲਜ ਝਾੜ ਸਾਹਿਬ ਵਿਖੇ ਕਬੱਡੀ ਟੂਰਨਾਮੈਂਟ ਸਫਲਤਾ ਪੂਰਵਕ ਸੰਪੰਨ



ਸਮਰਾਲਾ (ਸੁਰਜੀਤ ਸਿੰਘ)-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਵਿਖੇ ਲੜਕੀਆਂ ਦੀ ਨੈਸ਼ਨਲ ਸਟਾਈਲ ਕਬੱਡੀ ਦਾ ਕਰਵਾਇਆ ਗਿਆ ਚਾਰ ਰੋਜ਼ਾ ਕਬੱਡੀ ਟੂਰਨਾਮੈਂਟ ਸਫਲਤਾ ਪੂਰਵਕ ਸੰਪੰਨ ਹੋ ਗਿਆ। ਟੂਰਨਾਮੈਂਟ ਦੇ ਅਖਰੀ ਦਿਨ ਦੀ ਸ਼ੁਰੂਆਤ ਵਿੱਚ ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਟੂਰਨਾਮੈਂਟ ਵਿੱਚ ਪਹੁੰਚ ਕੇ ਮੁੱਖ ਮਹਿਮਾਨ ਪਰਮਜੀਤ ਸਿੰਘ ਢਿੱਲੋਂ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਹਲਕਾ ਸਮਰਾਲਾ, ਵਿਸ਼ੇਸ਼ ਮਹਿਮਾਨ ਡਾ. ਰਾਕੇਸ਼ ਮਲਿਕ ਡਿਪਟੀ ਡਾਇਰੈਕਟਰ, ਡਾਇਰੈਕਟੋਰੇਟ ਆਫ ਸਪੋਰਟਸ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਕਾਲਜ ਦੀ ਲੋਕਲ ਮੈਨੇਜਮੈਂਟ ਕਮੇਟੀ, ਯੂਨੀਵਰਸਿਟੀ ਤੋਂ ਆਏ ਅਧਿਕਾਰੀਆਂ, ਸਿਲੈਕਸ਼ਨ ਕਮੇਟੀ ਦੇ ਮੈਂਬਰ, ਵੱਖ ਵੱਖ ਕਾਲਜਾਂ ਤੋਂ ਆਏ ਅਧਿਆਪਕਾਂ ਤੇ ਖਿਡਾਰਨਾਂ ਦਾ ਸੁਆਗਤ ਕੀਤਾ। ਅੰਤਿਮ ਦਿਨ ਦੇ ਦਿਲਚਸਪ ਮੈਚ ਵਿੱਚ ਦੇਵ ਸਮਾਜ ਕਾਲਜ ਫਾਰ ਵਿਮੈਨ ਸੈਕਟਰ-45, ਚੰਡੀਗੜ੍ਹ ਨੇ ਪਹਿਲੇ ਨੰਬਰ 'ਤੇ ਆ ਕੇ ਬਾਜੀ ਮਾਰੀ। ਦੂਜੇ ਤੇ ਤੀਜੇ ਨੰਬਰ 'ਤੇ ਕ੍ਰਮਵਾਰ ਐੱਮ. ਸੀ. ਐੱਮ. ਡੀ. ਏ. ਵੀ. ਕਾਲਜ, ਸੈਕਟਰ-36 ਚੰਡੀਗੜ੍ਹ, ਦੇਵ ਸਮਾਜ ਕਾਲਜ ਵਾਰ ਵਿਮੈਨ ਫਿਰੋਜ਼ਪੁਰ ਦੀਆਂ ਟੀਮਾਂ ਨੇ ਆਪਣੀ ਜਗ੍ਹਾ ਬਣਾਈ। ਜੇਤੂ ਰਹੀਆਂ ਟੀਮਾਂ ਨੂੰ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨ, ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ, ਹਰਜਤਿੰਦਰ ਸਿੰਘ ਬਾਜਵਾ ਆਨਰੇਰੀ ਐਡੀਸ਼ਨਲ ਸਕੱਤਰ (ਐੱਲ. ਐੱਮ. ਸੀ.) ਤੇ ਪ੍ਰਿੰਸੀਪਲ ਇਕਬਾਲ ਸਿੰਘ ਸੰਧੂ ਨੇ ਮੈਡਲ ਨਾਲ ਸਨਮਾਨਤ ਕੀਤਾ। ਪਰਮਜੀਤ ਸਿੰਘ ਢਿੱਲੋਂ ਨੇ ਇੱਕ ਨੌਜਵਾਨ ਆਗੂ ਹੋਣ ਦੇ ਨਾਤੇ ਖਿਡਾਰਨਾਂ ਨੂੰ ਸਮਾਜਿਕ ਅਲਾਮਤਾਂ ਤੋਂ ਦੂਰ ਰਹਿ ਕੇ ਸਵਸਥ ਖੇਡ ਸੱਭਿਆਚਾਰ ਨੂੰ ਅਪਣਾਉਣ ਦਾ ਸੁਨੇਹਾ ਦਿੱਤਾ। ਉਨ੍ਹਾ ਨੇ 51,000 ਰੁਪਏ ਦੀ ਰਾਸ਼ੀ ਕਾਲਜ ਨੂੰ ਸਹਾਇਤਾ ਵਜੋਂ ਦਿੱਤੀ। ਗੁਰਵਿੰਦਰ ਸਿੰਘ (ਯੂ.ਐੱਸ.ਏ) ਨੇ ਵੀ ਕਾਲਜ ਨੂੰ 5000 ਰੁਪਏ ਸਹਾਇਤਾ ਰਾਸ਼ੀ ਪ੍ਰਦਾਨ ਕੀਤੀ। ਪ੍ਰਿੰਸੀਪਲ ਡਾ. ਰਜਿੰਦਰ ਕੌਰ ਤੇ ਕਾਲਜ ਦੀ ਲੋਕਲ ਮੈਨੇਜਿੰਗ ਕਮੇਟੀ ਵੱਲੋਂ ਪਰਮਜੀਤ ਸਿੰਘ ਢਿੱਲੋਂ, ਡਾ. ਰਾਕੇਸ਼ ਮਲਿਕ, ਪ੍ਰਿੰ. ਇਕਬਾਲ ਸਿੰਘ ਸੰਧੂ, ਹੰਸ ਰਾਜ ਸੀਨੀ. ਅਸਿ. ਡਾਇਰੈਕਟੋਰੇਟ ਆਫ ਸਪੋਰਟਸ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੇ ਗੁਰਜੀਤ ਸਿੰਘ ਇੰਚਾਰਜ ਗੁਰਦੁਆਰਾ ਸ੍ਰੀ ਝਾੜ ਸਾਹਿਬ ਨੂੰ ਸਨਮਾਨਤ ਕੀਤਾ ਗਿਆ। ਅੰਤ ਵਿੱਚ ਕਾਲਜ ਦੀ ਲੋਕਲ ਮੈਨੇਜਿੰਗ ਕਮੇਟੀ ਦੇ ਮੀਤ ਪ੍ਰਧਾਨ ਹਰਦੀਪ ਸਿੰਘ ਬਹਿਲੋਲਪੁਰ ਨੇ ਆਏ ਸਾਰੇ ਮਹਿਮਾਨਾਂ, ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ, ਖੇਡ ਵਿਭਾਗ ਦੇ ਮੁਖੀ ਰਵਿਤਾ ਸੈਣੀ ਤੇ ਸਮੂਹ ਕਾਲਜ ਸਟਾਫ ਦਾ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਡਾ. ਅਮਨਪ੍ਰੀਤ ਕੌਰ ਕੰਗ ਨੇ ਬਖੂਬੀ ਨਿਭਾਈ।

## 18ਵਾਂ ਮੇਲਾ ਦੇਸ਼ ਭਗਤਾਂ ਦਾ ਨਜ਼ਰਬੰਦ ਬੁੱਧੀਜੀਵੀਆਂ ਨੂੰ ਹੋਵੇਗਾ ਸਮਰਪਤ

ਲੌਂਗੋਵਾਲ (ਪ੍ਰਦੀਪ ਸੱਪਲ/ਕੁਲਦੀਪ ਅੱਤਰੀ)-ਕਸਬਾ ਲੌਂਗੋਵਾਲ ਵਿਖੇ ਹੋਣ ਵਾਲਾ ਮਾਲਵੇ ਦਾ ਰਵਾਇਤੀ ਇਨਕਲਾਬੀ ਵਿਰਾਸਤ ਨੂੰ ਸੰਭਾਲੀ ਬੈਠਾ 18ਵਾਂ ਮੇਲਾ ਦੇਸ਼ ਭਗਤਾਂ ਦਾ ਇਸ ਵਾਰ ਹਕੂਮਤ ਵੱਲੋਂ ਜੇਲ੍ਹਾਂ ਵਿੱਚ ਲੋਕਾਂ ਲਈ ਅਵਾਜ਼ ਉਠਾਉਣ ਵਾਲੇ ਬੁੱਧੀਜੀਵੀਆਂ ਨੂੰ ਸਮਰਪਤ ਹੋਵੇਗਾ। ਸਥਾਨਕ ਭਗਤ ਸਿੰਘ ਲਾਇਬਰੇਰੀ ਵਿਖੇ ਮੀਟਿੰਗ ਉਪਰੰਤ ਸੰਸਥਾ ਦੇ ਆਗੂਆਂ ਜੁਝਾਰ ਲੌਂਗੋਵਾਲ ਤੇ ਬਲਵੀਰ ਲੌਂਗੋਵਾਲ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਵਸ 'ਤੇ ਹੋਣ ਵਾਲੇ ਮੇਲੇ ਵਿੱਚ ਦਿਨ ਵੇਲੇ ਵਿਦਿਆਰਥੀਆਂ ਦੇ ਗਾਇਨ, ਭਾਸ਼ਣ ਤੇ ਕੋਰੀਓਗ੍ਰਾਫੀ ਦੇ ਮੁਕਾਬਲੇ ਹੋਣਗੇ, ਜਦੋਂਕਿ ਰਾਤ ਵੇਲੇ ਚੜ੍ਹਿਕ ਕਲਾਂ ਮੰਚ ਵੱਲੋਂ ਤੀਰਥ ਚੜ੍ਹਿਕ ਦੀ ਨਿਰਦੇਸ਼ਨਾਂ ਹੇਠ 'ਪਰਿੰਦੇ ਭਟਕ ਗਏ, ਇਹ ਦੇਸ਼ ਕਿਸੇ ਦੇ ਬਾਪ ਦਾ ਨਹੀ' ਤੋਂ ਇਲਾਵਾ ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦੀ ਕੋਰੀਓਗ੍ਰਾਫੀ ਦੀ ਪੇਸ਼ਕਾਰੀ ਕੀਤੀ ਜਾਵੇਗੀ। ਇਸ ਮੌਕੇ ਸੰਸਥਾ ਦੇ ਸਰਬਜੀਤ ਨਮੋਲ, ਬੀਰਬਲ ਸਿੰਘ, ਸੁਖਪਾਲ ਸਿੰਘ ਆਦਿ ਮੈਂਬਰ ਹਾਜ਼ਰ ਸਨ।

## ਹਰਦੀਪ ਸਿੰਘ ਤੇ ਗੁਰਜੰਟ ਸਿੰਘ ਇਲਾਕੇ ਦੇ ਕਿਸਾਨਾਂ ਲਈ ਚਾਨਣ ਮੁਨਾਰਾ : ਸੰਦੀਪ ਸਿੰਘ



ਖੰਨਾ (ਸੁਖਵਿੰਦਰ ਭਾਦਲਾ, ਪਰਮਿੰਦਰ ਮੋਨੂੰ)-ਇੱਕਵੀਂ ਸਦੀ ਵਿੱਚ ਜਦੋਂ ਅਸੀਂ ਵਿਕਾਸ ਦੀ ਗੱਲ ਕਰਦੇ ਹਾਂ ਤਾਂ ਇਸ ਵਿਕਾਸ ਦੀ ਕੀਮਤ ਅਸੀਂ ਆਪਣੇ ਕੁਦਰਤੀ ਸੋਮਿਆਂ ਨੂੰ ਪਲੀਤ ਕਰਕੇ ਚੁਕਾ ਰਹੇ ਹਾਂ। ਕੁਦਰਤੀ ਸੋਮਿਆਂ ਦੀ ਅਹਿਮੀਅਤ ਸਮਝਣ ਵਿੱਚ ਅਸੀਂ ਪਹਿਲਾਂ ਹੀ ਬਹੁਤ ਦੇਰੀ ਕਰ ਚੁੱਕੇ। ਹੁਣ ਸਮਾਂ ਆ ਗਿਆ ਕਿ ਅਸੀਂ ਕੁਦਰਤੀ ਸੋਮਿਆਂ ਨੂੰ ਸਾਂਭਣ ਵਿੱਚ ਆਪਣਾ ਯੋਗਦਾਨ ਪਾਈਏ। ਇਨ੍ਹਾਂ ਕੁਦਰਤੀ ਸੋਮਿਆਂ ਦੀ ਅਹਿਮੀਅਤ ਸਮਝਣ ਵਾਲੇ ਕਿਸਾਨ ਹਨ ਹਰਦੀਪ ਸਿੰਘ ਤੇ ਗੁਰਜੰਟ ਸਿੰਘ। ਕੁਦਰਤੀ ਸੋਮਿਆਂ ਤੇ ਵਾਤਾਵਰਣ ਨੂੰ ਸਾਂਭਣ ਲਈ ਅਗਾਂਹਵਧੂ ਕਿਸਾਨ ਹਰਦੀਪ ਸਿੰਘ ਤੇ ਗੁਰਜੰਟ ਸਿੰਘ ਪਿੰਡ ਢਿੱਲਵਾਂ ਬਲਾਕ ਸਮਰਾਲਾ ਆਪਣੀ ਅਹਿਮ ਭੂਮਿਕਾ ਨਿਭਾਅ ਰਹੇ ਹਨ। ਉਨ੍ਹਾਂ ਨੇ ਸਾਲ 2018 ਤੋਂ ਆਪਣੇ ਖੇਤਾਂ ਵਿੱਚ ਝੋਨੇ ਦੇ ਨਾੜ ਨੂੰ ਅੱਗ ਨਹੀਂ ਲਾਈ। ਕਿਸਾਨ ਵੱਲੋਂ ਲਗਭਗ 45 ਏਕੜ ਦੀ ਆਲੂਆਂ ਦੀ ਕਾਸ਼ਤ ਇਸ ਸਾਲ ਕਰ ਰਹੇ ਹਨ। ਆਲੂਆਂ ਦੀ ਕਾਸ਼ਤ ਝੋਨੇ ਦੇ ਨਾੜ ਨੂੰ ਖੇਤ ਵਿੱਚ ਰਲਾ ਕੇ ਕਿਸਾਨ ਵੱਲੋਂ ਕੀਤੀ ਜਾ ਰਹੀ ਹੈ। ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਪੰਜਾਬ ਵੱਲੋਂ ਕਿਸਾਨ ਨੂੰ ਇਸ ਲਈ ਸਨਮਾਨ ਵੀ ਕੀਤਾ ਗਿਆ ਹੈ। ਵਿਭਾਗ ਵੱਲੋਂ ਸੰਦੀਪ ਸਿੰਘ ਖੇਤੀਬਾੜੀ ਵਿਕਾਸ ਅਫਸਰ ਨੇ ਇਨ੍ਹਾਂ ਕਿਸਾਨ ਵੀਰਾਂ ਦੀ ਸ਼ਲਾਘਾ ਕੀਤੀ। ਉਨ੍ਹਾ ਕਿਹਾ ਕਿ ਇਹ ਦੋਵੇਂ ਕਿਸਾਨ ਇਲਾਕੇ ਦੇ ਬਾਕੀ ਕਿਸਾਨਾਂ ਲਈ ਚਾਨਣ ਮੁਨਾਰਾ ਹਨ। ਉਨ੍ਹਾ ਕਿਸਾਨ ਵੀਰਾਂ ਨੂੰ ਝੋਨੇ ਦੇ ਨਾੜ ਨੂੰ ਅੱਗ ਨਾ ਲਾਗਾਉਣ ਦੀ ਅਪੀਲ ਕੀਤੀ। ਵਾਤਾਵਰਣ ਨੂੰ ਸੰਭਾਲਣ ਲਈ ਕਿਸਾਨ ਵੀਰਾਂ ਦਾ ਸਹਿਯੋਗ ਗੈਰ-ਸਰਕਾਰੀ ਸੰਸਥਾ ਇੰਡੀਅਨ ਪਰਿਆਵਰਣ ਸੰਗਠਨ ਵੱਲੋਂ ਵੀ ਕੀਤਾ ਜਾ ਰਿਹਾ ਹੈ।

## ਬੱਲਰਾਂ 'ਚ ਹੈਲਥ ਸੈਂਟਰ ਦੀ ਇਮਾਰਤ ਦਾ ਉਦਘਾਟਨ



ਮੂਨਕ (ਰਾਜਪਾਲ ਸਿੰਗਲਾ)-ਪਿੰਡ ਬੱਲਰਾਂ ਵਿਖੇ ਨਵੀਂ ਬਣੀ ਹੈਲਥ ਸੈਂਟਰ ਦੀ ਇਮਾਰਤ ਦਾ ਉਦਘਾਟਨ ਕਰਨ ਪਹੁੰਚੇ ਸਿਹਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਹਸਪਤਾਲ ਵਰਗੀਆਂ ਸਹੂਲਤਾਂ ਪਿੰਡ ਤੇ ਨਜ਼ਦੀਕ ਦੇ ਲੋਕਾਂ ਨੂੰ ਇਸ ਹੈਲਥ ਸੈਂਟਰ ਤੋਂ ਪ੍ਰਾਪਤ ਹੋਣਗੀਆਂ। ਇਸ ਹੈਲਥ ਸੈਂਟਰ ਲਈ ਸਿਹਤ ਮੰਤਰੀ ਨੇ 3 ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਵੀ ਐਲਾਨ ਕੀਤਾ। ਹਲਕਾ ਵਿਧਾਇਕ ਬਰਿੰਦਰ ਗੋਇਲ ਵੱਲੋਂ ਮੂਨਕ, ਲਹਿਰਾ ਖਨੌਰੀ ਤੇ ਮੰਡਵੀ ਦੇ ਹਸਪਤਾਲ ਵਿੱਚ ਡਾਕਟਰਾਂ ਦੀ ਕਮੀ ਦੀ ਕੀਤੀ ਮੰਗ 'ਤੇ ਬੋਲਦੇ ਕਿਹਾ ਕਿ ਜਲਦ ਹੀ ਡਾਕਟਰਾਂ ਦੀ ਕਮੀ ਨੂੰ ਪੂਰਾ ਕਰਕੇ ਲੋਕਾਂ ਨੂੰ ਸਿਹਤ ਸਹੂਲਤ ਪ੍ਰਦਾਨ ਕੀਤੀ ਜਾਵੇਗੀ। ਇਸ ਦੇ ਨਾਲ ਹੀ ਵਾਰ-ਵਾਰ ਮੂਨਕ ਹਸਪਤਾਲਾਂ ਵਿੱਚ ਡਾਕਟਰਾਂ ਦੀ ਕਮੀ ਹੋਣ ਦੀ ਮੰਗ ਨੂੰ ਦੇਖਦੇ ਹੋਏ ਸਿਹਤ ਮੰਤਰੀ ਹਸਪਤਾਲ ਦਾ ਦੌਰਾ ਕਰਨ ਪਹੁੰਚੇ, ਜਿੱਥੇ ਉਨ੍ਹਾਂ ਨੇ ਮੁਲਾਜ਼ਮਾਂ ਨੂੰ ਤਨਦੇਹੀ ਨਾਲ ਕੰਮ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸੰਗਰੂਰ ਦੇ ਵਿਚ ਮੈਡੀਕਲ ਕਾਲਜ ਖੋਲ੍ਹਣ ਦੇ ਨਾਲ ਇਲਾਕੇ ਦੇ ਬੱਚੇ ਡਾਕਟਰ ਬਣ ਕੇ ਇਲਾਕੇ ਦੀ ਹਸਪਤਾਲਾਂ ਦੇ ਵਿੱਚ ਸਿਹਤ ਸਹੂਲਤਾਂ ਪ੍ਰਦਾਨ ਕਰਨਗੇ। ਇਸ ਮੌਕੇ ਉਨ੍ਹਾਂ ਨਾਲ ਪਹੁੰਚੇ ਹਲਕਾ ਵਿਧਾਇਕ ਬਰਿੰਦਰ ਗੋਇਲ ਨੇ ਵੀ ਲੋਕਾਂ ਨੂੰ ਸੰਬੋਧਨ ਕੀਤਾ। ਇਸ ਮੌਕੇ ਐਸਡੀਐਮ ਸੂਬਾ ਸਿੰਘ ਮੂਨਕ, ਡੀਐੱਸਪੀ ਮਨੋਜ ਗੋਰਸੀ ਮੂਨਕ, ਐੱਸਐੱਚਓ ਕਮਲਦੀਪ ਸਿੰਘ ਮੂਨਕ ਤੇ ਸਿਵਲ ਸਰਜਨ ਮੌਜੂਦ ਰਹੇ।

## ਸਰਕਾਰ ਮੁਲਾਜ਼ਮਾਂ ਦੇ ਮਸਲੇ ਪਹਿਲ ਦੇ ਅਧਾਰ 'ਤੇ ਹੱਲ ਕਰੇਗੀ : ਬਰਸਟ



ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦਾ ਵਫ਼ਦ ਕਮੇਟੀ ਦੇ ਕਨਵੀਨਰ ਹਿੰਮਤ ਸਿੰਘ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਪੰਜਾਬ ਦੇ ਜਰਨਲ ਸਕੱਤਰ ਸਰਦਾਰ ਹਰਚੰਦ ਸਿੰਘ ਬਰਸਟ ਨੂੰ ਮਿਲਿਆ। ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਨੇ ਪੰਜਾਬ ਸਰਕਾਰ ਦਾ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਧੰਨਵਾਦ ਕੀਤਾ ਅਤੇ ਭਰੋਸਾ ਦਿਵਾਇਆ ਕਿ ਮੁਲਾਜ਼ਮਾਂ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਚੰਗੇ ਕੰਮਾਂ ਲਈ ਅਸੀਂ ਹਰ ਤਰ੍ਹਾਂ ਸਰਕਾਰ ਦੇ ਨਾਲ ਹਾਂ ਅਤੇ ਸਰਕਾਰ ਦਾ ਧੰਨਵਾਦ ਕਰਦੇ ਹਾਂ। ਸੰਘਰਸ਼ ਕਮੇਟੀ ਦੇ ਆਗੂਆਂ ਨੇ ਮੁਲਾਜ਼ਮ ਹਿੱਤਾਂ ਪ੍ਰਤੀ ਪੈਰਵੀ ਕਰਨ ਦੇ ਲਈ ਹਰਚੰਦ ਸਿੰਘ ਬਰਸਟ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਅਤੇ ਹਰ ਤਰ੍ਹਾਂ ਸਾਥ ਦੇਣ ਦਾ ਭਰੋਸਾ ਦਿਵਾਇਆ। ਇਸ ਮੌਕੇ ਬਰਸਟ ਨੇ ਮੁਲਾਜ਼ਮਾਂ ਨੂੰ ਸਰਕਾਰ ਦੀ ਰੀੜ੍ਹ ਦੀ ਹੱਡੀ ਦੱਸਿਆ ਅਤੇ ਕਿਹਾ ਕਿ ਸਰਕਾਰ ਦੀਆਂ ਚੰਗੀਆਂ ਨੀਤੀਆਂ ਵੀ ਮੁਲਾਜ਼ਮਾਂ ਦੀ ਮਦਦ ਬਿਨਾਂ ਲੋਕਾਂ ਵਿੱਚ ਲਾਗੂ ਨਹੀਂ ਹੋ ਸਕਦੀਆਂ। ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਲਈ ਮੁਲਾਜ਼ਮਾਂ ਨੂੰ ਮਿਹਨਤ ਕਰਨ ਤੇ ਸਰਕਾਰ ਦੀਆਂ ਚੰਗੀਆਂ ਨੀਤੀਆਂ ਲਾਗੂ ਕਰਨ ਦੀ ਅਪੀਲ ਕਰਦੇ ਹੋਏ ਸਰਦਾਰ ਬਰਸਟ ਨੇ ਸਰਕਾਰ ਵੱਲੋਂ ਹਰ ਤਰ੍ਹਾਂ ਮਦਦ ਦੇਣ ਦਾ ਵਿਸ਼ਵਾਸ ਦਿਵਾਇਆ। ਇਸ ਮੌਕੇ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਕਨਵੀਨਰ ਹਿੰਮਤ ਸਿੰਘ ਤੋਂ ਇਲਾਵਾ ਪਰਮਜੀਤ ਸਿੰਘ, ਹਰਿੰਦਰ ਸਿੰਘ, ਟਹਲ ਬੀਰ ਸਿੰਘ, ਮਨਦੀਪ ਸਿੰਘ ਕਾਲੇਕਾ, ਸਤਨਾਮ ਸਿੰਘ, ਗੁਰਪ੍ਰੀਤ ਸਿੰਘ, ਹਰਦੀਪ ਸਿੰਘ, ਸੁਖਵਿੰਦਰ ਸਿੰਘ ਤੇ ਸ਼ਿਵਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਅਗਨ ਭੇਟ

ਮੋਗਾ (ਅਮਰਜੀਤ ਬੱਬਰੀ)-ਜ਼ਿਲ੍ਹਾ ਮੋਗਾ ਦੇ ਪਿੰਡ ਰਾਮੂੰਵਾਲਾ ਨਵਾਂ ਵਿਖੇ ਸ਼ਾਰਟ ਸਰਕਟ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਅਗਨ ਭੇਟ ਹੋਣ ਦਾ ਦੁੱਖਦਾਈ ਸਮਾਚਾਰ ਮਿਲਿਆ ਹੈ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਰਾਮੂੰਵਾਲਾ ਦੇ ਗੁਰੂ ਘਰ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਅਗਨ ਭੇਟ ਹੋ ਗਿਆ। ਸਮਝਿਆ ਜਾ ਰਿਹਾ ਹੈ ਕਿ ਇਹ ਹਾਦਸਾ ਬਿਜਲੀ ਦਾ ਸ਼ਾਰਟ ਸਰਕਟ ਕਾਰਨ ਵਾਪਰਿਆ ਹੈ।

# ਕਿਸਾਨਾਂ ਨੂੰ ਆ ਰਹੀ ਡੀ ਏ ਪੀ ਖਾਦ ਦੀ ਘਾਟ ਸਰਕਾਰ ਤੁਰੰਤ ਪੂਰੀ ਕਰੇ : ਝੱਜ, ਬਰਮੀ, ਪੰਧੇਰ



ਲੁਧਿਆਣਾ (ਪ ਪ)-ਪੰਜਾਬ ਵਿੱਚ ਅੱਜ ਦੀ ਘੜੀ ਆਲੂਆਂ ਦੀ ਬਿਜਾਈ ਜ਼ੋਰਾਂ 'ਤੇ ਹੈ। ਕਣਕ ਦੀ ਬਿਜਾਈ ਵੀ ਸ਼ੁਰੂ ਹੋ ਗਈ ਹੈ, ਪਰ ਸਰਕਾਰ ਤੇ ਸਬੰਧਤ ਮਹਿਕਮਿਆਂ ਦੀ ਦੂਰਅੰਦੇਸ਼ੀ ਦੀ ਘਾਟ ਤੇ ਅਣਗਹਿਲੀ ਕਾਰਨ ਬਿਜਾਈ ਲਈ ਡੀ.ਏ.ਪੀ. ਦੀ ਘਾਟ ਕਾਰਨ ਕਿਸਾਨ ਪ੍ਰੇਸ਼ਾਨ ਹਨ। ਇਹ ਵਿਚਾਰ ਕੁੱਲ ਹਿੰਦ ਕਿਸਾਨ ਸਭਾ (1936) ਜ਼ਿਲ੍ਹਾ ਲੁਧਿਆਣਾ ਕਾਰਜਕਾਰੀ ਪ੍ਰਧਾਨ ਜਸਵੀਰ ਝੱਜ, ਜਨਰਲ ਸਕੱਤਰ ਚਮਕੌਰ ਸਿੰਘ ਬਰਮੀ ਤੇ ਖ਼ਜ਼ਾਨਚੀ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਕਿਹਾ ਪੰਜਾਬ ਸਰਕਾਰ ਸੱਤ ਮਹੀਨੇ ਪਹਿਲਾਂ ਕੀਤੇ ਹੋਏ ਵਾਅਦੇ 'ਕਿਸਾਨ ਨੂੰ ਕੋਈ ਮੁਸ਼ਕਲ ਨਹੀਂ ਆਉਣ ਦੇਵਾਂਗੇ' ਉੱਤੇ ਅਮਲ ਕਰਦੀ ਹੋਈ ਇਸ ਪਾਸੇ ਤੁਰੰਤ ਧਿਆਨ ਦੇ ਕੇ ਠੋਸ ਕਦਮ ਚੁੱਕਦੇ ਹੋਏ ਪਹਿਲ ਦੇ ਆਧਾਰ 'ਤੇ ਡੀ.ਏ.ਪੀ. ਖਾਦ ਪੂਰਤੀ ਸਹੀ ਭਾਅ 'ਤੇ ਸਮਾਂ ਰਹਿੰਦੇ ਹੋਏ ਕਰੇ ਤਾਂ ਜੁ ਕਿਸਾਨ ਸਮੇਂ ਸਿਰ ਫ਼ਸਲ ਦੀ ਬਿਜਾਈ ਕਰ ਸਕਣ। ਉਨ੍ਹਾਂ ਕਿਹਾ ਕਿ ਸਰਕਾਰ ਆਪਣੇ ਵਾਅਦਿਆਂ ਤੋਂ ਵਾਰ-ਵਾਰ ਮੁੱਕਰ ਰਹੀ ਹੈ। ਕਿਸਾਨ ਨੂੰ ਉਤਸ਼ਾਹਤ ਕਰਨ ਲਈ ਸਰਕਾਰ ਨੇ ਕੋਈ ਉਪਰਾਲਾ ਨਹੀਂ ਕੀਤਾ। ਮੂੰਗੀ ਦੀ ਫ਼ਸਲ ਵੇਲੇ ਖਰੀਦ ਦੀ ਘਾਟ ਦੀ ਪੂਰਤੀ ਤੇ ਜੀਰੀ ਪੋਰ ਕੇ (ਸਿੱਧੀ) ਦੇ ਮੁਆਵਜ਼ਾ 1500 ਰੁਪਏ ਪ੍ਰਤੀ ਏਕੜ ਦੇਣ ਤੋਂ ਮੁੱਕਰ ਗਏ। ਸਰਕਾਰ ਕਿਸਾਨਾਂ ਉਕਤ ਮੁਆਵਜ਼ੇ ਦੇ ਨਾਲ-ਨਾਲ ਬਰਸਾਤ ਕਾਰਨ ਹੋਏ ਫ਼ਸਲਾਂ ਦੇ ਨੁਕਸਾਨ ਦੀ ਵੀ ਪੂਰਤੀ ਕਰੇ। ਪਰਾਲੀ ਤੇ ਜੀਰੀ ਦੇ ਫੂਸ ਨੂੰ ਕੱਟਣ ਲਈ ਮਸ਼ੀਨਰੀ ਤੱਕ ਮੁਹੱਈਆ ਨਹੀਂ ਕਰਾਈ। ਜੀਰੀ ਦੀ ਪਰਾਲੀ ਤੇ ਫੂਸ ਨੂੰ ਬਿਨਾਂ ਅੱਗ ਲਾਏ, ਕਣਕ ਦੀ ਘੱਟ ਖਰਚ ਅਤੇ ਸਮਾਂ ਰਹਿੰਦੇ ਬਿਜਾਈ ਲਈ ਸਰਕਾਰ ਕਿਸਾਨਾਂ ਨੂੰ ਮਾਲੀ ਮੱਦਦ ਤੇ ਮਸ਼ੀਨਰੀ ਮੁਹੱਈਆ ਕਰਾਏ। ਉਨ੍ਹਾਂ ਨਾਲ ਪਰਮਜੀਤ ਸਿੰਘ ਝੱਜ (ਦੁੱਗਰੀ), ਨਛੱਤਰ ਸਿੰਘ ਪੰਧੇਰ ਖੇੜ੍ਹੀ, ਕੇਵਲ ਸਿੰਘ ਮੰਜਾਲੀਆਂ, ਜੰਗ ਸਿੰਘ ਸਿਰਥਲਾ, ਜਗਦੀਸ਼ ਰਾਏ ਮਾਛੀਵਾੜਾ, ਕੇਵਲ ਸਿੰਘ ਬਨਵੈਇਤ, ਗੁਰਵੰਤ ਸਿੰਘ ਚੌਕੀਮਾਨ, ਗੁਰਨਾਮ ਸਿੰਘ ਬਹਾਦਰਕੇ, ਅਮਨਦੀਪ ਸਿੱਧਵਾਂ ਬੇਟ, ਭਰਪੂਰ ਸਿੰਘ ਸਵੱਦੀ, ਗੁਰਮੇਲ ਸਿੰਘ ਜਟਾਣਾ, ਸੁਦਾਗਰ ਸਿੰਘ ਜਲਾਲਦੀਵਾਲ, ਕਰਮ ਸਿੰਘ ਜਟਾਣਾ ਆਦਿ ਨੇ ਕਿਸਾਨਾਂ ਦੀ ਹਮਾਇਤ ਦਾ ਪੁਰਜ਼ੋਰ ਸਮਰਥਨ ਕੀਤਾ ਹੈ।

# ਪ੍ਰਕਾਸ਼ ਪੁਰਬ ਨੂੰ ਸਮਰਪਤ ਪ੍ਰਭਾਤ ਫੇਰੀਆਂ ਜਾਰੀ



ਪ੍ਰਭਾਤ ਫੇਰੀ ਮੌਕੇ ਹਾਜ਼ਰ ਸੰਗਤ।

ਮੱਖੂ (ਰਛਪਾਲ ਸਿੰਘ ਸੰਧੂ)-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਡੇਰਾ ਬਾਬਾ ਮਸਤ ਕਰਮ ਚੰਦ ਬਾਠਾਂ ਵਾਲਾ ਮੱਖੂ ਦੇ ਸੇਵਾਦਾਰਾਂ ਵੱਲੋਂ ਪ੍ਰਭਾਤ ਫੇਰੀਆਂ ਕੱਢੀਆਂ ਜਾ ਰਹੀਆਂ ਹਨ। ਇਲਾਕਾ ਵਾਸੀਆਂ ਵੱਲੋਂ ਪ੍ਰਭਾਤ ਫੇਰੀਆਂ ਆਪਣੇ ਆਪਣੇ ਘਰਾਂ ਵਿੱਚ ਬਹੁਤ ਹੀ ਸ਼ਰਧਾ ਭਾਵਨਾ ਨਾਲ ਕਰਾਈਆਂ ਜਾ ਰਹੀਆਂ ਹਨ। ਪ੍ਰਭਾਤ ਫੇਰੀਆਂ ਦੌਰਾਨ ਡੇਰਾ ਬਾਬਾ ਮਸਤ ਕਰਮ ਚੰਦ ਬਾਠਾਂ ਵਾਲਾ ਦੇ ਸੇਵਾਦਾਰਾਂ ਵੱਲੋਂ ਸੰਗਤ ਨੂੰ ਗੁਰੂ ਘਰ ਦਾ ਜੱਸ ਸੁਣਾ ਕੇ ਨਿਹਾਲ ਕੀਤਾ ਜਾ ਰਿਹਾ ਹੈ। ਇਸ ਮੌਕੇ ਡੇਰਾ ਬਾਬਾ ਮਸਤ ਕਰਮ ਚੰਦ ਬਾਠਾਂ ਵਾਲਾ ਦੇ ਮੁੱਖ ਸੇਵਾਦਾਰ ਭਾਈ ਤਰਸੇਮ ਸਿੰਘ, ਪ੍ਰਬੰਧਕ ਫੁਰਮਾਨ ਸਿੰਘ ਸੰਧੂ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਪੰਜਾਬ, ਮੈਨੇਜਰ ਇਕਬਾਲ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਨਗਰ ਵਿੱਚ ਪ੍ਰਭਾਤ ਕੱਢੀਆਂ ਜਾ ਰਹੀਆਂ ਹਨ ਅਤੇ 6 ਨਵੰਬਰ ਨੂੰ ਡੇਰਾ ਬਾਬਾ ਮਸਤ ਕਰਮ ਚੰਦ ਬਾਠਾਂ ਵਾਲਾ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤਾ ਜਾਵੇਗਾ, 7 ਨਵੰਬਰ ਨੂੰ ਵਿਸ਼ਾਲ ਨਗਰ ਕੀਰਤਨ ਕੱਢਿਆ ਜਾਵੇਗਾ ਅਤੇ 8 ਨਵੰਬਰ ਨੂੰ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਸੰਪੂਰਨ ਉਪਰੰਤ ਰਾਗੀ ਢਾਡੀ ਜਥੇ ਵੱਲੋਂ ਕੀਰਤਨ ਕਰਕੇ ਸੰਗਤ ਨੂੰ ਗੁਰੂ ਘਰ ਦਾ ਜੱਸ ਸੁਣਾ ਕੇ ਨਿਹਾਲ ਕੀਤਾ ਜਾਵੇਗਾ। ਇਸ ਮੌਕੇ ਗੁਰਪ੍ਰੀਤ ਸਿੰਘ ਰਾਗੀ ਜਥਾ, ਗੁਰਜੰਟ ਸਿੰਘ ਕਥਾ ਵਾਚਕ, ਦਵਿੰਦਰ ਸਿੰਘ, ਦਵਿੰਦਰ ਕੰਧਾਰੀ ਵਿੱਕੀ, ਧਰਮਿੰਦਰ ਮਹਿਤਾ, ਸਤਨਾਮ ਸਿੰਘ ਸੇਵਦਾਰ ਨਿਸ਼ਾਨ ਸਾਹਿਬ, ਜਗਜੀਤ ਸਿੰਘ ਘਈ ਪੱਪੂ, ਲਖਵਿੰਦਰ ਸਿੰਘ ਲੱਖੀ, ਗੁਰਨਾਮ ਸਿੰਘ, ਕੁਲਵਿੰਦਰ ਸਿੰਘ ਘਈ, ਦਰਸਨ ਸਿੰਘ ਘਈ, ਚਰਨ ਸਿੰਘ, ਸਰਦੂਲ ਸਿੰਘ, ਡਾ. ਸੁਖਜੀਤ ਸਿੰਘ ਧੀਮਾਨ, ਰਮਨਦੀਪ ਸਿੰਘ ਪੇਂਟਰ ਆਦਿ ਹਾਜ਼ਰ ਸਨ।

## ...ਸਫ਼ਾ 1 ਦੇ ਬਾਕੀ

### ਮੁਸਕਰਾਉਂਦਾ ਸੂਰਜ

ਹੈ ਕਿ ਸੂਰਜ ਸਿਰਫ ਬਲਦੀ ਅੱਗ ਦਾ ਗੋਲਾ ਨਹੀਂ, ਸਗੋਂ ਮਨੁੱਖਾਂ ਵਾਂਗ ਇਸ ਦਾ ਪੂਰਾ ਚਿਹਰਾ ਹੈ। ਤਸਵੀਰ 'ਚ ਸੂਰਜ ਮੁਸਕਰਾਉਂਦਾ ਨਜ਼ਰ ਆ ਰਿਹਾ ਹੈ। ਦਰਅਸਲ, ਨਾਸਾ ਦੀ ਸੋਲਰ ਡਾਇਨਾਮਿਕਸ ਆਬਜ਼ਰਵੇਟਰੀ ਨੇ ਸੂਰਜ ਦੀ ਤਸਵੀਰ ਖਿੱਚੀ ਹੈ, ਜਿਸ 'ਚ ਉਹ ਮੁਸਕਰਾਉਂਦਾ ਨਜ਼ਰ ਆ ਰਿਹਾ ਹੈ। ਅਲਟਰਾ ਵਾਇਲਟ ਕਿਰਨਾਂ ਦੀ ਰੋਸ਼ਨੀ 'ਚ ਦਿਖਾਈ ਦੇਣ ਵਾਲੇ ਸੂਰਜ 'ਤੇ ਇਹ ਕਾਲੇ ਧੱਬੇ ਕੋਰੋਨਲ ਹੋਲ ਵਜੋਂ ਜਾਣੇ ਜਾਂਦੇ ਹਨ। ਵਿਗਿਆਨੀਆਂ ਅਨੁਸਾਰ ਇਹ ਉਹ ਖੇਤਰ ਹਨ, ਜਿਥੇ ਤੇਜ਼ ਸੂਰਜੀ ਹਵਾਵਾਂ ਪੁਲਾੜ 'ਚ ਚਲਦੀਆਂ ਹਨ। ਨਾਸਾ ਨੇ ਇਹ ਤਸਵੀਰ 27 ਅਕਤੂਬਰ ਨੂੰ ਲਈ ਸੀ।

### 'ਮੇਲਾ ਗ਼ਦਰੀ ਬਾਬਿਆਂ ਦਾ' ...

ਸਥਾਨ ਕ੍ਰਮਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ, ਸੰਤ ਹੀਰਾ ਦਾਸ ਕੰਨਿਆ ਮਹਾਂਵਿਦਿਆਲਿਆ ਕਾਲਾ ਸੰਘਿਆਂ, ਐੱਸ ਡੀ ਦਇਆਨੰਦ ਮਾਡਲ ਸਕੂਲ ਨਕੋਦਰ ਨੇ ਪ੍ਰਾਪਤ ਕੀਤਾ।

ਗਾਇਨ ਮੁਕਾਬਲਾ (ਜੂਨੀਅਰ ਸੋਲੋ) ਪਹਿਲਾ, ਦੂਜਾ ਅਤੇ ਤੀਜਾ ਸਥਾਨ ਕ੍ਰਮਵਾਰ ਇੰਦਰਜੀਤ ਸਿੰਘ (ਕਮਲਾ ਨਹਿਰੂ ਪਬਲਿਕ ਸਕੂਲ, ਫਗਵਾੜਾ), ਭਵਨਦੀਪ (ਜਲੰਧਰ ਮਾਡਲ ਸਕੂਲ, ਜਲੰਧਰ) ਤੇ ਕੋਮਲ (ਦੇਵਰਾਜ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਜਲੰਧਰ) ਅਤੇ (ਜੂਨੀਅਰ ਸਮੂਹ) ਪਹਿਲਾ, ਦੂਜਾ ਅਤੇ ਤੀਜਾ ਸਥਾਨ ਕ੍ਰਮਵਾਰ ਸ਼ਿਵਾਂਗੀ ਅਤੇ ਸਾਥੀ (ਦੇਵਰਾਜ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਜਲੰਧਰ), ਜਸਮੀਨ ਅਤੇ ਸਾਥੀ (ਸੇਂਟ ਜੋਸਫ਼ ਕਾਨਵੈਂਟ ਸਕੂਲ ਜਲੰਧਰ) ਤੇ ਕਾਮੀਆਂ ਅਤੇ ਸਾਥੀ (ਜਲੰਧਰ ਮਾਡਲ ਸਕੂਲ ਜਲੰਧਰ) ਨੇ ਪ੍ਰਾਪਤ ਕੀਤਾ। ਸਮੂਹ ਜੇਤੂਆਂ ਨੂੰ ਇਨਾਮ, ਸਨਮਾਨ ਪੱਤਰ ਅਤੇ ਪੁਸਤਕਾਂ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਨ੍ਹਾਂ ਮੁਕਾਬਲਿਆਂ 'ਚ ਭਾਗ ਲੈਣ ਵਾਲੇ ਸਮੂਹ ਪ੍ਰਤੀਯੋਗੀਆਂ ਨੂੰ ਸਨਮਾਨ-ਪੱਤਰ ਦਿੱਤੇ ਗਏ।

ਮੇਲੇ 'ਚ ਸਾਰਾ ਦਿਨ ਖਿੱਚ-ਭਰਪੂਰ ਚਹਿਲ-ਪਹਿਲ ਬਣੀ ਰਹੀ। ਪਹਿਲੇ ਦਿਨ ਹੀ ਪੁਸਤਕ ਪ੍ਰਦਰਸ਼ਨੀ ਦੀ ਥਾਂ ਭਰ ਗਈ ਅਤੇ ਖੜ੍ਹੇ ਪੈਰ ਬਦਲਵੇਂ ਪ੍ਰਬੰਧ ਕਰਨੇ ਪਏ। ਸੋਮਵਾਰ ਪੇਂਟਿੰਗ, ਕੁਇਜ਼ ਮੁਕਾਬਲਾ, ਕਵੀ ਦਰਬਾਰ, ਫ਼ਿਲਮ 'ਰੱਬਾ ਹੁਣ ਕੀ ਕਰੀਏ' ਅਤੇ ਸੋਲੋ ਨਾਟਕ 'ਜੂਠ' ਹੋਏਗਾ।

### ਕੇਜਰੀਵਾਲ ਦਾ ...

ਸਭਾ ਅਤੇ ਲੋਕ ਸਭਾ ਵਿੱਚ ਸਿਰਫ ਆਮ ਪਿਛੋਕੜ ਵਾਲੇ ਪੁੱਤਰ-ਧੀਆਂ ਹੀ ਜਾਣਗੇ। ਇਹ 'ਆਪ' ਨੂੰ ਦੂਜੀਆਂ ਪਾਰਟੀਆਂ ਨਾਲੋਂ ਵੱਖਰਾ ਬਣਾਉਂਦਾ ਹੈ, ਜਿੱਥੇ ਸਿਰਫ ਸਿਆਸਤਦਾਨਾਂ ਦੇ ਬੱਚੇ ਹੀ ਵਿਧਾਇਕ ਬਣਦੇ ਹਨ। ਪੰਜਾਬ ਦੀ ਤਰ੍ਹਾਂ, ਜਿੱਥੇ 92 ਵਿਧਾਇਕਾਂ ਵਿੱਚੋਂ 82 ਵਿਧਾਇਕ ਪਹਿਲੀ ਵਾਰ ਬਣੇ ਹਨ ਅਤੇ ਉਹ ਸਾਰੇ ਆਮ ਪਿਛੋਕੜ ਵਾਲੇ ਹਨ। 'ਆਪ' ਗੁਜਰਾਤ ਵਿੱਚ ਵੀ ਆਮ ਲੋਕਾਂ ਨੂੰ ਮੌਕਾ ਦੇਵੇਗੀ ਅਤੇ ਗੁਜਰਾਤ ਦੇ ਲੋਕ ਵੀ ਇਨ੍ਹਾਂ ਚੋਣਾਂ ਵਿੱਚ ਪੰਜਾਬ ਦਾ ਇਤਿਹਾਸ ਦੁਹਰਾਉਣਗੇ।

### ਫਾਸ਼ੀ ਤਾਕਤਾਂ ਮਾਨਵਤਾਵਾਦੀ...

ਸਾਹਿਤ ਨਾਲ ਉੱਘਾ ਯੋਗਦਾਨ ਦੇਣ ਬਦਲੇ ਸੰਸਥਾ ਵੱਲੋਂ ਡਾ. ਸੁਰਿੰਦਰ ਅਜਨਾਤ ਤੇ ਸੋਮਾ ਸਬਲੋਕ ਨੂੰ ਕੌਮੀ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। ਪੰਜਾਬ, ਓਡੀਸ਼ਾ ਤੇ ਤਿਲੰਗਾਨਾ ਦੀਆਂ ਸੱਭਿਆਚਾਰਕ ਵੰਨਗੀਆਂ ਚੇਤਨਾ ਤੇ ਚਾਨਣ ਦਾ ਛੱਟਾ ਦੇ ਗਈਆਂ।

ਲੋਕ ਕਲਾ ਮੰਚ ਮੁੱਲਾਂਪੁਰ ਵੱਲੋਂ ਪੇਸ਼ ਕੀਤੀ ਗਈ ਭਗਤ ਸਿੰਘ ਦੀ ਘੋੜੀ ਸੱਭਿਆਚਾਰਕ ਸੈਸ਼ਨ ਦਾ ਸਿਖਰ ਹੋ ਨਿਬੜੀ। ਕਾਨਫਰੰਸ 'ਚ 18 ਰਾਜਾਂ ਤੋਂ ਆਏ ਡੈਲੀਗੇਟਾਂ ਨੇ ਸ਼ਹਿਰ 'ਚ ਰਾਮਾਸਵਾਮੀ ਪੇਰੀਆਰ, ਡਾ. ਅੰਬੇਡਕਰ ਤੇ ਸ਼ਹੀਦ ਭਗਤ ਸਿੰਘ ਦੀਆਂ ਤਸਵੀਰਾਂ ਫੜ ਪ੍ਰਭਾਵਸ਼ਾਲੀ ਮਾਰਚ ਵੀ ਕੱਢਿਆ।

# ਝੋਨੇ ਦੀ ਫਸਲ ਦਾ ਦਾਣਾ-ਦਾਣਾ ਖਰੀਦਿਆ ਜਾਵੇਗਾ : ਕਟਾਰੀਆ



ਦਾਣਾ ਮੰਡੀ ਦਾ ਦੌਰਾ ਕਰਦੇ ਹੋਏ ਨਰਿੰਦਰ ਕਟਾਰੀਆ ਤੇ ਹੋਰ।

ਮੱਖੂ (ਰਛਪਾਲ ਸਿੰਘ ਸੰਧੂ)

ਵਿਧਾਨ ਸਭਾ ਹਲਕਾ ਜ਼ੀਰਾ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਰਿੰਦਰ ਕਟਾਰੀਆ ਵੱਲੋਂ ਝੋਨੇ ਦੇ ਸੀਜ਼ਨ ਦੇ ਸਬੰਧ ਵਿੱਚ ਦਾਣਾ ਮੰਡੀ ਮੱਖੂ ਦਾ ਦੌਰਾ ਕਰਕੇ ਝੋਨੇ ਦੀ ਖਰੀਦ ਦਾ ਜਾਇਜ਼ਾ ਲਿਆ ਗਿਆ। ਦਾਣਾ ਮੰਡੀ ਦੇ ਦੌਰੇ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨਰਿੰਦਰ ਕਟਾਰੀਆ ਨੇ ਕਿਹਾ ਕਿ ਝੋਨੇ ਦੇ ਸੀਜਨ ਦੌਰਾਨ ਪੰਜਾਬ ਸਰਕਾਰ ਵੱਲੋਂ ਕਿਸਾਨਾਂ, ਆੜ੍ਹਤੀਆਂ ਤੇ ਮਜ਼ਦੂਰਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾ ਰਿਹਾ ਹੈ। ਪੰਜਾਬ ਸਰਕਾਰ ਦੀਆਂ ਸਰਕਾਰੀ ਖਰੀਦ ਏਜੰਸੀਆਂ ਵੱਲੋਂ ਕਿਸਾਨਾਂ ਦੀ ਝੋਨੇ ਦੀ ਫਸਲ ਦਾ ਦਾਣਾ ਦਾਣਾ ਖ੍ਰੀਦਿਆ ਜਾ ਰਿਹਾ ਹੈ। ਖਰੀਦੀ ਹੋਈ ਝੋਨੇ ਦੀ ਫਸਲ ਦਾ ਭੁਗਤਾਨ ਵੀ ਸਮੇਂ ਸਿਰ ਕਿਸਾਨਾਂ ਨੂੰ ਕੀਤਾ ਜਾ ਰਿਹਾ ਹੈ ਤੇ ਝੋਨੇ ਦੀਆਂ ਬੋਰੀਆਂ ਦੀ ਲਿਫਟਿੰਗ ਵੀ ਜ਼ੋਰਾਂ ਨਾਲ ਕੀਤੀ ਜਾ ਰਹੀ ਹੈ, ਜਦਕਿ ਪਿਛਲੀਆਂ ਸਰਕਾਰਾਂ ਵੇਲੇ ਕਿਸਾਨਾਂ ਨੂੰ ਝੋਨੇ ਦੀ ਫਸਲ ਵੇਚਣ ਲਈ ਕਈ-ਕਈ ਦਿਨ ਮੰਡੀਆਂ ਵਿੱਚ ਰੁਲਣਾ ਪੈਂਦਾ ਸੀ। ਝੋਨੇ ਦੀਆਂ ਬੋਰੀਆਂ ਦੀ ਲਿਫਟਿੰਗ ਨਾ ਹੋਣ ਕਾਰਨ ਦਾਣਾ ਮੰਡੀਆਂ ਵਿੱਚ ਝੋਨੇ ਦੀਆਂ ਬੋਰੀਆਂ ਦੇ ਅੰਬਾਰ ਲੱਗੇ ਹੁੰਦੇ ਸਨ। ਨਰਿੰਦਰ ਕਟਾਰੀਆ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਆਪਣੇ ਥੋੜ੍ਹੇ ਜਿਹੇ ਕਾਰਜਕਾਲ ਦੌਰਾਨ ਹੀ ਇੰਨੇ ਜ਼ਿਆਦਾ ਸਹੂਲਤਾਂ ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਜੋ ਕਿ ਰਵਾਇਤੀ ਪਾਰਟੀਆਂ ਨਹੀਂ ਕਰਵਾ ਸਕੀਆਂ। ਵਿਧਾਨ ਸਭਾ ਹਲਕਾ ਜ਼ੀਰਾ ਵਿੱਚ ਹਲਕਾ ਵਿਧਾਇਕ ਨਰੇਸ਼ ਕਟਾਰੀਆ ਦੀ ਅਗਵਾਈ ਹੇਠ ਸ਼ਹਿਰਾਂ ਤੇ ਪਿੰਡਾਂ ਵਿੱਚ ਵਿਕਾਸ ਕਾਰਜ ਜ਼ੋਰਾਂ ਨਾਲ ਕਰਵਾਏ ਜਾਣਗੇ ਤੇ ਹਰੇਕ ਵਰਗ ਦੇ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ। ਇਸ ਮੌਕੇ ਨਰਿੰਦਰ ਕਟਾਰੀਆ ਨਾਲ ਰਜੀਵ ਠੁਕਰਾਲ ਲੱਕੀ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ ਮੱਖੂ, ਬਲਵਿੰਦਰ ਠੁਕਰਾਲ, ਮਨਮੋਹਨ ਗਰੋਵਰ, ਜੋਗਿੰਦਰ ਸਿੰਘ, ਮਨਪ੍ਰੀਤ ਸਿੰਘ, ਕਲਵਿੰਦਰ ਸਿੰਘ, ਅਮਰਜੀਤ ਸਿੰਘ, ਅਲੀਸਾ ਆਦਿ ਹਾਜ਼ਰ ਸਨ।

# ਕਾਂਗਰਸ ਬਲਾਕ ਪ੍ਰਧਾਨ ਦੀ ਰਾਣਾ ਗੁਰਜੀਤ ਸਿੰਘ ਨਾਲ ਮੀਟਿੰਗ

### ਬਲਾਕ ਮਮਦੋਟ ਦੀਆਂ ਸਮੱਸਿਆਵਾਂ ਬਾਰੇ ਕਰਵਾਇਆ ਜਾਣੂ



ਮਮਦੋਟ (ਹਰਪਾਲ ਸਿੰਘ ਸੋਢੀ)-ਫਿਰੋਜ਼ਪੁਰ ਦਿਹਾਤੀ ਦੇ ਬਲਾਕ ਮਮਦੋਟ ਕਾਂਗਰਸ ਦੇ ਪ੍ਰਧਾਨ ਗੁਰਬਖਸ਼ ਸਿੰਘ ਭਾਵੜਾ ਨੇ ਕਾਂਗਰਸ ਦੇ ਸਨੀਅਰ ਆਗੂ ਰਾਣਾ ਗੁਰਜੀਤ ਸਿੰਘ ਵਿਧਾਇਕ ਕਪੂਰਥਲਾ ਨਾਲ ਵਿਸ਼ੇਸ਼ ਤੌਰ 'ਤੇ ਮੁਲਾਕਾਤ ਕੀਤੀ ਤੇ ਪੰਜਾਬ ਦੇ ਮੌਜੂਦਾ ਹਲਾਤਾ ਬਾਰੇ ਵਿਚਾਰ ਚਰਚਾ ਕੀਤੀ ਅਤੇ ਆਪਣੇ ਫਿਰੋਜ਼ਪੁਰ ਦਿਹਾਤੀ ਦੇ ਬਲਾਕ ਮਮਦੋਟ ਦੀਆਂ ਸਮੱਸਿਆ ਬਾਰੇ ਜਾਣੂ ਕਰਵਾਇਆ, ਜਿਸ 'ਤੇ ਰਾਣਾ ਗੁਰਜੀਤ ਸਿੰਘ ਨੇ ਪ੍ਰਧਾਨ ਗੁਰਬਖਸ਼ ਸਿੰਘ ਭਾਵੜਾ ਨੂੰ ਵਿਸ਼ਵਾਸ ਦੁਆਇਆ ਕਿ ਉਹ ਇਨ੍ਹਾਂ ਸਮੱਸਿਆ ਨੂੰ ਹੱਲ ਕਰਵਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨਗੇ ਤੇ ਆਉਣ ਵਾਲੇ ਸੈਸ਼ਨ ਵਿੱਚ ਬਲਾਕ ਮਮਦੋਟ ਦੀਆਂ ਮੁਸ਼ਕਲਾਂ ਨੂੰ ਉਠਾਉਣਗੇ। ਪ੍ਰਧਾਨ ਗੁਰਬਖਸ਼ ਸਿੰਘ ਭਾਵੜਾ ਨੇ ਜਿੱਥੇ ਰਾਣਾ ਗੁਰਜੀਤ ਸਿੰਘ ਨੇ ਉਨ੍ਹਾ ਦੀਆਂ ਮੁਸ਼ਕਲਾਂ ਧਿਆਨ ਨਾਲ ਸੁਣਨ 'ਤੇ ਰਾਣਾ ਗੁਰਜੀਤ ਸਿੰਘ ਜੀ ਦਾ ਧੰਨਵਾਦ ਕੀਤਾ, ਉੱਥੇ ਹੀ ਫਿਰੋਜ਼ਪੁਰ ਦਿਹਾਤੀ ਦੇ ਇੰਚਾਰਜ ਆਸ਼ੂ ਬੰਗੜ ਦਾ ਵੀ ਧੰਨਵਾਦ ਕੀਤਾ ਪ੍ਰਧਾਨ ਗੁਰਬਖਸ਼ ਸਿੰਘ ਭਾਵੜਾ ਨੇ ਵੀ ਆਪਣੇ ਵੱਲੋਂ ਕਾਂਗਰਸ ਪਾਰਟੀ ਦੀ ਮਜ਼ਬੂਤੀ ਲਈ ਦਿਨ-ਰਾਤ ਇੱਕ ਕਰਨ ਦਾ ਵਿਸ਼ਵਾਸ ਦੁਆਇਆ।

# ਸਨਮਤੀ ਸਕੂਲ ਨੂੰ ਸਰਵੋਤਮ ਸਕੂਲ ਦਾ ਐਵਾਰਡ




ਜਗਰਾਉਂ (ਅਮਿਤ ਖੰਨਾ)-ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਵੱਲੋਂ ਕਰਵਾਏ ਰਾਜ ਪੱਧਰੀ ਸਮਾਗਮ ਵਿੱਚ ਜਗਰਾਉਂ ਦੇ ਸਨਮਤੀ ਵਿਮਲ ਜੈਨ ਸਕੂਲ ਨੂੰ ਸਰਵੋਤਮ ਸਕੂਲ ਦਾ ਐਵਾਰਡ ਦਿੱਤਾ ਗਿਆ। ਇਹ ਐਵਾਰਡ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸਕੂਲ ਦੀ ਪ੍ਰਿੰਸੀਪਲ ਸੁਪ੍ਰੀਆ ਖੁਰਾਣਾ ਨੂੰ ਭੇਟ ਕੀਤਾ। ਜ਼ਿਕਰਯੋਗ ਹੈ ਕਿ ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਸਕੂਲ ਜਗਰਾਉਂ ਦਾ ਸਭ ਤੋਂ ਪੁਰਾਣਾ ਸਕੂਲ ਹੈ ਤੇ ਇੱਥੇ ਸੈਂਕੜੇ ਵਿਦਿਆਰਥੀ ਸਿੱਖਿਆ ਪ੍ਰਾਪਤ ਕਰ ਰਹੇ ਹਨ। ਸ੍ਰੀ ਸੰਧਵਾ ਨੇ ਸਕੂਲ ਦੀ ਪ੍ਰਿੰਸੀਪਲ ਸੁਪ੍ਰੀਆ ਖੁਰਾਣਾ ਨੂੰ ਵੀ ਇਹ ਐਵਾਰਡ ਦਿੰਦੇ ਹੋਏ ਵਧਾਈ ਦਿੱਤੀ। ਸਕੂਲ ਦੀ ਡਾਇਰੈਕਟਰ ਸ੍ਰੀਮਤੀ ਸ਼ਸ਼ੀ ਜੈਨ ਨੇ ਕਿਹਾ ਕਿ ਇਹ ਐਵਾਰਡ ਸਮੂਹ ਸਟਾਫ ਦੀ ਮਿਹਨਤ ਦਾ ਨਤੀਜਾ ਹੈ। ਉਨ੍ਹਾ ਕਿਹਾ ਕਿ ਸਕੂਲ ਦੇ ਮਿਹਨਤੀ ਸਟਾਫ ਦੀ ਬਦੌਲਤ ਹੀ ਇਸ ਸਕੂਲ ਨੇ ਹਰ ਸਾਲ ਰਾਜ ਪੱਧਰ 'ਤੇ ਵਿੱਦਿਆ ਦੇ ਖੇਤਰ 'ਚ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ ਅਤੇ ਕਈ ਵਿਦਿਆਰਥੀ ਪੂਰੇ ਪੰਜਾਬ 'ਚ ਟਾਪਰ ਰਹੇ ਹਨ। ਉਨ੍ਹਾ ਕਿਹਾ ਕਿ ਸਕੂਲ ਨੇ ਪੜ੍ਹਾਈ ਦੇ ਨਾਲ-ਨਾਲ ਖੇਡਾਂ ਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਵੀ ਪ੍ਰਾਪਤੀਆਂ ਕੀਤੀਆਂ ਹਨ। ਸਕੂਲ ਦੇ ਡਾਇਰੈਕਟਰ ਮੈਡਮ ਸ਼ਸ਼ੀ ਜੈਨ ਨੇ ਕਿਹਾ ਕਿ ਇਸ ਸਕੂਲ ਨੂੰ ਚਲਾਉਣ ਵਾਲੀ ਸੰਸਥਾ ਸਿੱਖਿਆ ਦੇ ਨਾਲ-ਨਾਲ ਸਮਾਜਿਕ ਖੇਤਰ ਵਿੱਚ ਵੀ ਸ਼ਾਨਦਾਰ ਸੇਵਾਵਾਂ ਦੇ ਰਹੀ ਹੈ।

## ਆਰਥੋ ਕੈਂਪ 'ਚ 33 ਰੋਗੀਆਂ ਦੀ ਜਾਂਚ

ਮੁਹਾਲੀ (ਗੁਰਜੀਤ ਬਿੱਲਾ)-ਆਈ ਵੀ ਹਸਪਤਾਲ, ਮੁਹਾਲੀ ਦੇ ਮੁਫ਼ਤ ਆਰਥੋ ਕੈਂਪ 'ਚ 33 ਰੋਗੀਆਂ ਦੀ ਜਾਂਚ ਕੀਤੀ ਗਈ। ਕੈਂਪ ਦੇ ਦੌਰਾਨ ਆਈ ਵੀ ਹਸਪਤਾਲ, ਮੁਹਾਲੀ ਦੀ ਇੱਕ ਟੀਮ ਨੇ ਆਰਥੋਪੇਡਿਕਸ ਅਤੇ ਜੁਆਇੰਟ ਰਿਪਲੇਸਮੈਂਟ ਦੇ ਡਾਇਰੈਕਟਰ, ਡਾ. ਭਾਨੂੰ ਪ੍ਰਤਾਪ ਸਿੰਘ ਸਲੂਜਾ ਦੀ ਅਗਵਾਈ 'ਚ ਹੱਡੀਆਂ ਸੰਬੰਧੀ ਸਮੱਸਿਆਵਾਂ ਦੇ ਲਈ ਸਲਾਹ ਮਸ਼ਵਰਾ ਦਿੱਤਾ। ਡਾ. ਭਾਨੂੰ ਨੇ ਦੱਸਿਆ ਕਿ ਹੱਡੀਆਂ ਵਿਚ ਕੈਲਸ਼ੀਅਮ ਦੀ ਘਾਟ ਹੋ ਜਾਣ ਨਾਲ ਉਹ ਕਮਜ਼ੋਰ ਹੋ ਜਾਂਦੀਆਂ ਹਨ ਅਤੇ ਥੋੜ੍ਹੀ ਜਿਹੀ ਸੱਟ ਨਾਲ ਹੀ ਫਰੈਕਚਰ ਹੋ ਜਾਂਦੀਆਂ ਹਨ। ਬਜ਼ੁਰਗਾਂ ਦੇ ਚੂਲੇ ਵਿਚ ਫਰੈਕਚਰ ਦੀ ਸਮੱਸਿਆ ਵਧ ਜਾਂਦੀ ਹੈ। ਡਿੱਗਣ ਜਾਂ ਬਾਥਰੂਮ ਵਿਚ ਫਿਸਲੇ ਤਾਂ ਖਤਰਨਾਕ ਫਰੈਕਚਰ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅਸਲ ਵਿਚ ਹੱਡੀਆਂ ਵਿਚ ਜਦੋਂ ਕੈਲਸ਼ੀਅਮ ਦੀ ਘਾਟ ਹੋ ਜਾਂਦੀ ਹੈ ਤਾਂ ਉਹ ਕਮਜ਼ੋਰ ਅਤੇ ਖੋਖਲੀਆਂ ਹੋਣ ਲਗਦੀਆਂ ਹਨ, ਅਜਿਹੇ ਵਿਚ ਥੋੜ੍ਹਾ ਜਿਹਾ ਦਬਾਅ ਪੈਂਦੇ ਹੀ ਉਹ ਟੁੱਟ ਜਾਂਦੀਆਂ ਹਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਟੂਰਿਜ਼ਮ ਨੂੰ ਵਿਕਸਤ ਕਰਨ ਲਈ ਅੰਮ੍ਰਿਤਸਰ 'ਚ ਖਰਚੇ ਜਾਣਗੇ 100 ਕਰੋੜ ਰੁਪਏ : ਅਜੈ ਭੱਟ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਅੰਮ੍ਰਿਤਸਰ ਨੂੰ ਸੈਲਾਨੀ ਕੇਂਦਰ ਵਜੋਂ ਹੋਰ ਵਿਕਸਤ ਕਰਨ ਦੀਆਂ ਸੰਭਾਵਨਾਵਾਂ ਨੂੰ ਤਲਾਸ਼ਣ ਵਾਸਤੇ ਕੇਂਦਰੀ ਰਾਜ ਮੰਤਰੀ ਟੂਰਿਜ਼ਮ ਅਤੇ ਰੱਖਿਆ ਮੰਤਰੀ ਅਜੈ ਭੱਟ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਇਕ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਅੰਮ੍ਰਿਤਸਰ ਵਿੱਚ ਸਵਦੇਸ਼ ਦਰਸ਼ਨ ਪ੍ਰੋਜੈਕਟ ਤਹਿਤ ਟੂਰਿਜ਼ਮ ਨੂੰ ਵਿਕਸਿਤ ਕਰਨ ਲਈ 100 ਕਰੋੜ ਰੁਪਏ ਖਰਚੇ ਜਾਣਗੇ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਵਲੋਂ ਪੂਰੇ ਦੇਸ਼ ਵਿੱਚ ਸਵਦੇਸ਼ ਦਰਸ਼ਨ ਪ੍ਰੋਜੈਕਟ ਅਤੇ ਪ੍ਰਸ਼ਾਦ ਪ੍ਰੋਜੈਕਟ ਤਹਿਤ ਟੂਰਿਜ਼ਮ ਕੇਂਦਰਾਂ ਨੂੰ ਵਿਕਸਤ ਕੀਤਾ ਜਾ ਰਿਹਾ ਹੈ ਅਤੇ ਇਸੇ ਹੀ ਲੜੀ ਤਹਿਤ ਅੰਮ੍ਰਿਤਸਰ ਵਿਖੇ ਟੂਰਿਜ਼ਮ ਨੂੰ ਹੋਰ ਵਿਕਸਤ ਕਰਨ ਲਈ ਕਦਮ ਪੁੱਟੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਆਪਣੀ ਯੋਜਨਾ ਉਲੀਕ ਕੇ ਸਾਨੂੰ ਭੇਜੇ ਅਤੇ ਸਾਡੇ ਵਲੋਂ ਪੈਸੇ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਸ਼੍ਰੀ ਅਜੈ ਭੱਟ ਨੇ ਕਿਹਾ ਕਿ ਟੂਰਿਜ਼ਮ ਨਾਲ ਹੀ ਅਸੀਂ ਆਪਣੀ ਆਰਥਿਕਤਾ ਵਿੱਚ ਸੁਧਾਰ ਲਿਆ ਸਕਦੇ ਹਾਂ। ਉਨ੍ਹਾਂ ਕਿਹਾ ਕਿ ਸਾਨੂੰ ਦਲਗਤ ਰਾਜਨੀਤੀ ਤੋਂ ਉੱਪਰ ਉਠ ਕੇ ਦੇਸ਼ ਦੇ ਵਿਕਾਸ ਲਈ ਕੰਮ ਕਰਨਾ ਚਾਹੀਦਾ ਹੈ ਅਤੇ ਨਸ਼ਿਆਂ ਵਿਰੁੱਧ ਮਿਲਜੁਲ ਕੇ ਲੜਾਈ ਕਰਨੀ ਚਾਹੀਦੀ ਹੈ। ਇਸ ਮੌਕੇ ਕੇਂਦਰੀ ਰਾਜ ਮੰਤਰੀ ਵਲੋਂ ਸ਼ਹਿਰ ਦੇ ਹੋਟਲ, ਟੂਰ ਐਂਡ ਟਰੈਵਲਜ਼ ਏਜੰਟਾਂ ਦੇ ਪ੍ਰਤੀਨੀਧੀਆਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸੁਣਿਆ ਅਤੇ ਭਰੋਸਾ ਦਿੱਤਾ ਕਿ ਜਲਦ ਹੀ ਤੁਹਾਡੀਆਂ ਮੰਗਾਂ ਨੂੰ ਪੂਰਾ ਕਰ ਦਿੱਤਾ ਜਾਵੇਗਾ। ਮੀਟਿੰਗ ਨੂੰ ਮੈਂਬਰ ਪਾਰਲੀਮੈਂਟ ਜਸਬੀਰ ਸਿੰਘ ਡਿੰਪਾ ਨੇ ਵੀ ਸੰਬੋਧਨ ਕੀਤਾ।

ਸ: ਹਰਭਜਨ ਸਿੰਘ ਈ.ਟੀ.ਓ. ਬਿਜਲੀ ਮੰਤਰੀ ਪੰਜਾਬ ਨੇ ਕੇਂਦਰੀ ਰਾਜ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਕਿ ਜੰਡਿਆਲਾ ਗੁਰੂ ਵਿਖੇ ਇਤਿਹਾਸਿਕ ਅਤੇ ਸਭ ਤੋਂ ਪੁਰਾਤਨ ਠਠਿਆਰ ਮੰਡੀ ਨੂੰ ਸਾਂਭ ਸੰਭਾਲਣ ਦੀ ਬਹੁਤ ਵੱਡੀ ਜ਼ਰੂਰਤ ਹੈ। ਇਸ ਮੌਕੇ ਇੰਦਰਬੀਰ ਸਿੰਘ ਨਿੱਜਰ ਸਥਾਨਕ ਸਰਕਾਰਾਂ ਬਾਰੇ ਮੰਤਰੀ ਪੰਜਾਬ ਨੇ ਕੇਂਦਰ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਵਲੋਂ ਟੂਰਿਜ਼ਮ ਲਈ ਸਪੈਸ਼ਲ ਫੰਡਜ਼ ਦਿੱਤੇ ਜਾ ਰਹੇ ਹਨ। ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਕੇਂਦਰੀ ਰਾਜ ਮੰਤਰੀ ਦੇ ਧਿਆਨ ਵਿਚ ਲਿਆਂਦਾ ਕਿ ਅੰਮ੍ਰਿਤਸਰ ਅੰਤਰਰਾਸ਼ਟਰੀ ਏਅਰਪੋਰਟ ਤੇ ਹੋਰ ਸੁਵਿਧਾਵਾਂ ਦੀ ਲੋੜ ਹੈ ਅਤੇ ਇਥੋਂ ਵਿਦੇਸ਼ਾਂ ਲਈ ਸਿੱਧੀਆਂ ਫਲਾਈਟਾਂ ਚਲਾਏ ਜਾਣ 'ਤੇ ਜ਼ੋਰ ਦਿੱਤਾ।

ਮੰਤਰੀ ਨੇ ਭਰੋਸਾ ਦਿੱਤਾ ਕਿ ਉਨ੍ਹਾਂ ਵਲੋਂ ਦੱਸੇ ਗਏ ਸੁਝਾਵਾਂ 'ਤੇ ਅਮਲ ਕੀਤਾ ਜਾਵੇਗਾ। ਇਸ ਮੌਕੇ ਵਿਧਾਇਕਾ ਜੀਵਨਜੋਤ ਕੌਰ, ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਸੂਦਨ, ਡਾਇਰੈਕਟਰ ਟੂਰਿਜ਼ਮ ਕਰਨੀਸ਼ ਸ਼ਰਮਾ, ਐਸ.ਡੀ.ਐਮ. ਹਰਪ੍ਰੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ ਸੁਰਿੰਦਰ ਸਿੰਘ, ਸਹਾਇਕ ਕਮਿਸ਼ਨਰ ਹਰਨੂਰ, ਸਚਿਨ ਪਾਠਕ, ਸਹਾਇਕ ਡਾਇਰੈਕਟਰ ਟੂਰਿਜ਼ਮ ਭਾਰਤ ਸਰਕਾਰ ਸੰਦੀਪ ਸ਼ੁਕਲਾ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਦੋਵਾਂ ਪੰਜਾਬਾਂ ਦੀ ਆਪਸੀ ਸਾਂਝ ਤੇ ਭਵਿੱਖ ਦੀਆਂ ਸੰਭਾਵਨਾਵਾਂ ਸੰਬੰਧੀ ਕਰਵਾਇਆ ਜਾਵੇਗਾ ਸੈਮੀਨਾਰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਫ਼ੋਕਲੋਰ ਰਿਸਰਚ ਅਕਾਦਮੀ (ਰਜਿ.) ਅੰਮ੍ਰਿਤਸਰ ਦੇ ਪ੍ਰਧਾਨ ਰਮੇਸ਼ ਯਾਦਵ ਨੇ ਅਕਾਦਮੀ ਦੀ ਇਕ ਵਿਸ਼ੇਸ਼ ਮੀਟਿੰਗ ਵਿੱਚ ਕਿਹਾ ਕਿ ਅਗਲੇ ਕੁਝ ਦਿਨਾਂ ਵਿੱਚ ਭਾਰਤ-ਪਾਕਿ ਸਰਹੱਦ ਡੇਰਾ ਬਾਬਾ ਨਾਨਕ ਵਿਖੇ ਕੋਰੀਡੋਰ ਕੋਲ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਸਬੰਧੀ ਫ਼ੋਕਲੋਰ ਰਿਸਰਚ ਅਕਾਦਮੀ (ਰਜਿ.) ਅੰਮ੍ਰਿਤਸਰ, ਹਿੰਦ-ਪਾਕਿ ਦੋਸਤੀ ਮੰਚ, ਪ੍ਰਗਤੀਸ਼ੀਲ ਲੇਖਕ ਸੰਘ, ਪੰਜਾਬ ਕਿਸਾਨ ਯੂਨੀਅਨ, ਕਿਰਤੀ ਕਿਸਾਨ ਯੂਨੀਅਨ ਪੰਜਾਬ ਅਤੇ ਹੋਰ ਹਮਖਿਆਲੀ ਜੱਥੇਬੰਦੀਆਂ ਵੱਲੋਂ ਇਕ ਵਿਸ਼ਾਲ ਸੈਮੀਨਾਰ ਕਰਵਾਇਆ ਜਾਵੇਗਾ। ਇਸ ਸੈਮੀਨਾਰ ਵਿੱਚ ਪੰਜਾਬ ਦੇ ਬੁੱਧੀਜੀਵੀ, ਲੇਖਕ ਅਤੇ ਪੱਤਰਕਾਰ ਭਾਗ ਲੈਣਗੇ। ਇਸ ਮੌਕੇ ਭਾਰਤ ਸਰਕਾਰ ਕੋਲੋਂ ਮੰਗ ਰੱਖੀ ਜਾਵੇਗੀ ਕਿ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਸਸਤੀ ਤੇ ਸੌਖੀ ਵਿਧੀ ਅਪਨਾਉਣ ਦੀ ਮੰਗ ਕੀਤੀ ਜਾਵੇਗੀ।

ਸ਼ਰਧਾਲੂਆਂ ਉਪਰ ਲਗਾਈ ਗਈ ਪਾਸਪੋਰਟ ਦੀ ਸ਼ਰਤ ਤੁਰੰਤ ਖ਼ਤਮ ਕਰਕੇ ਆਧਾਰ ਕਾਰਡ, ਵੋਟਰ ਕਾਰਡ ਅਤੇ ਰਾਸ਼ਨ ਕਾਰਡ ਦੀ ਸ਼ਨਾਖਤ ਕਰਕੇ ਦਰਸ਼ਨਾਂ ਦੀ ਆਗਿਆ ਦੇਣ ਦੀ ਮੰਗ ਕੀਤੀ ਜਾਵੇਗੀ। ਸ਼੍ਰੀ ਯਾਦਵ ਨੇ ਅੱਗੇ ਦੱਸਿਆ ਕਿ ਪਾਕਿਸਤਾਨ ਸਰਕਾਰ ਕੋਲੋਂ ਦਰਸ਼ਨਾਂ ਵਾਸਤੇ ਲਈ ਜਾਣ ਵਾਲੀ 20 ਡਾਲਰ ਦੀ ਫੀਸ ਵੀ ਖ਼ਤਮ ਕਰਨ ਦੀ ਮੰਗ ਕੀਤੀ ਜਾਵੇਗੀ।

ਇਸ ਮੀਟਿੰਗ ਵਿੱਚ ਅਕਾਦਮੀ ਦੇ ਪ੍ਰਧਾਨ ਰਮੇਸ਼ ਯਾਦਵ, ਦਿਲਬਾਗ ਸਿੰਘ ਸਰਕਾਰੀਆ, ਹਰਜੀਤ ਸਿੰਘ ਸਰਕਾਰੀਆ, ਬਲਬੀਰ ਸਿੰਘ ਝਾਮਕਾ, ਸਤੀਸ਼ ਝੀਂਗਣ, ਧੰਨਵੰਤ ਸਿੰਘ ਖ਼ਤਰਾਏ ਕਲਾ, ਮਨਜੀਤ ਸਿੰਘ ਧਾਲੀਵਾਲ, ਕਮਲ ਗਿੱਲ, ਕਰਮਜੀਤ ਕੌਰ ਜੱਸਲ, ਹਰੀਸ਼ ਸਾਬਰੀ, ਗੁਰਜਿੰਦਰ ਸਿੰਘ ਬਘਿਆੜੀ, ਜਗਰੂਪ ਸਿੰਘ, ਸੁਖਪਾਲ ਸਿੰਘ ਅਤੇ ਜਸਵਿੰਦਰ ਕੌਰ ਜੱਸੀ ਆਦਿ ਸ਼ਾਮਲ ਸਨ।

# ਕਿਰਤੀ ਕਿਸਾਨ ਯੂਨੀਅਨ ਵੱਲੋਂ ਸਰਹਾਲੀ ਖੁਰਦ 'ਚ ਨਵੀਂ ਇਕਾਈ ਦਾ ਗਠਨ



**ਤਰਨਤਾਰਨ (ਪ੍ਰਿਤਪਾਲ ਸਿੰਘ)**-ਕਿਰਤੀ ਕਿਸਾਨ ਯੂਨੀਅਨ ਜ਼ਿਲਾ ਤਰਨਤਾਰਨ ਨੇ ਚਲ ਰਹੀ ਮੈਂਬਰਸ਼ਿਪ ਮੁਹਿੰਮ ਤਹਿਤ ਪਿੰਡ ਸਰਹਾਲੀ ਖੁਰਦ 'ਚ ਭਰਵਾਂ ਇਕੱਠ ਕਰਕੇ ਤੇਰਾਂ ਮੈਂਬਰੀ ਇਕਾਈ ਦਾ ਗਠਨ ਕੀਤਾ। ਇਸ ਮੌਕੇ ਜਥੇਬੰਦੀ ਦੇ ਜ਼ਿਲਾ ਆਗੂਆ ਬਲਵਿੰਦਰ ਸਿੰਘ ਸਖੀਰਾ, ਸੁਖਚੈਨ ਸਿੰਘ ਸਰਹਾਲੀ ਖੁਰਦ ਅਤੇ ਮਾ: ਨਛੱਤਰ ਸਿੰਘ ਜ਼ਿਲਾ ਕਨਵੀਨਰ ਨੇ ਹਾਜ਼ਰ ਕਿਸਾਨਾਂ ਨਾਲ ਜਥੇਬੰਦਕ ਢਾਂਚੇ ਬਾਰੇ ਵਿਸਥਾਰ 'ਚ ਜਾਣਕਾਰੀ ਸਾਂਝੀ ਕੀਤੀ ਗਈ। ਬਲਕਾਰ ਸਿੰਘ ਜੰਡੋਕੇ ਨੇ ਕਿਸਾਨ ਆਗੂਆ ਦੀ ਕਿਸਾਨ ਭਰਾਵਾਂ ਨਾਲ ਜਾਣ-ਪਛਾਣ ਕਰਵਾਈ। ਇਸ ਸਮੇਂ ਆਪਣੀ ਗੱਲ ਰੱਖਦਿਆ ਬਲਵਿੰਦਰ ਸਿੰਘ ਤੇ ਸੁਖਚੈਨ ਸਿੰਘ ਨੇ ਕਿਸਾਨਾਂ ਨੂੰ ਨਿੱਤ-ਦਿਨ ਪੇਸ਼ ਆ ਰਹੀਆ ਮੁਸ਼ਕਲਾਂ ਦੇ ਹੱਲ ਲਈ ਲਾਮਬੰਦ ਹੋਣ ਦੀ ਅਪੀਲ ਕੀਤੀ। ਮਾਸਟਰ ਨਛੱਤਰ ਸਿੰਘ ਨੇ ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਪਾਣੀ, ਪਰਾਲੀ ਅਤੇ ਬਦਲਵੇਂ ਹੰਢਣਸਾਰ ਖੇਤੀ ਮਾਡਲ ਬਾਰੇ ਲਏ ਜਾ ਰਹੇ ਸਟੈਂਡ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਦਾਲਾਂ, ਫਲ ਅਤੇ ਸਬਜ਼ੀਆਂ ਉੱਤੇ ਐੱਮਐੱਸਪੀ ਸਮੇਤ ਠੋਸ ਨੀਤੀ ਲਿਆਵੇ ਤਾਂ ਕਿਸਾਨ ਝੋਨੇ ਦੀ ਫਸਲ ਛੱਡਣ ਲਈ ਤਿਆਰ ਹਨ। ਕਿਸੇ ਵੀ ਮੁੱਦੇ 'ਤੇ ਬੱਝਵੀਂ ਨੀਤੀ ਬਣਾਉਣ ਦੀ ਬਜਾਏ ਇਹ ਸਰਕਾਰ ਵੀ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਨਾਅਰਿਆਂ ਤੇ ਲਾਰਿਆਂ ਰਾਹੀਂ ਹਰ ਵਰਗ ਦਾ ਟਾਈਮ ਟਪਾ ਰਹੀ ਹੈ। ਲੰਪੀ ਸਕਿਨ ਨਾਲ ਹਜ਼ਾਰਾਂ ਪਸ਼ੂ ਮਰ ਗਏ ਪਰ ਸਰਕਾਰ ਨੇ ਇਸ ਸਬੰਧੀ ਕੋਈ ਸਰਵੇ ਕਰਵਾਉਣਾ ਵੀ ਠੀਕ ਨਹੀਂ ਸਮਝਿਆ। ਇਸ ਮੌਕੇ ਬੋਲਦਿਆਂ ਨਛੱਤਰ ਸਿੰਘ ਨੇ ਕਿਹਾ ਕਿ ਕਿਰਤੀ ਕਿਸਾਨ ਯੂਨੀਅਨ ਦੀ ਸਟੇਟ ਕਮੇਟੀ ਵਲੋਂ 3 ਨਵੰਬਰ ਨੂੰ ਸਾਰੇ ਪੰਜਾਬ ਵਿੱਚ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਕਾਰਕੁੰਨਾਂ ਅਤੇ ਸਿਆਸੀ ਕੈਦੀਆਂ ਤੇ ਹਵਾਲਾਤੀਆਂ ਦੀ ਰਿਹਾਈ ਲਈ ਸੜਕਾਂ ਤੇ ਉਤਰਨ ਦੇ ਫੈਸਲੇ ਨੂੰ ਲਾਗੂ ਕਰਨ ਲਈ ਉਸ ਦਿਨ ਸਥਾਨਕ ਗਾਂਧੀ ਪਾਰਕ ਤਰਨ ਤਾਰਨ 'ਚ ਇਕੱਠ ਕਰਕੇ ਮਾਰਚ ਕੀਤਾ ਜਾਵੇਗਾ। ਮੀਟਿੰਗ ਵਿੱਚ ਹਰਭਿੰਦਰ ਸਿੰਘ ਪ੍ਰਧਾਨ, ਕੁਲਵੰਤ ਸਿੰਘ ਜਨਰਲ ਸਕੱਤਰ, ਸੁਖਦੇਵ ਸਿੰਘ ਦੀ ਖਜ਼ਾਨਚੀ ਵਜੋਂ ਚੋਣ ਕੀਤੀ ਗਈ।

ਚੂਹੜ ਸਿੰਘ, ਪੂਰਨ ਸਿੰਘ, ਜਵਾਹਰ ਸਿੰਘ, ਤਰਸੇਮ ਸਿੰਘ, ਕਸ਼ਮੀਰ ਸਿੰਘ, ਮਨਜਿੰਦਰ ਸਿੰਘ ਰੂਬੀ, ਅੰਗਰੇਜ਼ ਸਿੰਘ, ਨਾਜਰ ਸਿੰਘ, ਕਿਰਪਾਲ ਸਿੰਘ, ਪਲਵਿੰਦਰ ਸਿੰਘ ਸਾਰੇ ਕਮੇਟੀ ਮੈਂਬਰ ਚੁਣੇ ਗਏ। ਇਸ ਮੌਕੇ ਭਜਨ ਸਿੰਘ, ਸਤਨਾਮ ਸਿੰਘ, ਮਹਾਂਬੀਰ ਸਿੰਘ ,ਹਰਮਨਦੀਪ ਸਿੰਘ, ਲਖਵਿੰਦਰ ਸਿੰਘ ਅਤੇ ਗੁਰਪਿੰਦਰ ਸਿੰਘ ਹਾਜ਼ਰ ਸਨ।

# 12 ਨਵੰਬਰ ਨੂੰ ਜ਼ਿਲ੍ਹਾ ਅਦਾਲਤਾਂ 'ਚ ਲੱਗੇਗੀ ਰਾਸ਼ਟਰੀ ਲੋਕ ਅਦਾਲਤ : ਰਜਿੰਦਰ ਅੱਗਰਵਾਲ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਚੰਡੀਗੜ੍ਹ ਦੀਆਂ ਹਦਾਇਤਾਂ ਅਨੁਸਾਰ 12 ਨਵੰਬਰ ਨੂੰ ਜ਼ਿਲ੍ਹਾ ਗੁਰਦਾਸਪੁਰ ਦੀਆਂ ਅਦਾਲਤਾਂ ਵਿੱਚ ਰਾਸ਼ਟਰੀ ਲੋਕ ਅਦਾਲਤ ਲਗਾਈ ਜਾਵੇਗੀ। ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਵਿੱਚ ਇਸ ਰਾਸ਼ਟਰੀ ਲੋਕ ਅਦਾਲਤ ਨੂੰ ਸਫਲ ਕਰਨ ਲਈ ਤਿਆਰੀ ਕੀਤੀ ਜਾ ਰਹੀ ਹੈ। ਰਾਸ਼ਟਰੀ ਲੋਕ ਅਦਾਲਤ ਬਾਰੇ ਜਾਣਕਾਰੀ ਦਿੰਦਿਆਂ ਰਜਿੰਦਰ ਅਗਰਵਾਲ, ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਨੇ ਦੱਸਿਆ ਕਿ ਇਨ੍ਹਾਂ ਲੋਕ ਅਦਾਲਤਾਂ ਦਾ ਮੁੱਖ ਮਨੋਰਥ ਸਮਝੌਤੇ/ਰਾਜ਼ੀਨਾਮੇ ਰਾਹੀਂ ਅਦਾਲਤੀ ਕੇਸਾਂ ਦਾ ਫੈਸਲਾ ਕਰਵਾਉਣਾ ਹੈ ਤਾਂ ਜੋ ਧਿਰਾਂ ਦਾ ਧਨ ਅਤੇ ਸਮਾਂ ਬਚਾਉਣ ਦੇ ਨਾਲ ਨਾਲ ਉਨ੍ਹਾਂ ਦੀ ਆਪਸੀ ਦੁਸ਼ਮਣੀ ਘਟਾਈ ਜਾ ਸਕੇ। ਗੰਭੀਰ ਕਿਸਮ ਦੇ ਫ਼ੌਜਦਾਰੀ ਕੇਸਾਂ ਨੂੰ ਛੱਡ ਕੇ ਹਰ ਤਰ੍ਹਾਂ ਦੇ ਕੇਸ ਜੋ ਵੱਖ-ਵੱਖ ਅਦਾਲਤਾਂ ਵਿੱਚ ਲੰਬਿਤ ਪਏ ਹੋਣ, ਲੋਕ ਅਦਾਲਤਾਂ ਵਿੱਚ ਫੈਸਲੇ ਲਈ ਸ਼ਾਮਲ ਕੀਤੇ ਜਾਂਦੇ ਹਨ। ਜੋ ਝਗੜਾ ਅਦਾਲਤ ਵਿੱਚ ਨਾ ਚੱਲਦਾ ਹੋਵੇ, ਉਹ ਮਾਮਲਾ ਵੀ ਲੋਕ ਅਦਾਲਤ ਵਿੱਚ ਦਰਖਾਸਤ ਦੇ ਕੇ ਰਾਜ਼ੀਨਾਮੇ ਲਈ ਲਿਆਂਦਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਲੋਕ ਅਦਾਲਤਾਂ ਵਿੱਚ ਕੇਸ ਲਗਾਉਣ ਦਾ ਤਰੀਕਾ ਬਹੁਤ ਅਸਾਨ ਹੈ। ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਕਿਹਾ ਕਿ ਲੋਕ-ਅਦਾਲਤਾਂ ਰਾਹੀਂ ਛੇਤੀ ਤੇ ਸਸਤਾ ਨਿਆਂ ਮਿਲਦਾ ਹੈ। ਇਸਦੇ ਫੈਸਲੇ ਨੂੰ ਦੀਵਾਨੀ ਕੋਰਟ ਦੀ ਡਿਕਰੀ ਦੀ ਮਾਨਤਾ ਪ੍ਰਾਪਤ ਹੈ ਅਤੇ ਇਸਦੇ ਫੈਸਲੇ ਖਿਲਾਫ ਕੋਈ ਅਪੀਲ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਲੋਕ ਅਦਾਲਤ ਵਿੱਚ ਫੈਸਲਾ ਆਪਸੀ ਸਹਿਮਤੀ ਅਤੇ ਰਜ਼ਾਮੰਦੀ ਨਾਲ ਕਰਵਾਇਆ ਜਾਂਦਾ ਹੈ। ਲੋਕ ਅਦਾਲਤ ਵਿੱਚ ਫੈਸਲਾ ਹੋਣ ਉਪਰੰਤ ਕੇਸ ਵਿੱਚ ਲੱਗੀ ਸਾਰੀ ਕੋਰਟ ਫੀਸ ਵੀ ਵਾਪਿਸ ਮਿਲ ਜਾਂਦੀ ਹੈ। ਉਨ੍ਹਾਂ ਕਿਹਾ ਕਿ ਲੋਕ ਅਦਾਲਤ ਦੇ ਫੈਸਲੇ ਅੰਤਿਮ ਹੁੰਦੇ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ 12 ਨਵੰਬਰ ਨੂੰ ਲੱਗ ਰਹੀ ਰਾਸ਼ਟਰੀ ਲੋਕ ਅਦਾਲਤ ਦਾ ਲਾਭ ਉਠਾਉਣ।

# ਸਮਾਜਿਕ ਨਿਆਂ, ਅਧਿਕਾਰਤਾ ਵੈੱਲਫੇਅਰ ਯੂਨੀਅਨ ਦਾ ਵਫਦ ਡਾ. ਬਲਜੀਤ ਕੌਰ ਨੂੰ ਮਿਲਿਆ



**ਮਜੀਠਾ (ਮਨਮੋਹਨ ਸਿੰਘ ਢਿੱਲੋਂ)**-ਸਮਾਜਿਕ ਨਿਆਂ, ਅਧਿਕਾਰਤਾ ਵੈੱਲਫੇਅਰ ਯੂਨੀਅਨ ਪੰਜਾਬ ਪ੍ਰਧਾਨ ਬਚਿੱਤਰ ਸਿੰਘ ਧਾਲੀਵਾਲ ਅਤੇ ਸਰਪ੍ਰਸਤ ਮਲਾਗਰ ਸਿੰਘ ਪਟਿਆਲਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਯੂਨੀਅਨ ਦੇ ਸੂਬਾ ਅਤੇ ਜ਼ਿਲ੍ਹਾ ਇਕਾਈ ਅੰਮ੍ਰਿਤਸਰ ਦੇ ਅਹੁਦੇਦਾਰਾਂ ਦੀ ਇਕ ਅਹਿਮ ਮੀਟਿੰਗ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ-ਗਿਣਤੀਆਂ ਵਿਭਾਗ ਪੰਜਾਬ ਸਰਕਾਰ ਨਾਲ ਰੈਡੀਸਨ ਹੋਟਲ ਏਅਰਪੋਰਟ ਰੋਡ, ਅੰਮ੍ਰਿਤਸਰ ਵਿਖੇ ਹੋਈ ਜਿਸ ਵਿੱਚ ਜਥੇਬੰਦਕ ਆਗੂਆਂ ਨੇ ਖੌਲਦੇ ਸਮਾਜਿਕ ਮੁੱਦਿਆਂ, ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਾਖਵਾਂਕਰਨ ਨੀਤੀ ਲਾਗੂ ਕਰਨ, ਰਾਜ ਦੇ ਸਮੂਹ ਵਿਭਾਗਾਂ 'ਚ ਤਰੱਕੀਆਂ ਮੌਕੇ ਹੁੰਦੀਆਂ ਬੇਨਿਯਮੀਆਂ, ਸੰਵਿਧਾਨ ਦੀ 85ਵੀਂ ਸੋਧ 2005 ਤੋਂ ਮਹਿਕਮਿਆਂ 'ਚ ਲਾਗੂ ਨਾ ਕਰਨ ਸਬੰਧੀ, ਪੰਜਾਬ ਦੇ ਸਮੁੱਚੇ ਮੁਲਾਜ਼ਮਾਂ ਸਮੇਤ ਪੈਨਸ਼ਨਰਾਂ ਅਤੇ ਵਿਦਿਆਰਥੀ ਵਰਗ ਨੂੰ ਦਰਪੇਸ਼ ਸਮੱਸਿਆਵਾਂ ਦੇ ਫੌਰੀ ਹੱਲ ਕਰਨ ਸਬੰਧੀ ਭਰਪੂਰ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਤੋਂ ਇਲਾਵਾ ਜ਼ਿਲ੍ਹਾ ਸਿੱਖਿਆ ਦਫਤਰ (ਐਲੀ:) ਅੰਮ੍ਰਿਤਸਰ ਵੱਲੋਂ ਹੈੱਡਟੀਚਰ/ਸੈਂਟਰ ਹੈੱਡਟੀਚਰ ਦੀਆਂ ਰੁਕੀਆਂ ਪਦਉੱਨਤੀਆਂ ਨਿਯਮਾਂ ਅਨੁਸਾਰ ਕਰਵਾਏ ਜਾਣ ਦੀ ਮੰਗ ਕੀਤੀ। ਉਕਤ ਆਗੂਆਂ ਦੱਸਿਆ ਕਿ ਇਨ੍ਹਾਂ ਤਰੱਕੀਆਂ ਮੌਕੇ ਹੋਈਆਂ ਅਨਗਿਣਤ ਬੇਨਿਯਮੀਆਂ ਕਾਰਨ ਅਨਸੂਚਿਤ ਜਾਤੀਆਂ ਸਮੇਤ ਜਨਰਲ ਸ਼੍ਰੇਣੀ ਨਾਲ ਵੀ ਧੱਕਾ ਹੋਇਆ ਹੈ। ਇਸ ਸੰਬੰਧੀ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਸਮਾਜਿਕ ਨਿਆਂ, ਅਧਿਕਾਰਤਾ ਵੈੱਲਫੇਅਰ ਯੂਨੀਅਨ ਪੰਜਾਬ ਦੇ ਵਫਦ ਨੂੰ ਉਪਰੋਕਤ ਮਾਮਲੇ ਫੌਰੀ ਹੱਲ ਕਰਨ ਦਾ ਭਰੋਸਾ ਦਿੰਦੇ ਹੋਏ ਨਿਕਟ ਭਵਿੱਖ 'ਚ ਚੰਡੀਗੜ੍ਹ ਵਿਖੇ ਮੀਟਿੰਗ ਬੁਲਾਉਣ ਦਾ ਵਿਸ਼ਵਾਸ ਦਿਵਾਇਆ। ਇਸ ਮੌਕੇ ਮੀਟਿੰਗ 'ਚ ਸਮਾਜਿਕ ਨਿਆਂ, ਅਧਿਕਾਰਤਾ ਵੈੱਲਫੇਅਰ ਯੂਨੀਅਨ ਪੰਜਾਬ ਦੇ ਸੂਬਾ ਚੇਅਰਮੈਨ ਬਲਕਾਰ ਸਿੰਘ ਸਫਰੀ, ਚੀਫ ਆਰਗੇਨਾਈਜ਼ਰ ਕਰਨਰਾਜ ਸਿੰਘ ਗਿੱਲ, ਮੁੱਖ ਸਲਾਹਕਾਰ ਮਨਜੀਤ ਸਿੰਘ ਵਿਰਕ, ਸੂਬਾ ਪ੍ਰੈੱਸ ਸਕੱਤਰ ਹਰਵਿੰਦਰ ਸਿੰਘ ਰਾਣਾ (ਖੁਸ਼ੀਪੁਰ) ਜਨਰਲ ਸਕੱਤਰ ਦਰਸ਼ਨ ਲਾਲ ਕਲੋਤਰਾ, ਸੀਨੀ: ਮੀਤ ਪ੍ਰਧਾਨ ਤਜਿੰਦਰ ਸਿੰਘ ਸੋਹੀ, ਸੂਬਾ ਕਾਰਜਕਾਰੀ ਕਮੇਟੀ ਮੈਂਬਰ ਸਰਪੰਚ ਜਸਵੰਤ ਸਿੰਘ ਲੁੱਧੜ, ਜ਼ਿਲ੍ਹਾ ਜਨਰਲ ਸਕੱਤਰ ਕੁਲਜੀਤ ਸਿੰਘ ਵੇਰਕਾ, ਸੀਨੀ: ਮੀਤ ਪ੍ਰਧਾਨ ਮਨਜੀਤ ਸਿੰਘ ਸੋਹੀਆਂ ਖੁਰਦ, ਮੀਤ ਪ੍ਰਧਾਨ ਸਤਿੰਦਰ ਸਿੰਘ ਜਹਾਂਗੀਰ, ਖਜਾਨਚੀ ਹਰਪਾਲ ਸਿੰਘ ਓਠੀਆਂ, ਸੁਲੱਖਣ ਸਿੰਘ ਸਫ਼ਰੀ ਐੱਸ.ਬੀ.ਆਈ, ਸੀ.ਐਚ.ਟੀ. ਹਰਮਨਦੀਪ ਸਿੰਘ ਛੀਨਾ, ਵਰਿੰਦਰ ਸਿੰਘ ਕਾਦਰਾਬਾਦ, ਅਮਰਿੰਦਰ ਸਿੰਘ ਛੀਨਾ, ਕਾਬਲ ਸਿੰਘ ਗਿੱਲ, ਸੀ. ਐੱਚ. ਟੀ. ਵਰਿੰਦਰ ਸਿੰਘ, ਬਿਲਾਵਰ ਸਿੰਘ ਜਹਾਂਗੀਰ ਆਦਿ ਆਗੂ ਵੀ ਹਾਜ਼ਰ ਸਨ।

# ਸਕੂਲਾਂ ਦੀ ਨੁਹਾਰ ਬਦਲਣ ਲਈ ਡਾ. ਕੁਲਜੀਤ ਗੋਸਲ ਨੇ ਖਰਚੇ 2.25 ਕਰੋੜ ਰੁਪਏ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਇਥੋਂ ਨੇੜੇ ਪਿੰਡ ਨੜਾਂਵਾਲੀ (ਜ਼ਿਲ੍ਹਾ ਗੁਰਦਾਸਪੁਰ) ਦੇ ਜੰਮਪਲ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਪੜ੍ਹੇ ਵਿਗਿਆਨੀ ਡਾ. ਕੁਲਜੀਤ ਸਿੰਘ ਗੋਸਲ ਨੂੰ ਆਸਟਰੇਲੀਆ ਦੇ ਸ਼ਹਿਰ ਸਿਡਨੀ 'ਚ ਵੱਸਦਿਆਂ ਵੀ ਆਪਣੇ ਜੱਦੀ ਪਿੰਡ ਨੜਾਂਵਾਲੀ, ਬਲਾਕ ਕਲਾਨੌਰ (ਗੁਰਦਾਸਪੁਰ) ਦੀ ਮਿੱਟੀ ਰਾਤਾਂ ਨੂੰ ਸੌਣ ਨਹੀਂ ਦਿੰਦੀ। ਉਹ ਹਰ ਰੋਜ਼ ਸੁਪਨਿਆਂ ਵਿੱਚ ਆਪਣੇ ਪਿੰਡ ਨੜਾਂਵਾਲੀ ਦਾ ਫੇਰਾ ਮਾਰਦਾ ਹੈ। ਇਸੇ ਕਰਕੇ ਡਾ. ਕੁਲਜੀਤ ਸਿੰਘ ਗੋਸਲ ਆਪਣੀ ਪਰਿਵਾਰਕ ਕਮਾਈ ਵਿੱਚੋਂ ਲਗਭਗ ਡੇਢ ਕਰੋੜ ਰੁਪਏ ਖਰਚ ਕੇ ਪਹਿਲਾਂ ਪਿੰਡ ਦਾ ਪ੍ਰਾਇਮਰੀ ਸਕੂਲ ਨਵੇਂ ਸਿਰਿਓਂ ਆਧੁਨਿਕ ਸਹੂਲਤਾਂ ਸਮੇਤ ਉਸਾਰ ਚੁੱਕਾ ਹੈ ਅਤੇ ਇਸ ਦੇ ਰੱਖ ਰਖਾਉ ਦਾ ਪ੍ਰਬੰਧ ਵੀ ਖ਼ੁਦ ਆਪਣੇ ਖ਼ਰਚੇ 'ਤੇ ਕਰ ਰਿਹਾ ਹੈ। ਇਸ ਕਾਰਜ ਲਈ ਉਸ ਦੀ ਜੀਵਨ ਸਾਥਣ ਮਨਦੀਪ ਕੌਰ ਵੀ ਵੱਡੀ ਪ੍ਰੇਰਨਾ ਸਰੋਤ ਹੈ। ਸਿਡਨੀ ਤੋਂ ਟੈਲੀਫੋਨ 'ਤੇ ਡਾ: ਕੁਲਜੀਤ ਨੇ ਆਪਣੇ ਸ਼ੁਭਚਿੰਤਕ ਪ੍ਰੋ. ਗੁਰਭਜਨ ਸਿੰਘ ਗਿੱਲ ਨੂੰ ਦੱਸਿਆ ਕਿ ਉਹ ਨਵੰਬਰ ਮਹੀਨੇ ਦੇ ਅੰਤ ਵਿੱਚ ਪੰਜਾਬ ਆ ਰਿਹਾ ਹੈ ਅਤੇ ਆਪਣੇ ਪਿੰਡ ਦੇ ਮਿਡਲ ਸਕੂਲ ਦਾ ਉਦਘਾਟਨ ਪੰਜਾਬ ਦੇ ਪਰਵਾਸੀ ਮਾਮਲਿਆਂ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਤੋਂ ਦੋ ਦਸੰਬਰ ਨੂੰ ਕਰਵਾਏਗਾ। ਇਸ ਮਿਡਲ ਸਕੂਲ ਦੀ ਸੰਪੂਰਨ ਉਸਾਰੀ ਡਾ. ਕੁਲਜੀਤ ਸਿੰਘ ਗੋਸਲ (ਆਸਟਰੇਲੀਆ) ਨੇ ਲਗਭਗ 75 ਲੱਖ ਲਗਾ ਕੇ ਕਰਵਾਈ ਹੈ। ਉਹ ਆਸਟਰੇਲੀਆ ਜਾਣ ਤੋਂ ਪਹਿਲਾਂ ਇਸੇ ਪਿੰਡ ਦਾ ਵਸਨੀਕ ਸੀ ਤੇ ਇਸੇ ਸਕੂਲ ਵਿੱਚ ਪੜ੍ਹਿਆ ਹੈ। ਕੁਲਜੀਤ ਸਿੰਘ ਪਹਿਲਾਂ 65 ਲੱਖ ਰੁਪਏ ਪੱਲਿਓਂ ਲਾ ਕੇ ਪ੍ਰਾਇਮਰੀ ਸਕੂਲ ਦੀ ਇਮਾਰਤ ਬਣਵਾ ਚੁੱਕਾ ਹੈ।

ਉਸ ਦੀ ਇੱਕੋ ਇੱਛਾ ਹੈ ਕਿ ਉਸਦੇ ਪਿੰਡ ਦਾ ਸਕੂਲ ਅਪਗਰੇਡ ਹੋ ਕੇ ਹਾਈ ਸਕੂਲ ਬਣ ਜਾਵੇ।

# ਗੁਰੂ ਅਰਜਨ ਦੇਵ ਕਾਲਜ ਚੋਹਲਾ ਸਾਹਿਬ ਨੇ ਦੂਜੀ ਰਨਰਜ਼-ਅੱਪ ਟਰਾਫੀ ਜਿੱਤੀ



**ਚੋਹਲਾ ਸਾਹਿਬ/ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ, ਰਮਨ ਚੱਢਾ)**-ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਕਰਵਾਏ ਗਏ ਜ਼ੋਨਲ ਯੁਵਕ ਮੇਲੇ 2022 ਵਿੱਚ ਭਾਗ ਲੈਂਦਿਆਂ ਗੁਰੂ ਅਰਜਨ ਦੇਵ ਖਾਲਸਾ ਕਾਲਜ ਚੋਹਲਾ ਸਾਹਿਬ ਨੇ ਬੀ ਜ਼ੋਨ ਦੇ ਬੀ ਡਵੀਜ਼ਨ ਕਾਲਜਾਂ ਵਿੱਚੋਂ ਦੂਜੀ ਰਨਰਜ਼-ਅੱਪ ਟਰਾਫੀ ਜਿੱਤੀ। ਕਾਲਜ ਦੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਮੁਕਾਬਲਿਆਂ ਵਿੱਚ ਸ਼ਮੂਲੀਅਤ ਕਰਦਿਆਂ ਸਕਿੱਟ ਵਿੱਚੋਂ ਪਹਿਲਾ ਸਥਾਨ, ਕਾਸਟਿਊਮ ਪਰੇਡ ਵਿੱਚੋਂ ਦੂਜਾ ਸਥਾਨ, ਕਵੀਸ਼ਰੀ ਵਿੱਚੋਂ ਤੀਜਾ ਸਥਾਨ, ਫੋਟੋਗ੍ਰਾਫੀ ਵਿੱਚੋਂ ਤੀਜਾ ਸਥਾਨ, ਕਵਿਤਾ ਰਚਣ ਤੇ ਉਚਾਰਨ ਵਿੱਚੋਂ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਮਾਣਯੋਗ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਜਥੇਦਾਰ ਗੁਰਬਚਨ ਸਿੰਘ ਕਰਮੂੰਵਾਲਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਸਮੂਹ ਕਾਲਜ ਵਿਦਿਆਰਥੀਆਂ ਅਤੇ ਸਟਾਫ ਨੂੰ ਵਧਾਈ ਦਿੱਤੀ। ਸੁਖਮਿੰਦਰ ਸਿੰਘ ਸਕੱਤਰ ਵਿੱਦਿਆ ਨੇ ਵਿਦਿਆਰਥੀਆਂ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਅਜਿਹੇ ਮੁਕਾਬਲਿਆਂ ਵਿੱਚੋਂ ਪੁਜ਼ੀਸ਼ਨਾਂ ਹਾਸਿਲ ਕਰਕੇ ਟਰਾਫੀ ਜਿੱਤਣ ਦਾ ਸਿਹਰਾ ਕਾਲਜ ਪ੍ਰਿੰਸੀਪਲ ਦੀ ਯੋਗ ਅਗਵਾਈ, ਅਧਿਆਪਕਾਂ ਦੀ ਸਿੱਖਿਆ ਅਤੇ ਵਿਦਿਆਰਥੀਆਂ ਦੀ ਸਖਤ ਮਿਹਨਤ ਨੂੰ ਜਾਂਦਾ ਹੈ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਕਵਲਜੀਤ ਕੌਰ ਨੇ ਸਟਾਫ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਕਾਲਜ ਹਮੇਸ਼ਾ ਹੀ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਆਪਣਾ ਬਣਦਾ ਯੋਗਦਾਨ ਅਦਾ ਕਰਦਾ ਰਹਿੰਦਾ ਹੈ ਅਤੇ ਕਾਲਜ ਦੇ ਵਿਦਿਆਰਥੀਆਂ ਨੂੰ ਅਜਿਹੇ ਮੌਕੇ ਪ੍ਰਦਾਨ ਕਰਦਾ ਰਹਿੰਦਾ ਹੈ ਤਾਂ ਜੋ ਵਿਦਿਆਰਥੀ ਭਵਿੱਖ ਦੀਆ ਯੋਜਨਾਵਾਂ ਵਿੱਚ ਕਾਮਯਾਬ ਹੋ ਸਕਣ। ਉਨ੍ਹਾਂ ਇਸ ਮੌਕੇ ਕਾਲਜ ਦੇ ਡੀਨ ਕਲਚਰਲ ਡਾ. ਜਤਿੰਦਰ ਕੌਰ ਅਤੇ ਪ੍ਰੋ. ਬਲਜਿੰਦਰ ਸਿੰਘ ਜਿਨ੍ਹਾਂ ਦੀ ਅਗਵਾਈ ਵਿੱਚ ਵਿਦਿਆਰਥੀਆਂ ਨੇ ਯੁਵਕ ਮੇਲੇ ਵਿੱਚ ਹਿੱਸਾ ਲਿਆ ਅਤੇ ਸਮੁੱਚੇ ਸਹਿਯੋਗੀ ਸਟਾਫ ਦੀ ਪ੍ਰਸ਼ੰਸਾ ਕੀਤੀ।

# ਨੌਜਵਾਨਾਂ ਦੇ ਭਖਦੇ ਮੁੱਦਿਆਂ ਨੂੰ ਲੈ ਕੇ 21 ਨਵੰਬਰ ਨੂੰ ਹੋਵੇਗੀ ਵਿਸ਼ਾਲ ਕਨਵੈਨਸ਼ਨ



**ਬਟਾਲਾ (ਤਰਲੋਕ ਬੱਗਾ)**-ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਜ਼ਿਲਾ ਗੁਰਦਾਸਪੁਰ ਦੀ ਜਨਰਲ ਬਾਡੀ ਮੀਟਿੰਗ ਜ਼ਿਲਾ ਪ੍ਰਧਾਨ ਖੁਸ਼ਦੀਪ ਸਿੰਘ ਕਲਾਨੌਰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਜ਼ਿਲੇ ਦੇ ਸਰਗਰਮ ਨੌਜਵਾਨ ਸ਼ਾਮਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੂਬਾਈ ਜਨਰਲ ਸਕੱਤਰ ਧਰਮਿੰਦਰ ਸਿੰਘ ਮੁਕੇਰੀਆਂ, ਜਾਇੰਟ ਸਕੱਤਰ ਸ਼ਮਸ਼ੇਰ ਸਿੰਘ ਨਵਾਂ ਪਿੰਡ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਚੋਣਾਂ ਦੌਰਾਨ ਪੰਜਾਬ ਦੇ ਨੌਜਵਾਨਾਂ ਅਤੇ ਵਿਦਿਆਰਥੀਆਂ ਦੇ ਨਾਲ ਮੁਫਤ ਸਿੱਖਿਆ ਅਤੇ ਰੁਜ਼ਗਾਰ ਦੇਣ, ਨਸ਼ਿਆਂ ਤੇ ਗੁੰਡਾਗਰਦੀ ਦਾ ਖਾਤਮਾ ਕਰਨ ਦੀ ਗਾਰੰਟੀ ਦਿੱਤੀ ਸੀ ਪਰ ਰਾਜਸੱਤਾ ਦੇ ਕਾਬਜ਼ ਹੋਣ ਤੋਂ ਬਾਅਦ ਇਨ੍ਹਾਂ ਗਾਰੰਟੀਆਂ ਨੂੰ ਪੂਰਾ ਨਹੀਂ ਕੀਤਾ ਅਤੇ ਰੁਜ਼ਗਾਰ ਮੰਗਦੇ ਨੌਜਵਾਨਾਂ ਅਤੇ ਕੱਚੇ ਕਾਮਿਆਂ ਤੇ ਲਾਠੀਚਾਰਜ ਕੀਤਾ ਜਾਂਦਾ ਹੈ ਜਿਸ ਨਾਲ ਨੌਜਵਾਨਾਂ ਵਿੱਚ ਸਰਕਾਰ ਪ੍ਰਤੀ ਗੁੱਸੇ ਦੀ ਲਹਿਰ ਹੈ। ਇਸ ਲਈ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਵਲੋਂ ਬਰਾਬਰ ਵਿੱਦਿਆ, ਸਭ ਲਈ ਰੁਜ਼ਗਾਰ ਅਤੇ ਸਿਹਤ ਸੇਵਾਵਾਂ ਦਾ ਪ੍ਰਬੰਧ, ਨਸ਼ਿਆਂ ਤੇ ਗੁੰਡਾਗਰਦੀ ਦੇ ਖਾਤਮੇ ਲਈ, ਨੌਜਵਾਨਾਂ ਲਈ ਖੇਡਾਂ ਦਾ ਪ੍ਰਬੰਧ, ਧਰਤੀ ਹੇਠਲੇ ਪਾਣੀ ਅਤੇ ਵਾਤਾਵਰਣ ਦੀ ਰਾਖੀ ਲਈ ਪੰਜਾਬ ਦੇ ਜ਼ਿਲਿਆਂ/ਤਹਿਸੀਲਾਂ ਵਿੱਚ ਸੈਮੀਨਾਰ/ਕਨਵੈਨਸ਼ਨਾਂ ਕੀਤੀਆਂ ਜਾ ਰਹੀਆਂ ਹਨ ਅਤੇ ਆਉਣ ਵਾਲੇ ਸਮੇਂ 'ਚ ਪੰਜਾਬ ਦੀ ਨੌਜਵਾਨੀ ਨੂੰ ਜਥੇਬੰਦ ਕਰਕੇ ਪੰਜਾਬ ਸਰਕਾਰ ਦੇ ਖਿਲਾਫ ਵੱਡਾ ਸ਼ੰਘਰਸ ਆਰੰਭ ਕੀਤਾ ਜਾਵੇਗਾ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਨੌਜਵਾਨਾਂ ਦੇ ਇਨ੍ਹਾਂ ਭੱਖਦੇ ਮੁੱਦਿਆਂ ਨੂੰ ਲੈ ਕੇ 21 ਨਵੰਬਰ ਨੂੰ ਕਲਾਨੌਰ 'ਚ ਵਿਸ਼ਾਲ ਕਨਵੈਨਸ਼ਨ ਕੀਤੀ ਜਾਵੇਗੀ ਜਿਸਦੀ ਤਿਆਰੀ ਲਈ ਵੱਖ-ਵੱਖ ਪਿੰਡਾਂ ਅੰਦਰ ਮੀਟਿੰਗਾਂ ਕਰਕੇ ਨੌਜਵਾਨਾਂ ਨੂੰ ਲਾਮਬੰਦ ਕੀਤਾ ਜਾਵੇਗਾ। ਇਸ ਮੌਕੇ ਜ਼ਿਲਾ ਆਗੂ ਸ਼ਿੰਦਰਪਾਲ ਸ਼ਰਮਾ ਬਿਸ਼ਨਕੋਟ, ਤਹਿਸੀਲ ਪ੍ਰਧਾਨ ਵਿਰਗਟ ਖਾਨਫੱਤਾ, ਆਲਮਬੀਰ ਸਿੰਘ ਕਲਾਨੌਰ, ਸੁਖਦੇਵ ਸਿੰਘ ਭੀਖੋਵਾਲੀ, ਕੁਲਦੀਪ ਸਿੰਘ ਪੱਤੀ ਕਾਮੋਨੰਗਲ ਮਰੜ, ਗੁਰਪ੍ਰੀਤ ਸਿੰਘ ਮੀਆਂ ਕੋਟ, ਸਤਿੰਦਰਜੀਤ ਸਿੰਘ, ਸੁਖਚੈਨ ਸਿੰਘ ਅਤੇ ਸਤਨਾਮ ਸਿੰਘ ਕਲਾਨੌਰ ਆਦਿ ਹਾਜ਼ਰ ਸਨ।

# ਅਣਗੌਲੇ ਆਜ਼ਾਦੀ ਘੁਲਾਟੀਆਂ ਨੂੰ ਸਮਰਪਿਤ ਸੈਮੀਨਾਰ ਕਰਵਾਇਆ



**ਕਲਾਨੌਰ (ਕੋਹਲੀ)**-ਸਥਾਨਕ ਕਸਬੇ ਦੇ ਸ਼ਹੀਦ ਲੱਛਮਣ ਸਿੰਘ ਧਾਰੋਵਾਲੀ ਯੂਨੀਵਰਸਿਟੀ ਕਾਲਜ ਕਲਾਨੌਰ ਵਿਖੇ ਪ੍ਰਿੰਸੀਪਲ ਡਾ. ਕਮਲ ਕਿਸ਼ੋਰ ਅੱਤਰੀ ਦੀ ਅਗਵਾਈ ਹੇਠ ਅਤੇ ਹਿਸਟਰੀ ਵਿਭਾਗ ਦੇ ਪ੍ਰੋਫੈਸਰ ਮਨਜਿੰਦਰ ਕੌਰ ਦੇ ਯਤਨਾਂ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਦੇਸ਼ ਦੇ ਅਣਗੌਲੇ ਆਜ਼ਾਦੀ ਘੁਲਾਟੀਆਂ ਨੂੰ ਸਮਰਪਿਤ ਇੱਕ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਪ੍ਰਿੰਸੀਪਲ ਡਾ ਕਮਲ ਕਿਸ਼ੋਰ ਅੱਤਰੀ ਨੇ ਸੈਮੀਨਾਰ ਦੇ ਮਹਿਮਾਨ ਤੇ ਮਹਾਨ ਇਤਿਹਾਸਕਾਰ ਡਾ. ਰਾਜ ਕੁਮਾਰ ਸ਼ਰਮਾ ਦੀ ਜਾਣ-ਪਛਾਣ ਕਰਵਾਉਂਦਿਆਂ ਉਨ੍ਹਾਂ ਲਈ ਸਵਾਗਤੀ ਸ਼ਬਦ ਕਹੇ। ਉਪਰੰਤ ਉੱਘੇ ਇਤਿਹਾਸਕਾਰ ਅਤੇ ਮੁੱਖ ਮਹਿਮਾਨ ਡਾ. ਰਾਜ ਕੁਮਾਰ ਸ਼ਰਮਾ ਨੇ 'ਗੁਰਦਾਸਪੁਰ ਬੰਬ ਸ਼ਾਜਿਸ਼ ਕੇਸ' ਨਾਲ ਸੰਬੰਧਤ ਆਜ਼ਾਦੀ ਘੁਲਾਟੀਏ ਹਜਾਰਾ ਸਿੰਘ, ਅਜਾਇਬ ਸਿੰਘ ਵਰਸੋਲਾ, ਤਾਰਾ ਸਿੰਘ, ਮਹਾਸ਼ਾ ਪੂਰਨ ਚੰਦ, ਖੁਸ਼ੀ ਰਾਮ, ਤੇਜਾ ਸਿੰਘ, ਜਸਵੰਤ ਸਿੰਘ ਬੇਦੀ, ਯੋਗਰਾਜ ਸਿੰਘ, ਮਿਸਟਰ ਪਾਲ, ਕਾਸ਼ੀ ਰਾਮ, ਇੰਦਰ ਸਿੰਘ, ਫਰੀਦ ਚੰਦ ਆਦਿ ਨੂੰ ਆਪਣੀ ਚਰਚਾ ਦਾ ਵਿਸ਼ਾ ਬਣਾਇਆ ਜਿਨ੍ਹਾਂ ਨੇ ਸ਼ਹੀਦ ਭਗਤ ਸਿੰਘ ਦੇ ਕੇਸ ਦੀ ਤਫਤੀਸ਼ ਕਰਨ ਵਾਲੇ ਐੱਸ. ਪੀ. ਅਬਦੁਲ ਅਜ਼ੀਜ਼ ਕੋਲੋਂ ਬਦਲਾ ਲੈਣ ਲਈ ਇੱਕ ਇਨਕਲਾਬੀ ਜਥੇਬੰਦੀ ਕਾਇਮ ਕੀਤੀ ਸੀ ਪਰੰਤੂ ਪਟਵਾਰੀ ਨੰਦ ਸਿੰਘ ਦੀ ਮੁਖਬਰੀ ਕਾਰਨ ਉਨ੍ਹਾਂ ਦੀ ਇਹ ਯੋਜਨਾ ਸਫਲ ਨਾ ਹੋ ਸਕੀ ਤੇ ਉਨ੍ਹਾਂ ਨੂੰ ਬ੍ਰਿਟਿਸ਼ ਸਰਕਾਰ ਦੇ ਤਸ਼ੱਦਦ ਦਾ ਸ਼ਿਕਾਰ ਹੋਣਾ ਪਿਆ ਪਰੰਤੂ ਇਨ੍ਹਾਂ ਕੁਰਬਾਨੀਆਂ ਦੇ ਬਾਵਜੂਦ ਇਹ ਆਜ਼ਾਦੀ ਘੁਲਾਟੀਏ ਇਤਿਹਾਸ ਵਿੱਚ ਅਣਗੌਲੇ ਰਹਿ ਗਏ। ਇਸ ਤੋਂ ਇਲਾਵਾ ਉਨ੍ਹਾਂ ਨੇ ਕਲਾਨੌਰ ਕਸਬੇ ਦੇ ਇਤਿਹਾਸਕ ਪਿਛੋਕੜ ਤੋਂ ਵੀ ਵਿਦਿਆਰਥੀ ਨੂੰ ਵਾਕਿਫ ਕਰਵਾਇਆ। ਇਸ ਮੌਕੇ ਪ੍ਰੋ. ਅਸ਼ਵਨੀ ਕੁਮਾਰ, ਪ੍ਰੋ. ਸੰਦੀਪ ਚੰਚਲ, ਪ੍ਰੋ. ਜੁਝਾਰ ਸਿੰਘ, ਪ੍ਰੋ. ਜਸਰਾਜ ਸਿੰਘ, ਪ੍ਰੋ. ਅੰਕਿਤਾ ਸ਼ਰਮਾ, ਪ੍ਰੋ. ਅੰਜਨਾ ਸ਼ਰਮਾ, ਪ੍ਰੋ. ਰਵਨੀਤ ਕੌਰ, ਪ੍ਰੋ. ਪਰਮਜੀਤ ਕੌਰ, ਪ੍ਰੋ. ਸੁਖਵਿੰਦਰ ਕੌਰ, ਪ੍ਰੋ. ਸਤਿੰਦਰ ਕੌਰ, ਪ੍ਰੋ. ਆਰਤੀ ਮਹਾਜਨ, ਪ੍ਰੋ. ਅੰਮ੍ਰਿਤਪਾਲ ਕੌਰ, ਪ੍ਰੋ. ਵਰਿੰਦਰ ਕੌਰ, ਨਵਦੀਪ ਕੌਰ, ਰੂਹੀ ਸ਼ਰਮਾ ਤੋਂ ਇਲਾਵਾ ਹੋਰ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਸਾਧੂ ਦੇ ਭੇਸ 'ਚ ਲੁਟੇਰਿਆਂ ਵੱਲੋਂ ਦਿਨ-ਦਿਹਾੜੇ ਵੱਡੀ ਲੁੱਟ



**ਭਿੱਖੀਵਿੰਡ/ਵਲਟੋਹਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਪੁਲਸ ਥਾਣਾ ਵਲਟੋਹਾ ਦੇ ਅਧੀਨ ਆਉਂਦੇ ਪਿੰਡ ਚੀਮਾ ਖੁਰਦ ਦੇ ਵਾਸੀ ਉਡੀਕ ਚੰਦ ਪੁੱਤਰ ਸਵ. ਚੰਨਣ ਰਾਮ ਤੇ ਉਸਦੀ ਪਤਨੀ ਆਸ਼ਾ ਰਾਣੀ ਤੋਂ ਸਾਧੂ ਦੇ ਭੇਸ 'ਚ ਆਏ ਦੋ ਵਿਅਕਤੀਆਂ ਸਮੇਤ ਇੱਕ ਔਰਤ ਨੇ ਰਸਤਾ ਰੋਕ ਕੇ ਬਾਰਾਂ ਹਜ਼ਾਰ ਦੀ ਨਗਦੀ ਲੈ ਲਈ ਤੇ ਫਿਰ ਉਡੀਕ ਚੰਦ ਤੇ ਆਸ਼ਾ ਰਾਣੀ ਨਾਲ ਉਨ੍ਹਾਂ ਦੇ ਪਿੰਡ ਚੀਮਾ ਖੁਰਦ ਵਿਖੇ ਪੰਖਡੀ ਸਾਧ ਆਏ ਅਤੇ ਪਿੰਡ ਤੋਂ ਕਰੀਬ ਦੋ ਕਿਲੋਮੀਟਰ ਦੂਰ ਰਸਤੇ 'ਚ ਰੁਕ ਗਏ ਅਤੇ ਫਿਰ ਸਾਧੂ ਨੇ ਕਿਹਾ ਕਿ ਇਥੇ ਸੋਨਾ ਲੈ ਆਉ। ਮੈਂ ਪੈਸੇ ਅਤੇ ਸੋਨੇ ਉਪਰ ਮੰਤਰ ਪੜ੍ਹ ਕੇ ਤੁਹਾਨੂੰ ਵਾਪਸ ਕਰ ਦੇਵਾਂਗਾ ਜਿਸ ਨਾਲ ਤੁਹਾਡੇ ਘਰ ਵਿੱਚ ਹੋਰ ਵੀ ਬਰਕਤ ਆ ਜਾਵੇਗੀ। ਇਹ ਸੁਣ ਕੇ ਉਡੀਕ ਚੰਦ ਤੇ ਆਸ਼ਾ ਰਾਣੀ ਨੇ ਆਪਣੇ ਘਰੇ ਪੇਟੀ ਵਿੱਚ ਰੱਖਿਆ 16 ਤੋਲੇ ਦੇ ਕਰੀਬ ਸੋਨਾ ਜਾ ਕੇ ਸਾਧ ਨੂੰ ਫੜਾ ਦਿੱਤਾ। ਸਾਧੂ ਦੇ ਕਹਿਣ ਅਨੁਸਾਰ ਘਰ ਵਿੱਚ ਜਾ ਕੇ ਨਹਾ ਧੋ ਕੇ ਸੁੱਚੇ ਮੂੰਹ ਆਪਣਾ ਪੈਸਾ ਅਤੇ ਸੋਨਾ ਪੋਟਲੀ ਵਿੱਚੋਂ ਕੱਢ ਕੇ ਰੱਖ ਲੈਣਾ। ਜਦੋਂ ਦੋਵੇਂ ਪਤੀ-ਪਤਨੀ ਨੇ ਆਪਣੇ ਘਰ ਆ ਕੇ ਵੇਖਿਆ ਤਾਂ ਉਸ 'ਚ ਘਾਹ ਤੇ ਮਿੱਟੀ ਨਿਕਲੀ। ਇਸ ਬਾਰੇ ਉਨ੍ਹਾਂ ਥਾਣਾ ਵਲਟੋਹਾ ਵਿਖੇ ਸੂਚਿਤ ਕੀਤਾ। ਇਸ ਮੌਕੇ ਪੀੜਤ ਪਤੀ ਪਤਨੀ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਸ ਤਰਾਂ ਸਾਧੂ ਦੇ ਭੇਸ ਵਿੱਚ ਘੁੰਮਣ ਵਾਲੇ ਠੱਗਾਂ ਖਿਲਾਫ ਸਖਤ ਕਾਰਵਾਈ ਕਰਕੇ ਜਲਦ ਗ੍ਰਿਫਤਾਰ ਕੀਤਾ ਜਾਵੇ ਅਤੇ ਸਾਨੂੰ ਇਨਸਾਫ ਦਿਵਾਇਆ ਜਾਵੇ। ਇਸ ਬਾਰੇ ਜਦੋਂ ਥਾਣਾ ਵਲਟੋਹਾ ਦੇ ਐੱਸ. ਐੱਚ. ਓ. ਜਗਦੀਪ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਪੁਲਸ ਇਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ। ਉਮੀਦ ਹੈ ਕਿ ਜਲਦ ਤੋਂ ਜਲਦ ਦੋਸ਼ੀਆਂ ਨੂੰ ਕਾਬੂ ਕੀਤਾ ਜਾਵੇਗਾ।

# ਨੰਨ੍ਹੀ ਕਲੀ ਪ੍ਰੋਜੈਕਟ ਨੇ ਬੱਚੀਆਂ ਨੂੰ ਕਿੱਟਾਂ ਵੰਡੀਆਂ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸਰਕਾਰੀ ਸਮਾਰਟ ਸਕੂਲ ਗੁਰੂ ਨਾਨਕਪੁਰਾ ਵਿਖੇ ਪ੍ਰੋਜੈਕਟ ਨੰਨ੍ਹੀ ਕਲੀ ਵਲੋਂ ਬੱਚੀਆਂ ਨੂੰ ਭੇਜੀਆਂ ਗਈਆਂ ਕਿੱਟਾਂ ਦੀ ਵੰਡ ਕੀਤੀ ਗਈ। ਇਸ ਮੌਕੇ ਕੌਂਸਲਰ ਦਵਿੰਦਰ ਪਹਿਲਵਾਨ, ਕੁਲਬੀਰ ਸਿੰਘ, ਯੁੱਧਵੀਰ ਸੈਣੀ, ਹਨੀ ਗਿੱਲ, ਮੁੱਖ ਅਧਿਆਪਕਾ ਨੀਤੂ, ਮੈਡਮ ਪਲਵਿੰਦਰ ਕੌਰ, ਮੈਡਮ ਆਰਤੀ ਕਲੋਤਰਾ ਸਮੇਤ ਸਮੂਹ ਸਟਾਫ ਅਤੇ ਬੱਚਿਆਂ ਦੇ ਮਾਪੇ ਹਾਜ਼ਰ ਸਨ। ਨੰਨ੍ਹੀ ਕਲੀ ਬਾਰੇ ਜਾਣਕਾਰੀ ਦਿੰਦਿਆਂ ਸੀਏ ਗੁਰਮੀਤ ਕੌਰ ਅਤੇ ਸੀਏ ਅਮਨਦੀਪ ਕੌਰ ਨੇ ਦੱਸਿਆ ਕਿ ਕੇ. ਸੀ. ਮਹਿੰਦਰਾ ਐਜੂਕੇਸ਼ਨ ਟਰੱਸਟ ਅਤੇ ਨੰਦੀ ਫਾਊਂਡੇਸ਼ਨ ਵੱਲੋਂ ਸਾਂਝੇ ਤੌਰ 'ਤੇ ਚਲਾਏ ਜਾ ਰਹੇ ਇਸ ਪ੍ਰੋਜੈਕਟ ਵਿੱਚ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੀਆਂ ਵਿਦਿਆਰਥਣਾਂ ਨੂੰ ਮੋਬਾਈਲ ਟੈਬ ਦੀ ਮਦਦ ਨਾਲ ਪੰਜਾਬੀ, ਅੰਗਰੇਜ਼ੀ, ਗਣਿਤ ਅਤੇ ਵਿਗਿਆਨ ਵਿਸ਼ਿਆਂ ਦੀ ਮੁਫਤ ਮਿਆਰੀ ਸਿੱਖਿਆ ਮੁਹੱਈਆ ਕਰਵਾਈ ਜਾਂਦੀ ਹੈ। ਸਿੱਖਿਆ ਦੇ ਨਾਲ ਨਾਲ ਖੇਡਾਂ, ਸੱਭਿਆਚਾਰਕ ਗਤੀਵਿਧੀਆਂ ਅਤੇ ਬੱਚੀਆਂ ਦੀ ਰੁਚੀ ਦੇ ਹੋਰ ਖੇਤਰਾਂ ਦੀ ਪਛਾਣ ਕਰਕੇ ਉਨ੍ਹਾਂ ਦੇ ਹੁਨਰ ਨੂੰ ਨਿਖਾਰਨ ਵਿਚ ਮਦਦ ਕੀਤੀ ਜਾਂਦੀ ਹੈ। ਬੱਚਿਆਂ ਨੂੰ ਬੈਗ, ਕਾਪੀਆਂ, ਸਟੇਸ਼ਨਰੀ, ਸਵਾਟਰ ਆਦਿ ਦੇ ਨਾਲ ਨਾਲ ਵਰਤੋਂ ਦੀਆਂ ਹੋਰ ਚੀਜ਼ਾਂ ਵੀ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਉਨ੍ਹਾਂ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੀਆਂ ਬੱਚੀਆਂ ਨੂੰ ਵੱਧ ਤੋਂ ਵੱਧ ਇਸ ਪ੍ਰੋਜੈਕਟ ਨਾਲ ਜੁੜ ਕੇ ਲਾਹਾ ਲੈਣ ਦੀ ਅਪੀਲ ਕੀਤੀ। ਇਸ ਮੌਕੇ ਕੌਂਸਲਰ ਦਵਿੰਦਰ ਪਹਿਲਵਾਨ ਨੇ ਬੱਚੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਮਨ ਲਗਾ ਕੇ ਪੜ੍ਹਨ ਦੇ ਨਾਲ ਨਾਲ ਖੇਡਾਂ ਵੱਲ ਵੀ ਧਿਆਨ ਦੇਣ ਤਾਂ ਜੋ ਦਿਮਾਗ ਦੇ ਨਾਲ ਸਰੀਰਕ ਤੰਦਰੁਸਤੀ ਵੀ ਬਣੀ ਰਹੇ ।

# ਤੰਬਾਕੂਨੋਸ਼ੀ ਕਰਨ ਵਾਲਿਆਂ ਦੇ ਕੱਟੇ ਚਲਾਨ



**ਕਲਾਨੌਰ (ਕੋਹਲੀ)**-ਕਮਿਊਨਿਟੀ ਹੈਲਥ ਸੈਂਟਰ ਕਲਾਨੌਰ ਦੇ ਨੋਡਲ ਅਫਸਰ ਐੱਸਐੱਮਓ ਡਾ. ਲਖਵਿੰਦਰ ਸਿੰਘ ਅਠਵਾਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਹੈਲਥ ਇੰਸਪੈਕਟਰ ਦਿਲਬਾਗ ਸਿੰਘ ਅਤੇ ਹੈਲਥ ਇੰਸਪੈਕਟਰ ਗੁਰਪ੍ਰੀਤ ਪਾਲ ਦੀ ਅਗਵਾਈ ਵਿਚ ਹੋਰ ਕਰਮਚਾਰੀਆਂ ਵੱਲੋਂ ਕਲਾਨੌਰ ਦੇ ਵੱਖ-ਵੱਖ ਜਨਤਕ ਥਾਵਾਂ ਜਿਵੇਂ ਬਾਜ਼ਾਰਾਂ, ਦਾਣਾ ਮੰਡੀ, ਬੱਸ ਸਟੈਂਡ ਆਦਿ 'ਤੇ ਸਿਗਰਟ ਬੀੜੀ ਪੀਣ ਅਤੇ ਤੰਬਾਕੂਨੋਸ਼ੀ ਕਰਨ ਵਾਲਿਆਂ ਦੇ ਚਲਾਨ ਕੱਟੇ ਗਏ। ਅਕਤੂਬਰ ਮਹੀਨੇ ਵਿੱਚ ਹੁਣ ਤਕ 45 ਦੇ ਕਰੀਬ ਚਲਾਨ ਕੱਟੇ ਜਾ ਚੁੱਕੇ ਹਨ ਅਤੇ ਉਨ੍ਹਾਂ ਤੋਂ ਜੁਰਮਾਨੇ ਵੀ ਵਸੂਲ ਪਾਏ ਗਏ ਹਨ। ਇਸ ਮੌਕੇ ਐੱਸਐੱਮਓ ਕਲਾਨੌਰ ਡਾ. ਲਖਵਿੰਦਰ ਸਿੰਘ ਅਠਵਾਲ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਕਿਸੇ ਵੀ ਤਰ੍ਹਾਂ ਦੇ ਨਸ਼ਿਆਂ ਦਾ ਸੇਵਨ ਕਰਨ ਤੋਂ ਪ੍ਰਹੇਜ਼ ਕਰਨ ਕਿਉਂਕਿ ਜੇਕਰ ਪਰਿਵਾਰ ਵਿਚੋਂ ਇਕ ਮੈਂਬਰ ਬੀੜੀ ਸਿਗਰਟ ਜਾਂ ਤੰਬਾਕੂ ਦਾ ਸੇਵਨ ਕਰਦਾ ਹੈ ਤਾਂ ਉਸ ਦਾ ਅਸਰ ਉਸ ਦੇ ਪੂਰੇ ਪਰਿਵਾਰ 'ਤੇ ਹੁੰਦਾ ਹੈ ਅਤੇ ਜੇਕਰ ਅਸੀਂ ਆਪ ਨਸ਼ੇ ਤਿਆਗ ਦਿਆਂਗੇ ਤਾਂ ਹੀ ਆਪਣੇ ਬੱਚਿਆਂ ਨੂੰ ਵੀ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰ ਸਕਦੇ ਹਾਂ। ਇਸ ਮੌਕੇ ਉਨ੍ਹਾਂ ਦੇ ਨਾਲ ਹੋਰਨਾਂ ਤੋਂ ਇਲਾਵਾ ਗੁਰਮੇਜ ਸਿੰਘ, ਸਾਹਿਲ ਕੁਮਾਰ, ਗੁਰਪ੍ਰੀਤ ਸਿੰਘ ਅਤੇ ਅਮਰਜੀਤ ਸਿੰਘ ਆਦਿ ਵੀ ਹਾਜ਼ਰ ਸਨ।

# ਅਦੀਬਾਂ ਦੀ ਹਾਜ਼ਰੀ 'ਚ 'ਹੁਣ' ਦਾ 45ਵਾਂ ਅੰਕ ਲੋਕ ਅਰਪਿਤ




**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਜਨਵਾਦੀ ਲੇਖਕ ਸੰਘ ਅਤੇ ਆਤਮ ਪਬਲਿਕ ਸਕੂਲ ਇਸਲਾਮਾਬਾਦ ਵੱਲੋਂ 'ਭਾਸ਼ਾ, ਸਾਹਿਤ ਅਤੇ ਸਮਾਜ ਦੀ ਬਿਹਤਰੀ ਵਿਚ ਸਾਹਿਤਕ ਪੱਤਰਕਾਰੀ ਦਾ ਯੋਗਦਾਨ' ਵਿਸ਼ੇ 'ਤੇ ਵਿਚਾਰ ਚਰਚਾ ਕਰਵਾਈ ਗਈ ਅਤੇ ਪੰਜਾਬੀ ਦੇ ਬਹੁ-ਮਿਆਰੀ ਸਾਹਿਤਕ ਰਸਾਲੇ 'ਹੁਣ' ਦਾ 45ਵਾਂ ਅੰਕ ਲੋਕ ਅਰਪਿਤ ਕੀਤਾ ਗਿਆ। ਪ੍ਰਿੰ. ਅੰਕਿਤਾ ਸਹਿਦੇਵ ਦੇ ਸਵਾਗਤੀ ਸ਼ਬਦਾਂ ਨਾਲ ਸ਼ੁਰੂ ਹੋਏ ਇਸ ਅਦਬੀ ਸਮਾਗਮ ਦਾ ਆਗਾਜ਼ ਕਰਦਿਆਂ ਕਥਾਕਾਰ ਦੀਪ ਦੇਵਿੰਦਰ ਸਿੰਘ ਨੇ 'ਹੁਣ' ਨੂੰ ਕੇਂਦਰ ਬਿੰਦੂ ਵਿਚ ਰੱਖ ਕੇ ਕਿਹਾ ਕਿ ਉੱਤਮ ਦਰਜੇ ਦਾ ਲੋਕ ਸਾਹਿਤ ਅਤੇ ਸੁਹਿਰਦ ਪਾਠਕਾਂ ਨੂੰ ਇਕ ਤੰਦ ਵਿਚ ਪਰੋਣ ਲਈ ਸਾਹਿਤਕ ਰਸਾਲੇ ਸਭ ਤੋਂ ਉੱਤਮ ਜ਼ਰੀਆ ਹਨ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਪਿੰ. ਡਾ. ਮਹਿਲ ਸਿੰਘ ਨੇ ਕਿਹਾ ਕਿ ਜਿੱਥੇ 'ਹੁਣ' ਵਰਗੇ ਮਿਆਰੀ ਰਸਾਲੇ ਦੁਨੀਆ ਭਰ ਦੇ ਇਤਿਹਾਸ ਅਤੇ ਸਭਿਆਚਾਰ ਨੂੰ ਨੇੜੇ ਲੈ ਕੇ ਆਉਂਦੇ ਹਨ ਉਥੇ ਦੁਨੀਆ ਭਰ ਵਿੱਚ ਰਚੇ ਜਾ ਰਹੇ ਸਾਹਿਤ ਨੂੰ ਘੋਖਣ, ਪੜਤਾਲਣ ਅਤੇ ਨਵੀਆਂ ਦਿਸ਼ਾਵਾਂ ਨਿਰਧਾਰਤ ਕਰਨ ਵਿਚ ਸਹਾਈ ਹੁੰਦੇ ਹਨ। 'ਹੁਣ' ਦੇ ਸੰਪਾਦਕ ਸੁਸ਼ੀਲ ਦੁਸਾਂਝ ਨੇ ਦਸਿਆ ਕਿ ਉਨ੍ਹਾਂ ਵਲੋਂ ਡਾ. ਗੁਰਦਿਆਲ ਸਿੰਘ ਫੁੱਲ, ਜਸਵੰਤ ਸਿੰਘ ਕੰਵਲ, ਪ੍ਰੋ. ਅਜਮੇਰ ਔਲਖ, ਬਾਬਾ ਨਜ਼ਮੀ, ਸੁਰਜੀਤ ਪਾਤਰ ਅਤੇ ਗੁਰਭਜਨ ਗਿੱਲ ਆਦਿ ਸਥਾਪਿਤ ਸਾਹਿਤਕਾਰਾਂ ਦੀਆਂ ਅਦਬੀ ਮੁਲਾਕਾਤਾਂ ਦੇ ਲੜੀਵਾਰ ਸਿਲਸਿਲੇ ਨੇ ਪਾਠਕਾਂ ਨੂੰ ਇਨ੍ਹਾਂ ਸਾਹਿਤਕਾਰਾਂ ਦੀ ਜੀਵਨ ਸ਼ੈਲੀ ਅਤੇ ਲਿਖਣ ਸ਼ੈਲੀ ਨੂੰ ਹੋਰ ਨੇੜਿਉਂ ਸਮਝਣ ਦਾ ਸਬੱਬ ਪੈਦਾ ਕੀਤਾ ਹੈ। ਡਾ. ਸੁਖਬੀਰ ਕੌਰ ਮਾਹਲ ਅਤੇ ਸੂਫੀ ਸ਼ਾਇਰ ਬਖ਼ਤਾਵਰ ਸਿੰਘ ਨੇ ਕਿਹਾ ਕਿ ਮਿਆਰੀ ਸਾਹਿਤ ਨੂੰ ਲੋਕ ਉਡੀਕਦੇ ਵੀ ਨੇ ਅਤੇ ਮੁੱਲ ਖਰੀਦ ਕੇ ਪੜ੍ਹਨ ਦੀ ਚੇਟਕ ਵੀ ਰਖਦੇ ਹਨ। ਡਾ. ਆਤਮ ਰੰਧਾਵਾ ਅਤੇ ਡਾ. ਹੀਰਾ ਸਿੰਘ ਨੇ ਕਿਹਾ ਕਿ ਅਜਿਹੇ ਮੈਗਜ਼ੀਨ ਮਨੁੱਖ ਨੂੰ ਕਵਿਤਾ, ਕਹਾਣੀ ਅਤੇ ਸਾਹਿਤ ਦੀਆਂ ਹੋਰ ਵਿਧਾਵਾਂ ਦੇ ਨਾਲ-ਨਾਲ ਬਹੁ-ਮੁੱਲੀਆਂ ਇਨਸਾਨੀ ਕਦਰਾਂ ਕੀਮਤਾਂ ਨਾਲ ਵੀ ਜੋੜਦੇ ਹਨ। ਮੱਖਣ ਕੁਹਾੜ ਅਤੇ ਗੁਰਮੀਤ ਸਿੰਘ ਬਾਜਵਾ ਨੇ ਦੱਸਿਆ ਕਿ ਲੇਖਕ ਦੀ ਸਥਾਪਤੀ ਅਤੇ ਭਾਸ਼ਾ ਦੀ ਤਰੱਕੀ ਲਈ ਹੁਣ ਵਰਗੇ ਮਿਆਰੀ ਰਸਾਲੇ ਵੱਡਾ ਯੋਗਦਾਨ ਪਾਉਂਦੇ ਹਨ। ਡਾ. ਸੀਮਾ ਗਰੇਵਾਲ ਅਤੇ ਕਮਲ ਦੁਸਾਂਝ ਨੇ ਕਿਹਾ ਕਿ ਆਮ ਲੋਕਾਂ ਨੂੰ ਕਿਤਾਬਾਂ ਨਾਲ ਜੋੜਨ ਲਈ ਮਿਆਰੀ ਅਤੇ ਲੋਕ ਪੱਖੀ ਸਾਹਿਤ ਨਾਲ 'ਹੁਣ' ਦਾ ਪੰਜਾਬੀ ਸਾਹਿਤ ਵਿੱਚ ਗੌਲਣਯੋਗ ਸਥਾਨ ਹੈ। ਪ੍ਰਤੀਕ ਸਹਿਦੇਵ ਅਤੇ ਮੋਹਿਤ ਸਹਿਦੇਵ ਨੇ ਸਾਂਝੇ ਤੌਰ 'ਤੇ ਧੰਨਵਾਦ ਕੀਤਾ। ਹੋਰਨਾਂ ਤੋਂ ਇਲਾਵਾ ਇਸ ਸਮੇਂ ਕੋਮਲ ਸਹਿਦੇਵ, ਨਵਦੀਪ ਕੁਮਾਰ, ਹਰਜੀਤ ਸਿੰਘ ਸੰਧੂ, ਮਨਮੋਹਨ ਸਿੰਘ ਢਿੱਲੋਂ, ਮੋਹਨ, ਡਾ ਕਸ਼ਮੀਰ ਸਿੰਘ, ਪ੍ਰਿੰ. ਰਘਬੀਰ ਸਿੰਘ ਸੋਹਲ, ਬਲਜਿੰਦਰ ਮਾਂਗਟ, ਜਸਵੰਤ ਧਾਪ, ਮੱਖਣ ਭੈਣੀਵਾਲਾ, ਕਪੂਰ ਸਿੰਘ ਘੁੰਮਣ, ਪਰਮਜੀਤ ਕੌਰ, ਪੂਨਮ ਸ਼ਰਮਾ, ਤ੍ਰਿਪਤਾ ਮੈਮ, ਬਲਜਿੰਦਰ ਕੌਰ, ਮੀਨਾਕਸ਼ੀ, ਦਮੋਦਰ ਸ਼ਰਮਾ, ਜਗਮੋਹਣ ਸ਼ਰਮਾ ਅਤੇ ਗੀਤਾ ਆਦਿ ਹਾਜ਼ਰ ਸਨ

# ਆਨਲਾਈਨ ਠੱਗੀ ਤੋਂ ਸਾਵਧਾਨ ਕਰਨ ਲਈ ਬੈਂਕਾਂ ਲਗਾਉਣੀਆਂ ਜਾਗਰੂਕਤਾ ਕੈਂਪ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਆਮ ਲੋਕਾਂ ਨੂੰ ਨੌਸਰਬਾਜ਼ਾਂ ਤੇ ਠੱਗਾਂ ਵੱਲੋਂ ਕੀਤੀ ਜਾਂਦੀ ਆਨਲਾਈਨ ਠੱਗੀ ਤੋਂ ਬਚਾਉਣ ਲਈ ਬੈਂਕ ਅੱਗੇ ਆਏ ਹਨ। ਜ਼ਿਲ੍ਹੇ ਦੀਆਂ ਸਮੂਹ ਬੈਂਕਾਂ ਵੱਲੋਂ ਨਵੰਬਰ ਮਹੀਨੇ ਵਿੱਚ ਵਿਸ਼ੇਸ਼ ਜਾਗਰੂਕਤਾ ਕੈਂਪ ਲਗਾ ਕੇ ਆਪਣੇ ਗਾਹਕਾਂ ਨੂੰ ਆਨਲਾਈਨ ਠੱਗੀ ਤੋਂ ਬਚਣ ਲਈ ਜਾਗਰੂਕ ਕੀਤਾ ਜਾਵੇਗਾ। ਇਸ ਸਬੰਧੀ ਸਥਾਨਕ ਐਲ.ਡੀ.ਐਮ. ਦਫ਼ਤਰ ਵਿੱਚ ਸਮੂਹ ਬੈਂਕਾਂ ਦੇ ਅਧਿਕਾਰੀਆਂ ਦੀ ਮੀਟਿੰਗ ਕੇਵਲ ਕਲਸੀ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਰਿਜ਼ਰਵ ਬੈਂਕ ਆਫ਼ ਇੰਡੀਆ ਦੇ ਨਿਰਦੇਸ਼ਾਂ ਅਨੁਸਾਰ ਪਿੰਡਾਂ ਵਿੱਚ ਜਾਗਰੂਕਤਾ ਕੈਂਪ ਲਗਾਉਣ ਲਈ ਵਿਚਾਰ-ਵਟਾਂਦਰਾ ਕੀਤਾ ਗਿਆ। ਐਲ.ਡੀ.ਐਮ. ਕੇਵਲ ਕਲਸੀ ਨੇ ਕਿਹਾ ਕਿ ਦੇਖਣ ਵਿੱਚ ਆਇਆ ਹੈ ਕਿ ਬਹੁਤ ਸਾਰੇ ਠੱਗਾਂ ਵੱਲੋਂ ਭੋਲੇ-ਭਾਲੇ ਲੋਕਾਂ ਨੂੰ ਫੋਨ ਕਰਕੇ ਉਨ੍ਹਾਂ ਨਾਲ ਆਨਲਾਈਨ ਠੱਗੀ ਕਰਕੇ ਉਨ੍ਹਾਂ ਦੇ ਬੈਂਕ ਖਾਤੇ ਸਾਫ਼ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਆਪਣੇ ਗਾਹਕਾਂ ਨੂੰ ਆਨਲਾਈਨ ਠੱਗੀਆਂ ਤੋਂ ਬਚਾਉਣ ਲਈ ਬੈਂਕਾਂ ਵੱਲੋਂ 1 ਤੋਂ 30 ਨਵੰਬਰ ਤੱਕ ਪੂਰੇ ਜ਼ਿਲ੍ਹੇ ਵਿੱਚ ਵਿਸ਼ੇਸ਼ ਜਾਗਰੂਕਤਾ ਕੈਂਪ ਲਗਾਏ ਜਾਣਗੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਂਪਾਂ ਵਿੱਚ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ ਅਤੇ ਇਹ ਵੀ ਦੱਸਿਆ ਜਾਵੇਗਾ ਕਿ ਉਹ ਆਪਣੇ ਬੈਂਕ ਖਾਤੇ ਸਬੰਧੀ ਅਤੇ ਓਟੀਪੀ ਬਾਰੇ ਕਦੀ ਕੋਈ ਜਾਣਕਾਰੀ ਸਾਂਝੀ ਨਾ ਕਰਨ। ਇਸਦੇ ਨਾਲ ਹੀ ਮੁੱਢਲੀਆਂ ਸਾਵਧਾਨੀਆਂ ਦੱਸਣ ਤੋਂ ਇਲਾਵਾ ਗਾਹਕਾਂ ਨੂੰ ਸ਼ਿਕਾਇਤ ਕਰਨ ਬਾਰੇ ਵੀ ਦੱਸਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਜਾਗਰੂਕਤਾ ਕੈਂਪ ਸਕੂਲਾਂ/ਕਾਲਜਾਂ ਤੋਂ ਇਲਾਵਾ ਪਿੰਡਾਂ ਦੀਆਂ ਸੱਥਾਂ 'ਤੇ ਹੋਰ ਸਾਂਝੀਆਂ ਥਾਵਾਂ 'ਤੇ ਲਗਾਏ ਜਾਣਗੇ।

31-Oct-PAGE-4.qxd 10/30/2022 9:41 PM Page 1

ਨਵਾਂ ਜ਼ਮਾਨਾ
ਸੋਮਵਾਰ, 31 ਅਕਤੂਬਰ 2022

# ਝੂਠ ਕਹਿੰਦਾ ਝੂਠ ਨਾ ਬੋਲੋ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਰਚੂਅਲ ਢੰਗ ਰਾਹੀਂ ਰਾਜਾਂ ਦੇ ਗ੍ਰਹਿ ਮੰਤਰੀਆਂ ਨੂੰ ਸੰਬੋਧਨ ਕਰਦਿਆਂ ਫੇਕ ਨਿਊਜ਼ ਯਾਨਿ ਮਨਘੜਤ ਖ਼ਬਰਾਂ 'ਤੇ ਭਾਰੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾ ਅੰਦਰੂਨੀ ਸੁਰੱਖਿਆ ਬਾਰੇ ਬੋਲਦਿਆਂ ਕਿਹਾ ਕਿ ਸਾਨੂੰ ਲੋਕਾਂ ਨੂੰ ਇਹ ਦੱਸਦੇ ਰਹਿਣਾ ਪਵੇਗਾ ਕਿ ਕੋਈ ਵੀ ਖ਼ਬਰ ਆਉਂਦੀ ਹੈ ਤਾਂ ਉਸ ਨੂੰ ਮੰਨਣ ਤੇ ਅੱਗੇ ਭੇਜਣ ਤੋਂ ਪਹਿਲਾਂ ਉਸ ਦੀ ਸੱਚਾਈ ਬਾਰੇ ਜ਼ਰੂਰ ਪਤਾ ਲਗਾ ਲੈਣ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕਿਸੇ ਵੀ ਸੂਚਨਾ ਨੂੰ ਅੱਗੇ ਭੇਜਣ ਤੋਂ ਪਹਿਲਾਂ ਦਸ ਵਾਰ ਸੋਚਣਾ ਚਾਹੀਦਾ ਹੈ ਤੇ ਉਸ ਉੱਤੇ ਭਰੋਸਾ ਕਰਨ ਤੋਂ ਪਹਿਲਾਂ ਉਸ ਦੀ ਹਕੀਕਤ ਨੂੰ ਤਸਦੀਕ ਕਰ ਲੈਣਾ ਚਾਹੀਦਾ ਹੈ।

ਉਨ੍ਹਾ ਕਿਹਾ ਕਿ ਅਪਰਾਧਿਕ ਦੁਨੀਆ ਦਾ ਵਿਸ਼ਵੀਕਰਨ ਹੋ ਗਿਆ ਹੈ। ਸਾਨੂੰ ਅਜਿਹੇ ਅਪਰਾਧੀਆਂ ਤੋਂ ਦਸ ਕਦਮ ਅੱਗੇ ਰਹਿਣਾ ਹੋਵੇਗਾ। 5 ਜੀ ਦੀ ਮਦਦ ਨਾਲ ਚਿਹਰੇ ਦੀ ਪਛਾਣ ਬਾਰੇ ਤਕਨੀਕ, ਆਟੋਮੈਟਿਕ ਨੰਬਰ ਪਲੇਟ ਪਛਾਣਨ ਦੀ ਤਕਨੀਕ, ਡਰੋਨ ਤੇ ਸੀ ਸੀ ਟੀ ਵੀ ਨਾਲ ਜੁੜੀਆਂ ਤਕਨੀਕਾਂ ਵਿੱਚ ਕਈ ਗੁਣਾ ਸੁਧਾਰ ਹੋਣ ਵਾਲਾ ਹੈ। ਇਸ ਲਈ ਪੁਲਸ ਪ੍ਰਬੰਧ ਵਿੱਚ ਸੁਧਾਰ ਕਰਨਾ ਜ਼ਰੂਰੀ ਹੋ ਗਿਆ ਹੈ।

ਅਸਲ ਗੱਲ ਇਹ ਹੈ ਕਿ ਪ੍ਰਧਾਨ ਮੰਤਰੀ ਜੋ ਕਹਿ ਰਹੇ ਸਨ, ਉਸ ਬਾਰੇ ਸਾਰਾ ਦੇਸ਼ ਜਾਣਦਾ ਹੈ ਕਿ ਮਨਘੜਤ ਖ਼ਬਰਾਂ ਫੈਲਾਉਣ ਦਾ ਸਭ ਤੋਂ ਵੱਧ ਕੰਮ ਭਾਜਪਾ ਤੇ ਉਸ ਦਾ ਸੋਸ਼ਲ ਮੀਡੀਆ ਵਿੰਗ ਕਰਦਾ ਹੈ। ਪ੍ਰਧਾਨ ਮੰਤਰੀ ਦੀ ਖੁਦ ਦੀ ਗੱਲ ਕੀਤੀ ਜਾਵੇ ਤਾਂ ਉਸ ਦੀ ਕੋਈ ਮਿਸਾਲ ਹੀ ਨਹੀਂ ਮਿਲਦੀ। ਸਿਕੰਦਰ ਬਿਹਾਰ ਆਇਆ ਸੀ ਤੇ ਜਵਾਹਰ ਲਾਲ ਨਹਿਰੂ ਸ਼ਹੀਦ ਭਗਤ ਸਿੰਘ ਨੂੰ ਮਿਲੇ ਹੀ ਨਹੀਂ, ਸਮੇਤ ਮੋਦੀ ਦੇ ਅਜਿਹੇ ਸੈਂਕੜੇ ਬਿਆਨਾਂ ਦੀ ਉਦਾਹਰਣ ਦਿੱਤੀ ਜਾ ਸਕਦੀ ਹੈ, ਜਿਹੜੇ ਨਿਰੋਲ ਝੂਠ 'ਤੇ ਅਧਾਰਤ ਸਨ। ਇਸੇ ਕਾਰਨ ਹੀ ਪ੍ਰਧਾਨ ਮੰਤਰੀ ਨੂੰ ਲੋਕਾਂ ਨੇ ਫੇਕੂ ਕਹਿਣਾ ਸ਼ੁਰੂ ਕਰ ਦਿੱਤਾ ਸੀ। ਹਾਲਾਂਕਿ ਪ੍ਰਧਾਨ ਮੰਤਰੀ ਦੇ ਭਾਸ਼ਣ ਤਿਆਰ ਕਰਨ ਲਈ ਅਧਿਕਾਰੀਆਂ ਦੀ ਲੰਮੀ-ਚੌੜੀ ਫੌਜ ਹੁੰਦੀ ਹੈ, ਪਰ ਫਿਰ ਵੀ ਉਹ ਝੂਠੇ ਤੱਥ ਫੇਕ ਦਿੰਦੇ ਹਨ, ਕਿਉਂ? ਇਸ ਪਿੱਛੇ ਉਨ੍ਹਾਂ ਦੀ ਕਿਹੜੀ ਰਾਜਨੀਤੀ ਜਾਂ ਪ੍ਰਾਪੇਗੰਡੇ ਦੀ ਚਾਲ ਹੁੰਦੀ ਹੈ, ਇਹ ਤਾਂ ਮੋਦੀ ਸਾਹਿਬ ਹੀ ਦੱਸ ਸਕਦੇ ਹਨ। ਪ੍ਰਧਾਨ ਮੰਤਰੀ ਸੂਬਿਆਂ ਦੇ ਗ੍ਰਹਿ ਮੰਤਰੀਆਂ ਨੂੰ ਤਾਂ ਅਫ਼ਵਾਹਾਂ ਫੈਲਾਉਣ ਵਾਲਿਆਂ ਤੋਂ ਚੌਕਸ ਰਹਿਣ ਦੀ ਤਾਕੀਦ ਕਰਦੇ ਹਨ, ਪਰ ਉਨ੍ਹਾ ਦੇ ਆਪਣੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਰਾਜਸਥਾਨ ਵਿੱਚ ਭਾਜਪਾ ਦੇ ਵਲੰਟੀਅਰਾਂ ਨੂੰ ਸੰਬੋਧਨ ਕਰਦਿਆਂ ਇਥੋਂ ਤੱਕ ਕਹਿ ਦਿੱਤਾ ਸੀ ਕਿ ਸਾਡੇ ਕੋਲ ਏਨੀ ਵੱਡੀ ਸੋਸ਼ਲ ਮੀਡੀਆ ਆਰਮੀ ਹੈ, ਜਿਸ ਰਾਹੀਂ ਅਸੀਂ ਇੱਕ ਅਫ਼ਵਾਹ ਨੂੰ ਮਿੰਟਾਂ ਅੰਦਰ ਹੀ ਲੱਖਾਂ ਲੋਕਾਂ ਤੱਕ ਪੁਚਾ ਸਕਦੇ ਹਾਂ। ਇਸ ਦੇ ਬਾਵਜੂਦ ਪ੍ਰਧਾਨ ਮੰਤਰੀ ਦੇ ਕਥਨ ਪਿੱਛੇ ਕੋਈ ਨਵੀਂ ਰਣਨੀਤੀ ਜ਼ਰੂਰ ਹੋਵੇਗੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਫੇਕ ਨਿਊਜ਼ ਵਾਲੇ ਬਿਆਨ ਬਾਰੇ ਵੈੱਬ ਨਿਊਜ਼ ਏਜੰਸੀ 'ਜਨਜਵਾਰ' ਨੇ ਆਪਣੇ ਪਾਠਕਾਂ ਤੇ ਦਰਸ਼ਕਾਂ ਤੋਂ ਵਿਚਾਰ ਮੰਗੇ ਸਨ। ਇੱਥੇ ਅਸੀਂ ਕੁਝ ਚੋਣਵੇਂ ਵਿਅਕਤੀਆਂ ਦੀਆਂ ਟਿੱਪਣੀਆਂ ਪੇਸ਼ ਕਰ ਰਹੇ ਹਾਂ:

ਮਨੋਜ ਵਰਮਾ ਲਿਖਦੇ ਹਨ, 'ਇਸ ਦੇ ਮਾਸਟਰ ਤਾਂ ਆਪ ਹੋ ਮੋਦੀ ਜੀ।' ਆਨੰਦ ਰਾਜ ਦੀ ਟਿੱਪਣੀ ਹੈ, 'ਪਹਿਲਾਂ ਆਪ ਫੇਕਨਾ ਬੰਦ ਕਰੋ। ਵਿਸ਼ਵ ਰਿਕਾਰਡ ਬਣਾ ਚੁੱਕੇ ਹੋ ਝੂਠ ਬੋਲਣ ਵਿੱਚ। ਕਿੰਨਾ ਬੁਰਾ ਲਗਦਾ ਹੈ, ਜਦੋਂ ਲੋਕ ਤੁਹਾਨੂੰ ਫੇਕੂ ਕਹਿੰਦੇ ਹਨ, ਪਰ ਆਪ ਹੋ ਕਿ ਝੂਠ ਉੱਤੇ ਝੂਠ ਪੇਲੀ ਜਾ ਰਹੇ ਹੋ।' ਏਜਾਜ਼ ਅਲੀ ਖਾਨ ਲਿਖਦੇ ਹਨ, 'ਅੱਛਾ ਹੁਣ ਸਮਝ ਆਇਆ ਕਿ ਭਾਜਪਾ ਆਈ ਟੀ ਸੈੱਲ ਜੋ ਕੰਮ ਸਾਲਾਂ ਤੋਂ ਫੇਕ ਨਿਊਜ਼ ਤੇ ਅਫ਼ਵਾਹਾਂ ਫੈਲਾ ਕੇ ਕਰਦਾ ਆ ਰਿਹਾ ਸੀ, ਉਹ ਹੁਣ ਕਾਰਗਰ ਨਹੀਂ ਹੋ ਰਿਹਾ। ਦੂਜੇ ਜਦੋਂ ਅਸਰਦਾਰ ਤਰੀਕੇ ਨਾਲ ਇਹੀ ਕੰਮ ਕਰ ਰਹੇ ਹਨ ਤਾਂ ਉਨ੍ਹਾਂ ਉੱਤੇ ਕਾਰਵਾਈ ਕਰਨ ਦੀ ਗੱਲ ਸੁਝ ਪੈਂਦੀ ਹੈ। ਭਾਜਪਾ ਆਈ ਟੀ ਸੈੱਲ ਦੀ ਇਸ ਨੀਤੀ ਨੇ ਦੇਸ਼ ਨੂੰ ਜਿਹੜਾ ਨੁਕਸਾਨ ਪੁਚਾਇਆ ਹੈ, ਉਸ ਨੂੰ ਕਿਸ ਖਾਤੇ ਵਿੱਚ ਪਾਵਾਂਗੇ?' ਦੀਪਕ ਕੁਮਾਰ ਨਾਂਅ ਦੇ ਵਿਅਕਤੀ ਨੇ ਲਿਖਿਆ ਹੈ, 'ਉਹ ਏਨਾ ਝੂਠ ਬੋਲ ਚੁੱਕੇ ਹਨ ਕਿ ਉਨ੍ਹਾ ਨੂੰ ਪਤਾ ਹੀ ਨਹੀਂ ਕਿ ਕਦੋਂ, ਕਿੱਥੇ ਤੇ ਕੀ ਬੋਲ ਚੁੱਕੇ ਹਨ। 2013 ਤੋਂ ਮੋਦੀ ਜੀ ਦੇ ਹੁਣ ਤੱਕ ਦੇ ਬਿਆਨਾਂ ਨੂੰ ਦੇਖੋ, ਜਦੋਂ ਉਨ੍ਹਾਂ ਦਾ ਡੂੰਘਾਈ ਨਾਲ ਅਧਿਐਨ ਕਰੋਗੇ ਤਾਂ ਪਤਾ ਲੱਗੇਗਾ।' ਰਾਜ ਕੁਮਾਰ ਗੌਤਮ ਲਿਖਦੇ ਹਨ, 'ਅਜਿਹਾ ਲੱਗ ਰਿਹਾ ਹੈ, ਜਿਵੇਂ ਨਾਰੀ ਸਨਮਾਨ ਬਾਰੇ ਆਸਾਰਾਮ ਬਾਪੂ ਪ੍ਰਵਚਨ ਕਰ ਰਹੇ ਹੋਣ।' ਹਿਰਦੇਪਾਲ ਸਿੰਘ ਨੇ ਲਿਖਿਆ ਹੈ, 'ਮਾਨਯੋਗ ਜੀ ਨੂੰ ਆਪਣੇ 2012 ਤੋਂ ਹੁਣ ਤੱਕ ਦੇ ਪੁਰਾਣੇ ਵਾਅਦਿਆਂ ਤੇ ਲਾਲਚਾਈ ਭਾਸ਼ਣਾਂ ਬਾਰੇ ਮੁੱਖ ਮੰਤਰੀਆਂ, ਗ੍ਰਹਿ ਮੰਤਰੀਆਂ ਤੇ ਜਨਤਾ ਤੋਂ ਪੁੱਛਣਾ ਚਾਹੀਦਾ ਹੈ ਕਿ ਇਨ੍ਹਾਂ ਵਿੱਚ ਮੈਂ ਕੀ ਫੇਕਿਆ ਹੈ। ਭਲਾ ਫੇਕ ਨਿਊਜ਼ ਕੈਮਰਿਆਂ ਨੂੰ ਮਨਾਹੀ ਵਾਲੇ ਸਥਾਨਾਂ 'ਤੇ ਜਾਣ ਦੀ ਇਜਾਜ਼ਤ ਕਿਵੇਂ ਮਿਲ ਜਾਂਦੀ ਹੈ?' ਹਰਪ੍ਰੀਤ ਸਿੰਘ ਲਿਖਦੇ ਹਨ, '2014 ਤੋਂ ਹੁਣ ਤੱਕ ਕਿੰਨਾ ਝੂਠ ਬੋਲਿਆ ਗਿਆ ਹੈ, ਪੜਤਾਲ ਕਰਨੀ ਮੁਸ਼ਕਲ ਹੈ।'

-ਚੰਦ ਫਤਿਹਪੁਰੀ

# ਵਿਸ਼ਵ ਪੂੰਜੀਵਾਦ ਵਿਰੁੱਧ ਜਨਤਕ ਰੋਹ ਵਧ ਰਿਹੈ



ਪਵਨ ਕੁਮਾਰ ਕੌਸ਼ਲ

ਅੱਜ ਵਿਸ਼ਵ ਭਰ ਵਿੱਚ ਪੂੰਜੀਵਾਦ ਦੇ ਮਾਰੂ ਪ੍ਰਭਾਵਾਂ ਕਾਰਨ ਜਨਤਕ ਵਿਰੋਧ ਵਧ ਰਿਹਾ ਹੈ, ਕਿਉਂਕਿ ਪੂੰਜੀਵਾਦ ਵਾਤਾਵਰਣ ਦੀ ਤਬਾਹੀ, ਸਮਾਜਿਕ ਉਥਲ-ਪੁਥਲ, ਧੰਨ-ਦੌਲਤ ਦੀ ਅਸਾਂਵੀ ਵੰਡ, ਸਮਾਜਕ ਨਾਬਰਾਬਰੀ, ਮਜ਼ਦੂਰ ਦਾ ਆਰਥਕ ਸ਼ੋਸ਼ਣ, ਮਜ਼ਦੂਰਾਂ ਤੇ ਟਰੇਡ ਯੂਨੀਅਨਿਸਟਾਂ ਦਾ ਦਮਨ ਅਤੇ ਗਰੀਬੀ ਦਾ ਕਾਰਨ ਬਣਦਾ ਹੈ। ਪੂੰਜੀਵਾਦੀ ਅਰਥ ਵਿਵਸਥਾ ਅੰਦਰ ਸਰਮਾਏਦਾਰ ਦੀ ਇੱਛਾ ਜਿੰਨਾ ਸੰਭਵ ਹੋਵੇ ਮਜ਼ਦੂਰ ਤੋਂ ਉਸ ਦੀ ਕਿਰਤ ਸ਼ਕਤੀ ਖੋਹਣ ਦੀ ਹੁੰਦੀ ਹੈ। ਪੂੰਜੀਵਾਦ ਕਿਰਤੀ ਲੋਕਾਂ ਦੀ ਵਾਧੂ ਕਿਰਤ 'ਤੇ ਪ੍ਰਫੁਲਤ ਹੋਣ ਦੀ ਫਿਤਰਤ ਹੁੰਦੀ ਹੈ।

ਇਸ ਨੇ ਨੈਤਿਕ ਕਦਰਾਂ ਕੀਮਤਾਂ, ਭਾਈਚਾਰਕ ਤੇ ਪਰਵਾਰਕ ਸਾਂਝ ਨੂੰ ਤੋੜ ਕੇ ਰੱਖ ਦਿੱਤਾ ਹੈ। ਮਾਰਕਸ ਦੇ ਕਥਨ ਅਨੁਸਾਰ, 'ਬੁਰਜੂਆਜੀ ਨੇ ਪਰਵਾਰ ਤੋਂ ਆਪਣਾ ਭਾਵਨਾਤਕ ਪਰਦਾ ਹਟਾਅ ਦਿੱਤਾ ਹੈ ਅਤੇ ਪਰਵਾਰਕ ਸੰਬੰਧ ਨੂੰ ਸਿਰਫ ਪੈਸੇ ਦੇ ਰਿਸ਼ਤੇ ਵਿੱਚ ਘਟਾ ਦਿੱਤਾ ਹੈ।' ਪ੍ਰੋਲੇਤਾਰੀ ਅਤੇ ਮਜ਼ਦੂਰ ਜਮਾਤ ਵਿਸ਼ਵ ਸਾਮਰਾਜਵਾਦ ਦੇ ਯੁੱਗ ਅੰਦਰ ਵਿਚਰ ਰਹੀ ਹੈ। ਸਾਮਰਾਜਵਾਦ, ਸਮਕਾਲੀ ਗਲੋਬਲ ਪੂੰਜੀਵਾਦ ਦਾ ਮੁੱਖ ਰੂਪ ਹੈ, ਆਪਣੇ ਮੂਲ ਆਰਥਿਕ ਸੰਬੰਧਾਂ ਨੂੰ ਆਮ ਤੌਰ 'ਤੇ ਸਾਰੀਆਂ ਸਮਾਜਕ ਜਮਾਤਾਂ ਅਤੇ ਤਬਕਿਆਂ 'ਤੇ ਅਤੇ ਵਿਸ਼ੇਸ਼ ਤੌਰ 'ਤੇ ਪ੍ਰੋਲੇਤਾਰੀ 'ਤੇ ਥੋਪਦਾ ਹੈ, ਸਾਨੂੰ ਆਪਣੀਆਂ ਸਿਆਸੀ ਦਾਓਪੇਚਕ ਲਾਈਨ ਅਤੇ ਸਥਿਤੀਆਂ ਨੂੰ ਨਵੀਂ ਹਕੀਕਤ ਅਨੁਸਾਰ ਢਾਲਣ ਲਈ ਮਜਬੂਰ ਕਰਦਾ ਹੈ।

ਹੁਣ ਤੱਕ ਦੇ ਸਾਰੇ ਮੌਜੂਦਾ ਸਮਾਜ ਦਾ ਇਤਿਹਾਸ ਜਮਾਤੀ ਸੰਘਰਸ਼ਾਂ ਦਾ ਇਤਿਹਾਸ ਹੈ। ਅਜ਼ਾਦ ਮਨੁੱਖ ਅਤੇ ਗੁਲਾਮ, ਕੁਲੀਨ ਅਤੇ ਸਧਾਰਨ ਆਦਮੀ, ਲਾਰਡ ਅਤੇ ਕਾਮਾ, ਗਿਲਡ-ਮਾਸਟਰ ਅਤੇ ਯਾਤਰਾ ਕਰਨ ਵਾਲਾ, ਇੱਕ ਸ਼ਬਦ ਵਿੱਚ ਜ਼ਾਲਮ ਅਤੇ ਦੱਬੇ-ਕੁਚਲੇ, ਇੱਕ-ਦੂਜੇ ਦੇ ਲਗਾਤਾਰ ਵਿਰੋਧ ਵਿੱਚ ਖੜੇ ਹਨ ਅਤੇ ਨਿਰਵਿਘਨ ਸੰਘਰਸ਼ ਜਾਰੀ ਰੱਖ ਰਹੇ ਹਨ, ਕਦੀ ਲੁਕੀ ਹੋਈ, ਕਦੀ ਖੁੱਲ੍ਹੀ ਲੜਾਈ, ਹਰ ਵਾਰ ਜਾਂ ਤਾਂ ਇੱਕ ਇਨਕਲਾਬੀ ਵੱਡੇ ਪੱਧਰ 'ਤੇ ਸਮਾਜ ਦੇ ਪੁਨਰਗਠਨ ਵਿੱਚ ਜਾਂ ਵਿਰੋਧੀ ਜਮਾਤਾਂ ਦੇ ਸਾਂਝੇ ਵਿਨਾਸ਼ ਵਿੱਚ ਲੜਾਈ ਖਤਮ ਹੋਈ ਹੈ।

'ਆਧੁਨਿਕ ਬੁਰਜੂਆ ਸਮਾਜ ਨੇ ਜੋ ਜਗੀਰੂ ਸਮਾਜ ਦੇ ਖੰਡਰਾਂ ਵਿੱਚੋਂ ਪੁੰਗਰਿਆ ਹੈ, ਨੇ ਜਮਾਤੀ ਵਿਰੋਧਤਾਈਆਂ ਨੂੰ ਦੂਰ ਨਹੀਂ ਕੀਤਾ। ਇਸ ਨੇ ਨਵੀਆਂ ਜਮਾਤਾਂ, ਜ਼ੁਲਮ ਦੀਆਂ ਨਵੀਆਂ ਸਥਿਤੀਆਂ ਸਥਾਪਤ ਕੀਤੀਆਂ ਹਨ, ਪੁਰਾਣੇ ਦੀ ਥਾਂ ਸੰਘਰਸ਼ ਦੇ ਨਵੇਂ ਰੂਪ'। (ਮੈਨੀਫੈਸਟੋ ਆਫ ਕਮਿਊਨਿਸਟ ਪਾਰਟੀ) ਯੂਕਰੇਨ 'ਤੇ ਰੂਸੀ ਹਮਲੇ ਦੇ ਮੱਦੇਨਜ਼ਰ ਵਿਸ਼ਵ ਆਰਥਿਕਤਾ ਮੰਦੀ ਦੀ ਕਗਾਰ 'ਤੇ ਪਹੁੰਚ ਗਈ ਹੈ ਅਤੇ ਅੰਤਰਰਾਸ਼ਟਰੀ ਤਣਾਅ ਉਬਲਦੇ ਬਿੰਦੂ 'ਤੇ ਪਹੁੰਚ ਗਿਆ ਹੈ। ਵਿਸ਼ਵ ਵਧਦੇ ਹੋਏ ਜਮਾਤੀ ਸੰਘਰਸ਼ ਅਤੇ ਜਨਤਕ ਲੋਕ ਵਿਰੋਧ ਦੇ ਯੁੱਗ ਵਿੱਚ ਦਾਖਲ ਹੋ ਗਿਆ ਹੈ। 2008 ਦੇ ਵਿਸ਼ਵ ਵਿੱਤੀ ਪਤਨ ਦੇ ਬਾਅਦ ਸੰਸਾਰ ਭਰ ਵਿੱਚ ਪੂੰਜੀਵਾਦ ਵਿਰੋਧੀ ਸੁਰ ਪੈਦਾ ਹੋ ਗਈ, ਜਿਸ ਨੇ ਵਿਸ਼ਵੀਕਰਨ ਦੀ ਚੜ੍ਹਤ ਨੂੰ ਰੋਕ ਲਗਾਈ ਹੈ।

ਇਸ ਦੌਰਾਨ, ਘਰੇਲੂ ਵਿਵਾਦ/ ਸਿਵਲ ਕਨਫਲਿਕਟ ਅਤੇ ਸਿਆਸੀ ਟਕਰਾਅ ਫੈਲ ਰਹੇ ਹਨ। ਜਿਵੇਂ-ਜਿਵੇਂ ਅਸਮਾਨਤਾ ਤੇਜ਼ੀ ਨਾਲ ਵਧਦੀ ਹੈ ਅਤੇ ਸਮੂਹਕ ਤੰਗੀ ਅਤੇ ਵੰਚਿਤਪੁਣਾ ਫੈਲਦੇ ਹਨ, ਗਲੋਬਲ ਪੂੰਜੀਵਾਦ ਇੱਕ ਖਤਰਨਾਕ ਨਵੇਂ ਪੜਾਅ ਤੋਂ ਉਭਰਦਾ ਪ੍ਰਤੀਤ ਹੁੰਦਾ ਹੈ, ਸੰਸਾਰ ਨੂੰ ਇੱਕ ਖ਼ਤਰਨਾਕ ਸਥਿਤੀ ਵਿੱਚ ਲਿਆ ਖੜ੍ਹਾ ਕਰ ਦਿੱਤਾ ਹੈ ਅਤੇ ਵਿਸ਼ਵ ਨੂੰ ਘਰੇਲੂ ਯੁੱਧ ਦੀ ਸਰਹੱਦ 'ਤੇ ਲਿਆ ਖੜ੍ਹਾ ਕਰ ਦਿੱਤਾ ਹੈ।

ਦੁਨੀਆ ਦੀ ਗਰੀਬ ਬਹੁਗਿਣਤੀ ਵਿੱਚ ਦੌਲਤ ਅਤੇ ਸ਼ਕਤੀ ਦੇ ਧਰੁਵੀਕਰਨ ਦੀ ਹੱਦ, ਵੰਚਿਤ ਅਤੇ ਸੰਤਾਪ ਦੀ ਹੱਦ, ਮਹਾਂਮਾਰੀ ਫੈਲਣ ਤੋਂ ਪਹਿਲਾਂ ਹੀ ਵਿਸ਼ਵਾਸ ਤੋੜ ਚੁੱਕੀ ਹੈ। 2018 ਵਿੱਚ ਸਿਰਫ਼ 17 ਗਲੋਬਲ ਵਿੱਤੀ ਸਮੂਹਾਂ ਨੇ ਸਮੂਹਿਕ ਤੌਰ 'ਤੇ $41.1 ਟ੍ਰਿਲੀਅਨ/ਅਰਬ ਡਾਲਰ ਇਕੱਠਾ ਕੀਤਾ, ਜੋ ਕਿ ਪੂਰੇ ਗ੍ਰਹਿ ਦੇ ਕੁੱਲ ਘਰੇਲੂ ਉਤਪਾਦ ਦੇ ਅੱਧੇ ਤੋਂ ਵੱਧ ਹੈ। ਉਸੇ ਸਾਲ 36 ਮਿਲੀਅਨ ਕਰੋੜਪਤੀਆਂ ਅਤੇ 2,400 ਅਰਬਪਤੀਆਂ ਦੀ ਅਗਵਾਈ ਵਾਲੀ ਮਨੁੱਖਤਾ ਦੇ ਸਭ ਤੋਂ ਅਮੀਰ 1 ਪ੍ਰਤੀਸ਼ਤ ਨੇ ਦੁਨੀਆ ਦੀ ਅੱਧੀ ਤੋਂ ਵੱਧ ਦੌਲਤ ਨੂੰ ਨਿਯੰਤਰਿਤ ਕੀਤਾ, ਜਦੋਂ ਕਿ ਹੇਠਲੇ 80 ਪ੍ਰਤੀਸ਼ਤ ਲਗਭਗ 6 ਬਿਲੀਅਨ ਲੋਕਾਂ ਨੂੰ ਇਸ ਦੌਲਤ ਦੇ ਸਿਰਫ 5 ਪ੍ਰਤੀਸ਼ਤ ਨਾਲ ਗੁਜ਼ਾਰਾ ਕਰਨਾ ਪਿਆ।

ਧਰਤੀ ਉੱਤੇ ਤਿੰਨ ਵਿੱਚੋਂ ਇੱਕ ਵਿਅਕਤੀ ਕੁਪੋਸ਼ਣ ਦੇ ਕਿਸੇ ਨਾ ਕਿਸੇ ਰੂਪ ਤੋਂ ਪੀੜਤ ਹੈ, ਲਗਭਗ ਇੱਕ ਬਿਲੀਅਨ/ਅਰਬ ਹਰ ਰਾਤ ਭੁੱਖੇ ਸੌਂ ਜਾਂਦੇ ਹਨ ਅਤੇ ਹੋਰ 2 ਬਿਲੀਅਨ ਭੋਜਨ ਦੀ ਅਸੁਰੱਖਿਆ ਤੋਂ ਪੀੜਤ ਹਨ। ਜੇਕਰ ਵਿਕਸਤ ਪੂੰਜੀਵਾਦੀ ਤੇ ਸਾਮਰਾਜਵਾਦੀ ਦੇਸ਼ ਇੰਗਲੈਂਡ ਦੀ ਗੱਲ ਕਰੀਏ ਤਾਂ ਉਥੇ ਵੀ 20% ਤੋਂ ਉਪਰ ਅਬਾਦੀ ਗਰੀਬੀ ਰੇਖਾ ਤੋਂ ਹੇਠਾਂ ਜੀ ਰਹੀ ਹੈ। 10% ਅਮੀਰ ਘਰਾਣਿਆਂ ਕੋਲ 44% ਦੌਲਤ ਹੈ ਅਤੇ 50% ਗਰੀਬਾਂ ਕੋਲ ਕੇਵਲ 9% ਹੈ। ਇਸੇ ਕਾਰਨ ਇੰਗਲੈਂਡ ਅੰਦਰ ਪੂੰਜੀਵਾਦ ਦਾ ਵਿਰੋਧ ਵਧ ਰਿਹਾ ਹੈ ਅਤੇ ਜਰਮੀ ਕੋਰਬਿਨ ਵਰਗੇ ਸਮਾਜਵਾਦ ਪੱਖੀ ਨੇਤਾ ਉੱਭਰ ਰਹੇ ਹਨ।

ਅਮਰੀਕਾ 'ਚ ਇਸ ਤੋਂ ਵੀ ਭੈੜਾ ਹਾਲ ਹੈ। ਗਰੀਬੀ ਅਤੇ ਆਰਥਿਕ ਅਸਮਾਨਤਾ ਸੰਯੁਕਤ ਰਾਜ ਅਮਰੀਕਾ ਵਿੱਚ ਮਨੁੱਖੀ ਅਧਿਕਾਰਾਂ ਦੀਆਂ ਸਮੱਸਿਆਵਾਂ ਨੂੰ ਦਬਾਅ ਰਹੀ ਹੈ। ਗਰੀਬੀ ਵਿੱਚ ਰਹਿ ਰਹੇ ਬਹੁਤ ਸਾਰੇ ਵਸਨੀਕਾਂ ਲਈ ਮਨੁੱਖੀ ਅਧਿਕਾਰ ਪਹੁੰਚ ਤੋਂ ਬਾਹਰ ਹਨ। ਉਹਨਾਂ ਕੋਲ ਸੁਰੱਖਿਅਤ ਕੰਮ ਦੀਆਂ ਸਥਿਤੀਆਂ, ਰਿਹਾਇਸ਼, ਸਿੱਖਿਆ, ਸਿਹਤ ਸੇਵਾਵਾਂ ਜਾਂ ਸਾਫ਼ ਪਾਣੀ ਅਤੇ ਬੁਨਿਆਦੀ ਸਵੱਛਤਾ ਤੱਕ ਪਹੁੰਚ ਦੀ ਘਾਟ ਹੋ ਸਕਦੀ ਹੈ।

ਮਹਾਂਮਾਰੀ ਦਮਨ ਅਤੇ ਗਲੋਬਲ ਪੁਲਸ ਰਾਜ; ਕੋਵਿਡ-19 ਕੁਝ ਮਾਇਨਿਆਂ ਵਿੱਚ ਹਾਕਮ ਜਮਾਤ ਲਈ ਛੁਪੇ ਰੁਸਤਮ ਦੇ ਭੇਸ ਵਿੱਚ ਇੱਕ ਵਰਦਾਨ ਸਾਬਤ ਹੋਇਆ। ਇਸ ਛੂਤ ਦੇ ਰੋਗ ਨੇ ਪ੍ਰਦਰਸ਼ਨਕਾਰੀਆਂ ਨੂੰ ਸੜਕਾਂ 'ਤੇ ਉਤਾਰਨ ਲਈ ਮਜਬੂਰ ਕੀਤਾ। ਪੂੰਜੀਵਾਦੀ ਰਾਜਾਂ ਦੁਆਰਾ ਆਪਣੇ ਹੀ ਨਾਗਰਿਕਾਂ ਦੇ ਵਿਰੁੱਧ ਕੀਤੀ ਗਈ ਦਮਨ ਅਤੇ ਬੇਰਹਿਮੀ ਦੀ ਲਹਿਰ ਨੂੰ ਇਹਨਾਂ ਰਾਜਾਂ ਦੁਆਰਾ ਲੋਕਾਂ ਨੂੰ ਸੁਰੱਖਿਅਤ ਰੱਖਣ ਦੀ ਜ਼ਰੂਰਤ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ। ਇਸ ਦੇ ਉਲਟ ਮਹਾਂਮਾਰੀ ਨੇ ਗਲੋਬਲ ਬਗਾਵਤ ਦੇ ਵਿਰੋਧ ਨੂੰ ਪਿੱਛੇ ਧੱਕਣ ਲਈ ਇੱਕ ਵਧੀਆ ਸਮੋਕਸਕਰੀਨ ਪ੍ਰਦਾਨ ਕੀਤੀ।

ਭਾਰਤ ਦਾ ਮਾਮਲਾ ਇਸ ਦੀਆਂ ਪਰਤਾਂ ਖੋਲ੍ਹ ਰਿਹਾ ਹੈ। ਜਨਵਰੀ 2019 ਵਿੱਚ 150 ਮਿਲੀਅਨ/15 ਕਰੋੜ ਕਾਮਿਆਂ ਨੇ ਹੜਤਾਲ ਕੀਤੀ। ਇਸ ਤੋਂ ਬਾਅਦ ਉਸੇ ਸਾਲ ਮੁਸਲਮਾਨਾਂ ਨਾਲ ਵਿਤਕਰਾ ਕਰਨ ਵਾਲੇ ਨਾਗਰਿਕਤਾ ਕਾਨੂੰਨ ਵਿੱਚ ਪ੍ਰਸਤਾਵਿਤ ਤਬਦੀਲੀਆਂ ਦੇ ਵਿਰੋਧ ਅਤੇ 2020 ਵਿੱਚ ਦੂਜੀ ਆਮ ਹੜਤਾਲ ਦੁਆਰਾ 250 ਮਿਲੀਅਨ ਮਜ਼ਦੂਰਾਂ ਅਤੇ ਕਿਸਾਨਾਂ ਨੇ ਭਾਗ ਲਿਆ, ਜੋ ਵਿਸ਼ਵ ਇਤਿਹਾਸ ਵਿੱਚ ਸਭ ਤੋਂ ਵੱਡੀ ਮਜ਼ਦੂਰ ਲਾਮਬੰਦੀ ਸੀ।

ਭਾਰਤ ਦੇ ਸਭ ਤੋਂ ਅਮੀਰ ਵਿਅਕਤੀ ਮੁਕੇਸ਼ ਅੰਬਾਨੀ ਨੇ ਮਹਾਂਮਾਰੀ ਦੇ ਦੌਰਾਨ ਆਪਣੀ ਜਾਇਦਾਦ ਵਿੱਚ $ 12 ਮਿਲੀਅਨ ਪ੍ਰਤੀ ਘੰਟਾ ਵਾਧਾ ਕੀਤਾ। ਵਿਸ਼ਵ ਪੱਧਰ ਤੇ ਪੂੰਜੀਵਾਦ ਵਿਰੁੱਧ ਹੋ ਰਹੀ ਲਾਮਬੰਦੀ ਨੂੰ ਦੇਖਦੇ ਹੋਏ ਇੱਕ ਗਲੋਬਲ ਪੁਲਸ ਰਾਜ ਉਭਰ ਰਿਹਾ ਹੈ, ਕਿਉਂਕਿ ਵਿਸ਼ਵ ਪੂੰਜੀਵਾਦ ਲਗਾਤਾਰ ਸੰਕਟ ਵਿੱਚੋਂ ਦੀ ਲੰਘ ਰਿਹਾ ਹੈ। ਇੱਕੀਵੀਂ ਸਦੀ ਦਾ ਫਾਸ਼ੀਵਾਦ ਇੱਕ ਯੋਜਨਾ ਤਹਿਤ ਦੁਨੀਆ ਭਰ ਦੇ ਕਈ ਦੇਸ਼ਾਂ ਦੀਆਂ ਸਿਵਲ ਸੁਸਾਇਟੀਆਂ ਵਿੱਚ ਵਧ ਰਿਹਾ ਹੈ।

ਵਿਸ਼ਵਵਿਆਪੀ ਵਿਸਥਾਪਨ ਵਿੱਚ ਭਿਆਨਕ ਵਾਧਾ: ਇੱਕ ਨਵੀਂ ਰਿਪੋਰਟ ਦੇ ਅਨੁਸਾਰ 2016 ਵਿੱਚ 30 ਮਿਲੀਅਨ ਤੋਂ ਵੱਧ ਲੋਕ ਅੰਦਰੂਨੀ ਤੌਰ 'ਤੇ ਸੰਘਰਸ਼ ਅਤੇ ਆਫ਼ਤਾਂ ਕਾਰਨ ਵਿਸਥਾਪਿਤ ਹੋਏ ਸਨ। ਜਦੋਂ ਇੱਕ ਪਰਵਾਰ ਨੂੰ ਉਹਨਾਂ ਦੇ ਘਰ ਤੋਂ ਅਕਸਰ ਸਾਲਾਂ ਤੱਕ ਬਾਹਰ ਕੱਢ ਦਿੱਤਾ ਜਾਂਦਾ ਹੈ, ਇਹ ਇਸ ਗੱਲ ਦਾ ਸੰਕੇਤ ਹੈ ਕਿ ਇੱਕ ਦੇਸ਼ ਵਿੱਚ, ਇੱਕ ਇਲਾਕੇ ਵਿੱਚ ਅਤੇ ਅੰਤਰਰਾਸ਼ਟਰੀ ਸਬੰਧਾਂ ਵਿੱਚ ਵੀ ਕੁਝ ਖਤਰਨਾਕ ਰੂਪ ਵਿੱਚ ਗਲਤ ਹੈ।"

ਗਰੀਬੀ ਦੀਆਂ ਬੇੜੀਆਂ ਅਤੇ ਗਲੋਬਲ ਪੂੰਜੀਵਾਦ; ਸਮਕਾਲੀ ਗਲੋਬਲ ਪੂੰਜੀਵਾਦ ਦੀ ਵਿਸ਼ੇਸ਼ਤਾ ਬਹੁਤ ਜਿਆਦਾ ਦੌਲਤ ਦੀ ਇਕਾਗਰਤਾ ਅਤੇ ਵੱਡੇ ਪੱਧਰ 'ਤੇ ਤੇਜ਼ੀ ਨਾਲ ਫੈਲ ਰਹੀ ਅਤੇ ਜਨਤਾ ਵੱਡੇ ਪੱਧਰ 'ਤੇ ਗਰੀਬੀ ਦਾ ਸ਼ਿਕਾਰ ਹੈ। ਵਿਸ਼ਵ ਬੈਂਕ ਅਤੇ ਅੰਤਰਰਾਸ਼ਟਰੀ ਲੇਬਰ ਆਰਗੇਨਾਈਜ਼ੇਸ਼ਨ ਵਰਗੀਆਂ ਮੁੱਖ ਧਾਰਾ ਦੀਆਂ ਸੰਸਥਾਵਾਂ ਇੱਕ ਵਿਕਾਸ ਰਣਨੀਤੀ ਦੇ ਤੌਰ 'ਤੇ ਗਲੋਬਲ ਵੈਲਯੂ ਚੇਨ ਵਿੱਚ ਏਕੀਕਰਨ ਨੂੰ ਉਤਸ਼ਾਹਤ ਕਰਦੀਆਂ ਹਨ, ਜਿਸ ਦਾ ਉਹ ਦਾਅਵਾ ਕਰਦੇ ਹਨ, ਗਰੀਬੀ ਘਟਾਏਗੀ। ਵਾਸਤਵ ਵਿੱਚ ਇਹਨਾਂ ਚੇਨਾਂ ਦੇ ਅੰਦਰ ਗਰੀਬ ਮਜ਼ਦੂਰ ਦੇ ਨਵੇਂ ਰੂਪ ਪੈਦਾ ਕਰਦਾ ਹੈ ਅਤੇ ਵਿਸ਼ਵਵਿਆਪੀ ਦੌਲਤ ਦੇ ਕੇਂਦਰੀਕਰਨ ਵਿੱਚ ਯੋਗਦਾਨ ਪਾਉਂਦਾ ਹੈ।

ਗਲੋਬਲ ਅਸਮਾਨਤਾ ਇਸ ਤੋਂ ਵੱਡੀ ਕਦੇ ਨਹੀਂ ਰਹੀ। ਉਦਾਹਰਨ ਲਈ ਦੁਨੀਆ ਦੇ ਸਭ ਤੋਂ ਅਮੀਰ 62 ਲੋਕਾਂ ਦੀ ਦੌਲਤ, ਜਿਨ੍ਹਾਂ ਕੋਲ ਦੁਨੀਆ ਦੀ ਅੱਧੀ ਆਬਾਦੀ ਤੋਂ ਵੱਧ ਦੌਲਤ ਹੈ, 2010 ਅਤੇ 2015 ਦੇ ਵਿਚਕਾਰ 44% ਵਧੀ ਹੈ। ਇਸੇ ਸਮੇਂ ਦੌਰਾਨ ਮਨੁੱਖਤਾ ਦੇ ਹੇਠਲੇ 50% ਲੋਕਾਂ ਦੀ ਦੌਲਤ ਵਿੱਚ ਲਗਭਗ 38% ਗਿਰਾਵਟ ਆਈ ਹੈ।

ਮਜ਼ਦੂਰੀ ਦਾ ਪੱਧਰ ਗੁਜ਼ਾਰਾ ਲਾਗਤਾਂ ਤੋਂ ਹੇਠਾਂ ਕੀਤਾ ਗਿਆ ਸੀ। ਭਾਰਤ, ਬੰਗਲਾਦੇਸ਼ ਅਤੇ ਕੰਬੋਡੀਆ ਵਿੱਚ, ਉਦਾਹਰਨ ਲਈ, ਜੀਵਤ ਮਜ਼ਦੂਰੀ ਦੇ ਪ੍ਰਤੀਸ਼ਤ ਦੇ ਰੂਪ ਵਿੱਚ ਬੁਨਿਆਦੀ ਉਜਰਤਾਂ ਕ੍ਰਮਵਾਰ 26%, 19% ਅਤੇ 21% ਹਨ।

ਕੰਬੋਡੀਆ ਦੇ ਕੱਪੜਾ ਉਦਯੋਗ ਵਿੱਚ ਹਾਲਾਤ ਏਨੇ ਕਠੋਰ ਹਨ ਕਿ ਕਾਮੇ ਉਹਨਾਂ ਲਈ ਲੋੜੀਂਦੀ ਮਿਹਨਤ ਦੀ ਤੀਬਰਤਾ ਦੇ ਨਤੀਜੇ ਵਜੋਂ ਕੰਮ 'ਤੇ ਨਿਯਮਿਤ ਤੌਰ 'ਤੇ ਬੇਹੋਸ਼ ਹੋ ਜਾਂਦੇ ਹਨ। ਓਵਰਟਾਈਮ ਇੱਕ ਲੋੜ ਹੈ, ਕਿਉਂਕਿ ਨਿਯਮਤ ਮਜ਼ਦੂਰੀ ਉਹਨਾਂ ਦੀਆਂ ਰੋਜ਼ਾਨਾ ਲੋੜਾਂ ਨੂੰ ਪੂਰਾ ਕਰਨ ਲਈ ਨਾਕਾਫ਼ੀ ਹੈ। ਦੌਲਤ ਦਾ ਕੇਂਦਰੀਕਰਨ ਅਤੇ ਜਨਤਕ ਗਰੀਬੀ ਵਿਸ਼ਵ ਪੂੰਜੀਵਾਦੀ ਵਿਕਾਸ ਦੇ ਇੱਕੋ ਸਿੱਕੇ ਦੇ ਦੋ ਪਹਿਲੂ ਹਨ।

ਪੂੰਜੀਵਾਦ ਦਾ ਬਦਲ, ਪੂੰਜੀਵਾਦ; ਮੁੱਠੀਭਰ ਮੁੱਦਿਆਂ ਨਾਲ ਨਜਿੱਠਣ ਲਈ ਵੀ ਪੂਰੀ ਤਰ੍ਹਾਂ ਨਾਲ ਤਿਆਰ ਨਹੀਂ ਹੈ। ਬਦਕਿਸਮਤੀ ਨਾਲ, ਇਹ ਉਹ ਮੁੱਦੇ ਹਨ, ਜੋ ਸਾਡੀ ਲੰਬੇ ਸਮੇਂ ਦੀ ਤੰਦਰੁਸਤੀ, ਸਿਹਤ, ਸਿਖਿਆ, ਰੁਜ਼ਗਾਰ ਅਤੇ ਇੱਥੋਂ ਤੱਕ ਕਿ ਸਮਾਜਿਕ ਸੁਰਖਿਆ ਲਈ ਬਿਲਕੁਲ ਕੇਂਦਰੀ ਮੁੱਦੇ ਹਨ। ਉਦਯੋਗਾਂ ਅਤੇ ਉਤਪਾਦਨ ਦੇ ਸਾਧਨਾਂ ਦਾ ਨਿਯੰਤਰਣ, ਸਰੋਤਾਂ, ਕਾਰਖਾਨਿਆਂ ਅਤੇ ਹੋਰ ਉਤਪਾਦਕ ਪੂੰਜੀ ਨੂੰ ਲੋਕਾਂ ਦੇ ਹੱਥਾਂ ਵਿੱਚ ਸੌਂਪਣਾ ਹੈ ਅਤੇ ਨਿੱਜੀ ਖੇਤਰ ਦਾ ਖਾਤਮਾ। ਅਜਿਹਾ ਸਭ ਕੁੱਝ ਸਮਾਜਵਾਦ ਅਧੀਨ ਹੀ ਸੰਭਵ ਹੈ, ਜੋ ਪੂੰਜੀਵਾਦ ਦਾ ਇੱਕੋ ਇੱਕ ਬਦਲ ਹੈ।

ਸਮਾਜਵਾਦ ਸਮਾਜਿਕ ਸੰਗਠਨ ਦਾ ਇੱਕ ਰਾਜਨੀਤਕ ਅਤੇ ਆਰਥਕ ਸਿਧਾਂਤ ਹੈ, ਜੋ ਇਸ ਗੱਲ ਦੀ ਵਕਾਲਤ ਕਰਦਾ ਹੈ ਕਿ ਪੈਦਾਵਾਰੀ ਸਾਧਨਾਂ, ਵੰਡ ਅਤੇ ਵਟਾਂਦਰੇ ਦੇ ਸਾਧਨਾਂ ਨੂੰ ਸਮੁੱਚੇ ਤੌਰ 'ਤੇ ਸਮਾਜ ਦੁਆਰਾ ਨਿਯੰਤ੍ਰਿਤ ਕੀਤਾ ਜਾਣਾ ਚਾਹੀਦਾ ਹੈ।

# ਸੰਪਰਕ : 98550-04500

# ਚਿੱਟੇ ਜ਼ਹਿਰ ਦਾ ਗੋਰਖਧੰਦਾ



ਵਿੱਕੀ ਸੁਰਖਾਬ

ਬੇਈਮਾਨੀ ਜੇਕਰ ਪੈਸਿਆਂ ਦੇ ਲੈਣ-ਦੇਣ ਦੇ ਮਾਮਲੇ ਵਿੱਚ ਹੋਵੇ ਤਾਂ ਕੁਝ ਹੱਦ ਤੱਕ ਉਸ ਨੂੰ ਬਰਦਾਸ਼ਤ ਕੀਤਾ ਜਾ ਸਕਦਾ ਹੈ, ਪਰ ਜੇਕਰ ਇਹੀ ਬੇਈਮਾਨੀ ਇਨਸਾਨੀ ਜ਼ਿੰਦਗੀਆਂ ਨਾਲ ਕੀਤੀ ਜਾਵੇ, ਉਸ ਤੋਂ ਵੱਡਾ ਕੋਈ ਪਾਪ ਜਾਂ ਗੁਨਾਹ ਨਹੀਂ ਹੋ ਸਕਦਾ। ਅੰਮ੍ਰਿਤ ਦੇ ਬਰਾਬਰ ਅਤੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਜਾਣੇ ਜਾਂਦੇ ਦੁੱਧ ਨੂੰ ਮਨੁੱਖ ਨੇ ਆਪਣੀ ਲਾਲਸਾ ਵਾਸਤੇ ਪਲੀਤ ਕਰ ਕੇ ਰੱਖ ਦਿੱਤਾ ਹੈ। ਉਸ ਨੂੰ ਇਸ ਹੱਦ ਤੱਕ ਜ਼ਹਿਰੀਲਾ ਬਣਾ ਦਿੱਤਾ ਹੈ ਕਿ ਇਹ ਹੌਲੀ-ਹੌਲੀ ਇਨਸਾਨੀਅਤ ਨੂੰ ਨਿਗਲ ਰਿਹਾ ਹੈ। ਜੇ ਇਸ ਨੂੰ ਚਿੱਟਾ ਜ਼ਹਿਰ ਕਹਿ ਲਈਏ ਤਾਂ ਕੋਈ ਹੈਰਾਨੀ ਨਹੀਂ ਹੋਵੇਗੀ, ਕਿਉਂਕਿ ਭਾਰਤ ਦੇ ਲਗਭਗ ਹਰ ਸ਼ਹਿਰ, ਕਸਬੇ ਵਿਚ ਹੁਣ ਦੇ ਸਮੇਂ ਅੰਦਰ ਇਹ ਜ਼ਹਿਰ ਹੀ ਵਿਕ ਰਿਹਾ ਹੈ। ਜਿਸ ਨੂੰ ਬਿਨਾਂ ਜਾਂਚੇ-ਪਰਖੇ ਸਿਰਫ ਤੇ ਸਿਰਫ ਪੈਸੇ ਪਿੱਛੇ ਭੱਜਣ ਵਾਲੇ ਲੋਕ ਧੜਾਧੜ ਪੀ ਰਹੇ ਹਨ, ਜਿਨ੍ਹਾਂ ਨੂੰ ਆਪਣੀ ਸਿਹਤ ਨਾਲ ਪਿਆਰ ਘੱਟ ਅਤੇ ਪੈਸੇ ਅਤੇ ਤਰੱਕੀ ਨਾਲ ਜ਼ਿਆਦਾ ਹੈ। ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਆਫ ਇੰਡੀਆ ਦੀ ਰਿਪੋਰਟ ਅਨੁਸਾਰ ਦੇਸ 'ਚ ਲਗਭਗ 70 ਪ੍ਰਤੀਸ਼ਤ ਦੁੱਧ ਘਟੀਆ ਮਿਆਰ ਤੋਂ ਵੀ ਹੇਠਾਂ ਦਾ ਵਿਕ ਰਿਹਾ ਹੈ। ਪੰਜਾਬ ਵਿੱਚ ਤਾਂ ਹਾਲਾਤ ਇਸ ਤੋਂ ਵੀ ਮਾੜੇ ਹਨ। ਪੰਜਾਬ ਵਿੱਚ ਹਰ ਰੋਜ਼ 365 ਲੱਖ ਲੀਟਰ ਦੇ ਕਰੀਬ ਸਟੈਂਡਰਡ ਦੁੱਧ ਦਾ ਉਤਪਾਦਨ ਹੁੰਦਾ ਹੈ, ਪਰ ਖਪਤ 700 ਲੱਖ ਲੀਟਰ ਦੇ ਕਰੀਬ ਹੈ। ਜੇਕਰ ਅੰਕੜਿਆਂ ਦੇ ਵਿੱਚ ਏਨਾਂ ਵੱਡਾ ਅੰਤਰ ਹੈ ਤਾਂ ਅਸੀਂ ਅਸਾਨੀ ਨਾਲ ਸਮਝ ਸਕਦੇ ਹਾਂ ਕਿ ਇਹ ਦੁੱਧ ਦੀ ਮੰਗ ਕਿਵੇਂ ਪੂਰੀ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਪਨੀਰ, ਦਹੀਂ, ਘਿਓ ਵਿੱਚ ਮਿਲਾਵਟ ਵੱਖ ਹੋ ਰਹੀ ਹੈ।

ਸਿੱਧੇ ਸ਼ਬਦਾਂ ਵਿਚ ਕਹਿ ਲਈਏ ਤਾਂ ਇਹ ਦੁੱਧ ਸਿੰਥੈਟਿਕ ਪਦਾਰਥ ਤੋਂ ਤਿਆਰ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਯੂਰੀਆ ਖਾਦ, ਸਰਫ ਅਤੇ ਸੈਂਪੂ ਵਰਗੇ ਪਦਾਰਥਾਂ ਦੀ ਵਰਤੋਂ ਕਰਕੇ ਦੁੱਧ ਤਿਆਰ ਕੀਤਾ ਜਾ ਰਿਹਾ ਹੈ। ਇੱਕ ਮਿੰਟ ਦੇ ਵਿੱਚ ਹਜ਼ਾਰਾਂ ਲੀਟਰ ਦੁੱਧ ਤਿਆਰ ਕਰ ਦਿੱਤਾ ਜਾਂਦਾ ਹੈ, ਜਿਸ ਨੂੰ ਸ਼ਹਿਰਾਂ ਅਤੇ ਕਸਬਿਆਂ ਦੇ ਲੋਕ ਸੁਆਦ ਲਾ ਕੇ ਪੀ ਰਹੇ ਹਨ। ਪਹਿਲਾਂ ਤਾਂ ਦੁੱਧ ਵਿੱਚ ਮਿਲਾਵਟ ਵਾਸਤੇ ਪਾਣੀ ਦੀ ਵਰਤੋਂ ਕੀਤੀ ਜਾਂਦੀ ਸੀ, ਜਿਸ ਨਾਲ ਦੁੱਧ ਦੀ ਮਾਤਰਾ ਵਧ ਜਾਂਦੀ ਸੀ, ਪਰ ਹੁਣ ਦੇ ਸਮੇਂ ਵਿੱਚ ਮੁਨਾਫਾਖੋਰਾਂ ਨੇ ਹੱਦ ਹੀ ਪਾਰ ਕਰ ਦਿੱਤੀ ਹੈ। ਜੇਕਰ ਇਹਨਾਂ ਨੂੰ ਇਨਸਾਨੀਅਤ ਦੇ ਕਾਤਲ ਕਹਿ ਲਈਏ ਤਾਂ ਇਹ ਸ਼ਬਦ ਸਹੀ ਹੋਵੇਗਾ। ਜੋ ਦੁੱਧ ਇਹ ਮੁਨਾਫਾਖੋਰ ਸਪਲਾਈ ਕਰ ਰਹੇ ਹਨ, ਉਸ ਨੂੰ ਪੀ ਕੇ ਲੋਕ ਜਾਨਲੇਵਾ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ, ਜਿਸ ਵਿੱਚ ਕੈਂਸਰ, ਗੁਰਦੇ ਫੇਲ੍ਹ, ਫੇਫੜਿਆਂ ਦੇ ਰੋਗ,ਪੇਟ ਦੀਆਂ ਬਿਮਾਰੀਆਂ ਤੋਂ ਇਲਾਵਾ ਹੋਰ ਵੀ ਅਨੇਕਾਂ ਰੋਗ ਲੱਗ ਰਹੇ ਹਨ। ਜਦੋਂ ਤੋਂ ਇਹ ਕੈਮੀਕਲ ਵਾਲਾਂ ਦੁੱਧ ਲੋਕਾਂ ਦੇ ਘਰਾਂ ਤੱਕ ਪੁੱਜਾ ਹੈ, ਉਦੋਂ ਤੋਂ ਦੇਸ਼ ਅੰਦਰ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਬਹੁਤ ਵਧੀ ਹੈ, ਪਰ ਦੁੱਧ ਦਾ ਸੇਵਨ ਕਰਨ ਵਾਲੇ ਲੋਕ ਹੀ ਇਸ ਨੂੰ ਅਣਗੌਲਿਆ ਕਰ ਦਿੰਦੇ ਹਨ। ਏਸੇ ਹੀ ਗੱਲ ਦਾ ਫਾਇਦਾ ਉਠਾ ਕੇ ਮੁਨਾਫਾਖੋਰ ਆਪਣੇ ਕੰਮ ਨੂੰ ਵੱਡੇ ਪੱਧਰ 'ਤੇ ਕਰ ਰਹੇ ਹਨ। ਜੇਕਰ ਇਸ ਮਾਮਲੇ ਵਿੱਚ ਪ੍ਰਸ਼ਾਸਨ ਦੀ ਭੂਮਿਕਾ ਦੀ ਗੱਲ ਕਰੀਏ ਤਾਂ ਇਹ ਨਾਂਹ ਦੇ ਬਰਾਬਰ ਹੈ, ਕਿਉਂਕਿ ਜੇਕਰ ਪ੍ਰਸ਼ਾਸਨ ਚਾਹਵੇ ਤਾਂ ਚਿੜੀ ਵੀ ਪਰ ਨਹੀਂ ਮਾਰ ਸਕਦੀ। ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਇਥੋਂ ਦੇ ਲਏ ਗਏ ਨਮੂਨਿਆਂ ਵਿੱਚੋਂ 41 ਪ੍ਰਤੀਸਤ ਫੇਲ੍ਹ ਸਾਬਤ ਹੋਏ ਹਨ, ਜੋ ਕਿ ਚਿੰਤਾ ਦਾ ਵਿਸ਼ਾ ਹੈ। ਚਿੱਟੀ ਕ੍ਰਾਂਤੀ ਦੇ ਨਾਂਅ ਨਾਲ ਜਾਣੇ ਜਾਂਦੇ ਪੰਜਾਬ ਵਿੱਚ ਵੀ ਜੇਕਰ ਨਮੂਨੇ ਫੇਲ੍ਹ ਹੋ ਰਹੇ ਹਨ ਤਾਂ ਫੇਰ ਮਨੁੱਖੀ ਸਰੀਰ ਦਾ ਕੀ ਬਣੇਗਾ, ਇਹ ਅਸੀਂ ਭਲੀਭਾਂਤ ਜਾਣਦੇ ਹਾਂ। ਜੋ ਵੀ ਲੋਕ ਸ਼ਹਿਰਾਂ, ਕਸਬਿਆਂ ਵਿੱਚ ਦੁੱਧ ਲੈਂਦੇ ਹਨ, ਉਹਨਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਤੌਰ 'ਤੇ ਇਸ ਦੇ ਸੈਂਪਲ ਚੈੱਕ ਕਰਵਾਉਂਦੇ ਰਹਿਣ, ਕਿਉਂਕਿ ਕਿ ਪ੍ਰਸ਼ਾਸਨ ਨੂੰ ਨਾ ਤਾਂ ਕੁੰਭਕਰਨੀ ਨੀਂਦ ਵਿੱਚੋਂ ਜਾਗ ਆਉਣੀ, ਨਾ ਇਹਨਾਂ ਨੇ ਮਿਲਾਵਟਖੋਰਾਂ 'ਤੇ ਕੋਈ ਕਾਰਵਾਈ ਕਰਨੀ ਹੈ। ਹਾਈ ਕੋਰਟ ਦੇ ਹੁਕਮਾਂ ਨੂੰ ਵੀ ਟਿੱਚ ਜਾਣਿਆ ਜਾਂਦਾ ਹੈ। ਭਾਵੇਂ ਕਾਨੂੰਨ ਮੁਤਾਬਕ ਇਸ ਵਿੱਚ ਮਿਲਾਵਟਖੋਰ ਸਜ਼ਾ ਦਾ ਹੱਕਦਾਰ ਹੈ, ਜਿਸ ਨੂੰ ਦੁੱਧ ਤੋਂ ਮਾਮੂਲੀ ਨੁਕਸਾਨ 'ਤੇ ਇੱਕ ਲੱਖ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ। ਜੇਕਰ ਮਿਲਾਵਟੀ ਦੁੱਧ ਕਾਰਨ ਕਿਸੇ ਦੀ ਮੌਤ ਹੋ ਜਾਂਦੀ ਹੈ ਤਾਂ ਮਿਲਾਵਟਖੋਰ ਨੂੰ ਸੱਤ ਸਾਲ ਦੀ ਕੈਦ ਅਤੇ ਦਸ ਲੱਖ ਰੁਪਏ ਜੁਰਮਾਨਾ ਕੀਤਾ ਜਾ ਸਕਦਾ ਹੈ, ਪਰ ਇਹ ਸਭ ਕਾਗਜ਼ੀ ਖੇਡਾਂ ਹਨ ਨਾ ਤਾਂ ਅੱਜ ਤੱਕ ਕਿਸੇ ਨੂੰ ਜੁਰਮਾਨਾ ਹੋਇਆ ਨਾ ਹੀ ਸਜ਼ਾ, ਜਦੋਂ ਕਿ ਮਿਲਾਵਟੀ ਦੁੱਧ ਹਰ ਰੋਜ਼ ਵਿਕ ਰਿਹਾ ਹੈ, ਉਹ ਵੀ ਲੱਖਾਂ ਲੀਟਰਾਂ ਦੇ ਹਿਸਾਬ ਨਾਲ। ਪੂਰੇ ਸਾਲ ਦੇ ਵਿੱਚੋਂ ਸਿਰਫ ਵੀਹ ਦਿਨ ਜਦੋਂ ਤਿਉਹਾਰ ਸ਼ੁਰੂ ਹੁੰਦੇ ਹਨ ਪ੍ਰਸ਼ਾਸਨ ਸੈਂਪਲ ਭਰਨ ਲਈ ਆਉਂਦਾ ਹੈ, ਇਉਂ ਕਹਿ ਲਵੋ ਕਿ ਗੋਂਗਲੂਆਂ ਤੋਂ ਮਿੱਟੀ ਝਾੜਨ। ਫੇਰ ਸਾਰਾ ਸਾਲ ਲੋਕਾਂ ਦੀ ਜਾਨ ਦੀ ਕੋਈ ਪ੍ਰਵਾਹ ਨਹੀਂ ਕੀਤੀ ਜਾਂਦੀ। ਮਿਲਾਵਟਖੋਰਾਂ ਨੂੰ ਪਤਾ ਹੈ ਕਿ ਇਹਨਾਂ ਦਿਨਾਂ ਤੋਂ ਇਲਾਵਾ ਸਾਰਾ ਸਾਲ ਸਾਡਾ ਗੋਰਖਧੰਦਾ ਸਰੇਆਮ ਚਲਦਾ ਰਹੇਗਾ। ਸ਼ਰਮ ਤਾਂ ਇਹਨਾਂ ਮਿਲਾਵਟਖੋਰਾਂ ਨੂੰ ਵੀ ਕਰਨੀ ਚਾਹੀਦੀ ਹੈ ਕਿ ਅਸੀਂ ਜ਼ਹਿਰ ਵੇਚ ਕੇ ਜੋ ਪੈਸੇ ਕਮਾ ਕੇ ਆਪਣੇ ਬੱਚਿਆਂ ਨੂੰ ਖਵਾ ਰਹੇ ਹਾਂ, ਉਹ ਇੱਕ ਦਿਨ ਉਹਨਾਂ ਵਾਸਤੇ ਜ਼ਹਿਰ ਜਰੂਰ ਬਣੇਗਾ। ਹੱਕ-ਸੱਚ ਦੀ ਖਾਣੀ ਸਿੱਖੋ, ਜੋ ਜ਼ਹਿਰ ਤੁਸੀਂ ਵੰਡ ਰਹੇ ਹੋ, ਇਹਨਾਂ ਦੀ ਲਪੇਟ ਵਿੱਚ ਤੁਹਾਡੇ ਆਪਣੇ ਵੀ ਆਉਣਗੇ। ਇਨਸਾਨੀਅਤ ਨੂੰ ਕਤਲ ਨਾ ਕਰੋ।

ਲੋੜ ਹੈ ਇਸ ਮਸਲੇ 'ਤੇ ਸਖ਼ਤ ਕਾਨੂੰਨ ਬਣਾਉਣ ਦੀ, ਤਾਂ ਜੋ ਇਸ ਨੈਟਵਰਕ ਨੂੰ ਤੋੜਿਆ ਜਾ ਸਕੇ। ਇੱਕ ਰਿਪੋਰਟ ਮੁਤਾਬਕ ਜੇਕਰ ਏਸੇ ਤਰ੍ਹਾਂ ਦੇਸ ਅੰਦਰ ਮਿਲਾਵਟੀ ਦੁੱਧ ਵਿਕਦਾ ਰਿਹਾ ਤਾਂ ਸਾਲ 2025 ਤੱਕ ਦੇਸ਼ ਵਿੱਚ 87 ਪ੍ਰਤੀਸਤ ਲੋਕ ਕੈਂਸਰ ਦਾ ਸ਼ਿਕਾਰ ਹੋ ਜਾਣਗੇ। ਮਤਲਬ ਹਰ ਘਰ ਦੇ ਵਿੱਚ ਕੋਈ ਨਾ ਕੋਈ ਕੈਂਸਰ ਦਾ ਮਰੀਜ਼ ਹੋਵੇਗਾ। ਜੇਕਰ ਪ੍ਰਸ਼ਾਸਨ ਇਸ ਪਾਸੇ ਧਿਆਨ ਨਹੀਂ ਦੇਵੇਗਾ ਤਾਂ ਲੋਕ ਮੁਹੱਲਾ ਕਲੀਨਿਕਾਂ ਨੂੰ ਭੁੱਲ ਕੈਂਸਰ ਹਸਪਤਾਲ ਲੱਭਣਗੇ। ਚੰਦਰਮਾ 'ਤੇ ਪਲਾਟ ਕੱਟਣ ਨਾਲ ਜਾ ਵਿਕਸਤ ਹੋਣ ਨਾਲ ਕੁਝ ਨਹੀਂ ਹੋਣਾ, ਜੇਕਰ ਉਸ ਦੇਸ਼ ਦੇ ਵਾਸੀ ਹੀ ਸੁਰੱਖਿਅਤ ਜਾਂ ਤੰਦਰੁਸਤ ਨਹੀਂ ਹਨ। ਮਿਲਾਵਟਖੋਰੀ ਨੂੰ ਰੋਕਣਾ ਸਰਕਾਰਾਂ ਦਾ ਕੰਮ ਹੈ, ਜਿਸ ਨੂੰ ਸਾਇਦ ਇਹ ਕਦੇ ਬੰਦ ਨਾ ਕਰਵਾ ਸਕਣ।

# ਸੰਪਰਕ : 84274-57224

# ਗਰਭਪਾਤ ਕਾਨੂੰਨ ਅਤੇ ਔਰਤਾਂ ਦੀ ਮੁਕਤੀ



ਡਾ. ਬਲਜਿੰਦਰ ਸਿੰਘ

ਦੁਨੀਆ ਦੇ 97 ਮੁਲਕਾਂ ਅੰਦਰ ਗਰਭਪਾਤ ਨੂੰ ਕਾਨੂੰਨੀ ਮਾਨਤਾ ਪ੍ਰਦਾਨ ਹੈ। ਭਾਰਤ ਵੀ ਇਹਨਾਂ 'ਚੋਂ ਇੱਕ ਹੈ, ਪਰ ਭਾਰਤ ਅੰਦਰ ਗਰਭਪਾਤ ਨੂੰ ਉਹੋ ਜਿਹੀ ਮਾਨਤਾ ਨਹੀਂ ਮਿਲੀ ਹੋਈ, ਜਿਹੋ ਜਿਹੀ ਹੋਰਨਾਂ ਮੁਲਕਾਂ ਅੰਦਰ ਹੈ। ਭਾਰਤ ਅੰਦਰ ਇਹ ਸ਼ਰਤਾਂ ਅਧੀਨ ਹੈ। ਕਹਿਣ ਦਾ ਭਾਵ ਇਹ ਕਿ ਕੋਈ ਵੀ ਲੜਕੀ/ਔਰਤ ਅਗਰ ਆਪਣਾ ਗਰਭਪਾਤ ਕਰਵਾਉਣਾ ਚਾਹੁੰਦੀ ਹੈ ਤਾਂ ਉਹ ਨਹੀਂ ਕਰਵਾ ਸਕਦੀ- ਬਸ਼ਰਤੇ ਉਹ ਕਾਨੂੰਨੀ ਸ਼ਰਤਾਂ ਪੂਰਦੀ ਹੋਵੇ। ਕਿਸੇ ਮੈਡੀਕਲ ਡਾਕਟਰ ਵੱਲੋਂ ਗਰਭਪਾਤ ਕੀਤੇ ਜਾਂਣ ਦੀ ਇਜ਼ਾਜਤ ਦਿੰਦਾ ਕਾਨੂੰਨ- ਐੱਮ ਟੀ ਪੀ ਐਕਟ 1971 ਅਜਿਹਾ ਕਰਨ 'ਤੇ ਕੁੱਝ ਸ਼ਰਤਾਂ ਮੜ੍ਹਦਾ ਹੈ। 2003 'ਚ ਇਸ ਕਾਨੂੰਨ 'ਚ ਕੁੱਝ ਸੋਧਾਂ ਜੋੜੀਆਂ ਗਈਆਂ ਸਨ।

ਸੁਪਰੀਮ ਕੋਰਟ ਨੇ ਆਪਣੇ ਇੱਕ ਫੈਸਲੇ ਰਾਹੀਂ ਇਹਨਾਂ ਸ਼ਰਤਾਂ ਦਾ ਘੇਰਾ ਵਿਸ਼ਾਲ ਕੀਤਾ ਹੈ- ਜਿੱਥੇ ਪਹਿਲਾਂ ਬਲਾਤਕਾਰ ਪੀੜਤ ਹੋਣਾ, ਨਾਬਾਲਗ ਹੋਣਾ, ਸਰੀਰਕ ਪੱਖੋਂ ਅਪਾਹਜ ਹੋਣਾ ਅਤੇ ਮਾਨਸਕ ਬਿਮਾਰੀ ਤੋਂ ਪੀੜਤ ਹੋਣਾ, ਇਸ ਕਾਨੂੰਨ 'ਚ ਸਾਮਲ ਸੀ, ਪਰ ਦਿੱਲੀ ਹਾਈਕੋਰਟ ਦੇ ਇੱਕ ਫੈਸਲੇ 'ਚੋਂ ਉਪਜੀ ਅਪੀਲ ਦੀ ਸੁਣਵਾਈ ਕਰਦਿਆਂ ਗਰਭਪਾਤ ਲਈ ਕਾਨੂੰਨੀ ਰੂਪ 'ਚ ਅਧਿਕਾਰਤ ਔਰਤ ਦੇ ਘੇਰੇ ਨੂੰ ਹੋਰ ਵਿਸ਼ਾਲ ਕਰ ਦਿੱਤਾ ਗਿਆ ਹੈ। ਸੁਪਰੀਮ ਕੋਰਟ ਨੇ ਸੰਵਿਧਾਨ ਅੰਦਰ ਦਰਜ ਜ਼ਿੰਦਗੀ ਜਿਉਣ ਅਤੇ ਨਿੱਜੀ ਆਜ਼ਾਦੀਆਂ ਦੀ ਗਾਰੰਟੀ ਪ੍ਰਦਾਨ ਕਰਦੇ ਆਰਟੀਕਲ 21 'ਚ ਨਿੱਜਤਾ ਦਾ ਅਧਿਕਾਰ, ਆਪਣੇ ਜਿਨਸੀ ਸੰਬੰਧਾਂ ਅਤੇ ਆਪਣੇ ਸਰੀਰ 'ਤੇ ਪੂਰਨ ਅਧਿਕਾਰ ਨੂੰ ਵੀ ਮਾਨਤਾ ਦਿੱਤੀ ਹੋਈ ਹੈ। ਇਸੇ ਨੂੰ ਹੀ ਆਧਾਰ ਮੰਨਦਿਆਂ ਸੁਪਰੀਮ ਕੋਰਟ ਨੇ ਇਸ ਅਧਿਕਾਰ ਦੇ ਘੇਰੇ ਨੂੰ ਆਪਣੀ ਮਰਜ਼ੀ ਨਾਲ ਜਿਨਸੀ ਸੰਬੰਧ ਬਣਾਉਣ ਦੇ ਨਤੀਜੇ ਵਜੋਂ ਠਹਿਰੇ ਗਰਭ ਨੂੰ ਗਿਰਾਉਣ ਭਾਵ 'ਸਫਾਈ ਕਰਾਉਣ' ਅਤੇ ਵਿਆਹੁਤਾ ਔਰਤਾਂ ਦੇ ਮਸਲੇ 'ਚ ਵਿਆਹੁਤਾ ਜੀਵਨ ਦੌਰਾਨ ਮੈਰੀਟਲ ਰੇਪ (ਵਿਆਹੁਤਾ ਬਲਾਤਕਾਰ) ਦੇ ਨਤੀਜੇ ਵਜੋਂ ਗਰਭਵਤੀ ਹੋਣ ਦੀ ਹਾਲਤ ਨੂੰ ਵੀ ਗਰਭਪਾਤ ਕਾਨੂੰਨ 1971 ਦੀ ਜ਼ੱਦ 'ਚ ਲੈ ਆਂਦਾ ਹੈ। ਸੁਪਰੀਮ ਕੋਰਟ ਦੇ ਵਿਚਾਰਅਧੀਨ ਇਹ ਮਸਲਾ ਦਿੱਲੀ ਦੀ ਇੱਕ 25 ਸਾਲਾ ਅਣਵਿਆਹੀ ਮੁਟਿਆਰ ਦਾ ਸੀ, ਜਿਹੜੀ ਨੇ ਆਪਣੇ ਸੰਭਾਵਤ ਸਾਥੀ ਵੱਲੋਂ ਵਿਆਹ ਕਰਵਾਉਣ ਤੋਂ ਮੁਕਰਨ ਦੀ ਹਾਲਤ 'ਚ ਪਹਿਲਾਂ ਹੀ ਪੇਟ ਅੰਦਰ ਠਹਿਰ ਚੁੱਕੇ ਗਰਭ ਨੂੰ ਗਿਰਾਉਣ ਲਈ ਦਿੱਲੀ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ।

ਦਿੱਲੀ ਹਾਈਕੋਰਟ ਨੇ ਸਬੰਧਤ ਮੁੱਦਈ ਨੂੰ ਕਿਹਾ ਸੀ ਕਿ ਨਾ ਤਾਂ ਤੂੰ ਨਾਬਾਲਗ ਹੈਂ, ਨਾ ਹੀ ਬਲਾਤਕਾਰ ਪੀੜਤ ਤੇ ਨਾ ਹੀ ਸਰੀਰਕ ਤੇ ਮਾਨਸਿਕ ਪੱਖ ਤੋਂ ਬਿਮਾਰ, ਤਾਂ ਤੈਨੂੰ ਇਸ ਕਰਕੇ ਹੀ ਮੈਡੀਕਲ ਗਰਭਪਾਤ ਕਾਨੂੰਨ 1971 ਦਾ ਲਾਭ ਨਹੀਂ ਮਿਲ ਸਕਦਾ।

ਸੁਪਰੀਮ ਕੋਰਟ ਵੱਲੋਂ ਪ੍ਰਦਾਨ ਕੀਤੀ ਇਸ ਰਾਹਤ ਨੂੰ ਸੰਦਰਭ ਦੇ ਸਮਝਣ ਤੋਂ ਉਰ੍ਹਾਂ ਇਸ ਰੂਲਿੰਗ ਦੇ ਸਹੀ ਅਰਥ ਨਹੀਂ ਸਮਝੇ ਜਾ ਸਕਦੇ। ਬਹੁਤੇ ਲੋਕਾਂ ਨੂੰ ਸੁਪਰੀਮ ਕੋਰਟ ਦਾ ਇਹ ਫੈਸਲਾ ਔਰਤ ਪੱਖੀ ਲੱਗਦਾ ਹੈ। ਹਾਂ, ਇਹ ਕੁਝ ਹੱਦ ਤੱਕ ਔਰਤਾਂ ਨੂੰ ਆਪਣੇ ਸਰੀਰ ਸੰਬੰਧੀ ਕੋਈ ਵੀ ਫੈਸਲਾ ਲੈਣ ਦਾ ਅਧਿਕਾਰ ਪ੍ਰਦਾਨ ਕਰਦਾ ਹੈ, ਪਰ ਨਾਲ ਹੀ ਇਹ ਸੁਪਰੀਮ ਕੋਰਟ ਵੱਲੋਂ ਲਏ ਗਏ ਇਸ ਫੈਸਲੇ ਦੀ ਮਜਬੂਰੀ ਦੀ ਵੀ ਸ਼ਾਹਦੀ ਭਰਦਾ ਹੈ। ਮਜਬੂਰੀ ਇਹ ਹੈ ਕਿ 21 ਵੀਂ ਸਦੀ ਦੇ ਤੀਜੇ ਦਹਾਕੇ 'ਚ ਕਦਮ ਰੱਖ ਰਹੀ ਲੋਕਾਈ ਸੋਸ਼ਲ ਮੀਡੀਆ ਦੇ ਯੁੱਗ 'ਚ ਜੀਅ ਰਹੀ ਹੈ, ਸਮਾਜ ਅੰਦਰ ਸੁੱਤੇ ਸਿੱਧ ਤਬਦੀਲੀਆਂ ਆ ਰਹੀਆਂ ਹਨ। ਇਸੇ 'ਚੋਂ ਹੀ ਪਿੱਤਰਸੱਤਾ ਦੇ ਪ੍ਰਤੀਕ ਵਾਲੀ ਭਾਰਤੀ ਵਿਆਹ ਸੰਸਥਾ ਦੇ ਢਾਂਚੇ ਅੰਦਰ ਤਬਦੀਲੀਆਂ ਆ ਰਹੀਆਂ ਹਨ। ਵਿਆਹ ਤੋਂ ਪਹਿਲਾ ਆਪਣੀ ਮਰਜ਼ੀ ਨਾਲ ਜਿਨਸੀ ਸਬੰਧ ਕਾਇਮ ਕਰਨੇ ਅਤੇ ਮਹਾਂਨਗਰਾਂ ਤੇ ਇੱਥੋਂ ਤੱਕ ਕਿ ਛੋਟੇ ਸ਼ਹਿਰਾਂ ਅੰਦਰ ਵੀ ਵਿਆਹ ਸੰਬੰਧਾਂ 'ਚ ਬੱਝੇ ਬਿਨਾਂ ਹੀ ਪਤੀ-ਪਤਨੀ ਵਾਂਗ ਇਕੱਠਿਆਂ ਜੀਵਨ ਬਤੀਤ ਕਰਨ ਦਾ ਰੁਝਾਨ ਵੀ ਦੇਖਣ ਨੂੰ ਮਿਲ ਰਿਹਾ ਹੈ। ਕੋਰਟ ਦੇ ਅਜਿਹੇ ਫੈਸਲੇ ਇਹੋ ਜਿਹੇ ਨਵੇਂ ਯੁੱਗ ਦੇ ਮਾਨਵੀ ਰਿਸ਼ਤਿਆਂ ਨੂੰ ਹੀ ਪ੍ਰਵਾਨਗੀ ਦੇਣ ਵੱਲ ਕਦਮ ਹਨ।

ਇਸ ਫੈਸਲੇ ਦੀ ਤੰਦ ਪੋਕਸੋ ਕਾਨੂੰਨ (ਬੱਚਿਆਂ ਨੂੰ ਜਿਨਸੀ ਅਪਰਾਧਾਂ ਤੋਂ ਬਚਾਉਣ ਸੰਬੰਧੀ ਕਾਨੂੰਨ ) ਨਾਲ ਵੀ ਜੁੜ ਜਾਂਦੀ ਹੈ। ਪੋਕਸੋ ਮੁਤਾਬਕ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਨਾਬਾਲਗ ਕਰਾਰ ਦਿੱਤਾ ਹੋਇਆ ਹੈ, ਪਰ ਨਾਲ ਹੀ 16 ਤੋਂ 18 ਸਾਲ ਦੇ ਬੱਚਿਆਂ ਨੰ ਅੱਲ੍ਹੜ ਉਮਰ ਦੇ ਕਰਾਰ ਦਿੱਤਾ ਗਿਆ ਹੈ। ਆਮ ਤੌਰ 'ਤੇ ਇਹ ਦੇਖਿਆ ਗਿਆ ਹੈ ਕਿ 16-18 ਸਾਲ ਦੀ ਉਮਰ ਅਜਿਹੀ ਕੱਚੀ ਉਮਰ ਹੈ, ਜਿਸ ਅੰਦਰ ਨਵੇਂ ਦਿੱਸਹੱਦੇ ਫਰੋਲਦੀ ਬਹੁਤ ਜ਼ਿਆਦਾ ਤਾਂਘ ਅਤੇ ਊਰਜਾ ਪਈ ਹੁੰਦੀ ਹੈ। ਅਜਿਹੀ ਕੱਚੀ ਉਮਰ ਦੌਰਾਨ ਹੀ ਅੱਲ੍ਹੜ ਲੜਕੇ-ਲੜਕੀਆਂ ਆਪਣੀ ਇੱਛਾ ਨਾਲ ਹੀ ਹਮਬਿਸਤਰ ਹੋ ਜਾਂਦੇ ਹਨ ਅਤੇ ਕਈ ਹਾਲਤਾਂ 'ਚ ਗਰਭ ਠਹਿਰ ਜਾਂਦਾ ਹੈ ਅਤੇ ਇਸ ਕਾਰਨ ਲੜਕੀ ਲਈ ਮੁਸ਼ਕਲ ਆਣ ਪੈਂਦੀ ਹੈ। ਮੈਡੀਕਲ ਗਰਭਪਾਤ ਕਾਨੂੰਨ 1971 ਦੀ ਧਾਰਾ ਇਹ ਮੰਗ ਕਰਦੀ ਹੈ ਕਿ ਸੰਬੰਧਤ ਲੜਕੀ ਦੇ ਮਾਪੇ ਇਸ ਗਰਭਪਾਤ ਲਈ ਰਜ਼ਾਮੰਦੀ ਦੇਣ। ਇਸ ਦੇ ਨਾਲ ਹੀ ਇਸੇ ਕਾਨੂੰਨ ਦੀ ਧਾਰਾ 19 ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਵੱਲੋਂ ਕੀਤੇ ਜਾਣ ਵਾਲੇ ਅਜਿਹੇ ਹਰ ਗਰਭਪਾਤ ਦੀ ਰਿਪੋਰਟ ਪੁਲੀਸ ਨੂੰ ਪ੍ਰਦਾਨ ਕਰਨ ਦੀ ਗੱਲ ਕਰਦੀ ਹੈ, ਪਰ ਸੁਪਰੀਮ ਕੋਰਟ ਦੇ ਹਾਲੀਆ ਫੈਸਲੇ ਦੇ ਵਿਰੋਧ 'ਚ ਪੋਕਸੋ ਵਿਚਲੀਆਂ ਇਹ ਦੋਵੇਂ ਮੱਦਾਂ ਖੜ੍ਹੀਆਂ ਹਨ। ਹੁਣ ਡਾਕਟਰ ਵੱਲੋਂ ਨਾ ਤਾਂ ਮਾਪਿਆਂ ਦੀ ਰਜ਼ਾਮੰਦੀ ਅਤੇ ਨਾ ਹੀ ਪੁਲਸ ਨੂੰ ਰਿਪੋਰਟ ਕਰਨ ਦੀ ਮਜਬੂਰੀ ਹੈ। ਇਸ ਸੰਬੰਧੀ ਸੁਪਰੀਮ ਕੋਰਟ ਦਾ ਦਾਅਵਾ ਹੈ ਕਿ ਅਜਿਹਾ ਹੋਣ ਨਾਲ ਗੈਰ-ਕਾਨੂੰਨੀ ਢੰਗ ਨਾਲ ਕੀਤੇ ਜਾਂਦੇ ਗਰਭਪਾਤ ਦੇ ਅਮਲ ਨੂੰ ਠੱਲ੍ਹ ਪਵੇਗੀ। ਗਰਭਪਾਤ ਦੇ ਅਮਲ ਦੇ ਇਸ ਢੰਗ ਨਾਲ ਸੁਖਾਲਾ ਹੋ ਜਾਣ ਨਾਲ ਉਸ ਅਸੁਰੱਖਿਅਤ ਅਮਲ ਨੂੰ ਕੁੱਝ ਹੱਦ ਤੱਕ ਮੋੜਾ ਪੈ ਸਕਦਾ ਹੈ, ਜਿੱਥੇ ਅਸੀਂ ਦੇਖਦੇ ਹਾਂ ਕਿ ਸਾਡੇ ਮੁਲਕ ਅੰਦਰ ਅਸੁਰੱਖਿਅਤ ਗਰਭਪਾਤ ਨਾਲ ਰੋਜ਼ 8 ਔਰਤਾਂ ਆਪਣੀ ਜਾਨ ਗਵਾ ਲੈਂਦੀਆਂ ਹਨ। 2007-2011 ਦਰਮਿਆਨ ਕੀਤੇ ਗਏ ਇੱਕ ਸਰਵੇ 'ਚ ਪਾਇਆ ਗਿਆ ਕਿ ਮੁਲਕ ਅੰਦਰ ਕੀਤੇ ਜਾਣ ਵਾਲੇ ਗਰਭਪਾਤ ਦੇ ਮਾਮਲਿਆਂ 'ਚੋਂ 60% ਮਾਮਲੇ ਅਸੁਰੱਖਿਅਤ ਗਰਭਪਾਤ ਦੇ ਹਨ, ਜੀਹਦਾ ਨਤੀਜਾਔਰਤਾਂ ਦੀ ਬੇਵਕਤੀ ਮੌਤ 'ਚ ਨਿਕਲਦਾ ਹੈ। ਪਰ ਇਹ ਵੀ ਮਨੋਂ ਨਹੀਂ ਵਿਸਾਰਨਾ ਚਾਹੀਦਾ ਕਿ ਕਾਨੂੰ ਅਨੁਸਾਰ ਪੁਲੀਸ ਦੇ ਡਰ ਦੇ ਚੱਕੇ ਜਾਣ ਨਾਲ ਇਸ ਛੋਟ ਦੀ ਵਰਤੋਂ ਨੂੰ ਲਿੰਗ ਨਿਰਧਾਰਨ ਕਰਨ ਅਤੇ ਫਿਰ ਚੋਣਵੇਂ ਗਰਭਪਾਤ ਕਰਨ ਲਈ ਵੀ ਗਲਤ ਵਰਤੋਂ 'ਚ ਲਿਆਂਦਾ ਜਾ ਸਕਦਾ ਹੈ। ਅਤੇ ਇਓਂ ਹੋਣ ਦੀ ਸੂਰਤ 'ਚ ਮਰਦ/ਔਰਤ ਦਰਮਿਆਨ ਆਬਾਦੀ ਦੇ ਅਨੁਪਾਤ ਦੇ ਗਲਤ ਢੰਗ ਨਾਲ ਪ੍ਰਭਾਵਤ ਹੋਣ ਦਾ ਖਦਸਾ ਹੈ।

ਔਰਤਾਂ/ਲੜਕੀਆਂ ਲਈ ਗਰਭਪਾਤ ਐਡਾ ਹਊਆ ਕਿਉਂ ਬਣਿਆ ਹੋਇਆ ਹੈ। ਇਸ ਦਾ ਕਾਰਨ ਬੱਚੇ ਦੀ ਪਰਵਰਿਸ਼, ਔਰਤ ਦੀ ਸਰੀਰਕ ਤੇ ਮਾਨਸਕ ਤੰਦਰੁਸਤੀ ਅਤੇ ਉਸ ਵੱਲੋਂ ਬੱਚੇ ਦੀ ਪਰਵਰਿਸ ਦੀ ਜ਼ੁੰਮੇਵਾਰੀ ਓਟਣ ਦੇ ਕਾਰਜਾਂ ਦਾ ਸ਼ਾਮਲ ਹੋਣਾ ਵੀ ਹੈ, ਪਰ ਸਮਝਣਾ ਚਾਹੀਦਾ ਹੈ ਕਿ ਬੱਚੇ ਸਮਾਜ ਦਾ ਸਰਮਾਇਆ ਹਨ, ਇਹਨਾਂ ਨੇ ਵੱਡੇ ਹੋ ਕੇ ਭਵਿੱਖ 'ਚ ਸਮਾਜ ਦੇ ਅਗਲੇਰੇ ਵਿਕਾਸ ਅੰਦਰ ਆਪਣਾ ਯੋਗਦਾਨ ਪਾਉਣਾ ਹੁੰਦਾ ਹੈ। ਔਰਤ-ਮਰਦ ਜਿਨਸੀ ਸੰਬੰਧਾਂ ਤੋਂ ਬਿਨਾਂ ਬੱਚਿਆਂ ਦੀ ਪੈਦਾਇਸ਼ ਸੰਭਵ ਨਹੀਂ। ਇਸ ਲਈ ਕਿਸੇ ਜ਼ੁੰਮੇਵਾਰ ਲੋਕ-ਪੱਖੀ ਹਕੂਮਤ ਤੋਂ ਇਹ ਆਸ ਤਾਂ ਕੀਤੀ ਹੀ ਜਾਣੀ ਚਾਹੀਦੀ ਹੈ ਕਿ ਉਹ ਬੱਚਿਆਂ ਦੇ ਪਾਲਣ-ਪੋਸਣ ਦੀ ਮੁਕੰਮਲ ਜ਼ੁੰਮੇਵਾਰੀ ਓਟੇ, ਫਿਰ ਹੀ ਅਸੁਰੱਖਿਅਤ ਗਰਭਪਾਤ ਦੌਰਾਨ ਹੁੰਦੀਆਂ ਮੌਤਾਂ ਤੋਂ ਬਚਿਆ ਜਾ ਸਕਦਾ ਹੈ ਅਤੇ ਨਾਲ ਹੀ ਸਮਾਜ ਅੰਦਰ ਮਾਣ ਨਾਲ ਆਪਣਾ ਸਿਰ ਉੱਚਾ ਚੁੱਕ ਕੇ ਔਰਤਾਂ ਵਿਚਰ ਸਕਦੀਆਂ ਹਨ। ਇਹੀ ਉਹਨਾਂ ਦੀ ਹਕੀਕੀ ਮੁਕਤੀ ਵੱਲ ਇੱਕ ਅਹਿਮ ਕਦਮ ਸਾਬਤ ਹੋਵੇਗਾ।



# ਸੰਪਰਕ : 94170-79720
singh.drbaljinder@gmail.com

# ਚੋਰਾਂ ਨੇ ਮੁੜ ਖਰੀਦ ਕੇਂਦਰਾਂ 'ਚ ਦਿੱਤੀ ਦਸਤਕ, 63 ਗੱਟੇ ਝੋਨਾ ਚੋਰੀ



ਚੋਰੀ ਹੋਏ ਝੋਨੇ ਦੇ ਗੱਟਿਆਂ ਦਾ ਜਾਇਜ਼ਾ ਲੈਂਦੀ ਪੁਲਸ ਪਾਰਟੀ।

**ਤਪਾ ਮੰਡੀ (ਅਰੁਣ ਗੋਇਲ, ਮੁਨੀਸ਼ ਬਾਂਸਲ)**- ਕੁਝ ਨਾਮਾਲੂਮ ਚੋਰਾਂ ਨੇ 29-30 ਅਕਤੂਬਰ ਦੀ ਦਰਮਿਆਨੀ ਰਾਤ ਨੂੰ ਤਪਾ, ਢਿੱਲਵਾਂ ਦੇ ਖਰੀਦ ਕੇਂਦਰਾਂ 'ਚੋਂ 63 ਗੱਟੇ ਝੋਨੇ ਦੇ ਚੋਰੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ, ਜਿਸ ਦੀ ਅੰਦਾਜ਼ਨ ਕੀਮਤ ਲਗਭਗ 50 ਹਜ਼ਾਰ ਰੁਪੈ ਬਣਦੀ ਹੈ। ਜਾਣਕਾਰੀ ਅਨੁਸਾਰ ਚੋਰਾਂ ਨੇ ਤਾਜ਼ੋਕੇ ਸਥਿਤ ਖਰੀਦ ਕੇਂਦਰ 'ਚੋਂ ਓਮ ਪ੍ਰਕਾਸ ਸੁਰੇਸ਼ ਕੁਮਾਰ ਦੀ ਦੁਕਾਨ ਤੋਂ 15 ਗੱਟੇ, ਹੰਸ ਰਾਜ ਰਘੁਵੀਰ ਚੰਦ ਦੇ ਖਰੀਦ ਕੇਂਦਰ ਢਿੱਲਵਾਂ ਤੋਂ 47 ਗੱਟੇ ਤੇ ਅਸ਼ੋਕ ਕੁਮਾਰ ਮੋੜ ਦੇ ਖਰੀਦ ਕੇਂਦਰ ਉੱਗੋ ਤੋਂ ਇੱਕ ਗੱਟਾ ਚੋਰੀ ਹੋਣ ਨਾਲ ਆੜ੍ਹਤੀਆਂ ਤੇ ਮਜ਼ਦੂਰਾਂ 'ਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ।

ਪਿੰਡ ਢਿੱਲਵਾਂ ਦੇ ਖਰੀਦ ਕੇਂਦਰ ਜੋ ਤਪਾ-ਢਿੱਲਵਾਂ ਮੁੱਖ ਰੋਡ 'ਤੇ ਸ਼ੈਲਰ ਅੱਗੇ ਬਣੇ ਖਰੀਦ ਕੇਂਦਰ ਤੇ ਦੋ ਬਿਨਾਂ ਨੰਬਰੀ ਕਾਰਾਂ 'ਚ ਸਵਾਰ 4-5 ਵਿਅਕਤੀ, ਜਿਨ੍ਹਾਂ ਪਾਸ ਬੇਸਬਾਲ ਫੜੇ ਹੋਏ ਸੀ, ਮਜ਼ਦੂਰਾਂ ਤੇ ਚੌਕੀਦਾਰ ਨੂੰ ਡਰਾ ਕੇ 47 ਗੱਟੇ ਲੱਦ ਕੇ ਫਰਾਰ ਹੋ ਗਏ। ਇਸੇ ਤਰ੍ਹਾਂ ਚੋਰਾਂ ਨੇ ਤਪਾ 'ਚੋਂ 17 ਗੱਟੇ ਚੋਰੀ ਕਰ ਲਏ, ਜਦ ਚੌਕੀਦਾਰਾਂ ਨੂੰ ਪਤਾ ਲੱਗਾ ਤਾਂ 2 ਗੱਟੇ ਛੱਡ ਕੇ ਕਾਰ 'ਚ ਸਵਾਰ ਹੋ ਕੇ ਭੱਜ ਨਿਕਲੇ। ਚੌਕੀਦਾਰਾਂ, ਮਜ਼ਦੂਰਾਂ ਤੇ ਹਾਜ਼ਰ ਕਿਸਾਨਾਂ ਨੇ ਕਾਰ ਸਵਾਰਾਂ ਦਾ ਪਿੱਛਾ ਕੀਤਾ ਤਾਂ ਉਹ ਤਾਜੋਕੇ ਕੈਂਚੀਆਂ ਵੱਲ ਨੂੰ ਭੱਜਣ 'ਚ ਸਫਲ ਹੋ ਗਏ। ਘਟਨਾ ਦਾ ਪਤਾ ਲੱਗਦੇ ਹੀ ਦੁਕਾਨ ਮਾਲਕ ਤੇ ਚੌਕੀ ਇੰਚਾਰਜ ਗੁਰਪਾਲ ਸਿੰਘ ਅਤੇ ਸਹਾਇਕ ਥਾਣੇਦਾਰ ਭੋਲਾ ਸਿੰਘ ਦੀ ਅਗਵਾਈ 'ਚ ਪੁੱਜੀ ਪੁਲਸ ਪਾਰਟੀ ਨੇ ਮੌਕੇ ਦਾ ਜਾਇਜ਼ਾ ਲਿਆ ਅਤੇ ਇਲਾਕੇ ਦੇ ਸੀਸੀਟੀਵੀ ਕੈਮਰੇ ਖੰਘਾਲ ਕੇ ਚੋਰਾਂ ਨੂੰ ਜਲਦੀ ਫੜਨ ਦਾ ਵਿਸ਼ਵਾਸ ਦਿਵਾਇਆ। ਦੱਸਣਯੋਗ ਹੈ ਕਿ ਦੀਵਾਲੀ ਦੀ ਰਾਤ ਵੀ ਖਰੀਦ ਕੇਂਦਰ ਤਪਾ 'ਚੋਂ 114 ਗੱਟੇ ਝੋਨੇ ਦੇ ਚੋਰੀ ਹੋ ਗਏ ਸੀ, ਮਾਮਲਾ ਦਰਜ ਹੋਣ ਦੇ ਬਾਵਜੂਦ ਪੁਲਸ ਚੋਰਾਂ ਦਾ ਸੁਰਾਗ ਨਹੀਂ ਲੱਭ ਸਕੀ।

# ਸੈਂਕੜੇ ਧਰਨਾਕਾਰੀਆਂ ਦਾ ਵਫ਼ਦ ਐੱਸ ਐੱਸ ਪੀ ਨੂੰ ਮਿਲਿਆ

## ਥਾਣੇ ਮੂਹਰੇ 220ਵੇਂ ਦਿਨ ਵੀ ਧਰਨਾ ਜਾਰੀ



**ਜਗਰਾਉਂ (ਨਛੱਤਰ ਸੰਧੂ)**

ਮੁਕੱਦਮੇ 'ਚ ਨਾਮਜ਼ਦ ਆਪੂ ਬਣੇ ਤਤਕਾਲੀ ਐਸ.ਐਚ.ਓ./ਐਸ.ਆਈ ਗੁਰਿੰਦਰ ਬੱਲ ਹੁਣ ਡੀਐਸਪੀ, ਤਤਕਾਲੀ ਏ.ਐਸ.ਆਈ. ਰਾਜਵੀਰ ਸਿੰਘ ਤੇ ਹਰਜੀਤ ਸਰਪੰਚ ਦੀ ਦਰਜ ਮੁਕੱਦਮੇ 'ਚ ਗ੍ਰਿਫਤਾਰੀ ਨਾ ਕਰਨ ਵਿਰੁੱਧ ਇਲਾਕੇ ਦੀਆਂ ਜਨਤਕ ਜਥੇਬੰਦੀਆਂ ਵਲੋਂ ਥਾਣਾ ਸਿਟੀ ਮੂਹਰੇ ਸ਼ੁਰੂ ਕੀਤਾ ਪੱਕਾ ਧਰਨਾ ਜਿਥੇ 220ਵੇਂ ਦਿਨ ਵੀ ਜਾਰੀ ਰਿਹਾ, ਉਥੇ ਸੈਂਕੜੇ ਧਰਨਾਕਾਰੀਆਂ ਦੇ ਇੱਕ ਵਫ਼ਦ ਨੇ ਐਸਐਸਪੀ ਹਰਜੀਤ ਸਿੰਘ ਨੂੰ ਮਿਲ ਕੇ ਪੀੜ੍ਹਤ ਨੂੰ ਨਿਆਂ ਦੇਣ ਦੀ ਮੰਗ ਕੀਤੀ। ਨੇੜਲੇ ਪਿੰਡ ਰਸੂਲਪੁਰ ਦੀਆਂ ਅਨੁਸੂਚਿਤ ਜਾਤੀ ਨਾਲ ਸਬੰਧਤ ਮਾਂ-ਧੀ ਨੂੰ ਨਜਾਇਜ਼ ਹਿਰਾਸਤ 'ਚ ਰੱਖਣ ਤੇ ਤੀਜੇ ਦਰਜੇ ਤਸੀਹੇ ਦੇਣ ਦੇ ਮਾਮਲੇ ਸਬੰਧੀ ਪੀੜ੍ਹਤ ਲੜਕੀ ਕੁਲਵੰਤ ਕੌਰ ਦੀ ਮੌਤ ਤੋਂ ਦੂਜੇ ਦਿਨ ਦਰਜ ਕੀਤੇ ਮੁਕੱਦਮੇ ਦੀ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਹੁਕਮਾਂ ਅਨੁਸਾਰ ਏ.ਆਈ.ਜੀ./ਕ੍ਰਾਈਮ ਵੱਲੋਂ ਤਫ਼ਤੀਸ਼ ਵੀ ਕੀਤੀ ਜਾ ਚੁੱਕੀ ਹੈ। 23 ਮਾਰਚ ਤੋਂ ਚੱਲ ਰਹੇ ਇਸ ਧਰਨੇ ਵਿੱਚ ਇੱਕ ਧਰਨਾਕਾਰੀ ਦੀ ਮੌਤ ਵੀ ਹੋ ਚੁੱਕੀ ਹੈ। ਧਰਨਾਕਾਰੀ ਪਰਵਾਰ ਦੇ ਦੋ ਮੈਂਬਰ ਹਸਪਤਾਲ ਦਾਖਲ ਹਨ। ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਤਰਲੋਚਨ ਸਿੰਘ ਝੋਰੜਾਂ, ਇਨਕਲਾਬੀ ਕੇਂਦਰ ਪੰਜਾਬ ਦੇ ਸਕੱਤਰ ਕਮਲਜੀਤ ਖੰਨਾ, ਦਸਮੇਸ ਕਿਸਾਨ ਮਜ਼ਦੂਰ ਯੂਨੀਅਨ (ਰਜਿ:) ਦੇ ਪ੍ਰਧਾਨ ਗੁਰਦਿਆਲ ਸਿੰਘ ਤਲਵੰਡੀ ਤੇ ਸਕੱਤਰ ਜਸਦੇਵ ਸਿੰਘ ਲਲਤੋਂ, ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਬਲਾਕ ਕਮੇਟੀ ਮੈਂਬਰ ਜੱਗਾ ਸਿੰਘ ਢਿਲੋਂ ਤੇ ਰਾਮਤੀਰਥ ਸਿੰਘ ਲੀਲ੍ਹਾ, ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਰਸੂਲਪੁਰ ਤੇ ਬਲਦੇਵ ਸਿੰਘ ਫੌਜੀ, ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਨਿਰਮਲ ਸਿੰਘ ਧਾਲੀਵਾਲ ਤੇ ਬੂਟਾ ਸਿੰਘ ਹਾਂਸ, ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਪ੍ਰਧਾਨ ਜਸਪ੍ਰੀਤ ਸਿੰਘ ਢੋਲਣ ਤੇ ਮੋਹਣ ਸਿੰਘ ਬੰਗਸੀਪੁਰਾ ਨੇ ਕਿਹਾ ਕਿ ਡੀ.ਐਸ.ਪੀ. ਗੁਰਿੰਦਰ ਬੱਲ, ਐਸ.ਆਈ. ਰਾਜਵੀਰ ਤੇ ਹਰਜੀਤ ਸਰਪੰਚ ਦੀ ਗ੍ਰਿਫ਼ਤਾਰੀ ਅਤੇ ਪੀੜਤ ਪਰਵਾਰ ਨੂੰ ਨਿਆਂ ਮਿਲਣ ਤੱਕ ਅਣਮਿੱਥੇ ਸਮੇਂ ਦਾ ਇਹ ਧਰਨਾ ਨਿਰਵਿਘਨ ਜਾਰੀ ਰਹੇਗਾ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਤਹਿਸੀਲ ਪ੍ਰਧਾਨ ਬਲਵਿੰਦਰ ਸਿੰਘ ਕੋਠੇ ਪੋਨਾ, ਬਲਾਕ ਪ੍ਰਧਾਨ ਗੁਰਚਰਨ ਸਿੰਘ, ਪ੍ਰਧਾਨ ਸਾਧੂ ਸਿੰਘ ਅੱਚਰਵਾਲ ਨੇ ਪੁਲਸ ਅਧਿਕਾਰੀਆਂ ਦੇ ਪੱਖਪਾਤੀ ਵਤੀਰੇ ਸਬੰਧੀ ਤਿੱਖੀ ਨੋਕ ਝੋਕ ਕੀਤੀ ਅਤੇ ਗੈਰ-ਜ਼ਮਾਨਤੀ ਧਾਰਾਵਾਂ ਦੇ ਉਕਤ ਦੋਸ਼ੀਆਂ ਨੂੰ ਤੁਰੰਤ ਸੀਖਾਂ ਪਿੱਛੇ ਬੰਦ ਕਰਕੇ ਪੀੜਤ ਪਰਵਾਰ ਨੂੰ ਇਨਸਾਫ਼ ਦੇਣ ਦੀ ਪੁਰਜ਼ੋਰ ਮੰਗ ਜ਼ਿਲ੍ਹਾ ਪੁਲਸ ਮੁਖੀ ਤੋਂ ਕੀਤੀ। ਕਿਸਾਨ ਸਭਾ ਦੇ ਆਗੂ ਨਿਰਮਲ ਸਿੰਘ ਧਾਲੀਵਾਲ, ਐਸ.ਸੀ/ਬੀ.ਸੀ. ਏਕਤਾ ਭਲਾਈ ਮੰਚ ਦੇ ਪ੍ਰਧਾਨ ਦਰਸ਼ਨ ਸਿੰਘ ਧਾਲੀਵਾਲ ਤੇ ਮਹਿਲਾ ਆਗੂ ਮਨਪ੍ਰੀਤ ਕੌਰ ਧਾਲੀਵਾਲ ਨੇ ਕਿਹਾ ਕਿ ਦਹਾਕਿਆਂ ਬੱਧੀ ਲੜਾਈ ਲੜਨ ਦੇ ਬਾਵਜੂਦ ਪਰਵਾਰ ਨੂੰ ਇਨਸਾਫ ਨਾ ਮਿਲਣਾ ਭਾਰਤੀ ਲੋਕਤੰਤਰ ਦੇ ਮੱਥੇ 'ਤੇ ਕਲੰਕ ਹੈ। ਉਨ੍ਹਾਂ ਕਿਹਾ ਕਿ ਇੰਝ ਲੱਗ ਰਿਹਾ ਹੈ ਕਿ ਜਿਵੇਂ ਦੇਸ਼ ਵਿੱਚ ਨਿਆਂ ਪ੍ਰਣਾਲੀ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ। ਪੇਂਡੂ ਮਜ਼ਦੂਰ ਯੂਨੀਅਨ (ਮਸ਼ਾਲ) ਦੇ ਆਗੂ ਮਦਨ ਜਗਰਾਉਂ ਤੇ ਬਲਦੇਵ ਸਿੰਘ ਫੌਜੀ, ਭਾਰਤੀ ਕਿਸਾਨ ਯੂਨੀਅਨ ਏਕਤਾ(ਡਕੌਂਦਾ) ਦੇ ਬਲਾਕ ਕਮੇਟੀ ਮੈਂਬਰ ਜੱਗਾ ਸਿੰਘ ਢਿੱਲੋਂ ਤੇ ਝੰਡਾ ਸਿੰਘ, ਪੇਂਡੂ ਮਜ਼ਦੂਰ ਯੂਨੀਅਨ ਦੇ ਅਵਤਾਰ ਸਿੰਘ ਰਸੂਲਪੁਰ ਨੇ ਕਿਹਾ ਸਿਆਸੀ ਲੀਡਰ, ਲੋਕਾਂ ਨੂੰ ਗੁੰਮਰਾਹ ਕਰਕੇ ਸਿਰਫ਼ ਸੱਤਾ ਹਾਸਲ ਕਰਨ ਤੱਕ ਹੀ ਸੀਮਤ ਰਹਿੰਦੇ ਹਨ ਤੇ ਆਮ ਲੋਕਾਂ ਦੇ ਦੁੱਖ-ਦਰਦ ਤੋਂ ਦੂਰ ਰਹਿੰਦੇ ਹਨ। ਜ਼ਿਕਰਯੋਗ ਹੈ ਕਿ ਪੀੜ੍ਹਤ ਪਰਵਾਰ 2005 ਤੋਂ ਹੀ ਪੁਲਸ ਦੇ ਅੱਤਿਆਚਾਰਾਂ ਖਿਲਾਫ਼ ਤੇ ਇਨਸਾਫ਼ ਪ੍ਰਾਪਤੀ ਦੀ ਲੜਾਈ ਲੜ ਰਿਹਾ ਹੈ।

ਏਟਕ ਆਗੂ ਜਗਦੀਸ਼ ਸਿੰਘ ਕਾਉਂਕੇ ਨੇ ਵੀ ਮੁਕੱਦਮੇ 'ਚ ਨਾਮਜ਼ਦ ਡੀ.ਐਸ.ਪੀ. ਗੁਰਿੰਦਰ ਬੱਲ, ਐਸ.ਆਈ. ਰਾਜਵੀਰ ਤੇ ਹਰਜੀਤ ਸਰਪੰਚ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ। ਇਸ ਸਮੇਂ ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੇ ਆਗੂ ਕੁੰਡਾ ਸਿੰਘ ਕਾਉਂਕੇ, ਬਾਬਾ ਬੰਤਾ ਸਿੰਘ ਡੱਲਾ, ਹਰੀ ਸਿੰਘ ਚਚਰਾੜੀ, ਜੱਥੇਦਾਰ ਚੜ੍ਹਤ ਸਿੰਘ ਗਗੜਾ, ਚਰਨ ਸਿੰਘ, ਜੱਗਾ ਸਿੰਘ ਢਿੱਲੋਂ, ਮਹਿੰਦਰ ਸਿੰਘ, ਰਾਮਤੀਰਥ ਸਿੰਘ ਲੀਲਾ, ਗੁਰਮੀਤ ਸਿੰਘਾਪੁਰ, ਅਵਤਾਰ ਸਿੰਘ ਠੇਕੇਦਾਰ ਤੋਂ ਇਲਾਵਾ ਵੱਡੀ ਗਿਣਤੀ 'ਚ ਔਰਤਾਂ ਵੀ ਹਾਜ਼ਰ ਸਨ।

# ਚਰਨ ਸਿੰਘ ਸਰਬਸੰਮਤੀ ਨਾਲ ਵਿਸ਼ਵਕਰਮਾ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਬਣੇ

**ਨਾਭਾ (ਵਰਿੰਦਰ ਵਰਮਾ)**

ਵਿਸ਼ਵਕਰਮਾ ਵੈੱਲਫੇਅਰ ਸੁਸਾਇਟੀ ਦੇ ਅਹੁਦੇਦਾਰਾਂ ਤੇ ਮੈਂਬਰਾਂ ਦੀ ਹੰਗਾਮੀ ਮੀਟਿੰਗ ਵਿਸ਼ਵਕਰਮਾ ਮੰਦਰ ਕ੍ਰਿਸ਼ਨਾਪੁਰੀ ਨਾਭਾ ਵਿਖੇ ਹੋਈ, ਜਿਸ ਵਿੱਚ ਮਲਕੀਤ ਐਗਰੋਟੈੱਕ ਦੇ ਐੱਮ ਡੀ ਚਰਨ ਸਿੰਘ ਨੂੰ ਸਰਬਸੰਮਤੀ ਨਾਲ ਵਿਸ਼ਵਕਰਮਾ ਵੈੱਲਫੇਅਰ ਸੁਸਾਇਟੀ ਨਾਭਾ ਦਾ ਪ੍ਰਧਾਨ ਚੁਣ ਲਿਆ ਗਿਆ। ਇਸ ਮੌਕੇ ਨਵੇਂ ਚੁਣੇ ਗਏ ਪ੍ਰਧਾਨ ਚਰਨ ਸਿੰਘ ਨੇ ਸਮੂਹ ਭਾਈਚਾਰੇ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਉਹ ਸਮੁੱਚੇ ਭਾਈਚਾਰੇ ਤੇ ਵਿਸ਼ਵਕਰਮਾ ਵੈੱਲਫੇਅਰ ਸੁਸਾਇਟੀ ਵੱਲੋਂ ਚਲਾਏ ਕਾਰਜਾਂ ਨੂੰ ਹੋਰ ਅੱਗੇ ਲੈ ਕੇ ਜਾਣਗੇ ਤੇ ਮੈਂਬਰਾਂ ਵੱਲੋਂ ਪ੍ਰਗਟਾਏ ਵਿਸ਼ਵਾਸ 'ਤੇ ਖਰੇ ਉੱਤਰਨਗੇ। ਇਸ ਮੌਕੇ ਅਵਤਾਰ ਸਿੰਘ ਨੰਨੜੇ ਪ੍ਰਧਾਨ ਦਾ ਕੰਬਾਇਨ ਐਸੋਸੀਏਸ਼ਨ, ਸਰਪ੍ਰਸਤ ਭਗਵੰਤ ਸਿੰਘ ਰਾਮਗੜ੍ਹੀਆ, ਭਗਵੰਤ ਸਿੰਘ ਮਣਕੂ ਭਾਦਸੋਂ, ਨਰੰਜਣ ਸਿੰਘ ਐੱਨ ਐੱਸ ਕੰਬਾਈਨ, ਅਜੈਬ ਸਿੰਘ ਸ਼ਕਤੀਮਾਨ ਕੰਬਾਈਨ, ਹਰਜੀਤ ਸਿੰਘ ਰੂਪਰਾਏ ਕੰਬਾਈਨ ਸੁਸਾਇਟੀ ਦੇ ਸਾਬਕਾ ਪ੍ਰਧਾਨ ਜੋਰਾ ਸਿੰਘ ਧੰਮੂ, ਸਰਬਜੀਤ ਸਿੰਘ ਰਾਮਗੜ੍ਹੀਆ, ਲਾਭ ਸਿੰਘ ਕੈਸ਼ੀਅਰ, ਮੱਖਣ ਸਿੰਘ ਬਿਨਾਹੇੜੀ, ਅਵਤਾਰ ਸਿੰਘ ਪ੍ਰਧਾਨ ਬਿਲਡਿੰਗ ਲੇਬਰ ਯੂਨੀਅਨ, ਹਰਨੇਕ ਸਿੰਘ, ਗੁਰਜੀਤ ਸਿੰਘ, ਰੂਪ ਸਿੰਘ, ਦੇਵ ਸਿੰਘ, ਰਾਜ ਕੁਮਾਰ, ਗੁਰਮੀਤ ਸਿੰਘ, ਦਰਸ਼ਨ ਸਿੰਘ ਠੇਕੇਦਾਰ, ਸੁਰਜੀਤ ਸਿੰਘ ਭੇਲੇ, ਗੁਰਦੀਪ ਸਿੰਘ ਬਿਰਦੀ ਫਰਨੀਚਰ, ਰਾਮ ਸਰੂਪ, ਟਹਿਲ ਸਿੰਘ, ਜਸਬੀਰ ਸਿੰਘ ਸੰਧੂ, ਹਰਪਾਲ ਸਿੰਘ ਲਾਡੀ, ਗਗਨਦੀਪ ਸਿੰਘ ਮਠਾੜੂ, ਬਬਲੀ ਨਾਭਾ, ਪੰਡਿਤ ਗੁਰਪ੍ਰਸਾਦਿ ਰਣਵੀਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਸਮੂਹ ਭਾਈਚਾਰੇ ਦੀਆਂ ਸੰਗਤਾਂ ਨੇ ਹਾਜ਼ਰੀ ਲਗਵਾਈ।



## ਕਾਤਰਾਂ

### ਅਣਪਛਾਤੇ ਵਿਅਕਤੀ ਦੀ ਲਾਸ਼ ਮਿਲੀ



**ਮੱਖੂ (ਰਛਪਾਲ ਸਿੰਘ ਸੰਧੂ)**- ਨੈਸ਼ਨਲ ਹਾਈਵੇ ਮੱਖੂ-ਅੰਮ੍ਰਿਤਸਰ ਰੋਡ 'ਤੇ ਜੀ ਕੇ ਹੋਟਲ ਨਜ਼ਦੀਕ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲਣ ਦਾ ਸਮਾਚਾਰ ਪ੍ਰਾਪਤ ਹੋਇਆ। ਥਾਣਾ ਮੱਖੂ ਦੇ ਏ ਐਸ ਆਈ ਗੁਰਪ੍ਰਤਾਪ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨੈਸ਼ਨਲ ਹਾਈਵੇ 'ਤੇ ਜੀ ਕੇ ਹੋਟਲ ਦੇ ਨਜ਼ਦੀਕ ਇੱਕ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲੀ ਹੈ, ਜਿਸ ਦੀ ਉਮਰ 60-65 ਸਾਲ, ਚਿੱਟਾ ਕੁੜਤਾ, ਗਰੇਅ ਸਵੈਟਰ, ਨੀਲਾ ਪਜਾਮਾ ਪਾਇਆ ਹੋਇਆ ਹੈ, ਸਰੀਰ ਪਤਲਾ, ਖੱਬੇ ਪੈਰ ਦੇ ਗਿੱਟੇ 'ਤੇ ਸੜੇ ਦਾ ਨਿਸ਼ਾਨ ਤੇ ਦਾੜ੍ਹੀ, ਕੇਸ ਕੱਟੇ ਹੋਏ ਹਨ। ਇਸ ਅਣਪਛਾਤੇ ਮ੍ਰਿਤਕ ਵਿਅਕਤੀ ਦੀ ਲਾਸ਼ ਸ਼ਨਾਖਤ ਲਈ 72 ਘੰਟੇ ਲਈ ਮੋਰਚਰੀ ਮੱਖੂ ਵਿਖੇ ਲਗਾਈ ਗਈ ਹੈ।

### ਭਗੌੜੇ ਵਿਅਕਤੀ 'ਤੇ ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ, ਦਹੂਜਾ)**-ਥਾਣਾ ਅਮੀਰ ਖਾਸ ਪੁਲਸ ਨੇ ਭਗੌੜੇ ਵਿਅਕਤੀ ਦੇ ਖਿਲਾਫ ਪਰਚਾ ਦਰਜ ਕੀਤਾ ਹੈ। ਸਹਾਇਕ ਥਾਣੇਦਾਰ ਮਹਿੰਦਰ ਸਿੰਘ ਨੇ ਦੱਸਿਆ ਕਿ ਬਾ-ਅਦਾਲਤ ਮਿਸ ਵਕੀਲਾ ਬੀਬੀ ਜੇ.ਐੱਮ.ਆਈ.ਸੀ. ਜਲਾਲਾਬਾਦ ਵੱਲੋਂ ਪੱਤਰ ਸੀ.ਆਈ.ਐੱਸ. ਨੰਬਰ ਸੀ.ਆਰ.ਐੱਮ. 273 2021 ਨਾਲ ਸਬੰਧਤ ਦੋਸ਼ੀ ਗਗਨਦੀਪ ਸਿੰਘ ਉਰਫ ਗੱਗੂ ਉਰਫ ਕੁਲਵਿੰਦਰ ਸਿੰਘ ਪੁੱਤਰ ਹਰਜੀਤ ਸਿੰਘ ਉਰਫ ਬਿੱਟੂ ਵਾਸੀ ਮਹਾਲਮ (ਚੱਕ ਬਲੋਚਾ) ਨੂੰ 82 ਜ.ਫ. ਤਹਿਤ ਪੀ.ਓ. ਕਰਾਰ ਦਿੱਤਾ ਗਿਆ ਸੀ, ਜਿਸ ਸਬੰਧੀ ਪੁਲਸ ਵੱਲੋਂ ਧਾਰਾ 174-ਏ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

### ਟਰੱਕ ਨੇ ਮੋਟਰਸਾਈਕਲ ਸਵਾਰ ਕੁਚਲਿਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ-ਜ਼ੀਰਾ ਰੋਡ 'ਤੇ ਪੈਂਦੇ ਪਿੰਡ ਲੋਹਗੜ੍ਹ ਵਿਖੇ ਟਰੱਕ ਵੱਲੋਂ ਇੱਕ ਮੋਟਰਸਾਈਕਲ ਸਵਾਰ ਨੂੰ ਕੁਚਲਣ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਕੁੱਲਗੜ੍ਹੀ ਪੁਲਸ ਨੇ ਅਣਪਛਾਤੇ ਟਰੱਕ ਡਰਾਈਵਰ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਮਹਿੰਦਰ ਸਿੰਘ ਪੁੱਤਰ ਸੂਬਾ ਸਿੰਘ ਵਾਸੀ ਮੱਲਾਂਵਾਲਾ ਨੇ ਦੱਸਿਆ ਕਿ ਉਸ ਦਾ ਜੀਜਾ ਸੁਖਦੇਵ ਸਿੰਘ (42) ਪੁੱਤਰ ਛਿੰਦਰ ਸਿੰਘ ਵਾਸੀ ਪਿੰਡ ਵਲਟੋਹਾ, ਜੋ ਆਪਣੀ ਮੋਟਰਸਾਈਕਲ ਰੇਹੜੀ ਲੈ ਕੇ ਸਬਜ਼ੀ ਮੰਡੀ ਕੁੱਲਗੜ੍ਹੀ ਵਿਖੇ ਜਾ ਰਿਹਾ ਸੀ, ਜਦ ਉਹ ਨੇੜੇ ਬੱਸ ਅੱਡਾ ਲੋਹਗੜ੍ਹ ਪਾਸ ਪੁੱਜਾ ਤਾਂ ਅਣਪਛਾਤੇ ਟਰਾਲਾ ਡਰਾਈਵਰ ਨੇ ਟਰੱਕ ਟਰਾਲਾ ਸੁਖਦੇਵ ਸਿੰਘ ਦੇ ਮੋਟਰਸਾਈਕਲ ਰੇਹੜੀ ਉੱਪਰ ਚੜ੍ਹਾ ਕੇ ਸੁਖਦੇਵ ਸਿੰਘ ਨੂੰ ਕੁਚਲ ਦਿੱਤਾ, ਜਿਸ ਨਾਲ ਸੁਖਦੇਵ ਸਿੰਘ ਦੀ ਮੌਤ ਹੋ ਗਈ ਤੇ ਮੋਟਰਸਾਈਕਲ ਰੇਹੜੀ ਨੁਕਸਾਨੀ ਗਈ। ਇਸ ਮਾਮਲੇ ਦੀ ਜਾਂਚ ਕਰ ਰਹੇ ਏਐੱਸਆਈ ਅਮਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਅਣਪਛਾਤੇ ਟਰੱਕ ਚਾਲਕ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਬੈਂਕ 'ਚੋਂ ਪਾਣੀ ਵਾਲੀ ਮੋਟਰ ਚੋਰੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਨੈਸ਼ਨਲ ਬੈਂਕ ਫਿਰੋਜ਼ਸ਼ਾਹ ਵਿਖੇ ਅਣਪਛਾਤੇ ਵਿਅਕਤੀ ਬੈਂਕ ਦੀ ਪਿਛਲੇ ਪਾਸੇ ਤੋਂ ਬਾਥਰੂਮ ਦੀ ਕੰਧ ਤੋੜ ਕੇ ਦਾਖਲ ਹੋਏ ਤੇ ਬੈਂਕ ਦੀ ਸੀਸੀਟੀਵੀ ਕੈਮਰੇ ਦੀਆਂ ਤਾਰਾਂ ਕੱਟ ਦਿੱਤੀਆਂ ਅਤੇ ਬੈਂਕ ਅੰਦਰ ਦਾਖਲ ਹੋਣ 'ਚ ਅਸਫਲ ਰਹੇ, ਪਰ ਜਾਂਦੇ ਹੋਏ ਅਣਪਛਾਤੇ ਵਿਅਕਤੀ ਪਾਣੀ ਵਾਲੀ ਮੋਟਰ ਲੈ ਗਏ। ਇਸ ਮਾਮਲੇ ਦੀ ਜਾਂਚ ਕਰ ਰਹੇ ਥਾਣਾ ਘੱਲ ਖੁਰਦ ਪੁਲਸ ਦੇ ਏਐੱਸਆਈ ਲਖਵੀਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਬਠਿੰਡਾ ਡੀਪੂ ਇੱਕ ਵਾਰ ਫਿਰ ਵਿਵਾਦਾਂ ਦੇ ਘੇਰੇ 'ਚ !

## *ਨੌਕਰੀ ਤੋਂ ਕੱਢੇ ਕੰਡਕਟਰ ਤੋਂ ਤਿੰਨ ਮਹੀਨੇ ਕਰਵਾਈ ਡਿਊਟੀ : ਸੰਦੀਪ ਗਰੇਵਾਲ*

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬਠਿੰਡਾ ਡੀਪੂ ਟਿਕਟ ਘਪਲੇ ਤੋਂ ਬਾਅਦ ਇੱਕ ਵਾਰ ਫਿਰ ਤੋਂ ਵਿਵਾਦਾਂ ਦਾ ਵਿਸ਼ਾ ਬਣਿਆ ਹੋਇਆ ਹੈ। ਇਕ ਕੰਡਕਟਰ ਦੇ ਗੈਰ-ਹਾਜ਼ਰ ਹੋ ਜਾਣ 'ਤੇ ਉਸ ਨੂੰ ਨੌਕਰੀ ਤੋਂ ਫਾਰਗ ਕਰ ਦਿੱਤਾ ਗਿਆ ਅਤੇ ਫਿਰ ਡੀਪੂ ਦੇ ਕੁੱਝ ਅਧਿਕਾਰੀਆਂ ਨੇ ਜਨਰਲ ਮੈਨੇਜਰ ਬਠਿੰਡਾ ਦੀ ਇਮਾਨਦਾਰੀ ਦਾ ਨਾਜਾਇਜ਼ ਫਾਇਦਾ ਉਠਾਉਂਦੇ ਹੋਏ, ਬਿਨਾਂ ਉਨ੍ਹਾਂ ਨੂੰ ਕੁਝ ਦੱਸੇ, ਆਪਸੀ ਮਿਲੀਭੁਗਤ ਕਰਕੇ ਜ਼ਬਾਨੀ ਕਲਾਮੀ ਉਸੇ ਕੰਡਕਟਰ ਨੂੰ ਡਿਊਟੀ 'ਤੇ ਪਾ ਲਿਆ ਅਤੇ ਤਿੰਨ ਮਹੀਨੇ ਉਸ ਤੋਂ ਡਿਊਟੀ ਕਰਵਾ ਕੇ ਜਦ ਉਸ ਨੇ ਤਨਖਾਹ ਦੀ ਮੰਗ ਕੀਤੀ ਤਾਂ ਠੇਕੇਦਾਰ ਵੱਲੋਂ ਇਹ ਦੱਸਿਆ ਗਿਆ ਕਿ ਇਸ ਵਰਕਰ ਦੀਆਂ ਸੇਵਾਵਾਂ ਤਿੰਨ ਮਹੀਨੇ ਪਹਿਲਾਂ ਸਾਨੂੰ ਵਾਪਸ ਭੇਜ ਦਿੱਤੀਆਂ ਗਈਆਂ ਸਨ। ਇਸ ਗੱਲ ਦਾ ਖੁਲਾਸਾ ਪਨਬਸ ਪੀ ਆਰ ਟੀ ਸੀ ਕੰਟਰੈਕਟ ਵਰਕਰ ਯੂਨੀਅਨ ਬਠਿੰਡਾ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਮਨੇਸ ਨੇ ਕੀਤਾ। ਉਨ੍ਹਾ ਕਿਹਾ ਕਿ ਬਠਿੰਡਾ ਡੀਪੂ ਦੇ ਜਰਨਲ ਮੈਨੇਜਰ ਅਮਨਵੀਰ ਸਿੰਘ ਟਿਵਾਣਾ ਬਹੁਤ ਹੀ ਇਮਾਨਦਾਰ ਤੇ ਸੂਝਵਾਨ ਅਫਸਰ ਹਨ, ਪਰ ਕੁਝ ਕੁ ਉੱਚ ਅਧਿਕਾਰੀ ਉਨ੍ਹਾਂ ਦੀ ਇਸ ਸ਼ਰਾਫਤ ਦਾ ਨਾਜਾਇਜ਼ ਫਾਇਦਾ ਉਠਾ ਰਹੇ ਹਨ ਅਤੇ ਵੱਡੇ ਪੱਧਰ 'ਤੇ ਕਰੱਪਸ਼ਨ ਕਰ ਰਹੇ ਹਨ। ਇਸ ਮੌਕੇ ਬੋਲਦਿਆਂ ਡੀਪੂ ਪ੍ਰਧਾਨ ਸੰਦੀਪ ਗਰੇਵਾਲ ਨੇ ਕਿਹਾ ਕਿ ਬਠਿੰਡਾ ਡੀਪੂ ਵਿੱਚ ਪਹਿਲਾਂ ਵੀ ਬਹੁ-ਕਰੋੜੀ ਘਪਲਾ ਹੋਇਆ ਹੈ ਤੇ ਹੁਣ ਫਿਰ ਇਕ ਕੰਡਕਟਰ ਕੋਲੋਂ ਮੋਟੀ ਰਕਮ ਵਸੂਲ ਕੇ ਜ਼ਬਾਨੀ ਕਲਾਮੀ ਉਸ ਨੂੰ ਡਿਊਟੀ 'ਤੇ ਪਾਇਆ ਗਿਆ ਤੇ ਆਪਸੀ ਮਿਲੀਭੁਗਤ ਕਰਕੇ ਕੰਡਕਟਰ ਦਾ ਸ਼ੋਸ਼ਣ ਕਰਦੇ ਹੋਏ ਬਿਨਾਂ ਤਨਖਾਹ ਤੋਂ ਤਿੰਨ ਮਹੀਨੇ ਕੰਮ ਕਰਵਾਇਆ ਗਿਆ ਅਤੇ ਬਠਿੰਡਾ ਡੀਪੂ ਤੇ ਮਹਿਕਮੇ ਦੀ ਬਦਨਾਮੀ ਕਰਵਾਈ ਗਈ। ਜਥੇਬੰਦੀ ਟ੍ਰਾਂਸਪੋਰਟ ਮੰਤਰੀ ਤੋਂ ਮੰਗ ਕਰਦੀ ਹੈ ਕਿ ਅਜਿਹੇ ਲੋਕਾਂ ਖਿਲਾਫ ਜੇਕਰ ਜਲਦ ਕਰਵਾਈ ਨਾ ਕੀਤੀ ਗਈ ਤਾਂ ਆਉਣ ਵਾਲੇ ਸਮੇਂ ਵਿੱਚ ਇਹ ਕੇਸ ਵਿਜੀਲੈਂਸ ਵਿਭਾਗ ਨੂੰ ਸੌਂਪ ਕੇ ਉੱਚ ਪੱਧਰੀ ਜਾਂਚ ਕਰਵਾਈ ਜਾਵੇਗੀ।

# ਜਗਜੀਤ ਭੰਡਾਰੀ ਦੀ ਯਾਦ 'ਚ ਅੱਖਾਂ ਦਾ ਚੈੱਕਅੱਪ ਤੇ ਅਪ੍ਰੇਸ਼ਨ ਕੈਂਪ ਲਾਇਆ



**ਜਗਰਾਉਂ (ਅਮਿਤ ਖੰਨਾ)**

ਧਾਰਮਿਕ ਸਮਾਜਕ ਤੇ ਰਾਜਨੀਤਕ ਸਫ਼ਾਂ ਵਿੱਚ ਜਾਣੇ ਪਛਾਣੇ ਚਿਹਰੇ ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ ਤੇ ਦੀਪਇੰਦਰ ਸਿੰਘ ਭੰਡਾਰੀ ਵੱਲੋਂ ਆਪਣੇ ਸਵਰਗਵਾਸੀ ਪਿਤਾ ਸ੍. ਜਗਜੀਤ ਸਿੰਘ ਭੰਡਾਰੀ ਦੀ ਯਾਦ ਵਿੱਚ ਲੋਕ ਸੇਵਾ ਸੁਸਾਇਟੀ ਦੇ ਸਹਿਯੋਗ ਨਾਲ ਅੱਖਾਂ ਦਾ ਚੈੱਕਅੱਪ ਤੇ ਅਪ੍ਰੇਸ਼ਨ ਕੈਂਪ ਲਾਇਆ ਗਿਆ। ਲੋਕ ਸੇਵਾ ਸੁਸਾਇਟੀ ਦੇ ਪ੍ਰਧਾਨ ਤੇ ਸਵਰਗੀ ਜਗਜੀਤ ਸਿੰਘ ਭੰਡਾਰੀ ਦੇ ਸਪੁੱਤਰ ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ ਤੇ ਅਕਾਲੀ ਆਗੂ ਦੀਪਇੰਦਰ ਸਿੰਘ ਭੰਡਾਰੀ ਦੇ ਭਰਪੂਰ ਯਤਨਾਂ ਸਦਕਾ ਲਗਾਏ ਕੈਂਪ ਦਾ ਕੈਂਪ ਦਾ ਉਦਘਾਟਨ ਕਰਦਿਆਂ ਵਿਧਾਇਕ ਮਨਪ੍ਰੀਤ ਸਿੰਘ ਇਆਲੀ, ਸਾਬਕਾ ਵਿਧਾਇਕ ਐੱਸ ਆਰ ਕਲੇਰ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ, ਸਾਬਕਾ ਵਿਧਾਇਕ ਭਾਗ ਸਿੰਘ ਮੱਲ੍ਹਾ ਤੇ ਰਾਜਿੰਦਰ ਜੈਨ ਨੇ ਕਿਹਾ ਕਿ ਬਜ਼ੁਰਗਾਂ ਦੀ ਯਾਦ ਨੂੰ ਮਨੁੱਖਤਾ ਦੇ ਭਲੇ ਲਈ ਕੰਮ ਕਰਕੇ ਮਨਾਉਣ ਬਜ਼ੁਰਗਾਂ ਤੋਂ ਮਿਲੇ ਚੰਗੇ ਸੰਸਕਾਰਾਂ ਦੀ ਨਿਸ਼ਾਨੀ ਹੈ। ਉਨ੍ਹਾ ਕਿਹਾ ਕਿ ਭੰਡਾਰੀ ਪਰਿਵਾਰ ਹਮੇਸ਼ਾ ਹੀ ਸੇਵਾ ਕੰਮਾਂ ਦੇ ਪਹਿਲ ਦਿੱਤੀ ਹੈ। ਉਨ੍ਹਾਂ ਲੋਕ ਸੇਵਾ ਸੁਸਾਇਟੀ ਵੱਲੋਂ ਇਨਸਾਨੀਅਤ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਵੀ ਸ਼ਲਾਘਾ ਕੀਤੀ। ਲੰਮਿਆਂ ਵਾਲੇ ਬਾਗ ਨੇੜੇ ਡੀ.ਏ.ਵੀ. ਕਾਲਜ ਜਗਰਾਓਂ ਵਿਖੇ ਲਗਾਏ ਕੈਂਪ ਵਿੱਚ ਸ਼ੰਕਰਾ ਆਈ ਹਸਪਤਾਲ ਮੁੱਲਾਂਪੁਰ ਦੇ ਅੱਖਾਂ ਦੇ ਮਾਹਰ ਡਾ: ਰਮਿੰਦਰ ਕੌਰ ਨੇ 347 ਚਿੱਟੇ ਮੋਤੀਏ ਵਾਲੇ ਮਰੀਜ਼ਾਂ ਦਾ ਚੈੱਕਅਪ ਕਰਕੇ ਉਨ੍ਹਾਂ 'ਚੋਂ 95 ਮਰੀਜ਼ਾਂ ਦੀ ਚੋਣ ਕੀਤੀ, ਜਿਨ੍ਹਾਂ ਦੇ ਆਪ੍ਰੇਸ਼ਨ ਸ਼ੰਕਰਾ ਆਈ ਹਸਪਤਾਲ ਵਿਖੇ ਕੀਤੇ ਜਾਣਗੇ। ਕੈਂਪ ਵਿੱਚ ਸਿਵਲ ਹਸਪਤਾਲ ਜਗਰਾਓਂ ਦੇ ਜਸਪਾਲ ਸਿੰਘ, ਜਗਰਾਜ ਸਿੰਘ, ਕਮਲਜੀਤ ਕੌਰ ਤੇ ਸ਼ਰਨਜੀਤ ਕੌਰ ਦੀ ਟੀਮ ਨੇ 96 ਮਰੀਜ਼ਾਂ ਦਾ ਕੋਰੋਨਾ ਟੈੱਸਟ ਵੀ ਕੀਤਾ। ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ ਨੇ ਦੱਸਿਆ ਕਿ ਅਪ੍ਰੇਸ਼ਨ ਵਾਲੇ ਮਰੀਜ਼ ਅੱਜ ਹਸਪਤਾਲ ਭੇਜ ਦਿੱਤੇ ਜਾਣਗੇ ਤੇ ਅਪ੍ਰੇਸ਼ਨ ਕਰਵਾਉਣ ਤੋਂ ਬਾਅਦ ਮਰੀਜ਼ਾਂ ਨੂੰ ਇਸੇ ਜਗ੍ਹਾ ਛੱਡ ਦਿੱਤਾ ਜਾਵੇਗਾ, ਮਰੀਜ਼ ਦਾ ਕੋਈ ਖਰਚਾ ਨਹੀਂ ਹੋਵੇਗਾ।

ਇਸ ਮੌਕੇ ਸੁਸਾਇਟੀ ਦੇ ਕੈਸ਼ੀਅਰ ਮਨੋਹਰ ਸਿੰਘ ਟੱਕਰ, ਪ੍ਰਾਜੈਕਟ ਕੈਸ਼ੀਅਰ ਰਾਜੀਵ ਗੁਪਤਾ, ਪੀ ਆਰ ਓ ਸੁਖਦੇਵ ਗਰਗ, ਸੀਨੀਅਰ ਵਾਈਸ ਪ੍ਰਧਾਨ ਕੰਵਲ ਕੱਕੜ, ਵਾਈਸ ਚੇਅਰਮੈਨ ਸੁਖਜਿੰਦਰ ਸਿੰਘ ਢਿੱਲੋਂ, ਵਿਨੋਦ ਬਾਂਸਲ, ਲਾਕੇਸ਼ ਟੰਡਨ, ਸੁਨੀਲ ਅਰੋੜਾ, ਰਜਿੰਦਰ ਜੈਨ ਕਾਕਾ, ਮੁਕੇਸ਼ ਗੁਪਤਾ, ਪ੍ਰਵੀਨ ਮਿੱਤਲ, ਜਸਵੰਤ ਸਿੰਘ, ਡਾ. ਭਾਰਤ ਭੂਸ਼ਣ ਬਾਂਸਲ, ਪ੍ਰਵੀਨ ਜੈਨ, ਨੀਰਜ ਮਿੱਤਲ, ਅਨਿਲ ਮਲਹੋਤਰਾ, ਆਰ ਕੇ ਗੋਇਲ ਸਮੇਤ ਕੈਪਟਨ ਨਰੇਸ਼ ਵਰਮਾ, ਅਕਾਲੀ ਦਲ ਦੇ ਆਗੂ ਡਾ: ਚੰਦ ਸਿੰਘ ਡੱਲਾ, ਕੌਂਸਲਰ ਰਵਿੰਦਰਪਾਲ ਸਿੰਘ ਰਾਜੂ, ਕਾਮਰੇਡ ਅਮਰਜੀਤ ਸਿੰਘ ਮਾਲਵਾ, ਹਿਮਾਂਸ਼ੂ ਮਲਕ, ਅਨਮੋਲ ਗੁਪਤਾ, ਅਮਨ ਕਪੂਰ ਬੌਬੀ, ਬਿੰਦਰ ਮਨੀਲਾ, ਡਾ. ਨਰਿੰਦਰ ਸਿੰਘ, ਅਸ਼ਵਨੀ ਕੁਮਾਰ ਆਦਿ ਹਾਜ਼ਰ ਸਨ।

# ਸ਼ੈਲਰਾਂ 'ਚ ਸੀ ਸੀ ਟੀ ਵੀ ਕੈਮਰੇ ਲਗਾਉਣਾ ਯਕੀਨੀ ਬਣਾਉਣ ਮਾਲਕ : ਟੀ ਬੈਨਿਥ

## *ਏ ਡੀ ਸੀ ਵੱਲੋਂ ਧਿੰਗੜ, ਝੁਨੀਰ ਤੇ ਸਰਦੂਲਗੜ੍ਹ ਦੀਆਂ ਮੰਡੀਆਂ ਤੇ ਸ਼ੈਲਰਾਂ ਦਾ ਜਾਇਜ਼ਾ*

**ਸਰਦੂਲਗੜ੍ਹ (ਅਵਤਾਰ ਜਟਾਣਾ)**

ਡਿਪਟੀ ਕਮਿਸ਼ਨਰ ਸ੍ਰੀਮਤੀ ਬਲਦੀਪ ਕੌਰ ਆਈ.ਏ.ਐੱਸ. ਦੇ ਦਿਸ਼ਾ ਨਿਰਦੇਸ਼ਾਂ ਤਹਿਤ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਟੀ. ਬੈਨਿਥ ਆਈ.ਏ.ਐੱਸ. ਨੇ ਧਿੰਗੜ, ਝੁਨੀਰ ਤੇ ਸਰਦੂਲਗੜ੍ਹ ਦਾਣਾ ਮੰਡੀਆਂ ਦਾ ਦੌਰਾ ਕਰਕੇ ਝੋਨੇ ਦੀ ਖਰੀਦ ਪ੍ਰਕਿਰਿਆ ਦਾ ਜਾਇਜ਼ਾ ਲਿਆ। ਉਨ੍ਹਾ ਝੋਨੇ ਦੇ ਖਰੀਦ ਕਾਰਜਾਂ 'ਤੇ ਤਸੱਲੀ ਪ੍ਰਗਟਾਈ ਤੇ ਮੰਡੀਆਂ ਅੰਦਰ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਫਸਲ ਦਾ ਇੱਕ-ਇੱਕ ਦਾਣਾ ਖਰੀਦ ਕੀਤਾ ਜਾਵੇਗਾ। ਏ ਡੀ ਸੀ ਬੈਨਿਥ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਝੋਨੇ ਦੀ ਚੰਗੀ ਤਰ੍ਹਾਂ ਪੱਕੀ ਫਸਲ ਦੀ ਹੀ ਵਾਢੀ ਕੀਤੀ ਜਾਵੇ ਤਾਂ ਜੋ ਇਸ 'ਚ ਨਮੀ ਦੀ ਮਾਤਰਾ ਜ਼ਿਆਦਾ ਨਾ ਹੋਵੇ ਤੇ ਖਰੀਦ ਏਜੰਸੀਆਂ ਵੱਲੋਂ ਮੰਡੀਆਂ 'ਚ ਆਈ ਫਸਲ ਨੂੰ ਬਿਨਾਂ ਕਿਸੇ ਦੇਰੀ ਖ੍ਰੀਦਿਆ ਜਾ ਸਕੇ। ਉਨ੍ਹਾ ਸ਼ੈਲਰ ਮਾਲਕਾਂ ਨੂੰ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਹਰੇਕ ਸ਼ੈਲਰ 'ਚ ਸੀ.ਸੀ.ਟੀ.ਵੀ. ਕੈਮਰੇ ਲਗਾਉਣ ਲਈ ਕਿਹਾ। ਉਨ੍ਹਾ ਕਿਹਾ ਕਿ ਸ਼ੈਲਰਾਂ ਅੰਦਰ ਲੱਗਣ ਵਾਲੇ ਮਾਲ ਦੀ ਸੀ.ਸੀ.ਟੀ.ਵੀ. ਫੁਟੇਜ ਦਾ ਮੁਕੰਮਲ ਰਿਕਾਰਡ ਹਰੇਕ ਸ਼ੈਲਰ ਮਾਲਕ ਕੋਲ ਹੋਣਾ ਚਾਹੀਦਾ ਹੈ, ਤਾਂ ਜੋ ਲੋੜ ਪੈਣ 'ਤੇ ਸੀ.ਸੀ.ਟੀ.ਵੀ. ਕੈਮਰੇ ਦੀ ਡੀ. ਵੀ. ਆਰ. ਤੋਂ ਰਿਕਾਰਡਿੰਗ ਦੇਖੀ ਜਾ ਸਕੇ। ਉਨ੍ਹਾ ਕਿਹਾ ਕਿ ਨਿਯਮਾਂ ਤੇ ਹਦਾਇਤਾਂ ਮੁਤਾਬਿਕ ਉਲੰਘਣਾ ਕਰਨ ਵਾਲੇ ਸ਼ੈਲਰ ਮਾਲਕਾਂ ਖਿਲਾਫ ਬਣਦੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ। ਇਸ ਤੋਂ ਪਹਿਲਾਂ ਏ ਡੀ ਸੀ ਨੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਪਿੰਡ ਧਿੰਗੜ ਤੇ ਬਣਾਂਵਾਲੀ ਵਿਖੇ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ। ਉਨ੍ਹਾ ਸਬੰਧਤ ਅਧਿਕਾਰੀਆਂ ਤੇ ਚੁਣੇ ਹੋਏ ਮੈਂਬਰਾਂ ਨੂੰ ਪਾਰਦਰਸ਼ੀ ਤੇ ਸਮਾਂਬੱਧ ਢੰਗ ਨਾਲ ਸਮੁੱਚੇ ਕਾਰਜਾਂ ਨੂੰ ਨੇਪਰੇ ਚੜ੍ਹਾਉਣ ਦੀ ਹਦਾਇਤ ਕੀਤੀ। ਉਨ੍ਹਾ ਸਪੱਸ਼ਟ ਕੀਤਾ ਕਿ ਉਸਾਰੀ ਲਈ ਵਰਤੇ ਜਾ ਰਹੇ ਮਾਲ ਦੀ ਗੁਣਵਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ, ਇਸ ਲਈ ਸਮੁੱਚੇ ਕੰਮਾਂ ਲਈ ਆਈ ਗ੍ਰਾਂਟ ਦੀ ਚੰਗੇ ਢੰਗ ਨਾਲ ਵਰਤੋਂ ਕੀਤੀ ਜਾਵੇ।

# ਮੁਲਾਜ਼ਮਾਂ ਨੂੰ ਦੀਵਾਲੀ ਦਾ ਕਰਜ਼ਾ ਵਧਾ ਕੇ ਦੇਣ ਦੀ ਕੀਤੀ ਮੰਗ

**ਛਾਜਲੀ (ਜਸਵੀਰ ਲਾਡੀ)**

ਟੈਕਨੀਕਲ ਐਂਡ ਮਕੈਨੀਕਲ ਇੰਪ ਯੂਨੀਅਨ ਪੰਜਾਬ ਬ੍ਰਾਂਚ ਸੁਨਾਮ ਦੇ ਮੁਲਾਜ਼ਮ ਨਛੱਤਰ ਸਿੰਘ ਚੱਠਾ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਗਰੁੱਪ ਡੀ ਦੇ ਮੁਲਾਜ਼ਮਾਂ ਨੂੰ ਹਰ ਸਾਲ ਦੀਵਾਲੀ ਦੇ ਤਿਉਹਾਰ 'ਤੇ ਵਿਆਜ ਰਹਿਤ ਕਰਜ਼ਾ ਦਿੱਤਾ ਜਾਂਦਾ ਹੈ, ਜੋ ਇਸ ਵਾਰ ਕਲੈਰੀਕਲ ਮੁਲਾਜ਼ਮਾਂ ਵੱਲੋਂ ਕੀਤੀ ਗਈ ਕਲਮ ਛੋੜ ਹੜਤਾਲ ਦੀ ਭੇਟ ਚੜ੍ਹ ਗਿਆ ਹੈ। ਉਨ੍ਹਾਂ ਮੰਗ ਕੀਤੀ ਕਿ ਹੁਣ ਕਲਰਕਾਂ ਦੀ ਹੜਤਾਲ ਖਤਮ ਹੋ ਗਈ ਹੈ। ਇਸ ਲਈ ਤਿਉਹਾਰੀ ਕਰਜ਼ਾ ਦੇਣ ਦੀ ਮਿਆਦ ਵਧਾ ਕੇ ਗਰੁੱਪ ਡੀ ਦੇ ਮੁਲਾਜਮਾਂ ਨੂੰ ਇਹ ਵਿਆਜ ਰਹਿਤ ਕਰਜ਼ਾ ਦਿੱਤਾ ਜਾਵੇ। ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਗੁਰਸੇਵਕ ਸਿੰਘ ਕਣਕਵਾਲ, ਬਲਵਿੰਦਰ ਸਿੰਘ ਸੁਨਾਮ ਨੇ ਦੱਸਿਆ ਕਿ ਚੋਣਾਂ ਤੋਂ ਪਹਿਲਾਂ ਸਰਕਾਰ ਦੇ ਮੁੱਖ ਲੀਡਰਾਂ ਵੱਲੋਂ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦੇ ਵੱਡੇ-ਵੱਡੇ ਵਾਅਦੇ ਕੀਤੇ ਗਏ ਸਨ, ਪ੍ਰੰਤੂ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦਾ ਇੱਕ ਵੀ ਮੁਲਾਜ਼ਮ ਪੱਕਾ ਨਹੀਂ ਕੀਤਾ ਗਿਆ। ਰਾਜਿੰਦਰ ਸਿੰਘ ਸੁਨਾਮ, ਮਿੱਠਾ ਸਿੰਘ ਧਰਮਗੜ੍ਹ, ਰਮਨਜੀਤ ਸਿੰਘ ਕੜਿਆਲ ਨੇ ਮੰਗ ਕੀਤੀ ਕਿ ਕੇਂਦਰ ਸਰਕਾਰ ਤੇ ਗੁਆਂਢੀ ਰਾਜਾਂ ਦੀ ਤਰਜ ਤੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ 38 ਫੀਸਦੀ ਡੀ ਏ ਦਿੱਤਾ ਜਾਵੇ, 6ਵੇਂ ਪੇ ਕਮਿਸਨ ਲਾਗੂ ਕਰਨ ਸਮੇਂ ਜੋ ਭੱਤੇ ਕੱਟੇ ਗਏ ਹਨ ਉਨ੍ਹਾਂ ਨੂੰ ਮੁੜ ਲਾਗੂ ਕੀਤਾ ਜਾਵੇ, ਪੇਂਡੂ ਭੱਤਾ ਬਹਾਲ ਕੀਤਾ ਜਾਵੇ, ਜਲ ਸਪਲਾਈ ਤੇ ਸੈਨੀਟੇਸਨ ਵਿਭਾਗ ਵਿਚ ਦਰਜਾ ਤਿੰਨ ਅਤੇ ਦਰਜਾ ਚਾਰ ਮੁਲਾਜ਼ਮਾਂ ਦਾ ਪ੍ਰਮੋਸ਼ਨ ਚੈਨਲ ਲਾਗੂ ਕਰਕੇ ਲੰਮੇ ਸਮੇਂ ਤੋਂ ਇੱਕੋ ਪੋਸਟ 'ਤੇ ਸਰਵਿਸ ਕਰਦੇ ਮੁਲਾਜ਼ਮਾਂ ਨੂੰ ਪ੍ਰਮੋਟ ਕੀਤਾ ਜਾਵੇ ਅਤੇ ਤਰਸ ਦੇ ਆਧਾਰ 'ਤੇ ਨੌਕਰੀਆਂ ਦੇ ਬਕਾਏ ਪਏ ਕੇਸਾਂ ਦੇ ਤੁਰੰਤ ਹੁਕਮ ਜਾਰੀ ਕੀਤੇ ਜਾਣ।

# ਨੈਸ਼ਨਲ ਯੋਗਾ ਚੈਂਪੀਅਨਸ਼ਿਪ; ਕਲਾਤਮਕ, ਰਿਧਮਿਕ ਤੇ ਫਰੀ ਫਾਲੋ 'ਚ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ

## ਚੈਂਪੀਅਨਸ਼ਿਪ 'ਚ ਵਿਧਾਇਕ ਰਣਬੀਰ ਭੁੱਲਰ ਮੁੱਖ ਮਹਿਮਾਨ ਵਜੋਂ ਪੁੱਜੇ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਅੰਤਰਰਾਸ਼ਟਰੀ ਭਾਰਤ-ਪਾਕਿ ਸਰਹੱਦ ਨਾਲ ਲੱਗਦੇ ਸਰਹੱਦੀ ਜ਼ਿਲ੍ਹੇ ਵਿੱਚ ਸ਼ਹੀਦਾਂ ਦੀ ਧਰਤੀ 'ਤੇ ਦੇਸ਼ ਭਰ ਤੋਂ ਆਏ ਹਜ਼ਾਰਾਂ ਯੋਗੀਆਂ ਦਾ ਸਵਾਗਤ ਕਰਦਿਆਂ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਕਿਹਾ ਕਿ ਅਜਿਹੇ ਸਮਾਗਮ ਹੋਣ ਨਾਲ ਜ਼ਿਲ੍ਹਾ ਸੈਰ ਸਪਾਟੇ ਵਿੱਚ ਨਿਖਾਰ ਆਵੇਗਾ। ਦਾਸ ਐਂਡ ਬ੍ਰਾਊਨ ਵਰਲਡ ਸਕੂਲ ਵਿਖੇ ਕਰਵਾਈ ਗਈ ਚਾਰ ਰੋਜ਼ਾ 47ਵੀਂ ਸਬ-ਜੂਨੀਅਰ ਤੇ ਜੂਨੀਅਰ ਨੈਸ਼ਨਲ ਯੋਗਾਸਨ ਸਪੋਰਟਸ ਚੈਂਪੀਅਨਸ਼ਿਪ ਵਿੱਚ ਵਿਧਾਇਕ ਰਣਬੀਰ ਭੁੱਲਰ ਨੇ ਡੀ.ਸੀ.ਐੱਮ. ਗਰੁੱਪ ਆਫ ਸਕੂਲਜ਼ ਦੀ ਸ਼ਲਾਘਾ ਕਰਦਿਆਂ ਕਿਹਾ ਕਿ 75 ਸਾਲਾਂ ਦੇ ਇਤਿਹਾਸ ਵਿੱਚ ਡੀ.ਸੀ.ਐੱਮ. ਗਰੁੱਪ ਨੇ ਸਿੱਖਿਆ, ਖੇਡਾਂ ਵਿੱਚ ਯੋਗਦਾਨ ਪਾਇਆ ਹੈ। ਸੱਭਿਆਚਾਰ ਤੇ ਸਮਾਜ ਸੇਵਾ ਦੇ ਖੇਤਰ ਵਿੱਚ ਕੀਤੇ ਮਹਾਨ ਕਾਰਜ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾ ਕਿਹਾ ਕਿ ਹਜ਼ਾਰਾਂ ਲੋਕਾਂ ਨੂੰ ਰੁਜ਼ਗਾਰ ਦੇ ਕੇ ਜ਼ਿਲ੍ਹੇ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਕੰਮ ਕੀਤਾ ਹੈ। ਵਿਧਾਇਕ ਨੇ ਪੰਜਾਬ ਯੋਗਾ ਐਸੋਸੀਏਸ਼ਨ ਦੇ ਪ੍ਰਧਾਨ ਤੇ ਡੀ ਸੀ ਐੱਮ ਗਰੁੱਪ ਦੇ ਸੀਈਓ ਡਾ. ਅਨਿਰੁਧ ਗੁਪਤਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਗੁਪਤਾ ਵੱਲੋਂ ਜ਼ਿਲ੍ਹੇ ਵਿੱਚ ਯੋਗਾ ਚੈਂਪੀਅਨਸ਼ਿਪ ਕਰਵਾ ਕੇ ਨੌਜਵਾਨਾਂ ਨੂੰ ਨਵੀਂ ਦਿਸ਼ਾ ਦੇਣ ਲਈ ਕੀਤਾ ਗਿਆ ਉਪਰਾਲਾ ਸ਼ਲਾਘਾਯੋਗ ਹੈ। ਚੈਂਪੀਅਨਸ਼ਿਪ ਵਿੱਚ ਭਾਗ ਲੈਣ ਵਾਲੇ ਤੇ ਯੋਗਾ ਅਧਿਕਾਰੀਆਂ ਨੇ ਰਾਸ਼ਟਰੀ ਯੋਗਾਸਨ ਖੇਡ ਮੁਕਾਬਲੇ, ਸੁਹਜ ਯੋਗਾਸਨ, ਆਰਟਿਸਟਿਕ ਪੇਅਰ ਯੋਗਾ, ਰਿਧਮਿਕ ਯੋਗਾਸਨ, ਫ੍ਰੀ ਫਾਲੋ ਯੋਗਾਸਨ, ਪ੍ਰੋਫੈਸ਼ਨਲ ਮੇਨ ਯੋਗਾਸਨ ਰਾਹੀਂ ਆਪਣੀ ਕਲਾ ਦਾ ਪ੍ਰਦਰਸ਼ਨ ਕਰਕੇ ਸਾਰਿਆਂ ਨੂੰ ਪ੍ਰਭਾਵਿਤ ਕੀਤਾ। ਦਾਸ ਤੇ ਬਰਾਊਨ ਵਰਲਡ ਸਕੂਲ ਵਿੱਚ ਕਰਵਾਏ ਗਏ ਯੋਗਾ ਦੇ ਵੱਖ-ਵੱਖ ਮੁਕਾਬਲਿਆਂ ਵਿੱਚ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦਕਿ ਐੱਸ ਡੀ ਐੱਮ ਰਣਜੀਤ ਸਿੰਘ ਭੁੱਲਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਪ੍ਰੋਗਰਾਮ ਦੀ ਪ੍ਰਧਾਨਗੀ ਪੰਜਾਬ ਯੋਗਾ ਐਸੋਸੀਏਸ਼ਨ ਦੇ ਪ੍ਰਧਾਨ ਡਾ: ਅਨਿਰੁਧ ਗੁਪਤਾ ਨੇ ਕੀਤ। ਡਾ. ਸੀਲ ਸੇਠੀ, ਐਡਵੋਕੇਟ ਅਸ਼ਵਨੀ ਸਾਮਾ, ਰੈੱਡ ਕਰਾਸ ਦੇ ਸਕੱਤਰ ਅਸ਼ੋਕ ਬਹਿਲ, ਵਿਪੁਲ ਨਾਰੰਗ, ਸਾਬਕਾ ਕੌਂਸਲਰ ਮਨਮੀਤ ਸਿੰਘ ਮਿੱਠੂ, ਯੋਗਾ ਫੈਡਰੇਸ਼ਨ ਆਫ ਇੰਡੀਆ ਦੇ ਚੇਅਰਮੈਨ ਅਸ਼ੋਕ ਅਗਰਵਾਲ ਤੋਂ ਇਲਾਵਾ ਅਸਾਮ ਯੋਗਾ ਦੇ ਪ੍ਰਧਾਨ ਤਪਨ ਕੇ. ਆਰ. ਦਾਸ, ਬਿਹਾਰ ਦੇ ਸਕੱਤਰ ਦਾਨੇਸ਼ ਕੁਮਾਰ ਸਿਨਹਾ ਆਦਿ ਹਾਜ਼ਰ ਸਨ। ਚੰਡੀਗੜ੍ਹ ਦੇ ਪ੍ਰਧਾਨ ਐੱਮਐੱਸ ਕੰਬੋਜ, ਛੱਤੀਸਗੜ੍ਹ ਐੱਮ.ਐੱਨ.ਸਿੰਘ, ਹਰਿਆਣਾ ਯੋਗ ਪ੍ਰਧਾਨ ਪ੍ਰਦੀਪ ਕੁਮਾਰ, ਝਾਰਖੰਡ ਦੇ ਸਕੱਤਰ ਅਮਰੇਂਦਰ ਕੇ.ਆਰ.ਵਿਕਲ ਅਤੇ ਹੋਰਾਂ ਨੇ ਵਿਸੇਸ ਤੌਰ 'ਤੇ ਸ਼ਿਰਕਤ ਕੀਤੀ।

ਇਸ ਮੌਕੇ ਪ੍ਰਿੰਸੀਪਲ ਯਚਨਾ ਚਾਵਲਾ, ਉੱਪ ਪ੍ਰਿੰਸੀਪਲ ਮਨੀਸ਼ ਬੰਗਾ, ਵੀ ਪੀ ਡਾ. ਸਲੀਨ, ਹੈੱਡ ਸਪੋਰਟਸ ਅਜਲਪ੍ਰੀਤ, ਦੀਪਕ ਮੋਗਾ, ਵਰਿੰਦਰਾ ਮਦਾਨ, ਸਟੂਟੀ, ਅਰਚਨਾ, ਅਨੂ ਸ਼ਰਮਾ, ਹਰਿੰਦਰਾ ਭੁੱਲਰ, ਐਡਵੋਕੇਟ ਅਸੀਸ ਸ਼ਰਮਾ, ਗੌਰੀ ਮਹਿਤਾ, ਨਿਤਿਨ ਜੇਤਲੀ, ਅਭਿਨਵ ਜੋਸ਼ੀ, ਡਾ. ਵਿਸ਼ਾਲ ਗੋਇਲ, ਚੰਦਰ ਕਾਂਤ, ਰਮਨ ਕੁਮਾਰ ਆਦਿ ਹਾਜ਼ਰ ਸਨ।

# ਖ਼ੂਨਦਾਨ ਕੈਂਪ 'ਚ 75 ਯੂਨਿਟ ਖ਼ੂਨਦਾਨ

**ਬੁਢਲਾਡਾ (ਅਸ਼ੋਕ ਲਾਕੜਾ)**




ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਵੱਲੋਂ ਸੰਤ ਨਿਰੰਕਾਰੀ ਭਵਨ ਵਿਖੇ ਖ਼ੂਨਦਾਨ ਕੈਂਪ ਲਾਇਆ ਗਿਆ, ਜਿਸ ਵਿੱਚ ਸੰਤ ਨਿਰੰਕਾਰੀ ਮਿਸ਼ਨ ਦੇ 75 ਸ਼ਰਧਾਲੂਆਂ ਤੇ ਸੇਵਾਦਾਰਾਂ ਨੇ ਨਿਰਸਵਾਰਥ ਖ਼ੂਨਦਾਨ ਕੀਤਾ। ਖ਼ੂਨ ਇਕੱਠਾ ਕਰਨ ਲਈ ਬਲੱਡ ਬੈਂਕ, ਮਾਨਸਾ ਦੀ ਟੀਮ ਪਹੁੰਚੀ।

ਕੈਂਪ ਦਾ ਉਦਘਾਟਨ ਰਾਮ ਕਿਸ਼ਨ ਸੰਮੀ, ਖੇਤਰੀ ਸੰਚਾਲਕ ਨੇ ਕੀਤਾ। ਉਨ੍ਹਾਂ ਨਾਲ ਬਲੱਡ ਬੈਂਕ ਦੀ ਟੀਮ ਵੀ ਹਾਜ਼ਰ ਸਨ। ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੇ ਅਸ਼ੀਰਵਾਦ ਸਦਕਾ ਲਗਾਏ ਇਸ ਕੈਂਪ ਚ ਪੁੱਜੇ ਖ਼ੂਨਦਾਨੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਖ਼ੂਨਦਾਨ ਸਭ ਤੋਂ ਉੱਤਮ ਦਾਨ ਹੈ। ਮਨੁੱਖਤਾ ਦੀ ਭਲਾਈ ਲਈ ਹਰ ਇੱਕ ਨੂੰ ਖ਼ੂਨਦਾਨ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।

ਬੁਢਲਾਡਾ ਬ੍ਰਾਂਚ ਦੇ ਸੰਜੋਜਕ ਡਾਕਟਰ ਅਸ਼ੋਕ ਢੀਂਗਰਾ ਨੇ ਕੈਂਪ ਵਿੱਚ ਹਾਜ਼ਰ ਸਮੂਹ ਪਤਵੰਤਿਆਂ ਤੇ ਸਮੂਹ ਖ਼ੂਨਦਾਨੀਆਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਇਸ ਮਨੁੱਖਤਾ ਲਈ ਕੀਤੇ ਜਾ ਰਹੇ ਬਹੁਤ ਮਹੱਤਵਪੂਰਨ ਕੰਮ ਖ਼ੂਨਦਾਨ ਲਈ ਆਪ ਸਭ ਵਧਾਈ ਦਾ ਹੱਕਦਾਰ ਹੋ।

ਉਨ੍ਹਾਂ ਕਿਹਾ ਕਿ ਮਿਸ਼ਨ ਵੱਲੋਂ ਦਿੱਲੀ ਵਿਖੇ ਨਵੰਬਰ 1986 ਵਿੱਚ ਸਾਲਾਨਾ ਨਿਰੰਕਾਰੀ ਸੰਤ ਸਮਾਗਮ ਮੌਕੇ ਪਹਿਲਾ ਖ਼ੂਨਦਾਨ ਕੈਂਪ ਲਾਇਆ ਗਿਆ ਸੀ, ਜਿਸ ਵਿੱਚ ਬਾਬਾ ਹਰਦੇਵ ਸਿੰਘ ਨੇ ਇਸ ਕੈਂਪ ਦਾ ਉਦਘਾਟਨ ਕੀਤਾ ਸੀ ਤੇ ਇਸ ਕੈਂਪ ਦਾ ਆਯੋਜਨ ਸੰਗਤਾਂ ਵੱਲੋਂ ਲਗਾਤਾਰ ਕੀਤਾ ਜਾ ਰਿਹਾ ਹੈ। ਪਿਛਲੇ 36 ਸਾਲਾਂ ਤੋਂ ਇਹ ਮਿਸ਼ਨ ਲੋਕਾਂ ਦੀ ਭਲਾਈ ਲਈ ਹੁਣ ਤੱਕ 7,317 ਖ਼ੂਨਦਾਨ ਕੈਂਪਾਂ ਵਿੱਚੋਂ 12,10,440 ਯੂਨਿਟ ਖ਼ੂਨਦਾਨ ਕੀਤਾ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਸੰਤ ਨਿਰੰਕਾਰੀ ਮਿਸ਼ਨ ਵੱਲੋਂ ਸਮੇਂ-ਸਮੇਂ 'ਤੇ ਲੋਕ ਹਿੱਤਾਂ ਦੀ ਬਿਹਤਰੀ ਲਈ ਵਿਸ਼ਵ ਭਰ ਵਿੱਚ ਬਹੁਤ ਸਾਰੀਆਂ ਸੇਵਾਵਾਂ ਕੀਤੀਆਂ ਜਾ ਰਹੀਆਂ ਹਨ ਤਾਂ ਜੁ ਸਮਾਜ ਦਾ ਸਹੀ ਵਿਕਾਸ ਹੋ ਸਕੇ, ਜਿਸ ਵਿੱਚ ਮੁੱਖ ਤੌਰ 'ਤੇ ਸਫ਼ਾਈ ਮੁਹਿੰਮ, ਰੁੱਖ ਲਾਉਣਾ, ਮੁਫ਼ਤ ਮੈਡੀਕਲ ਕੈਂਪ, ਮੁਫ਼ਤ ਅੱਖਾਂ ਦਾ ਕੈਂਪ, ਕੁਦਰਤੀ ਆਫ਼ਤਾਂ ਵਿੱਚ ਲੋੜਵੰਦਾਂ ਦੀ ਮਦਦ ਆਦਿ ਦੇ ਨਾਲ-ਨਾਲ ਔਰਤਾਂ ਦੇ ਸਸਕਤੀਕਰਨ ਤੇ ਬਾਲ ਵਿਕਾਸ ਲਈ ਕਈ ਭਲਾਈ ਸਕੀਮਾਂ ਵੀ ਸੁਚਾਰੂ ਢੰਗ ਨਾਲ ਚਲਾਈਆਂ ਜਾ ਰਹੀਆਂ ਹਨ। ਇਨ੍ਹਾਂ ਸਾਰੀਆਂ ਸੇਵਾਵਾਂ ਲਈ, ਮਿਸ਼ਨ ਦੀ ਸਮੇਂ-ਸਮੇਂ 'ਤੇ ਰਾਜ ਸਰਕਾਰਾਂ ਵੱਲੋਂ ਸ਼ਲਾਘਾ ਅਤੇ ਸਨਮਾਨ ਕੀਤਾ ਜਾਂਦਾ ਰਿਹਾ ਹੈ।

## ਸ਼ਹਿਰ 'ਚ ਭਖਿਆ ਨਹਿਰਾਂ ਦਾ ਮੁੱਦਾ

# ਸਰਕਾਰ ਦਾ ਲੋਕ ਵਿਰੋਧੀ ਫੈਸਲਾ ਦਿਨ-ਬ-ਦਿਨ ਸਬਰ ਦੇ ਬੰਨ੍ਹ ਤੋੜ ਰਿਹੈ : ਜਜਬਮੋ

**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**



ਮੀਟਿੰਗ ਕਰਦੇ ਜਥੇਬੰਦੀਆਂ ਦੇ ਆਗੂ।

ਸਥਾਨਕ ਨਹਿਰਾਂ ਦਾ ਮੁੱਦਾ ਸ਼ਹਿਰ ਵਿੱਚ ਭਖਿਆ। ਨਹਿਰਾਂ ਨੂੰ ਪੱਕੇ ਕਰਨ ਦਾ ਸਰਕਾਰ ਵੱਲੋਂ ਕੀਤਾ ਲੋਕ ਵਿਰੋਧੀ ਫੈਸਲਾ ਦਿਨ ਬ ਦਿਨ ਫਰੀਦਕੋਟ ਵਾਸੀਆਂ ਦੇ ਸਬਰ ਦੇ ਬੰਨ੍ਹ ਤੋੜ ਰਿਹਾ ਹੈ। ਫਰੀਦਕੋਟ ਵਿੱਚ ਪਹਿਲਾਂ ਹੀ ਸਮਾਜ ਸੇਵੀ ਸੰਸਥਾਵਾਂ, ਵੱਖ ਵੱਖ ਕਲੱਬਾਂ, ਮੁਲਾਜ਼ਮ ਫਰੰਟ, ਪੈਨਸ਼ਨਰ ਐਸੋਸੀਏਸ਼ਨ, ਸਟੂਡੈਂਟ ਫੈਡਰੇਸ਼ਨ ਤੇ ਸੰਯੁਕਤ ਕਿਸਾਨ ਜਥੇਬੰਦੀਆਂ ਵੱਲੋਂ ਇੱਕ ਮੱਤ ਹੋ ਕੇ ਜਲ ਜੀਵਨ ਬਚਾਓ ਮੋਰਚਾ ਦਾ ਗਠਨ ਕੀਤਾ ਗਿਆ ਸੀ। ਇਸੇ ਲੜੀ ਵਿੱਚ 29 ਅਕਤੂਬਰ ਨੂੰ ਹੋਈ ਸੰਯੁਕਤ ਮੀਟਿੰਗ ਵਿੱਚ ਕਈ ਵੱਡੇ ਫੈਸਲੇ ਲਏ ਗਏ, ਜਿਸ ਵਿੱਚ ਨਹਿਰਾਂ ਨਾਲ ਲੱਗਦੇ ਇਲਾਕੇ ਦੇ ਜ਼ਿਮੀਂਦਾਰਾਂ ਨੂੰ ਵੀ ਤਾਕੀਦ ਕੀਤੀ ਗਈ ਕਿ ਕੋਈ ਵੀ ਜ਼ਿਮੀਂਦਾਰ ਨਹਿਰਾਂ ਪੱਕੀਆਂ ਕਰਨ ਵਾਲੇ ਠੇਕੇਦਾਰਾਂ ਨੂੰ ਠੇਕੇ 'ਤੇ ਜ਼ਮੀਨ ਨਹੀਂ ਦੇਵੇਗਾ। ਠੇਕੇਦਾਰਾਂ ਨੂੰ ਵੀ ਸਖਤ ਸ਼ਬਦਾਂ 'ਚ ਹਦਾਇਤ ਕੀਤੀ ਕਿ ਜੇਕਰ ਠੇਕੇਦਾਰ ਟੈਂਡਰ ਪਾਉਂਦੇ ਹਨ ਤਾਂ ਆਪਣੇ ਨੁਕਸਾਨ ਦੇ ਆਪ ਜ਼ਿੰਮੇਵਾਰ ਹੋਣਗੇ, ਕਿਉਂਕਿ ਫਰੀਦਕੋਟ ਦੇ ਲੋਕ ਆਪ ਸਰਕਾਰ ਦੇ ਦੂਜਿਆਂ ਰਾਜਾਂ ਤੇ ਕਾਰਪੋਰੇਟ ਘਰਾਣਿਆਂ ਨੂੰ ਪਾਣੀ ਦੇਣ ਦੇ ਮਨਸੂਬੇ ਕਦੀ ਕਾਮਯਾਬ ਨਹੀਂ ਹੋਣ ਦੇਣਗੇ।

ਜਲ ਜੀਵਨ ਬਚਾਓ ਮੋਰਚਾ ਦੇ ਆਗੂ ਪਹਿਲਾਂ ਹੀ ਇਲਾਕੇ ਦੇ ਐੱਮ ਐੱਲ ਏ ਗੁਰਦਿੱਤ ਸਿੰਘ ਸੇਖੋਂ, ਕੋਟਕਪੂਰਾ ਤੋਂ ਵਿਧਾਇਕ ਤੇ ਪੰਜਾਬ ਸਰਕਾਰ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੇ ਡਾ. ਬਲਜੀਤ ਕੌਰ ਕੈਬਨਿਟ ਮੰਤਰੀ ਨੂੰ ਮਿਲ ਕੇ ਮੰਗ ਪੱਤਰ ਦੇ ਚੁੱਕੇ ਹਨ ਤੇ ਈ ਮੇਲ ਦੁਆਰਾ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਆਪਣੀ ਮੰਗ ਦੱਸ ਚੁੱਕੇ ਹਨ। ਆਮ ਆਦਮੀ ਪਾਰਟੀ ਜਦੋਂ ਪਾਵਰ ਵਿੱਚ ਨਹੀਂ ਸੀ ਤਾਂ ਇਨ੍ਹਾਂ ਦੇ ਪ੍ਰਤੀਨਿਧੀ ਆਪ ਰੰਗ ਦਾ ਡੱਬਾ ਤੇ ਬੁਰਸ਼ ਫੜ ਕੇ ਨਲਕਿਆਂ 'ਤੇ ਲਾਲ ਰੰਗ ਮਾਰ ਰਹੇ ਸਨ ਕਿ ਇਨ੍ਹਾਂ ਨਲਕਿਆਂ ਦਾ ਪਾਣੀ ਪੀਣ ਲਾਇਕ ਨਹੀਂ ਹੈ। ਪਾਵਰ ਵਿੱਚ ਆਉਂਦੇ ਹੀ ਉਨ੍ਹਾਂ ਨੇ ਕਾਰਪੋਰੇਟ ਘਰਾਣਿਆਂ ਦੇ ਹੱਥ ਠੋਕੇ ਬਣ ਕੇ ਉਨ੍ਹਾਂ ਦੇ ਇਸ਼ਾਰਿਆਂ 'ਤੇ ਪੰਜਾਬ ਦੇ ਲੋਕਾਂ ਤੋਂ ਪੀਣ ਵਾਲਾ ਪਾਣੀ ਖੋਹ ਰਹੇ ਹਨ। ਕਨਵੀਨਰ ਸੰਕਰ ਸ਼ਰਮਾ, ਕੋ-ਕਨਵੀਨਰ ਸ਼ਿਵਜੀਤ ਸਿੰਘ ਤੇ ਡਾ. ਪ੍ਰਿਤਪਾਲ ਸਿੰਘ ਨੇ ਸਰਕਾਰਾਂ ਨੂੰ ਸਵਾਲ ਕੀਤਾ ਕਿ ਅਜਿਹਾ ਕਿਹੜਾ ਜਾਦੂ ਹੈ ਆਪ ਸਰਕਾਰ ਕੋਲ ਕਿ ਹੁਣ ਇਨ੍ਹਾਂ ਨਲਕਿਆਂ ਦੇ ਪਾਣੀ ਪੀਣ ਲਾਇਕ ਹੋ ਗਏ। ਉਨ੍ਹਾਂ ਪੁੱਛਿਆ ਕਿ ਹਵਾ ਪਾਣੀ ਨੂੰ ਮੁੱਦਾ ਬਣਾ ਕੇ ਸੱਤਾ 'ਚ ਆਏ ਆਪ ਅਧਿਕਾਰੀ ਵੀ ਹੁਣ ਪੰਜਾਬ ਦੀ ਆਬੋ ਹਵਾ ਦਾ ਸੌਦਾ ਕਰਨਗੇ ਤਾਂ ਪੰਜਾਬ ਦੇ ਲੋਕ ਆਪਣੀ ਫਰਿਆਦ ਕਿਸ ਕੋਲ ਲੈ ਕੇ ਜਾਣਗੇ। ਫਰੀਦਕੋਟ ਦਾ ਕੋਈ ਵੀ ਸ਼ਹਿਰੀ ਨਹੀਂ ਚਾਹੁੰਦਾ ਕਿ ਨਹਿਰਾਂ ਪੱਕੀਆਂ ਹੋਣ।

ਜਜਬਮੋ ਦੇ ਆਗੂਆਂ ਨੇ ਵੱਡੀ ਗਿਣਤੀ ਵਿੱਚ ਸਥਾਨਕ ਨਹਿਰਾਂ 'ਤੇ ਮੀਟਿੰਗ ਕਰਕੇ ਵਿਰੋਧ ਨੂੰ ਅਗਲੇ ਪੜਾਅ 'ਤੇ ਲਿਜਾਣ ਦਾ ਐਲਾਨ ਕਰ ਦਿੱਤਾ ਹੈ। ਹੁਣ 12 ਨਵੰਬਰ ਨੂੰ 12 ਵਜੇ ਇੱਕ ਹੋਰ ਰੋਸ ਮਾਰਚ ਕੱਢਿਆ ਜਾਵੇਗਾ, ਜੋ ਮਿੰਨੀ ਸਕੱਤਰੇਤ ਤੋਂ ਸ਼ੁਰੂ ਹੋ ਕੇ ਐੱਮ ਐੱਲ ਏ ਗੁਰਦਿੱਤ ਸਿੰਘ ਸੇਖੋਂ ਦੇ ਘਰ ਤੱਕ ਜਾਵੇਗਾ ਤੇ ਐੱਮ ਐੱਲ ਏ ਦਾ ਘਰ ਘੇਰੇਗਾ। ਜਲ ਜੀਵਨ ਬਚਾਓ ਮੋਰਚਾ ਸੰਘਰਸ਼ ਨੂੰ ਕਿਸੇ ਵੀ ਹੱਦ ਤੱਕ ਲਿਜਾਣ ਲਈ ਸਮਰੱਥ ਹੈ ਤੇ ਲੈ ਕੇ ਜਾਵੇਗਾ ਵੀ, ਜਦੋਂ ਤੱਕ ਇਹ ਨਾਦਰਸ਼ਾਹੀ ਫ਼ਰਮਾਨ ਵਾਪਸ ਨਹੀਂ ਹੋ ਜਾਂਦਾ।

ਇਸ ਮੌਕੇ ਸੀਰ ਸੁਸਾਇਟੀ ਤੋਂ ਕਰਮਜੀਤ ਸਿੰਘ, ਮਾਸਟਰ ਕਰਤਾ ਰਾਮ ਸੋਸਾਇਟੀ ਤੋਂ ਕੇਵਲ ਕ੍ਰਿਸ਼ਨ ਕਟਾਰੀਆ, ਫਤਹਿ ਫਾਊਂਡੇਸ਼ਨ ਤੋਂ ਵਰਿੰਦਰ ਸਿੰਘ ਖਾਲਸਾ, ਆਦਰਸ ਨਗਰ ਤੋਂ ਰਜਨੀਸ਼ ਗਰੋਵਰ, ਸ੍ਰੀ ਚੰਦ ਸੁਸਾਇਟੀ ਤੋਂ ਰਾਜਿੰਦਰ ਦਾਸ ਰਿੰਕੂ, ਦਵਿੰਦਰ ਸਿੰਘ-ਪੰਜਾਬ ਮੋਟਰਜ਼, ਸਿਮਰਜੀਤ ਸਿੰਘ ਪੀ ਆਰ ਟੀ ਸੀ, ਜਤਿੰਦਰ ਕੁਮਾਰ-ਮੁਲਾਜ਼ਮ ਫਰੰਟ, ਰਾਜਵੀਰ ਸਿੰਘ ਗਿੱਲ ਸੰਧਵਾਂ, ਵੀਰਿੰਦਰ ਜੀਤ ਸਿੰਘ ਪੁਰੀ, ਜਸਪ੍ਰੀਤ ਸਿੰਘ ਸੇਵ ਹੀਊਮੈਨਿਟੀ ਫਾਊਂਡੇਸ਼ਨ, ਦੀਪਕ ਸ਼ਰਮਾ ਰਾਧਾ ਕ੍ਰਿਸ਼ਨ ਧਾਮ, ਦੁਸਹਿਰਾ ਕਮੇਟੀ ਤੋਂ ਨਵਦੀਪ ਗਰਗ, ਨੈਸ਼ਨਲ ਯੂਥ ਕਲੱਬ ਤੋਂ ਕੁਲਵਿੰਦਰ ਸਿੰਘ ਗੋਰਾ, ਬੀੜ ਸੋਸਾਇਟੀ ਤੋਂ ਜਸਪਿੰਦਰ ਬਰਾੜ, ਰੋਟਰੀ ਕਲੱਬ ਤੋਂ ਅਰਸ ਸੱਚਰ, ਲਾਈਨ ਕਲੱਬ ਤੋਂ ਗੁਰਚਰਨ ਗਿੱਲ, ਰਾਜਿੰਦਰ ਸਿੰਘ ਦੀਪ ਸਿੰਘ ਵਾਲਾ, ਅਮਰਜੀਤ ਸਿੰਘ ਧਨੌਲਾ, ਹਰਪਾਲ ਸਿੰਘ ਕੁੱਲ ਹਿੰਦ ਕਿਸਾਨ ਸਭਾ, ਜਸਵੰਤ ਸਿੰਘ ਬੀਕੇਯੂ ਕਾਦੀਆਂ, ਦਲੀਪ ਸਿੰਘ ਤੇ ਸਮਸ਼ੇਰ ਸਿੰਘ ਬੀਕੇਯੂ ਬਹਿਰੂ, ਗੁਰਤੇਜ ਸਿੰਘ ਪੀਐੱਸਐੱਸਐੱਫ, ਸਰਨਜੀਤ ਸਿੰਘ ਸਰਾਂ ਬੀਕੇਯੂ ਫਤਹਿ, ਕੇਸ਼ਵ ਅਜ਼ਾਦ ਪੀਐੱਸਯੂ, ਸਵਿੰਦਰ ਸੰਧੂ ਟ੍ਰੇਡ ਯੂਨੀਅਨ, ਨੌਨਿਹਾਲ ਸਿੰਘ ਨੌਜਵਾਨ ਭਾਰਤ ਸਭਾ ਆਦਿ ਸ਼ਾਮਲ ਸਨ।

# 1.91 ਲੱਖ ਮੀਟਰਕ ਟਨ ਝੋਨਾ ਖਰੀਦ ਦਾ ਟੀਚਾ ਜਲਦ ਪੂਰਾ ਕੀਤਾ ਜਾਵੇਗਾ : ਕਟਾਰੂ ਚੱਕ

**ਮੋਗਾ (ਅਮਰਜੀਤ ਬੱਬਰੀ)**



ਖੁਰਾਕ ਤੇ ਸਿਵਲ ਸਪਲਾਈ ਮੰਤਰੀ ਤੇ ਖਪਤਕਾਰ ਮਾਮਲੇ, ਜੰਗਲਾਤ ਤੇ ਜੰਗਲੀ ਜੀਵ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਨੇ ਵਿਧਾਇਕਾ ਡਾਕਟਰ ਅਮਨਦੀਪ ਕੌਰ ਅਰੋੜਾ, ਹਲਕਾ ਨਿਹਾਲ ਸਿੰਘ ਵਾਲਾ ਦੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ, ਹਲਕਾ ਧਰਮਕੋਟ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ, ਜ਼ਿਲ੍ਹਾ ਪ੍ਰਧਾਨ ਹਰਮਨਜੀਤ ਸਿੰਘ ਦਿਦਾਰੇਵਾਲਾ, ਮੀਡੀਆ ਇੰਚਾਰਜ ਜ਼ਿਲ੍ਹਾ ਮੋਗਾ ਅਮਨ ਰਖਰਾ, ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਅਤੇ ਸਮੇਤ ਜ਼ਿਲ੍ਹਾ ਪ੍ਰਸ਼ਾਸਨ ਦੀ ਸਮੁੱਚੀ ਟੀਮ ਨੇ ਮੁੱਖ ਅਨਾਜ ਮੰਡੀ ਦਾ ਦੌਰਾ ਕੀਤਾ ਤੇ ਝੋਨੇ ਦੀ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ 1.91 ਲੱਖ ਮੀਟਰਕ ਟਨ ਝੋਨੇ ਦੀ ਖਰੀਦ ਦਾ ਨਿਰਧਾਰਤ ਕੀਤੇ ਟੀਚੇ ਨੂੰ ਜਲਦ ਪੂਰਾ ਕੀਤਾ ਜਾਵੇਗਾ।

ਇਸ ਮੌਕੇ ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਕਿਸਾਨਾਂ ਨੂੰ ਝੋਨੇ ਦੀ ਫ਼ਸਲ ਵੇਚਣ ਸਬੰਧੀ ਕਿਸੇ ਵੀ ਕਿਸਮ ਦੀ ਕੋਈ ਪ੍ਰੇਸ਼ਾਨੀ ਪੇਸ਼ ਨਾ ਆਉਣ ਦਿੱਤੀ ਜਾਵੇ। ਉਨ੍ਹਾਂ ਮਾਰਕਿਟ ਕਮੇਟੀ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਅਨਾਜ ਮੰਡੀਆਂ ਵਿਚ ਪੀਣ ਵਾਲੇ ਪਾਣੀ, ਰੌਸਨੀ ਅਤੇ ਸਾਫ਼ ਸਫ਼ਾਈ ਦਾ ਖਾਸ ਖਿਆਲ ਰੱਖਿਆ ਜਾਵੇ।

ਕੈਬਨਿਟ ਮੰਤਰੀ ਕਟਾਰੂਚੱਕ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਮਨਸ਼ਾ ਹੈ ਕਿ ਕਿਸਾਨਾਂ ਨੂੰ ਅਨਾਜ ਮੰਡੀਆਂ ਵਿੱਚ ਕਿਸੇ ਤਰ੍ਹਾਂ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇ। ਇਸ ਲਈ ਹੀ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਦੇ ਅਦੇਸ਼ਾਂ ਅਨੁਸਾਰ ਵੱਖ-ਵੱਖ ਮੰਤਰੀਆਂ ਵੱਲੋਂ ਪੰਜਾਬ ਦੀਆਂ ਅਨਾਜ ਮੰਡੀਆਂ ਵਿੱਚ ਪਹੁੰਚ ਕੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਝੋਨੇ ਦੀ ਲਿਫਟਿੰਗ ਵਿੱਚ ਕਿਸੇ ਵੀ ਕਿਸਮ ਦੀ ਕੋਈ ਸਮੱਸਿਆ ਨਹੀਂ ਆ ਰਹੀ। ਉਹਨਾਂ ਕਿਸਾਨਾਂ, ਮਜ਼ਦੂਰਾਂ ਤੇ ਆੜ੍ਹਤੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੇਕਰ ਉਨ੍ਹਾਂ ਨੂੰ ਅਨਾਜ ਮੰਡੀ ਵਿੱਚ ਉਨ੍ਹਾਂ ਨੂੰ ਕਿਸੇ ਵੀ ਪ੍ਰਕਾਰ ਦੀ ਕੋਈ ਮੁਸ਼ਕਲ ਜਾਂ ਪ੍ਰੇਸ਼ਾਨੀ ਪੇਸ਼ ਆਉਂਦੀ ਹੈ ਤਾਂ ਉਹ ਜ਼ਿਲ੍ਹੇ ਦੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਜਾਂ ਸਬੰਧਤ ਹਲਕੇ ਦੇ ਵਿਧਾਇਕਾਂ ਨਾਲ ਰਾਬਤਾ ਕਾਇਮ ਕਰਕੇ ਆਪਣੀਆਂ ਸਮੱਸਿਆਵਾਂ ਦੱਸ ਕੇ ਹੱਲ ਕਰਾ ਸਕਦੇ ਹਨ।

ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ 'ਚ 28 ਅਕਤੂਬਰ ਤੱਕ 391316 ਮੀਟ੍ਰਿਕ ਟਨ ਫਸਲ ਦੀ ਮੰਡੀਆਂ ਵਿੱਚ ਆਮਦ ਹੋ ਚੁੱਕੀ ਹੈ, ਜਿਸ ਵਿਚੋਂ 361443 ਮੀਟ੍ਰਿਕ ਟਨ ਦੀ ਖਰੀਦ ਹੋ ਚੁੱਕੀ ਹੈ। 232816 ਮੀਟ੍ਰਿਕ ਟਨ ਝੋਨੇ ਦੀ 72 ਘੰਟੇ ਵਿਚ ਲਿਫ਼ਟਿੰਗ ਵੀ ਹੋ ਚੁੱਕੀ ਹੈ, ਜੋ 113 ਫੀਸਦੀ ਬਣਦੀ ਹੈ।

ਇਸ ਸਮੇਂ ਚੇਅਰਮੈਨ ਦੀਪਕ ਸਮਾਲਸਰ, ਰਿੰਪੀ ਮਿੱਤਲ, ਨਵਦੀਪ ਵਾਲੀਆ, ਤੇਜਿੰਦਰ ਬਰਾੜ, ਕੌਂਸਲਰ ਵਿਕਮਜੀਤ ਘਾਤੀ, ਕੌਂਸਲਰ ਬਲਜੀਤ ਸਿੰਘ ਚਾਨੀ, ਕੌਂਸਲਰ ਸਰਬਜੀਤ ਕੌਰ ਰੋਡੇ, ਕੌਂਸਲਰ ਕਿਰਨ ਹੁੰਦਲ, ਹਰਜਿੰਦਰ ਰੋਡੇ, ਅਮਿਤ ਪੁਰੀ, ਰਿਪੀ ਗਰੇਵਾਲ, ਦੀਪ ਦਾਰਾਪੁਰ, ਜਗਰੂਪ ਸਿੰਘ, ਰਮੇਸ਼, ਰਵੀ ਗਿੱਲ ਤੇ ਹੋਰ 'ਆਪ' ਆਗੂ ਮੌਜੂਦ ਸਨ।

page-6-31-(OCTOBER)-2022-G-(BV).qxd 10/30/2022 9:40 PM Page 1



# ਕਿਸਾਨਾਂ ਦੇ ਹੱਕ ਮਾਰਨ ਲਈ ਸਰਕਾਰਾਂ ਨਿੱਤ ਘੜਦੀਆਂ ਨੇ ਸਾਜ਼ਿਸ਼ਾਂ : ਡੱਲੇਵਾਲ

ਮਜੀਠਾ (ਮਨਮੋਹਨ ਸਿੰਘ)-ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਜ਼ਿਲ੍ਹਾ ਅੰਮ੍ਰਿਤਸਰ ਸਾਹਿਬ ਦੀ ਵਿਸ਼ੇਸ਼ ਮੀਟਿੰਗ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਦੀ ਪ੍ਰਧਾਨਗੀ ਵਿੱਚ ਹੋਈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਮਾਰਨ ਲਈ ਸਰਕਾਰਾਂ ਵੱਲੋਂ ਨਿੱਤ ਨਵੀਆਂ ਕੋਝੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ ਜਿਸ ਦੇ ਤਹਿਤ ਹੀ ਭਾਰਤਮਾਲਾ ਸੜਕ ਯੋਜਨਾ ਅਧੀਨ ਬਣ ਰਹੀ ਸੜਕ ਦਾ ਮੁਆਵਜ਼ਾ ਦੇਣ ਵਿੱਚ ਪੱਖਪਾਤ ਕੀਤਾ ਜਾ ਰਿਹਾ ਹੈ ਅਤੇ ਸਰਕਾਰ ਦੇ ਆਪਣੇ ਰੈਂਕ ਦੇ ਮੁਲਾਜ਼ਮ ਵੱਲੋਂ ਆਪਣੇ ਚਹੇਤਿਆਂ ਨੂੰ ਤਾਂ 7 ਕਰੋੜ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾ ਰਿਹਾ ਹੈ ਅਤੇ ਉਸ 7 ਕਰੋੜ ਮੁਆਵਜ਼ਾ ਮਿਲਣ ਵਾਲੀ ਜ਼ਮੀਨ ਦੀ ਵੱਟ ਦੇ ਨਾਲ ਵਾਲੀ ਜ਼ਮੀਨ ਦੇ ਮਾਲਕ ਨੂੰ ਇੱਕ ਕਰੋੜ ਰੁਪਈਆ ਪ੍ਰਤੀ ਏਕੜ ਹੀ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਧਿਆਨ ਵਿੱਚ ਆਇਆ ਹੈ ਕਿ ਅੰਮ੍ਰਿਤਸਰ ਵੱਲੋਂ ਆਪਣੇ ਉਨ੍ਹਾਂ ਗਰੀਬੀ ਵਿਅਕਤੀਆਂ ਨੂੰ ਵੀ ਮੁਆਵਜ਼ਾ ਦਿੱਤਾ ਗਿਆ ਹੈ ਜਿਨ੍ਹਾਂ ਦੀ ਜ਼ਮੀਨ ਇਸ ਭਾਰਤਮਾਲਾ ਸੜਕ ਯੋਜਨਾ ਅਧੀਨ ਐਕਵਾਇਰ ਕੀਤੀ ਗਈ ਜ਼ਮੀਨ ਵਿੱਚ ਨਹੀਂ ਆਉਂਦੀ ਅਤੇ ਦੂਜੇ ਪਾਸੇ ਜਿਨ੍ਹਾਂ ਕਿਸਾਨਾਂ ਦੀ ਜ਼ਮੀਨ ਦਾ ਉਜਾੜਾ ਇਸ ਸੜਕ ਦੇ ਬਣਨ ਨਾਲ ਹੋਇਆ ਹੈ ਉਨ੍ਹਾਂ ਕਿਸਾਨਾਂ ਨੂੰ ਉਜਾੜਾ ਭੱਤਾ ਮਿਲਾ ਕੇ ਇੱਕ ਕਰੋੜ ਰੁਪਏ ਮੁਆਵਜ਼ਾ ਹੀ ਦਿੱਤਾ ਜਾ ਰਿਹਾ ਹੈ। ਡੱਲੇਵਾਲ ਨੇ ਕਿਹਾ ਕਿ ਪੰਜਾਬ ਵਿੱਚ ਅਫਸਰਸ਼ਾਹੀ ਬੇਲਗਾਮ ਹੋ ਚੁੱਕੀ ਹੈ ਜਿਸ ਦੇ ਕਾਰਨ ਹੀ ਸਰਕਾਰ ਦੀ ਨੱਕ ਥੱਲੇ ਉਸ ਦੇ ਐੱਸਡੀਐੱਮ ਰੈਂਕ ਦੇ ਅਫਸਰ ਵੱਲੋਂ ਸ਼ਰੇਆਮ ਘਪਲੇਬਾਜ਼ੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਸਰਕਾਰ ਜੇਕਰ ਜਲਦੀ ਆਪਣੇ



ਭ੍ਰਿਸ਼ਟ ਐੱਸਡੀਐੱਮ ਦੀ ਜਾਂਚ ਨਹੀਂ ਕਰਵਾਉਂਦੀ ਅਤੇ ਉਸ ਨੂੰ ਮੁਅੱਤਲ ਕਰਕੇ ਉਸ ਉੱਪਰ ਕੇਸ ਦਰਜ ਕਰ ਕੇ ਕਰਵਾਈ ਨਹੀਂ ਕਰਦੀ ਤਾਂ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਨੂੰ ਕਿਸਾਨਾਂ ਨੂੰ ਇਨਸਾਫ ਦਿਵਾਉਣ ਲਈ ਅਤੇ ਦੋਸ਼ੀ ਅਧਿਕਾਰੀ ਖਿਲਾਫ ਕਾਰਵਾਈ ਕਰਵਾਉਣ ਲਈ ਕੋਈ ਵੱਡਾ ਸੰਘਰਸ਼ ਵਿੱਢਣ ਲਈ ਮਜਬੂਰ ਹੋਣਾ ਪਵੇਗਾ। ਪੱਤਰਕਾਰਾਂ ਨਾਲ ਅੱਗੇ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਸਰਕਾਰ ਦੀ ਬੇਰੁਖੀ ਅਤੇ ਕਾਰਪੋਰੇਟ ਘਰਾਣਿਆਂ-ਪੱਖੀ ਸਰਕਾਰ ਦੀਆਂ ਨੀਤੀਆਂ ਕਾਰਨ ਕਿਸਾਨਾਂ ਨੂੰ ਆਪਣੇ ਹੱਕ ਲੈਣ ਲਈ ਧਰਨੇ ਲਾਉਣ ਲਈ ਮਜਬੂਰ ਹੋਣਾ ਪੈਂਦਾ ਹੈ। ਜਗਜੀਤ ਸਿੰਘ ਡੱਲੇਵਾਲ ਨੇ ਅੰਤਰਰਾਸ਼ਟਰੀ ਬਜ਼ਾਰ ਵਿੱਚ ਡੀਏਪੀ ਦੀ ਕੀਮਤ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਿਛਲੇ ਸਾਲ ਅੰਤਰਰਾਸ਼ਟਰੀ ਬਜ਼ਾਰ ਵਿੱਚ ਡੀਏਪੀ ਦੀ ਕੀਮਤ 954 ਡਾਲਰ ਪ੍ਰਤੀ ਟਨ ਸੀ ਜੋ ਕਿ ਇਸ ਸਮੇਂ ਘੱਟ ਕੇ 752 ਡਾਲਰ ਪ੍ਰਤੀ ਟਨ ਹੋ ਗਈ ਹੈ ਜਿਸ ਦੇ ਤਹਿਤ 832 ਰੁਪਏ ਪ੍ਰਤੀ ਬੈਗ ਕੀਮਤ ਡੀਏਪੀ ਦੀ ਘੱਟ ਗਈ ਹੈ ਪਰ ਸਰਕਾਰ ਵੱਲੋਂ ਉਸ ਦਾ ਕਿਸਾਨਾਂ ਨੂੰ ਫਾਇਦਾ ਨਾ ਦੇ ਕੇ ਆਪਣੇ ਕੋਲ ਹੀ ਉਸ ਦੀ ਸਬਸਿਡੀ ਵਿੱਚ ਕਟੌਤੀ ਕਰ ਲਈ ਗਈ ਹੈ ਜਿਸ ਤੋਂ ਸਿੱਧ ਹੁੰਦਾ ਹੈ ਕਿ ਇਹ ਸਰਕਾਰ ਕਿਸਾਨ ਪੱਖੀ ਨਹੀਂ ਕਾਰਪੋਰੇਟ ਪੱਖੀ ਹੀ ਹਨ ਕਿਉਂਕਿ ਕਿਸਾਨ ਦਾ ਤਾਂ ਪਹਿਲਾਂ ਝੋਨੇ ਦੀ ਫਸਲ ਵਿੱਚ ਆਏ ਚਾਇਨਾ ਵਾਇਰਸ ਅਤੇ ਫੇਰ ਬੇਮੌਸਮੀ ਬਾਰਸ਼ ਨੇ ਕਿਸਾਨਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਸੀ। ਹੁਣ ਸਰਕਾਰ ਦੀ ਨਾਲਾਇਕੀ ਕਾਰਨ ਅਗੇਤਾ ਡੀਏਪੀ ਦਾ ਪ੍ਰਬੰਧ ਨਾ ਕਰਨ ਕਰਕੇ ਕਿਸਾਨਾਂ ਨੂੰ ਆਪਣੀ ਕਣਕ ਦੀ ਫਸਲ ਬੀਜਣ ਲਈ ਵੀ ਜੱਦੋ-ਜਹਿਦ ਕਰਨੀ ਪੈ ਰਹੀ ਹੈ ਅਤੇ ਕਿਸਾਨਾਂ ਨੂੰ ਆਪਣੀ ਕਣਕ ਅਤੇ ਆਲੂਆਂ ਦੀ ਫਸਲ ਬੀਜਣ ਲਈ ਡੀਏਪੀ ਨਹੀਂ ਮਿਲ ਰਿਹਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਸਿੰਘ ਨੰਗਲੀ, ਜ਼ਿਲ੍ਹਾ ਜਰਨਲ ਸਕੱਤਰ ਪਲਵਿੰਦਰ ਸਿੰਘ ਮਾਹਲ, ਜ਼ਿਲ੍ਹਾ ਆਗੂ ਡਾ. ਚੱਤਰ ਸਿੰਘ ਕੋਟਲਾ,ਬਲਰਾਮ ਸਿੰਘ ਝੰਜੋਟੀ, ਗੁਰਜੰਟ ਸਿੰਘ, ਜਗਜੀਤ ਸਿੰਘ, ਮਲਕੀਤ ਸਿੰਘ ਵਡਾਲਾ, ਗੁਰਮੇਜ ਸਿੰਘ ਥਰੀਏਵਾਲ, ਅਮਰੀਕ ਸਿੰਘ ਲੋਹਾਰਕਾ, ਜਸਪਾਲ ਸਿੰਘ ਝੰਜੋਟੀ, ਰੇਸ਼ਮ ਸਿੰਘ ਨੰਬਰਦਾਰ ਕੋਹਾਲੀ, ਗੁਰਦਿਆਲ ਸਿੰਘ ਮੁਰਾਦਪੁਰ, ਸੁਖਵਿੰਦਰ ਸਿੰਘ ਨੰਗਲੀ, ਹਰਪਾਲ ਸਿੰਘ, ਗੋਰਾ ਸਿੰਘ ਨੰਗਲੀ, ਪ੍ਰਭਜੀਤ ਮੁਰਾਦਪੁਰ, ਤਾਜ ਸਿੰਘ ਰਾਮਤੀਰਥ, ਨਿਸ਼ਾਨ ਸਿੰਘ ਸੋਹੀਆਂ, ਮੇਜਰ ਸਿੰਘ, ਯਾਦਵਿੰਦਰ ਸਿੰਘ ਭਿੱਟੇਵੱਡ, ਹਰਮਨ ਸਿੰਘ ਮਾਨਾਵਾਲਾ ਆਦਿ ਆਗੂ ਹਾਜ਼ਰ ਸਨ

# ਪੈਨਸ਼ਨਰਜ਼ ਜੁਆਇੰਟ ਫਰੰਟ ਸਰਕਾਰ ਖਿਲਾਫ਼ 16 ਨੂੰ ਕਰਨਗੇ ਮਹਾਂਰੈਲੀ

ਸੰਗਰੂਰ (ਪ੍ਰਵੀਨ ਸਿੰਘ)-ਪੰਜਾਬ ਸਟੇਟ ਪੈਨਸ਼ਨਰਜ਼ ਕਨਫੈਡਰੇਸ਼ਨ ਦੇ ਸੂਬਾਈ ਮੁੱਖ ਬੁਲਾਰੇ ਸ੍ਰੀ ਰਾਜ ਕੁਮਾਰ ਅਰੋੜਾ ਨੇ ਦੱਸਿਆ ਕਿ ਛੇਵੇਂ ਪੇ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਪੈਨਸ਼ਨਾਂ ਸੋਧਣ ਦੇ ਗੁਣਾਕ 2.59 ਤੇ ਨੈਸ਼ਨਲ ਪੈਨਸ਼ਨ ਸੋਧ ਵਿਧੀ ਲਾਗੂ ਨਾ ਕਰਨ ਖਿਲਾਫ਼ ਪੈਨਸ਼ਨਰਾਂ ਵਿੱਚ ਪੰਜਾਬ ਸਰਕਾਰ ਖਿਲਾਫ਼ ਭਾਰੀ ਰੋਸ ਪਾਇਆ ਜਾ ਰਿਹਾ। ਪੈਨਸ਼ਨਰ ਮੰਗਾਂ ਮੰਨਵਾਉਣ ਲਈ ਤਿੱਖੇ ਸੰਘਰਸ਼ ਉਲੀਕਣ ਲਈ ਮਜਬੂਰ ਹੋ ਗਏ ਹਨ। ਸੂਬਾਈ ਪੈਨਸ਼ਨਰ ਆਗੂ ਸ੍ਰੀ ਰਾਜ ਕੁਮਾਰ ਅਰੋੜਾ ਨੇ ਦੱਸਿਆ ਕਿ ਪੈਨਸ਼ਨਰ ਭਵਨ ਲੁਧਿਆਣਾ ਵਿਖੇ ਪੰਜਾਬ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਦੇ ਕਨਵੀਨਰਾਂ ਅਤੇ ਮੈਂਬਰਾਂ ਦੀ ਵਿਸ਼ੇਸ਼ ਮੀਟਿੰਗ ਠਾਕੁਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ।

ਮੀਟਿੰਗ ਦੀ ਕਾਰਵਾਈ ਦੀ ਰਿਪੋਰਟ ਜਾਰੀ ਕਰਦੇ ਹੋਏ ਕੋਆਰਡੀਨੇਟਰ ਕਰਮ ਸਿੰਘ ਧਨੋਆ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਛੇਵੇਂ ਪੇਅ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ 2.59 ਦੇ ਗੁਣਾਂਕ ਅਨੁਸਾਰ ਪੈਨਸ਼ਨਰਾਂ ਦੀਆਂ ਪੈਨਸਨਾਂ ਸੋਧਣ ਦੀ ਬਜਾਏ, ਆਪਣਾ ਹੀ ਸੋਧ ਨਿਯਮ ਬਣਾ ਕੇ 2.4495 ਗੁਣਾਕ ਲਾਗੂ ਕਰ ਦਿੱਤਾ ਹੈ। ਮੀਟਿੰਗ ਵਿੱਚ ਬੁਲਾਰਿਆਂ, ਸਮੂਹ ਕਨਵੀਨਰਾਂ ਤੇ ਮੈਂਬਰਾਂ, ਠਾਕੁਰ ਸਿੰਘ, ਪ੍ਰੇਮ ਸਾਗਰ ਸ਼ਰਮਾ, ਅਵਿਨਾਸ਼ ਚੰਦਰ ਸ਼ਰਮਾ, ਮੇਜਰ ਸਿੰਘ ਪੰਜਾਬ ਪੁਲਸ, ਜਗਦੀਸ਼ ਸ਼ਰਮਾ, ਧਨਵੰਤ ਸਿੰਘ ਭੱਠਲ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਲਾਰੇ ਲੱਪੇ ਲਾਊ ਨੀਤੀ ਤੋਂ ਅੱਕ ਕੇ ਪੈਨਸ਼ਨਰ ਜੁਆਇੰਟ ਫਰੰਟ ਨੇ ਪੈਨਸ਼ਨਰਾਂ ਦੀਆਂ ਉਪਰੋਕਤ ਮੰਗਾਂ ਦੇ ਨਾਲ ਛੇਵੇਂ ਪੇਅ ਕਮਿਸ਼ਨ ਦਾ ਜਨਵਰੀ, 2016 ਤੋਂ ਬਣਦਾ ਬਕਾਇਆ ਇਕਮੁਸ਼ਤ ਲੈਣ, ਪੈਨਸ਼ਨਰਾਂ ਲਈ ਜਾਰੀ ਡੀ.ਏ ਦੀਆਂ ਦੋ ਕਿਸ਼ਤਾਂ ਸਬੰਧੀ ਬਣੀ ਬੇ ਯਕੀਨੀ ਨੂੰ ਦੂਰ ਕਰਕੇ ਇਹਨਾਂ ਦਾ ਬਣਦਾ ਬਕਾਇਆ ਜੁਲਾਈ, 2021 ਤੋਂ ਜਾਰੀ ਕਰਨ ਅਤੇ ਪੈਨਸ਼ਨਰਾਂ ਦੇ ਬਿਮਾਰੀ ਦੇ ਖਰਚਿਆਂ ਦੀ ਪ੍ਰਤੀ ਪੂਰਤੀ ਹਿੱਤ ਕੈਸ਼ ਲੈੱਸ ਹੈਲਥ ਵਿਧੀ ਵਰਗੀਆਂ ਲਟਕਦੀਆਂ ਮੰਗਾਂ ਦੀ ਪ੍ਰਾਪਤੀ ਲਈ 16 ਨਵੰਬਰ ਨੂੰ ਸਾਰੇ ਜ਼ੋਨਾਂ ਵਿੱਚ ਰੋਹ ਭਰਪੂਰ ਧਰਨੇ ਤੇ ਰੈਲੀਆਂ ਕਰਨ ਉਪਰੰਤ ਕਮਿਸ਼ਨਰਾਂ ਜਾਂ ਡਿਪਟੀ ਕਮਿਸਨਰਾਂ ਨੂੰ ਮੰਗ ਪੱਤਰ ਸੌਂਪੇ ਜਾਣਗੇ।

ਅੰਤ ਵਿੱਚ ਪੈਨਸ਼ਨਰ ਆਗੂਆਂ ਨੇ ਸਰਕਾਰ ਨੂੰ ਚਿਤਾਵਨੀ ਭਰੇ ਲਹਿਜ਼ੇ ਵਿੱਚ ਕਿਹਾ ਕਿ ਜੇਕਰ ਪੰਜਾਬ ਦੀ ਮਾਨ ਸਰਕਾਰ ਨੇ ਪੈਨਸ਼ਨਰਾਂ ਦੀਆਂ ਮੰਗਾਂ ਦਾ ਨਿਪਟਾਰਾ ਨਾ ਕੀਤਾ ਤਾਂ ਪੰਜਾਬ ਦੇ ਪੈਨਸ਼ਨਰ ਮੋਹਾਲੀ ਵਿਖੇ 29 ਨਵੰਬਰ ਨੂੰ ਵਾਈ ਪੀ. ਐਸ ਚੌਂਕ, ਫੇਜ਼-8, ਮੋਹਾਲੀ ਵਿਖੇ ਮਹਾਂਰੈਲੀ ਕਰਕੇ ਆਪਣੀਆਂ ਮੰਗਾਂ ਦੀ ਪ੍ਰਾਪਤੀ ਲਈ ਆਪਣਾ ਰੋਸ ਜ਼ਾਹਰ ਕਰਨਗੇ।

# ਫਗਵਾੜਾ ਸ਼ੂਗਰ ਮਿੱਲ ਦੇ ਨਵੇਂ ਮਾਲਕ ਨੇ ਗੰਨਾ ਕਾਸ਼ਤਕਾਰਾਂ ਨਾਲ ਕੀਤੀ ਮੀਟਿੰਗ

ਫਗਵਾੜਾ ( ਡਾ. ਰਮਨ ) ਸ਼ੂਗਰ ਮਿੱਲ ਫਗਵਾੜਾ ਦੇ ਨਵੇਂ ਮਾਲਕ ਅਤੇ ਰਾਣਾ ਗੁਰਜੀਤ ਸਿੰਘ ਵਿਧਾਇਕ ਕਪੂਰਥਲਾ ਦੇ ਸਪੁੱਤਰ ਰਾਣਾ ਵੀਰ ਪ੍ਰਤਾਪ ਸਿੰਘ ਨੇ ਪਿੰਡ ਨੱਗਲ ਮੱਝਾ ਦੇ ਗੰਨਾ ਕਾਸ਼ਤਕਾਰ ਨੰਬਰਦਾਰ ਬਲਵਿੰਦਰ ਸਿੰਘ ਦੇ ਗ੍ਰਹਿ ਵਿਖੇ ਕਿਸਾਨਾਂ ਨਾਲ ਮੀਟਿੰਗ ਕੀਤੀ। ਇਸ ਦੌਰਾਨ ਉਹਨਾਂ ਗੰਨਾ ਕਾਸ਼ਤਕਾਰਾਂ ਨਾਲ ਜਾਣ-ਪਛਾਣ ਕਰਦਿਆਂ ਕਿਹਾ ਕਿ ਫਗਵਾੜਾ ਸ਼ੂਗਰ ਮਿੱਲ ਕਿਸਾਨਾਂ ਦੀ ਆਪਣੀ ਮਿੱਲ ਹੈ, ਜਿੱਥੇ ਕਿਸਾਨਾਂ ਨੂੰ ਕੋਈ ਵੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ।

ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋ ਵੱਧ ਗੰਨੇ ਦੀ ਬਿਜਾਈ ਕਰਨ ਅਤੇ ਸਾਫ ਸੁਥਰੀ ਫਸਲ ਲੈ ਕੇ ਆਉਣ ਤਾਂ ਜੋ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਨਾ ਹੋਵੇ। ਨਾਲ ਹੀ ਭਰੋਸਾ ਦਿੱਤਾ ਕਿ ਕਾਸ਼ਤਕਾਰਾਂ ਨੂੰ ਅਦਾਇਗੀ ਸੰਬੰਧੀ ਕੋਈ ਵੀ ਪਰੇਸ਼ਾਨੀ ਨਹੀਂ ਹੋਣ ਦਿੱਤੀ ਜਾਵੇਗੀ। ਉਨ੍ਹਾਂ ਨੇ ਖੇਤਾਂ ਦਾ ਵੀ ਦੌਰਾ ਕੀਤਾ ਅਤੇ ਮਿੱਲ ਦੀ ਪਾਲਸੀ ਬਾਰੇ ਕਿਸਾਨਾਂ ਨੂੰ ਜਾਣੂ ਕਰਵਾਉਂਦਿਆਂ ਦੱਸਿਆ ਕਿ ਸੰਭਾਵਤ ਤੌਰ 'ਤੇ ਗੰਨਾ ਮਿੱਲ ਨੂੰ 25 ਨਵੰਬਰ ਤੱਕ ਚਾਲੂ ਕਰ ਦਿੱਤਾ ਜਾਵੇਗਾ। ਇਸ ਮੌਕੇ ਗੰਨਾ ਕਾਸ਼ਤਕਾਰ ਨੰਬਰਦਾਰ ਬਲਵਿੰਦਰ ਸਿੰਘ ਨੰਗਲ ਮੱਝਾ ਨੇ ਆਖਿਆ ਕਿ ਫਗਵਾੜਾ ਹਮੇਸ਼ਾ ਹੀ ਗੰਨੇ ਦੀ ਬਿਜਾਈ ਲਈ ਮੋਹਰੀ ਰਿਹਾ ਹੈ, ਸਿਰਫ਼ ਅਦਾਇਗੀ ਨਾ ਹੋਣ ਕਰਕੇ ਕਿਸਾਨਾਂ ਨੂੰ ਗੰਨਾ ਪੁੱਟਣ ਲਈ ਮਜਬੂਰ ਹੋਣਾ ਪਿਆ ਸੀ ਤੇ ਉਨ੍ਹਾਂ ਨੇ ਮੰਗ ਕੀਤੀ ਕਿ ਜਲਦੀ ਤੋਂ ਜਲਦੀ ਰਹਿੰਦੀ ਗੰਨੇ ਦੀ ਅਦਾਇਗੀ ਕਿਸਾਨਾਂ ਦੇ ਖਾਤਿਆਂ ਵਿਚ ਪਾ ਦਿੱਤੀ ਜਾਵੇ ਤਾਂ ਜੋ ਕਿਸਾਨਾਂ ਅੰਦਰ ਗੰਨੇ ਦੀ ਬਿਜਾਈ ਨੂੰ ਲੈ ਕੇ ਫਿਰ ਜੋਸ਼ ਭਰਿਆ ਜਾ ਸਕੇ।

ਇਸ ਮੌਕੇ ਰਾਣਾ ਵੀਰ ਪ੍ਰਤਾਪ ਸਿੰਘ ਨਾਲ ਅਮਰੀਕ ਸਿੰਘ ਬੁੱਟਰ, ਵੀ. ਪੀ. ਵਰਮਾ, ਮਨਜਿੰਦਰ ਸਿੰਘ ਤੋਂ ਇਲਾਵਾ ਨੰਬਰਦਾਰ ਬਲਵਿੰਦਰ ਸਿੰਘ ਨੰਗਲ ਮੱਝਾ, ਪਲਵਿੰਦਰ ਸਿੰਘ, ਹਰਮਿੰਦਰ ਸਿੰਘ, ਪਰਮਿੰਦਰ ਸਿੰਘ ਲਾਡੀ ਸਾਬਕਾ ਬਲਾਕ ਸੰਮਤੀ ਮੈਂਬਰ, ਜਸਵਿੰਦਰ ਸਿੰਘ ਘੁੰਮਣ, ਤਾਰਾ ਸਿੰਘ ਪਲਾਹੀ, ਗੁਰਮੁਖ ਸਿੰਘ, ਸਤਪਾਲ ਸਿੰਘ, ਕੁਲਦੀਪ ਸਿੰਘ, ਜਸਵੀਰ ਸਿੰਘ, ਅਮਰੀਕ ਸਿੰਘ, ਜੋਗਾ ਸਿੰਘ, ਰਣਜੀਤ ਸਿੰਘ, ਅਮਰੀਕ ਸਿੰਘ ਮੀਕਾ, ਸਰਬਜੀਤ ਸਿੰਘ, ਹਰਿੰਦਰ ਸਿੰਘ, ਪਰਮਜੀਤ ਸਿੰਘ ਆਦਿ ਹਾਜ਼ਰ ਸਨ

# 'ਆਪ' ਨੇ ਵਿਰੋਧੀ ਧਿਰ ਦੇ ਨੇਤਾ ਬਾਜਵਾ ਨੂੰ ਲਿਆ ਆੜੇ ਹੱਥੀਂ

ਚੰਡੀਗੜ੍ਹ (ਨਜ਼ਸ)—ਆਮ ਆਦਮੀ ਪਾਰਟੀ ਨੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ 'ਤੇ ਤਿੱਖਾ ਹਮਲਾ ਕਰਦਿਆਂ ਉਨ੍ਹਾਂ ਨੂੰ ਪੁੱਛਿਆ ਕਿ ਚੋਣ ਪ੍ਰਚਾਰ ਲਈ ਹੈਲੀਕਾਪਟਰ ਵਿਚ ਹਿਮਾਚਲ ਪ੍ਰਦੇਸ਼ ਜਾਣ ਲਈ ਪੈਸੇ ਕਿੱਥੋਂ ਆ ਰਹੇ ਹਨ। ਐਤਵਾਰ ਨੂੰ 'ਆਪ' ਆਗੂ ਅਤੇ ਬੁਲਾਰੇ ਨੀਲ ਗਰਗ ਨੇ ਇਕ ਬਿਆਨ 'ਚ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਸਰਕਾਰੀ ਕੰਮਾਂ ਲਈ ਸਰਕਾਰੀ ਹੈਲੀਕਾਪਟਰ 'ਚ ਸਫਰ ਕਰਨ 'ਤੇ ਵਿਰੋਧੀ ਧਿਰ ਹੰਗਾਮਾ ਕਰਦੀ ਹੈ ਪਰ ਹੁਣ ਬਾਜਵਾ ਆਪ ਦੱਸਣ ਕਿ ਹਿਮਾਚਲ ਪ੍ਰਦੇਸ਼ ਦੀ ਹੈਲੀਕਾਪਟਰ ਯਾਤਰਾ ਦੇ ਭਾਰੀ ਖਰਚਿਆਂ ਦਾ ਪ੍ਰਬੰਧ ਕਿਵੇਂ ਕੀਤਾ ਜਾ ਰਿਹਾ ਹੈ। ਉਨ੍ਹਾਂ ਬਾਜਵਾ ਨੂੰ ਪੁੱਛਿਆ ਕਿ ਹਿਮਾਚਲ ਪ੍ਰਦੇਸ ਦੇ ਮਹਿੰਗੇ ਹੈਲੀਕਾਪਟਰ ਦੌਰੇ ਦੇ ਪੈਸੇ ਕਿੱਥੋਂ ਆ ਰਹੇ ਹਨ। ਕਾਰ ਵਿੱਚ ਹਿਮਾਚਲ ਦਾ ਸਫਰ ਸਿਰਫ ਕੁਝ ਘੰਟਿਆਂ ਦਾ ਹੀ ਹੈ ਪਰ ਵਿਰੋਧੀ ਧਿਰ ਦੇ ਨੇਤਾ ਹੈਲੀਕਾਪਟਰ ਵਿੱਚ ਸਫਰ ਨੂੰ ਤਰਜੀਹ ਦੇ ਰਹੇ ਹਨ। ਇੱਕ ਟਵੀਟ ਵਿੱਚ ਨੀਲ ਗਰਗ ਨੇ ਲਿਖਿਆ, "ਪ੍ਰਤਾਪ ਸਿੰਘ ਬਾਜਵਾ ਕੋਲ ਇਸ ਹੈਲੀਕਾਪਟਰ ਦੀ ਸਵਾਰੀ ਲਈ ਪੈਸੇ ਕਿੱਥੋਂ ਆਏ? ਉਹ ਵੀ ਹਿਮਾਚਲ ਜਾਣ ਲਈ? ਪ੍ਰਤਾਪ ਬਾਜਵਾ ਜੀ, ਤੁਸੀਂ ਕਿਸ ਸੂਬੇ ਦੇ ਮੁੱਖ ਮੰਤਰੀ ਹੋ? ਇਹ ਪੈਸਾ ਕਿੱਥੋਂ ਆ ਰਿਹਾ ਹੈ?"

# 'ਆਪ' ਸਰਕਾਰ ਜਨ-ਜਾਤੀਆਂ ਦੇ ਮਸਲੇ ਪਹਿਲ ਦੇ ਅਧਾਰ 'ਤੇ ਹੱਲ ਕਰੇਗੀ : ਬਰਸਟ



ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)-ਇਥੇ ਪੰਜਾਬ ਜਨ-ਜਾਤੀਆਂ ਸੰਘ ਦਾ ਇਕ ਪ੍ਰਤੀਨਿਧੀ ਵਫਦ ਸੰਘ ਦੇ ਪ੍ਰਧਾਨ ਸ੍ਰ. ਗੁਰਚਰਨ ਸਿੰਘ ਰੁਪਾਣਾ ਦੀ ਅਗਵਾਈ ਵਿੱਚ ਪੰਜਾਬ ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਸ੍ਰ. ਹਰਚੰਦ ਸਿੰਘ ਬਰਸਟ ਨੂੰ ਮਿਲਿਆ।

ਜਨ-ਜਾਤੀਆਂ ਦੇ ਵਫਦ ਨੇ ਵਿਸਥਾਰ ਪੂਰਵਕ ਮੰਗਾਂ ਤੇ ਵਿਚਾਰ ਕੀਤਾ. ਪੰਜਾਬ ਵਿੱਚ ਵਸਦੇ ਜਨਜਾਤੀਆਂ ਦੇ ਗਰੀਬ ਲੋਕਾਂ ਦੀ ਅੱਜ ਤੱਕ ਕਿਸੇ ਨੇ ਵੀ ਸਾਰ ਨਹੀਂ ਲਈ। ਜਨ-ਜਾਤੀਆ ਦੇ ਵਫਦ ਵੱਲੋਂ ਸਿਰਮੌਰ ਸ਼ਹੀਦ ਭਾਈ ਮਨੀ ਸਿੰਘ ਜੀ ਦੀ ਯਾਦਗਾਰ ਚੰਡੀਗੜ੍ਹ ਵਿੱਚ ਬਣਾਉਣ ਲਈ ਪੰਜਾਬ ਦੇ ਗਵਰਨਰ ਨੂੰ ਅਪੀਲ ਕੀਤੀ। ਜਨ-ਜਾਤੀਆ ਦੇ ਰੀਤੀ ਰਿਵਾਜ਼ ਤੇ ਸੱਭਿਆਚਾਰ ਨੂੰ ਸੰਭਾਲਣ ਲਈ ਪੰਜਾਬ ਸਰਕਾਰ ਵੱਲੋਂ ਉਪਰਾਲੇ ਕਰਨ ਦੀ ਮੰਗ ਕੀਤੀ ਗਈ। ਜਨ-ਜਾਤੀਆਂ ਦੇ ਲੋਕਾਂ ਲਈ ਰੁਜ਼ਗਾਰ ਪੈਦਾ ਕਰਨ ਦੀ ਮੰਗ ਵੀ ਰੱਖੀ ਗਈ।

ਇਸ ਮੌਕੇ ਸ੍ਰ. ਹਰਚੰਦ ਸਿੰਘ ਬਰਸਟ ਨੇ ਜਨ-ਜਾਤੀਆਂ ਦੇ ਵਫਦ ਨਾਲ ਹਰ ਮੰਗ 'ਤੇ ਸਹਿਮਤੀ ਪ੍ਰਗਟ ਕਰਦੇ ਹੋਏ ਸਾਰੀਆਂ ਮੰਗਾਂ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਤੱਕ ਪਹੁੰਚਾਉਣ ਦਾ ਵਾਅਦਾ ਵੀ ਕੀਤਾ।

ਸ੍ਰ. ਬਰਸਟ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਹਰ ਵਰਗ ਦੀ ਭਲਾਈ ਲਈ ਉਪਰਾਲੇ ਕਰ ਰਹੀ ਹੈ, ਜਿਸ ਵਿੱਚ ਜਨ-ਜਾਤੀਆਂ ਦਾ ਖਾਸ ਧਿਆਨ ਰੱਖਿਆ ਜਾਵੇਗਾ। ਇਸ ਵਫਦ ਵਿੱਚ ਗੁਰਚਰਨ ਸਿੰਘ ਰੁਪਾਣਾ ਤੋਂ ਇਲਾਵਾ ਤਰਸੇਮ ਚੌਧਰੀ ਸੁਨਾਮ ਮੀਤ ਪ੍ਰਧਾਨ, ਹਰਿੰਦਰ ਸਿੰਘ ਬੜਤੀਆ ਜਨਰਲ ਸਕੱਤਰ, ਹਰਜਿੰਦਰ ਸਿੰਘ ਭੱਟੀ ਸਕੱਤਰ, ਤਰਸੇਮ ਸਿੰਘ ਨਨਾਣਸੂ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

## ਪਬਲਿਕ ਨੋਟਿਸ

ਦਫਤਰ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਦੋਮ, ਮਾਹਿਲਪੁਰ

ਸ੍ਰੀ ਅੰਮ੍ਰਿਤਪਾਲ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਹਕੂਮਤਪੁਰ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ ਇੱਕ ਦਰਖਾਸਤ ਮਿਤੀ 12-10-2022 ਨੂੰ ਇਸ ਦਫਤਰ ਵਿੱਚ ਪੇਸ਼ ਕਰਕੇ ਬੇਨਤੀ ਕੀਤੀ ਗਈ ਹੈ ਕਿ ਵਾਕਿਆ ਰਕਬਾ ਪਿੰਡ ਹਕੂਮਤਪੁਰ, ਤਹਿਸੀਲ ਗੜ੍ਹਸ਼ੰਕਰ, ਸਬ-ਤਹਿਸੀਲ ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਉਹ ਮਾਲਕ ਕਾਬਜ਼ ਹੈ। ਮਾਲ ਰਿਕਾਰਡ ਵਿੱਚ ਉਸ ਦਾ ਨਾਂਅ ਆਗਿਆਪਾਲ ਸਿੰਘ ਪੁੱਤਰ ਗੁਰਮੇਲ ਸਿੰਘ ਪੁੱਤਰ ਪੂਰਨ ਸਿੰਘ ਦਰਜ ਹੈ, ਜਦਕਿ ਉਸ ਦਾ ਅਸਲ ਨਾਂਅ ਅੰਮ੍ਰਿਤਪਾਲ ਸਿੰਘ ਪੁੱਤਰ ਗੁਰਮੇਲ ਸਿੰਘ ਪੁੱਤਰ ਪੂਰਨ ਸਿੰਘ ਹੈ। ਪ੍ਰਾਰਥੀ ਵੱਲੋਂ ਸਬੂਤ ਵਜੋਂ ਅਧਾਰ ਕਾਰਡ, ਵੋਟਰ ਕਾਰਡ, ਪੈਨ ਕਾਰਡ ਦੀ ਫੋਟੋ ਕਾਪੀ ਨਾਲ ਪੇਸ਼ ਕੀਤੀ ਗਈ ਹੈ ਅਤੇ ਪਿੰਡ ਦੇ ਵਿਅਕਤੀਆਂ ਦੇ ਬਿਆਨ ਕਲਮਬੰਦ ਕੀਤੇ ਗਏ, ਜਿਨ੍ਹਾਂ ਨੇ ਆਪਣੇ ਬਿਆਨਾਂ ਵਿੱਚ ਮੰਨਿਆ ਕਿ ਅੰਮ੍ਰਿਤਪਾਲ ਸਿੰਘ ਉਰਫ ਆਗਿਆਪਾਲ ਸਿੰਘ ਪੁੱਤਰ ਗੁਰਮੇਲ ਸਿੰਘ ਪੁੱਤਰ ਪੂਰਨ ਸਿੰਘ ਇੱਕ ਹੀ ਵਿਅਕਤੀ ਹੈ, ਜਿਸ ਨੂੰ ਦੋ ਨਾਵਾਂ ਨਾਲ ਜਾਣਿਆ ਜਾਂਦਾ ਹੈ।

ਦਰਖਾਸਤ ਕਰਤਾ ਦੀ ਦਰਖਾਸਤ ਨੂੰ ਵਾਚਿਆ ਗਿਆ। ਪੰਜਾਬ ਸਰਕਾਰ, ਮਾਲ ਪੁਨਰਵਾਸ ਅਤੇ ਡਿਜ਼ਾਸਟਰ ਮੈਨੇਜਮੈਂਟ ਵਿਭਾਗ (ਭੌਂ ਮਾਲੀਆ ਸ਼ਾਖਾ) ਚੰਡੀਗੜ੍ਹ ਵੱਲੋਂ ਮੀਮੋ ਨੰਬਰ 25/78/2012-ਭ.ਮ-2/12445-71 ਚੰਡੀਗੜ੍ਹ, ਮਿਤੀ 26-7-13 ਰਾਹੀਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਕਿਸੇ ਵੀ ਵਿਅਕਤੀ ਵੱਲੋਂ ਮਾਲ ਰਿਕਾਰਡ ਵਿੱਚ ਦਰਜ ਆਪਣੇ ਜਾਂ ਆਪਣੇ ਪਿਤਾ ਦੇ ਨਾਂਅ ਦੀ ਤਬਦੀਲੀ ਉਸ ਸੂਰਤ ਵਿੱਚ ਕਰਵਾਈ ਜਾ ਸਕਦੀ ਹੈ, ਅਗਰ ਉਸ ਨੇ/ ਉਸ ਦੇ ਪਿਤਾ ਨੇ ਉਸ ਦੀ ਪੰਜਾਬ ਵਿੱਚ ਸਥਿਤ ਜ਼ਮੀਨ ਵਾਲੇ ਏਰੀਏ ਵਿੱਚ ਸਰਕੂਲੇਟ ਹੋ ਰਹੇ 2 ਅਖਬਾਰਾਂ, ਜਿਨ੍ਹਾਂ ਵਿੱਚੋਂ ਇੱਕ ਅਖਬਾਰ ਘੱਟੋ-ਘੱਟ ਪੰਜਾਬੀ ਭਾਸ਼ਾ ਦਾ ਹੋਵੇ, ਵਿੱਚ ਆਪਣੇ ਨਾਂਅ ਦੀ ਤਬਦੀਲੀ ਸੰਬੰਧੀ ਨੋਟਿਸ ਦਿੱਤਾ ਹੋਵੇ।

ਇਸ ਲਈ ਉਕਤ ਹਦਾਇਤਾਂ ਦੇ ਮੱਦੇਨਜ਼ਰ ਇਸ ਨੋਟਿਸ ਰਾਹੀਂ ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਾਲ ਰਿਕਾਰਡ ਵਾਕਿਆ ਪਿੰਡ ਹਕੂਮਤਪੁਰ ਵਿੱਚ ਅੰਮ੍ਰਿਤਪਾਲ ਸਿੰਘ ਪੁੱਤਰ ਗੁਰਮੇਲ ਸਿੰਘ ਦੇ ਨਾਂਅ ਦੀ ਦਰੁਸਤੀ ਆਗਿਆਪਾਲ ਸਿੰਘ ਪੁੱਤਰ ਗੁਰਮੇਲ ਸਿੰਘ ਤੋਂ ਅੰਮ੍ਰਿਤਪਾਲ ਸਿੰਘ ਪੁੱਤਰ ਗੁਰਮੇਲ ਸਿੰਘ ਦਰਜ ਹੋਣ ਸੰਬੰਧੀ ਜੇਕਰ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਇਸ ਨੋਟਿਸ ਦੇ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਵਿੱਚ ਆਪਣਾ ਪੱਖ/ਇਤਰਾਜ਼ ਪੇਸ਼ ਕਰ ਸਕਦਾ ਹੈ। ਮਿੱਥੇ ਸਮੇਂ ਤੋਂ ਬਾਅਦ ਪ੍ਰਾਪਤ ਹੋਏ ਕਿਸੇ ਇਤਰਾਜ਼ 'ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਪ੍ਰਾਰਥੀ ਦਾ ਨਾਂਅ ਮਾਲ ਰਿਕਾਰਡ ਵਿੱਚ ਦਰੁਸਤ ਕਰ ਦਿੱਤਾ ਜਾਵੇਗਾ।

ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਦੋਮ, ਮਾਹਿਲਪੁਰ

ਨੰਬਰ : 329/ਰੀਡਰ ਮਿਤੀ 19-10-22

# ਅੱਧਾ ਕਿੱਲੋ ਹੈਰੋਇਨ ਸਮੇਤ ਮਹਿਲਾ ਗ੍ਰਿਫਤਾਰ

ਫਗਵਾੜਾ ( ਡਾ. ਰਮਨ ) ਐਸ ਐਸ ਪੀ ਕਪੂਰਥਲਾ ਨਵਨੀਤ ਸਿੰਘ ਬੈਂਸ (ਆਈ ਪੀ ਐਸ) ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸੀ ਆਈ ਏ ਸਟਾਫ ਫਗਵਾੜਾ ਦੇ ਇੰਚਾਰਜ ਐਸ ਆਈ ਪਰਮਜੀਤ ਸਿੰਘ ਦੀ ਅਗਵਾਈ 'ਚ ਐਸ ਐਚ ਓ ਜਸਪਾਲ ਸਿੰਘ ਥਾਣਾ ਸੁਲਤਾਨਪੁਰ ਲੋਧੀ ਅਤੇ ਐਸ ਐਚ ਓ ਹਰਜੀਤ ਸਿੰਘ ਥਾਣਾ ਰਾਵਲਪਿੰਡੀ ਦੀਆਂ ਟੀਮਾਂ ਵੱਲੋਂ ਗੁਪਤ ਸੂਚਨਾ ਦੇ ਅਧਾਰ 'ਤੇ ਪਰਮਜੀਤ ਕੌਰ ਉਰਫ ਬੰਬੋ ਪਤਨੀ ਆਤਮਾ ਸਿੰਘ ਵਾਸੀ ਸੈਂਚ ਥਾਣਾ ਸੁਲਤਾਨਪੁਰ ਲੋਧੀ ਨੂੰ ਅੱਧਾ ਕਿੱਲੋ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਹੈ। ਵਧੇਰੇ ਜਾਣਕਾਰੀ ਦਿੰਦਿਆਂ ਸੀ ਆਈ ਏ ਸਟਾਫ ਫਗਵਾੜਾ ਦੇ ਇੰਚਾਰਜ ਪਰਮਜੀਤ ਸਿੰਘ ਨੇ ਦੱਸਿਆ ਕਿ ਉਕਤ ਮਹਿਲਾ ਦਾ ਲੜਕਾ ਅਮਨਦੀਪ ਸਿੰਘ ਉਰਫ ਅਮਨਾ ਪਹਿਲਾਂ ਹੀ ਨਸ਼ੇ ਦੇ ਵਪਾਰ 'ਚ ਜੇਲ੍ਹ ਵਿਚ ਬੰਦ ਹੈ। ਕਾਬੂਸ਼ੁਦਾ ਮਹਿਲਾ ਖਿਲਾਫ ਐਨ ਡੀ ਪੀ ਐਸ ਐਕਟ ਦੀ ਧਾਰਾ 21-61-85 ਅਧੀਨ ਕੇਸ ਦਰਜ ਕਰ ਲਿਆ ਗਿਆ ਹੈ। ਐਸ ਆਈ ਪਰਮਜੀਤ ਸਿੰਘ ਅਨੁਸਾਰ ਮਹਿਲਾ ਦਾ ਪੁਲਸ ਰਿਮਾਂਡ ਹਾਸਲ ਕਰਕੇ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਨਸ਼ੇ ਦੀ ਹੋਰ ਬਰਾਮਦਗੀ ਹੋਣ ਦੀ ਵੀ ਸੰਭਾਵਨਾ ਹੈ।

# ਬੀ ਐੱਸ ਐੱਫ ਵੱਲੋਂ ਮੈਰਾਥਨ ਦਾ ਆਯੋਜਨ, ਜੇਤੂਆਂ ਨੂੰ ਕੀਤਾ ਸਨਮਾਨਤ




ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਫਰੰਟੀਅਰ ਹੈੱਡਕੁਆਰਟਰ ਬੀਐੱਸਐੱਫ. ਪੰਜਾਬ ਵੱਲੋਂ ਸਰਹੱਦ ਦੀ ਆਬਾਦੀ ਨਾਲ ਹੱਥ ਮਿਲਾਉਣ ਦੀ ਭਾਵਨਾ ਨਾਲ ਆਜ਼ਾਦੀ ਕਾ ਅੰਮ੍ਰਿਤ ਮਹੋਤਸਵ ਮਨਾਉਣ ਲਈ 'ਬੀਐੱਸਐੱਫ ਮੈਰਾਥਨ-2022' 'ਦਿਲਾਂ ਦੀ ਦੌੜ ਸੀਮਾ ਪ੍ਰਹਾਰੀ ਦੇ ਨਾਲ' ਦੀ ਭਾਵਨਾ ਨਾਲ ਜੇਸੀਪੀ ਅਟਾਰੀ ਵਿਖੇ 29 ਅਕਤੂਬਰ ਨੂੰ ਕਰਵਾਈ ਗਈ। ਫੌਜ, ਸੀਏਪੀਐੱਫ, ਪੁਲਸ ਕਰਮਚਾਰੀਆਂ ਦੇ ਨਾਲ-ਨਾਲ 18 ਸਾਲ ਤੋਂ ਵੱਧ ਉਮਰ ਦੇ ਆਮ ਨਾਗਰਿਕਾਂ (ਮਰਦ ਅਤੇ ਔਰਤ) ਨੇ ਮੈਰਾਥਨ ਦੌਰਾਨ ਤਿੰਨ ਸ਼੍ਰੇਣੀਆਂ, ਜਿਵੇਂ ਕਿ ਫੁੱਲ ਮੈਰਾਥਨ (42 ਕਿਲੋਮੀਟਰ), ਹਾਫ ਮੈਰਾਥਨ (21 ਕਿਲੋਮੀਟਰ) ਅਤੇ 10 ਕਿਲੋਮੀਟਰ ਦੌੜ ਵਿੱਚ ਹਿੱਸਾ ਲਿਆ। ਇਸ ਮੈਰਾਥਨ ਨੂੰ ਅਥਲੈਟਿਕਸ ਫੈਡਰੇਸ਼ਨ ਆਫ ਇੰਡੀਆ ਵੱਲੋਂ ਮਾਨਤਾ ਦਿੱਤੀ ਗਈ ਹੈ। ਪੀ. ਵੀ. ਰਾਮਾਸ਼ਾਸਤਰੀ, ਆਈਪੀਐਸ, ਏਡੀਜੀ (ਡਬਲਿਊ ਸੀ) ਬੀਐੱਸਐੱਫ ਚੰਡੀਗੜ੍ਹ ਸੋਨਾਲੀ ਮਿਸ਼ਰਾ, ਆਈਪੀਐੱਸ, ਏਡੀਜੀ ਬੀਐੱਸਐੱਫ ਹੈੱਡਕੁਆਟਰ ਆਸਿਫ ਜਲਾਲ ਆਈਪੀਐਸ ਵੱਲੋਂ ਗੋਲਡਨ ਗੇਟ, ਅੰਮ੍ਰਿਤਸਰ ਤੋਂ ਬੀਐੱਸਐੱਫ ਮੈਰਾਥਨ-2022 ਦੇ ਤਹਿਤ ਪੂਰੀ ਮੈਰਾਥਨ, ਆਸਿਫ ਜਲਾਲ ਆਈਜੀ ਬੀਐੱਸਐੱਫ ਦੀ ਮੌਜੂਦਗੀ ਵਿੱਚ ਸਵੇਰੇ 5 ਵਜੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਪੀ.ਵੀ. ਰਾਮਾਸ਼ਾਸਤਰੀ,ਆਈਪੀਐੱਸ., ਏਡੀਜੀ. (ਡਬਲਯੂਸੀ) ਬੀਐੱਸਐੱਫ ਚੰਡੀਗੜ੍ਹ ਵੱਲੋਂ 0620 ਵਜੇ ਵਾਰ ਮੈਮੋਰੀਅਲ, ਇੰਡੀਆ ਗੇਟ ਤੋਂ ਹਾਫ ਮੈਰਾਥਨ ਆਸਿਫ ਜਲਾਲ, ਆਈਪੀਐੱਸ., ਆਈਜੀ. ਬੀਐੱਸਐੱਫ ਪੰਜਾਬ ਫਰੰਟੀਅਰ ਦੀ ਮੌਜੂਦਗੀ ਵਿੱਚ ਅਤੇ ਸੋਨਾਲੀ ਮਿਸ਼ਰਾ ਵੱਲੋਂ 10 ਕਿਲੋਮੀਟਰ ਦੌੜ, ਆਈਪੀਐੱਸ., ਏਡੀਜੀ. ਇਸ ਨੂੰ ਬੀਐਸਐਫ ਹੈੱਡਕੁਆਰਟਰ ਨਵੀਂ ਦਿੱਲੀ ਵੱਲੋਂ ਤੜਕੇ 06.30 ਵਜੇ ਪਿੰਡ-ਲਾਹੌਰੀ ਮੱਲ, ਅਟਾਰੀ ਰੋਡ ਤੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ ਅਤੇ ਬੀਜੀਐ ਬੀਜੁਲ ਸਾਰੀਆਂ ਹੀ ਦੌੜਾਂ ਜੇਪੀਸੀ ਅਟਾਰੀ ਵਿੱਚ ਪਹੁੰਚ ਕੇ ਮੁਕੰਮਲ ਹੋਈਆਂ। ਪੀ. ਵੀ. ਰਾਮਾਸ਼ਾਸਤਰੀ, ਆਈਪੀਐੱਸ., ਏਡੀਜੀ (ਡਬਲਯੂ.ਸੀ.) ਬੀਐੱਸਐੱਫ ਚੰਡੀਗੜ੍ਹ, ਸੋਨਾਲੀ ਮਿਸ਼ਰਾ ਆਈਪੀਐੱਸ., ਏਡੀਜੀ ਬੀਐੱਸਐੱਫ ਹੈੱਡਕੁਆਰਟਰ ਨਵੀਂ ਦਿੱਲੀ, ਆਸਿਫ ਜਲਾਲ, ਆਈਪੀਐੱਸ., ਆਈਜੀ ਬੀਐੱਸਐੱਫ ਅਤੇ ਸੁਨੀਲ ਸ਼ੈਟੀ ਨੇ ਹਿੱਸਾ ਲੈਣ ਵਾਲਿਆਂ ਅਤੇ ਜੇਤੂਆਂ ਨੂੰ ਸਨਮਾਨਿਤ ਕਰਦੇ ਹੋਏ ਮੈਡਲ ਅਤੇ ਸਰਟੀਫਿਕੇਟ ਵੰਡੇ। ਇਨਾਮ ਵੰਡ ਸਮਾਰੋਹ ਦੌਰਾਨ ਜੇਸੀਪੀ ਅਟਾਰੀ ਵਿਖੇ ਪ੍ਰੋ. ਸੁਮਨ ਸ਼ਰਮਾ ਅਰਜੁਨ ਐਵਾਰਡੀ (ਬਾਸਕਟਬਾਲ), ਪੀ. ਐਸ. ਭੰਡਾਲ, ਡੀਸੀਪੀ ਲਾਅ ਐਂਡ ਆਰਡਰ (ਅਰਜੁਨ ਐਵਾਰਡੀ), ਸੁਭਾਸ਼ ਵਰਮਾ, ਅਰਜੁਨ ਐਵਾਰਡੀ, ਬਲਜੀਤ ਸਿੰਘ, ਅਰਜੁਨ ਐਵਾਰਡੀ ਅਤੇ ਰਾਜ ਸਿੰਘ, ਦਰੋਣਾਚਾਰੀਆ ਐਵਾਰਡੀ ਮੌਜੂਦ ਸਨ। ਸੁਨੀਲ ਸ਼ੈਟੀ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਮੈਰਾਥਨ ਦੇ ਆਯੋਜਨ ਲਈ ਬੀਐੱਸਐੱਫ ਵੱਲੋਂ ਕੀਤੇ ਗਏ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਸ ਮੈਰਾਥਨ ਦਾ ਆਯੋਜਨ ਆਜ਼ਾਦੀ ਦੇ 75 ਸਾਲਾ (ਆਜ਼ਾਦੀ ਕਾ ਅੰਮ੍ਰਿਤ ਮਹੋਤਸਵ) ਨੂੰ ਮਨਾਉਣ ਲਈ ਕੀਤਾ ਗਿਆ ਸੀ ਅਤੇ ਇਸ ਦਾ ਮਕਸਦ ਆਮ ਲੋਕਾਂ, ਖਾਸ ਕਰਕੇ ਸਰਹੱਦੀ ਖੇਤਰਾਂ ਦੇ ਨੌਜਵਾਨਾਂ ਵਿੱਚ ਹਿੰਮਤ ਅਤੇ ਉੱਦਮ ਦੀ ਭਾਵਨਾ ਨੂੰ ਉਤਸ਼ਾਹਿਤ ਕਰਦੇ ਹੋਏ, ਇਸ ਮੈਰਾਥਨ ਲਈ ਪ੍ਰੇਰਿਤ ਕਰਨਾ ਸੀ। ਇਸ ਦੇ ਨਾਲ ਹੀ ਸਰਹੱਦੀ ਖੇਤਰ ਅਤੇ ਆਮ ਲੋਕਾਂ ਵਿੱਚ ਰਾਸ਼ਟਰੀ ਏਕਤਾ ਅਤੇ ਦੇਸ਼ ਭਗਤੀ ਦੀ ਭਾਵਨਾ ਨੂੰ ਉਤਸ਼ਾਹਿਤ ਕੀਤਾ ਗਿਆ ਹੈ। ਇਸ ਨਾਲ ਲੋਕਾਂ ਵਿੱਚ ਚੁਣੌਤੀ ਭਰੇ ਮਾਹੌਲ ਵਿੱਚ ਬੀਐੱਸਐੱਫ ਵੱਲੋਂ ਕੀਤੇ ਜਾ ਰਹੇ ਸਰਹੱਦੀ ਪ੍ਰਬੰਧਨ ਦੇ ਕੰਮ ਬਾਰੇ ਜਾਗਰੂਕਤਾ ਵੀ ਪੈਦਾ ਹੋਈ ਹੈ।

# ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਕੀਤਾ ਪ੍ਰੇਰਤ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ) ਮੁੱਖ ਮੰਤਰੀ ਸ੍ਰੀ ਭਗਵਾਨ ਮਾਨ ਵੱਲੋਂ ਪੰਜਾਬ ਨੂੰ ਪ੍ਰਦੂਸ਼ਣ ਰਹਿਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਤਹਿਤ ਪ੍ਰਦੂਸ਼ਣ ਬੋਰਡ ਤੇ ਰੈਵੇਨਿਊ ਅਫ਼ਸਰ ਕਿਸਾਨਾਂ ਨੂੰ ਪਰਾਲੀ ਸਾੜਨ ਨਾਲ ਹੁੰਦੇ ਨੁਕਸਾਨ ਤੋਂ ਜਾਣੂ ਕਰਾ ਕੇ ਪਰਾਲੀ ਨਾ ਸਾੜਨ ਲਈ ਪ੍ਰੇਰਿਤ ਕਰਨ ਵਿੱਚ ਲੱਗੇ ਹੋਏ ਹਨ, ਇਸੇ ਕੜੀ ਤਹਿਤ ਤਹਿਸੀਲਦਾਰ ਸ੍ਰੀ ਲਾਰਸਨ ਸਿੰਗਲਾ ਨੇ ਸਬ ਡਵੀਜ਼ਨ ਦੇ ਨੰਬਰਦਾਰਾਂ ਨਾਲ ਮੀਟਿੰਗ ਕਰ ਕੇ ਉਨ੍ਹਾਂ ਨੂੰ ਪਰਾਲੀ ਨਾ ਸਾੜਨ ਲਈ ਸਹੁੰ ਚੁਕਾਈ ਸੀ ਅਤੇ ਕਿਹਾ ਕਿ ਉਹ ਵੀ ਪੰਜਾਬ ਸਰਕਾਰ ਦੇ ਨੁਮਾਇੰਦੇ ਹਨ ਉਹ ਆਪ ਵੀ ਪਰਾਲੀ ਨਾ ਸਾੜਨ ਅਤੇ ਆਪਣੇ ਆਪਣੇ ਪਿੰਡਾਂ ਵਿੱਚ ਹੋਰ ਕਿਸਾਨਾਂ ਨੂੰ ਪਰਾਲੀ ਸਾੜਨ ਦੇ ਨਾਲ ਹੁੰਦੇ ਨੁਕਸਾਨਾਂ ਤੋਂ ਜਾਗਰੂਕ ਕਰਕੇ ਉਨ੍ਹਾਂ ਨੂੰ ਪਰਾਲੀ ਨਾ ਸਾੜਨ ਲਈ ਪ੍ਰੇਰਤ ਕਰਨ। ਸ੍ਰੀ ਲਾਰਸਨ ਸਿੰਗਲਾ ਨੇ ਵੱਖ-ਵੱਖ ਮੰਡੀਆਂ ਦਾ ਦੌਰਾ ਕਰਕੇ ਕਿਸਾਨਾਂ ਨੂੰ ਪਰਾਲੀ ਸਾੜਨ ਨਾਲ ਹੁੰਦੇ ਨੁਕਸਾਨ ਤੋਂ ਜਾਗਰੂਕ ਕਰਕੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਪ੍ਰੇਰਿਤ ਕੀਤਾ ਤੇ ਕਿਸਾਨਾਂ ਨੂੰ ਸਹੁੰ ਚੁਕਵਾਈ ਕਿ ਉਹ ਪਰਾਲੀ ਨਹੀਂ ਸਾੜਨਗੇ। ਤਹਿਸੀਲਦਾਰ ਸ੍ਰੀ ਲਾਰਸਨ ਸਿੰਗਲਾ ਨੇ ਕਿਹਾ ਕਿ ਪਰਾਲੀ ਸਾੜਨ ਦੇ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਘਟ ਜਾਂਦੀ ਹੈ ਅਤੇ ਕਿਸਾਨਾਂ ਦੇ ਮਿੱਤਰ ਜੀਵ ਜੰਤੂ, ਕੀੜੇ ਮਕੌੜੇ ਅੱਗ ਨਾਲ ਸੜ ਕੇ ਮਰ ਜਾਂਦੇ ਹਨ, ਜਿਸ ਕਰਕੇ ਕਿਸਾਨਾਂ ਦੀ ਫ਼ਸਲ ਦਾ ਝਾੜ ਘਟ ਜਾਂਦਾ ਹੈ। ਪਰਾਲੀ ਸਾੜਨ ਨਾਲ ਉਸ ਦੇ ਧੂੰਏਂ ਤੋਂ ਅੱਖਾਂ, ਛਾਤੀ, ਗਲ਼ ਦੀਆਂ ਅਤੇ ਹੋਰ ਬਿਮਾਰੀਆਂ ਪੈਦਾ ਹੁੰਦੀਆਂ ਹਨ।




## Public Notice

I, Lehmber Singh S/o Lachhman Singh R/o VPO. Gakhal, Distt. Jalandhar declare that I am taking back the notice given in favour of my son Sukhwinder Singh in the newspaper Uttam Hindu and Nawaz Zamana on dated. 14/11/2016, due to now he is under my kind control and faithful towards us. Now he has full right in our movable and immovable property from now. All Please Note.

## ਬੇਦਖਲੀ ਨੋਟਿਸ

ਅਸੀਂ, ਚਮਨ ਲਾਲ ਪੁੱਤਰ ਮੱਸੂ ਰਾਮ ਅਤੇ ਨੰਜੋ ਪਤਨੀ ਚਮਨ ਲਾਲ ਵਾਸੀਆਨ ਪਿੰਡ ਹੀਰਾਪੁਰ, ਡਾਕਖਾਨਾ ਹੇਲਰਾਂ, ਜ਼ਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡੇ ਲੜਕੇ ਰਾਜ ਕੁਮਾਰ ਤੇ ਉਸਦੀ ਪਤਨੀ ਬਿੰਦਰ ਅਤੇ ਦੂਸਰਾ ਲੜਕਾ ਚਰਨ ਦਾਸ ਤੇ ਉਸਦੀ ਪਤਨੀ ਸੁਨੀਤਾ, ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਹਨਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਜੋ ਕੋਈ ਵੀ ਇਹਨਾਂ ਸਾਰਿਆਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

ਮੈਂ, ਨੀਲੂ ਸ਼ਰਮਾ ਪਤਨੀ ਲੇਟ ਸੰਦੀਪ ਸ਼ਰਮਾ ਵਾਸੀ ਮਕਾਨ ਨੰ. 104-ਬੀ, ਦਿਲਬਾਗ ਨਗਰ, ਬਸਤੀ ਗੁਜਾਂ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰਾਘਵ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ। ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

ਮੈਂ, ਚਮਨ ਲਾਲ ਪੁੱਤਰ ਗੁਰਬਖਸ਼ ਰਾਮ ਵਾਸੀ ਪਿੰਡ ਤੇ ਡਾਕਖਾਨਾ ਨੂਰਪੁਰ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਬਲਵਿੰਦਰ ਕੁਮਾਰ ਅਤੇ ਇਸ ਦੀ ਪਤਨੀ ਜੋਤੀ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

ਮੈਂ, ਸ਼ਿੰਗਾਰਾ ਸਿੰਘ ਪੁੱਤਰ ਮੁਨਸ਼ੀ ਰਾਮ ਵਾਸੀ ਕੋਟ ਕਲਾਂ, ਕੋਟ ਕਲਾਂ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੰਤੋਖ ਸਿੰਘ ਅਤੇ ਉਸਦੀ ਪਤਨੀ ਕਾਂਤਾ ਦੇਵੀ ਉਰਫ ਨਾਨੋਂ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਪਰਿਵਾਰ ਸਮੇਤ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

ਮੈਂ ਕੁਲਦੀਪ ਕੌਰ ਪਤਨੀ ਲੇਟ ਗੁਰਮੇਜ ਸਿੰਘ ਪਿੰਡ ਹਰਸੇ ਛੀਨਾ ( ਵਿਚਲਾ ਕਿਲ੍ਹਾ ) ਤਹਿਸੀਲ ਲੋਪੋਕੇ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਸਤਨਾਮ ਸਿੰਘ ਪੁੱਤਰ ਗੁਰਮੇਜ ਸਿੰਘ ਸਾਡੇ ਕੰਟ੍ਰੋਲ ਤੋਂ ਬਾਹਰ ਹੈ । ਉਸ ਨੂੰ ਮੈਂ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ । ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ । (ਸੋਨੀ)

ਮੈਂ, ਮੱਖਣ ਰਾਮ ਪੁੱਤਰ ਜਗਮਾਲ ਰਾਮ ਵਾਸੀ ਭਿੱਖੀਵਿੰਡ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਰਾਜੂ ਮੇਰੇ ਕਹਿਣੇ ਤੋਂ ਬਾਹਰ ਹੈ । ਮੈਂ ਉਸਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ । ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ । (ਸੋਨੀ)

ਮੈਂ ਅਸ਼ਵਨੀ ਕੁਮਾਰ ਪੁੱਤਰ ਕਿਸ਼ੋਰੀ ਲਾਲ ਵਾਸੀ ਸਿਵਪੁਰੀ ਮਹੁੱਲਾ ਧੂਰੀ ਆਪਣੇ ਲੜਕੇ ਸੁਮਿਤ ਕੁਮਾਰ ਨੂੰ ਕਹਿਣੇ ਤੋ ਬਾਹਰ ਹੋਣ ਕਰਕੇ ਆਪਣੀ ਚੱਲ ਅਚੱਲ ਜਾਇਦਾਦ ਤੋ ਬੇਦਖਲ ਕਰਦਾ ਹਾਂ ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵਾਂਗਾ।

ਮੈਂ, ਅਜੇ ਭਾਰਦਵਾਜ ਪੁੱਤਰ ਸ੍ਰੀ ਵਿਜੇ ਕੁਮਾਰ ਵਾਸੀ ਮਕਾਨ ਨੰ. 123, ਨਿਊ ਗੀਤਾ ਕਾਲੋਨੀ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰੀ ਪਤਨੀ ਰੇਨੂੰ ਭਾਰਦਵਾਜ, ਪੁੱਤਰ ਪੁਸ਼ਪ ਭਾਰਦਵਾਜ (ਕਰਿਸ਼), ਪੁੱਤਰੀ ਭਾਵਿਕਸ਼ਾ ਭਾਰਦਵਾਜ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

## Change of Name

I Prince sagar S/O Mangat lal R/O Salaichan road shahkot, post office shahkot, Disst Jalandhar have changed my name Prince Sagar to Prince Arora. Note please.

I Vinay Arora S/O Mangat lal R/O Salaichan road shahkot, Post office shahkot, Disst Jalandhar have changed my name Vinay Arora to Vinay Kumar. Note please.

I, Raghuvir Singh s/o Sukhwinder Singh r/o VPO.Raipur Rasulpur, Jalandhar, Punjab have changed my name to Raghuvir Singh Hothi. All Please Note.

I, Jaspreet Singh s/o Parmonkar Singh Bassi r/o VPO.Rurka Khurd, Teh.Phillaur, Distt.Jalandhar have changed my name to Jaspreet Singh Bassi. All Please Note.

I, Shipra w/o Surinder Singh r/o 60, Nitttr Campus, Sector-29, Chandigarh-160030 have changed my from Shipra to Shipra Agrawal. All Please Note.

I, hitherto Known as Sonia W/o Harwinder Lal R/o VPO. Khanpur Dhadda, Teh.Nakodar, Distt. Jalandhar-144701, Punjab have changed my name and shall hereafter be known as Sonia Rani.

I, hitherto Known as Akashdeep S/o Kailash Kumar R/o VPO. Jandu Singha, Ghag Patti, Distt. Jalandhar-144025, Punjab have changed my name and shall hereafter be known as Akashdeep Paul.

I, Ravender Singh Alias Ravinder Singh S/o Kulbir Singh R/o Vill. Shekhewal, Po. Mianwal Arayian, Distt. Jalandhar-144702, Punjab have changed my name and shall hereafter be known as Ravinder Singh.

I, hitherto Known as Gurdev Singh S/o Sucha Singh R/o VPO. Raipur Pharala, Distt. Jalandhar-144402, Punjab have changed name of my minor daughter Damanpreet Kaur aged 17 years and she shall hereafter be known as Damanpreet.

I, Muskan D/o Kuldeep Kumar R/o VPO. Dhogri, Tehsil and Distt. Jalandhar, Punjab have changed my name from Muskan to Muskan Kaur. All Please Note.

I, Renu W/o Dharamvir Singh R/o VPO. Karimpur Chahwala, Distt. SBS Nagar, Punjab have changed my name to Renu Bala. All Please Note.

I, Dharamveer Singh S/o Tarsem Lal VPO. Karimpur Chahwala, Distt. SBS Nagar, Punjab have changed my name/spelling to Dharamvir Singh (same person) All Please Note.

I, Anu Kumari W/o Vikas Kumar R/o VPO. Dosanjh Kalan, Teh. Phillaur, Distt. Jalandhar-144502, Punjab have changed my name from Anu Kumari to Kumari Anu (Surname as Kumari) All Please Note.

# ਪਰਾਲੀ ਸਾੜਨ ਵਿਰੁੱਧ ਡਿਊਟੀ 'ਚ ਕੁਤਾਹੀ ਲਈ ਚਾਰ ਖੇਤੀਬਾੜੀ ਅਧਿਕਾਰੀ ਮੁਅੱਤਲ

ਚੰਡੀਗੜ੍ਹ, (ਗੁਰਜੀਤ ਬਿੱਲਾ) ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਪਰਾਲੀ ਸਾੜਨ ਦੀ ਸਮੱਸਿਆ ਨਾਲ ਨਜਿੱਠਣ ਦੀ ਵਚਨਬੱਧਤਾ ਤਹਿਤ ਖੇਤੀਬਾੜੀ ਵਿਭਾਗ ਨੇ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਸਾਹਮਣੇ ਆਉਣ 'ਤੇ ਅੱਜ ਚਾਰ ਅਧਿਕਾਰੀਆਂ ਨੂੰ ਡਿਊਟੀ ਵਿੱਚ ਕੁਤਾਹੀ ਲਈ ਮੁਅੱਤਲ ਕਰ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇਸ ਵਾਰ ਪਰਾਲੀ ਸਾੜਨ ਦੀਆਂ ਘਟਨਾਵਾਂ ਵਿਰੁੱਧ ਜ਼ੀਰੋ ਸਹਿਣਸ਼ੀਲਤਾ ਨੀਤੀ ਅਪਣਾਈ ਹੈ ਅਤੇ ਸੂਬੇ ਭਰ ਵਿੱਚ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਵਾਸਤੇ ਜਾਗਰੂਕ ਕਰਨ ਲਈ ਜ਼ੋਰਦਾਰ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਖੇਤੀਬਾੜੀ ਅਧਿਕਾਰੀਆਂ ਨੂੰ ਜ਼ਮੀਨੀ ਪੱਧਰ 'ਤੇ ਸੰਜੀਦਗੀ ਨਾਲ ਕੰਮ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਕਿਹਾ ਹੈ ਕਿ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਈ ਜਾਵੇ, ਪਰ ਇਨ੍ਹਾਂ ਅਧਿਕਾਰੀਆਂ ਵੱਲੋਂ ਸਰਕਾਰ ਦੀਆਂ ਹਦਾਇਤਾਂ ਦੀ ਢੁਕਵੀਂ ਪਾਲਣਾ ਨਹੀਂ ਕੀਤੀ ਗਈ। ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਚਾਰ ਖੇਤੀਬਾੜੀ ਅਧਿਕਾਰੀਆਂ ਨੂੰ ਡਿਊਟੀ ਵਿੱਚ ਕੁਤਾਹੀ ਵਰਤਣ ਦੇ ਦੋਸ਼ ਹੇਠ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਹੈ। ਮੁਅੱਤਲ ਕੀਤੇ ਗਏ ਅਧਿਕਾਰੀਆਂ ਵਿੱਚ ਮੁੱਖ ਖੇਤੀਬਾੜੀ ਅਫਸਰ ਸੰਗਰੂਰ ਹਰਬੰਸ ਸਿੰਘ, ਖੇਤੀਬਾੜੀ ਅਫਸਰ ਸਮਾਣਾ ਪਟਿਆਲਾ ਸਤੀਸ਼ ਕੁਮਾਰ, ਖੇਤੀਬਾੜੀ ਅਫਸਰ ਚੋਹਲਾ ਸਾਹਿਬ ਤਰਨ ਤਾਰਨ ਹਰਪਾਲ ਸਿੰਘ, ਖੇਤੀਬਾੜੀ ਅਫਸਰ ਪੱਟੀ, ਤਰਨ ਤਾਰਨ ਭੁਪਿੰਦਰ ਸਿੰਘ ਸ਼ਾਮਲ ਹਨ। ਬੁਲਾਰੇ ਨੇ ਦੱਸਿਆ ਕਿ ਮੁਅੱਤਲੀ ਦੇ ਸਮੇਂ ਦੌਰਾਨ ਇਹ ਅਧਿਕਾਰੀ ਦਫਤਰ ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਐਸ ਏ ਐਸ ਨਗਰ ਵਿਖੇ ਰਿਪੋਰਟ ਕਰਨਗੇ। ਉਨ੍ਹਾਂ ਅੱਗੇ ਦੱਸਿਆ ਕਿ ਮੁਅੱਤਲੀ ਦੌਰਾਨ ਇਨ੍ਹਾਂ ਅਧਿਕਾਰੀਆਂ ਨੂੰ ਨਿਯਮਾਂ/ਹਦਾਇਤਾਂ ਅਨੁਸਾਰ ਗੁਜ਼ਾਰਾ ਭੱਤਾ ਦਿੱਤਾ ਜਾਵੇਗਾ।

## ਨਾਂਅ ਦੀ ਬਦਲੀ

ਮੈਂ ਨਰਿੰਦਰਜੀਤ ਕੌਰ ਪਤਨੀ ਰਵਿੰਦਰ ਸਿੰਘ ਵਾਸੀ ਵਾਰਡ ਨੰ: 6 ਪਿੰਡ ਮਿਆਣੀ ਜ਼ਿਲ੍ਹਾ ਹੁਸ਼ਿਆਰਪੁਰ ਮੈਂ ਆਪਣੇ ਪੁੱਤਰ ਦਾ ਨਾਮ ਸਮਰਦੀਪ ਸਿੰਘ ਤੋਂ ਬਦਲ ਕੇ ਸਿੰਘ ਸਮਰਦੀਪ ਰੱਖ ਲਿਆ ਹੈ

## Change of Name

I, Kuldip Kaur Dhesi D/o Joginder Singh W/o Jagpal Singh R/o Atti, Jalandhar, Punjab-144418. have changed my name as Kuldip Kaur. All Please Note.

I hitherto known as Maro Kaur daughter of Lakhvir Singh, Residing at Village – Bath, District Bathinda (Punjab), Pin Code 151102, have changed my name and shall hereafter be known as Jaspreet Kaur.

# ਏ ਐੱਸ ਸੀ ਜਲੰਧਰ ਦਾ ਇੰਡੀਅਨ ਨੇਵੀ ਮੁੰਬਈ ਨੂੰ 3-2 ਨਾਲ ਹਰਾ ਕੇ ਲੀਗ ਪੜਾਅ 'ਚ ਪ੍ਰਵੇਸ਼

**ਜਲੰਧਰ (ਸੁਰਿੰਦਰ ਕੁਮਾਰ)**-ਸਥਾਨਕ ਜਲੰਧਰ ਵਿੱਚ ਹੋ ਰਹੇ 39ਵੇਂ ਇੰਡੀਅਨ ਆਇਲ ਸਰਵੋ ਸੁਰਜੀਤ ਹਾਕੀ ਟੂਰਨਾਮੈਂਟ ਦੇ ਅੱਜ ਤੀਜੇ ਦਿਨ ਨੌਜਵਾਨ ਤੇ ਉਤਸ਼ਾਹੀ ਖਿਡਾਰੀਆਂ ਨਾਲ ਭਰੀ ਪੰਜਾਬ ਨੈਸ਼ਨਲ ਬੈਂਕ ਨੇ ਸਾਬਕਾ ਚੈਂਪੀਅਨ ਆਰਮੀ ਇਲੈਵਨ, ਦਿੱਲੀ ਨੂੰ 2-0 ਨਾਲ ਅਤੇ ਸਾਬਕਾ ਜੇਤੂ ਇੰਡੀਅਨ ਆਇਲ ਮੁੰਬਈ ਨੇ ਇੰਡੀਅਨ ਏਅਰਫੋਰਸ ਨੂੰ 7-0 ਨਾਲ ਹਰਾ ਕੇ ਹਰਾ ਕੇ ਪੂਰੇ ਅੰਕ ਹਾਸਲ ਕੀਤੇ। ਸਥਾਨਕ ਸੁਰਜੀਤ ਹਾਕੀ ਸਟੇਡੀਅਮ, ਬਲਟਰਨ ਪਾਰਕ ਵਿਖੇ ਜਾਰੀ ਇਸ ਟੂਰਨਾਮੈਂਟ ਵਿਚ ਏ.ਐਸ.ਸੀ. ਜਲੰਧਰ ਨੇ ਇੰਡੀਅਨ ਨੇਵੀ, ਮੁੰਬਈ ਨੂੰ 3-2 ਨਾਲ ਹਰਾ ਕੇ ਲੀਗ ਪੜਾਅ ਵਿੱਚ ਪ੍ਰਵੇਸ਼ ਕੀਤਾ ਹੈ। ਟੂਰਨਾਮੈਂਟ ਦੇ ਦਿਨ ਦੇ ਪਹਿਲੇ ਮੈਚ ਵਿਚ ਏ.ਐਸ.ਸੀ, ਬੰਗਲੌਰ ਦੀ ਟੀਮ ਨੇ ਖੇਡ ਦੇ ਸ਼ੁਰੂ ਤੋਂ ਹੀ ਹਮਲਾਵਰ ਰੁਖ ਅਪਨਾਉਂਦੇ ਹੋਏ ਭਾਰਤੀ ਜਲ ਸੈਨਾ, ਮੁੰਬਈ 'ਤੇ ਆਪਣਾ ਦਬਦਬਾ ਬਣਾ ਲਿਆ । ਏ.ਐਸ.ਸੀ. ਟੀਮ ਨੂੰ ਖੇਡ ਦੇ 10ਵੇਂ ਮਿੰਟ 'ਚ ਪੈਨਲਟੀ ਕਾਰਨਰ ਮਿਲਿਆ, ਜਿਸ 'ਤੇ ਰਵਨੀਤ ਸਿੰਘ ਨੇ ਮਿਲੇ ਰੀਬਾਉਂਡ 'ਤੇ ਗੋਲ ਕਰਕੇ ਆਪਣੀ ਟੀਮ ਨੂੰ 1-0 ਨਾਲ ਅੱਗੇ ਕਰ ਦਿੱਤਾ । ਖੇਡ ਦੇ ਦੋ ਮਿੰਟ ਬਾਅਦ ਏ.ਐਸ.ਸੀ. ਦੇ ਗੌਥਮ ਕੁਮਾਰ ਨੇ ਸ਼ਾਨਦਾਰ ਮੈਦਾਨੀ ਗੋਲ ਕਰਕੇ ਆਪਣੀ ਟੀਮ ਨੂੰ 2-0 ਦੀ ਲੀਡ ਦਿਵਾਈ। ਦੂਜੇ ਕੁਆਰਟਰ ਵਿੱਚ ਇੰਡੀਅਨ ਨੇਵੀ ਨੇ ਵਧੀਆ ਖੇਡ ਦਾ ਪ੍ਰਦਰਸ਼ਨ ਕੀਤਾ। ਪਹਿਲੇ ਕੁਆਰਟਰ ਦੇ ਖਤਮ ਹੋਣ ਤੋਂ ਕੁਝ ਸਕਿੰਟ ਪਹਿਲਾਂ ਆਸੀਸ ਟੋਪਨੋ ਵੱਲੋਂ ਗੋਲ ਕਰਨ ਦੀ ਇਕ ਚੰਗੀ ਕੋਸ਼ਿਸ਼ ਨੂੰ ਗੋਲਕੀਪਰ ਨਵਦੀਪ ਸਿੰਘ ਨੇ ਬਹੁਤ ਫੁਰਤੀ ਨਾਲ ਗੋਲ ਬਚਾ ਲਿਆ। ਅੱਧੇ ਸਮਾਂ ਤੱਕ ਏ.ਐੱਸ.ਸੀ ਟੀਮ 2-0 ਨਾਲ ਅੱਗੇ ਹੈ । ਅੱਧੇ ਸਮੇਂ ਤੋਂ ਬਾਅਦ ਏ.ਐੱਸ.ਸੀ. ਟੀਮ ਨੇ ਆਪਣੇ ਹਮਲੇ ਬਰਕਰਾਰ ਰੱਖਦੇ ਹੋਏ ਖੇਡ ਦੇ 35ਵੇਂ ਮਿੰਟ ਵਿਚ ਮਿਲੇ ਪੈਨਲਟੀ ਕਾਰਨਰ ਨੂੰ ਕਪਤਾਨ ਗੁਰਪ੍ਰੀਤ ਸਿੰਘ ਫੱਟਾ ਖੜਕਾ ਕੇ ਟੀਮ ਨੂੰ 3-0 ਨਾਲ ਅੱਗੇ ਕਰ ਦਿੱਤਾ । ਤਿੰਨ ਗੋਲਾਂ ਤੋਂ ਪਿਛੜਨ ਤੋਂ ਬਾਅਦ ਖੇਡ ਦੇ 37ਵੇਂ ਮਿੰਟ ਵਿਚ ਇੰਡੀਅਨ ਨੇਵੀ ਦੇ ਕੁਲਦੀਪ ਨੇ ਸ਼ਾਨਦਾਰ ਮੈਦਾਨੀ ਗੋਲ ਕਰਕੇ ਗੋਲਾਂ ਦਾ ਫਰਕ 1-3 ਕਰ ਦਿੱਤਾ । ਪੂਲ-ਬੀ ਦੇ ਮੈਚ ਵਿੱਚ ਜਿੱਥੇ ਜੋਬਨਪ੍ਰੀਤ ਸਿੰਘ ਦੀ ਅਗਵਾਈ ਵਿੱਚ ਆਰਮੀ ਇਲੈਵਨ ਦਿੱਲੀ ਨੇ ਬਹੁਤ ਆਤਮ ਵਿਸ਼ਵਾਸ ਨਾਲ ਖੇਡ ਦੀ ਸ਼ੁਰੂਆਤ ਕੀਤੀ ਉੱਥੇ ਨੌਜਵਾਨ ਅਤੇ ਉਤਸ਼ਾਹੀ ਖਿਡਾਰੀਆਂ ਨਾਲ ਭਰੀ ਪੰਜਾਬ ਨੈਸ਼ਨਲ ਬੈਂਕ ਦੀ ਟੀਮ ਨੇ ਡਟ ਕੇ ਮੁਕਾਬਲਾ ਕੀਤਾ । ਦੋਵੇਂ ਟੀਮਾਂ ਨੇ ਗੋਲ ਕਰਨ ਦੇ ਮੌਕੇ ਮਿਲੇ ਪਰ ਕਿਸੇ ਵੀ ਟੀਮ ਨੂੰ ਸਫਲਤਾ ਨਹੀਂ ਮਿਲੀ । ਅੱਧੇ ਸਮੇਂ ਤੱਕ ਦੋਵੇਂ ਟੀਮਾਂ ਬਿਨਾ ਕਿਸੇ ਗੋਲ ਕੀਤੇ ਬਰਾਬਰੀ ਉਪਰ ਖੇਡ ਰਹੀਆਂ ਸਨ । ਅੱਧੇ ਸਮੇਂ ਤੋਂ ਬਾਅਦ ਬੈਂਕਰਜ਼ ਨੇ ਆਪਣਾ ਪਹਿਲਾ ਪੈਨਲਟੀ ਕਾਰਨਰ ਹਾਸਲ ਕੀਤਾ ਅਤੇ ਉਨ੍ਹਾਂ ਦੇ ਗੁਰਸਿਮਰਨ ਸਿੰਘ ਨੇ ਆਪਣੀ ਟੀਮ ਨੂੰ 1-0 ਨਾਲ ਅੱਗੇ ਕਰਨ ਵਿੱਚ ਕੋਈ ਗਲਤੀ ਨਹੀਂ ਕੀਤੀ। ਇੱਕ ਗੋਲ ਤੋਂ ਪਿਛੜਨ ਤੋਂ ਬਾਅਦ ਫੌਜ ਦੇ ਖਿਡਾਰੀਆਂ ਨੇ ਆਪਣੇ ਹਮਲੇ ਤੇਜ਼ ਕੀਤੇ ਅਤੇ ਲਗਾਤਾਰ 4 ਪੈਨਲਟੀ ਕਾਰਨਰ ਹਾਸਲ ਕੀਤੇ ਪਰ ਉਹ ਗੋਲ ਕਰਨ ਵਿੱਚ ਅਸਫਲ ਰਹੇ। ਅੱਧੇ ਸਮੇਂ ਤੱਕ ਬੈਂਕ ਟੀਮ 1-0 ਨਾਲ ਅੱਗੇ ਖੇਡ ਰਹੀ ਸੀ । ਅੱਧੇ ਸਮੇਂ ਤੋਂ ਬਾਅਦ ਬੈਂਕਰਜ਼ ਨੇ ਆਪਣਾ ਪਹਿਲਾ ਪੈਨਲਟੀ ਕਾਰਨਰ ਹਾਸਲ ਕੀਤਾ ਅਤੇ ਉਨ੍ਹਾਂ ਦੇ ਗੁਰਸਿਮਰਨ ਸਿੰਘ ਨੇ ਆਪਣੀ ਟੀਮ ਨੂੰ 1-0 ਨਾਲ ਅੱਗੇ ਕਰਨ ਵਿੱਚ ਕੋਈ ਗਲਤੀ ਨਹੀਂ ਕੀਤੀ। ਇੱਕ ਗੋਲ ਤੋਂ ਪਿਛੜਨ ਤੋਂ ਬਾਅਦ ਫੌਜ ਦੇ ਜਵਾਨਾਂ ਨੇ ਆਪਣੇ ਹਮਲੇ ਕੀਤੇ ਅਤੇ ਲਗਾਤਾਰ 4 ਪੈਨਲਟੀ ਕਾਰਨਰ ਹਾਸਲ ਕੀਤੇ ਪਰ ਗੋਲ ਕਰਨ ਵਿੱਚ ਅਸਫਲ ਰਹੇ। ਖੇਡ ਦੇ 55ਵੇਂ ਮਿੰਟ ਵਿੱਚ ਬੈਂਕ ਦੇ ਅੰਕੁਸ਼ ਨੇ ਸੈਂਟਰ ਲਾਈਨ ਤੋਂ ਗੇਂਦ ਪ੍ਰਾਪਤ ਕੀਤੀ ਅਤੇ ਤਿੰਨ ਆਰਮੀ ਡਿਫੈਂਡਰਾਂ ਨੂੰ ਚਕਮਾ ਦਿੰਦੇ ਹੋਏ ਟੂਰਨਾਮੈਂਟ ਦਾ ਸ਼ਾਨਦਾਰ ਗੋਲ ਕੀਤਾ (2-0) ਦਿਨ ਦੇ ਆਖਰੀ ਮੈਚ ਪੂਲ ਏ ਵਿੱਚ, ਦਿਨ ਦੇ ਆਖਰੀ ਮੈਚ ਵਿੱਚ, ਇੰਡੀਅਨ ਆਇਲ ਮੁੰਬਈ ਨੇ ਭਾਰਤੀ ਹਵਾਈ ਸੈਨਾ ਦੇ ਖਿਲਾਫ ਨਿਯੰਤਰਿਤ ਹਾਕੀ ਦਾ ਪ੍ਰਦਰਸ਼ਨ ਕੀਤਾ। ਖੇਡ ਦੇ 8ਵੇਂ ਮਿੰਟ ਵਿੱਚ ਇੰਡੀਅਨ ਆਇਲ ਨੇ ਲੀਡ ਹਾਸਲ ਕੀਤੀ, ਜਦੋਂ ਓਲੰਪੀਅਨ ਵੀ ਆਰ ਰਘੂਨਾਥ ਨੇ ਦੂਜੇ ਪੈਨਲਟੀ ਕਾਰਨਰ ਨੂੰ 1-0 ਵਿੱਚ ਬਦਲ ਦਿੱਤਾ। 17ਵੇਂ ਮਿੰਟ ਵਿੱਚ ਇੰਡੀਅਨ ਆਇਲ ਦੇ ਇੰਟਰਨੈਸ਼ਨਲ ਸਟਾਰ ਅਫਾਨ ਯੂਸਫ ਨੇ ਸੱਜੇ ਪਾਸੇ ਤੋਂ ਗੇਂਦ ਨੂੰ ਗੋਲ ਕੀਤਾ । ਹਾਫ ਟਾਈਮ ਤੱਕ ਇੰਡੀਅਨ ਆਇਲ 2-0 ਨਾਲ ਅੱਗੇ ਸੀ। ਲੈਮਨ ਬ੍ਰੇਕ ਤੋਂ ਬਾਅਦ ਇੰਡੀਅਨ ਆਇਲ ਨੇ ਤੀਰ ਨਾਲ ਤਿੰਨ ਗੋਲ ਕੀਤੇ। 34ਵੇਂ ਮਿੰਟ ਵਿੱਚ ਤਲਵਿੰਦਰ ਸਿੰਘ, 35ਵੇਂ ਮਿੰਟ ਵਿੱਚ ਅਰਮਾਨ ਕੁਰੈਸ਼ੀ ਅਤੇ 37ਵੇਂ ਮਿੰਟ ਵਿੱਚ ਰੋਸ਼ਨ ਮਿੰਜ (5-0) ਨੇ ਗੋਲ ਕੀਤਾ। ਆਖਰੀ ਕੁਆਰਟਰ ਦੇ 48ਵੇਂ ਮਿੰਟ ਵਿੱਚ ਇੰਡੀਅਨ ਆਇਲ ਦੇ ਗੁਰਜਿੰਦਰ ਸਿੰਘ ਅਤੇ 49ਵੇਂ ਮਿੰਟ ਵਿੱਚ ਤਲਵਿੰਦਰ ਸਿੰਘ ਨੇ ਗੋਲ ਕੀਤੇ (7-0)। ਅੱਜ ਦੇ ਮੈਚਾਂ ਵਿੱਚ ਇੰਦਰਜੀਤ ਕੌਰ ਮਾਨ, ਐਮ.ਐਲ.ਏ., ਨਕੋਦਰ, ਕਰਨਲ ਬਲਬੀਰ ਸਿੰਘ ਓਲੰਪੀਅਨ, ਭੂਸ਼ਣ ਸ਼ਰਮਾ, ਸਰਕਲ ਹੈੱਡ, ਗੁਰਚਰਨ ਸਿੰਘ, ਡਿਪਟੀ ਸਰਕਲ ਹੈਡ, ਪੰਜਾਬ ਨੈਸ਼ਨਲ ਬੈਂਕ ਨੇ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਸੁਰਿੰਦਰ ਸਿੰਘ ਭਾਪਾ, ਰਮਨੀਕ ਸਿੰਘ ਰੰਧਾਵਾ, ਲਖਵਿੰਦਰ ਪਾਲ ਸਿੰਘ ਖਹਿਰਾ, ਰਣਬੀਰ ਸਿੰਘ ਟੁੱਟ, ਤਰਲੋਕ ਸਿੰਘ ਭੁੱਲਰ, ਗੁਰਵਿੰਦਰ ਸਿੰਘ ਗੁੱਲੂ, ਲੇਖ ਰਾਜ ਨਾਈਅਰ ਆਦਿ ਹਾਜ਼ਰ ਸਨ। ਆਰਮੀ ਇਲੈਵਨ ਨੇ ਪੰਜਾਬ ਐਂਡ ਸਿੰਧ ਬੈਂਕ ਨੂੰ 3-1 ਦੇ ਫਰਕ ਨਾਲ ਹਰਾ ਕੇ ਪੂਲ ਬੀ ਦੇ ਲੀਗ ਮੈਚ ਵਿੱਚ ਜਿੱਤ ਦਰਜ ਕਰਦੇ ਹੋਏ ਤਿੰਨ ਅੰਕ ਹਾਸਲ ਕਰ ਲਏ। ਓਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿਖੇ ਚਲ ਰਹੇ 39ਵੇਂ ਇੰਡੀਅਨ ਆਇਲ ਸਰਵੋ ਸੁਰਜੀਤ ਹਾਕੀ ਟੂਰਨਾਮੈਂਟ ਦੇ ਦੂਜੇ ਦਿਨ ਦੋ ਲੀਗ ਦੌਰ ਦੇ ਅਤੇ ਦੋ ਨਾਕਆਊਟ ਦੌਰ ਦੇ ਮੈਚ ਖੇਡੇ ਗਏ। ਲੀਗ ਦੌਰ ਦੇ ਦੂਜੇ ਮੈਚ ਵਿੱਚ ਪੂਲ ਏ ਵਿੱਚ ਭਾਰਤੀ ਏਅਰਫੋਰਸ ਨੇ ਭਾਰਤੀ ਰੇਲਵੇ ਨੂੰ 3-1 ਨਾਲ ਹਰਾ ਕੇ ਤਿੰਨ ਅੰਕ ਹਾਸਲ ਕੀਤੇ। ਜਦਕਿ ਏ ਐਸ ਸੀ ਬੰਗਲੌਰ ਅਤੇ ਇੰਡੀਅਨ ਨੇਵੀ ਦੀਆਂ ਟੀਮਾਂ ਆਪਣੇ ਆਪਣੇ ਮੈਚ ਜਿੱਤ ਕੇ ਲੀਗ ਦੌਰ ਵਿੱਚ ਪ੍ਰਵੇਸ਼ ਕਰ ਗਈਆਂ। ਪੂਲ ਏ ਦਾ ਲੀਗ ਮੈਚ ਪੰਜਾਬ ਐਂਡ ਸਿੰਧ ਬੈਂਕ ਅਤੇ ਆਰਮੀ ਇਲੈਵਨ ਦੇ ਦਰਮਿਆਨ ਖੇਡਿਆ ਗਿਆ। ਖੇਡ ਦੇ 6ਵੇਂ ਮਿੰਟ ਵਿਚ ਆਰਮੀ ਦੇ ਸਰੀਨ ਈ ਨੇ ਪੈਨਲਟੀ ਕਾਰਨਰ ਰਾਹੀਂ ਗੋਲ ਕਰਕੇ ਸਕੋਰ 1-0 ਕੀਤਾ। ਅਗਲੇ ਹੀ ਮਿੰਟ ਬੈਂਕ ਦੇ ਜਰਮਨਜੀਤ ਸਿੰਘ ਨੇ ਪੈਨਲਟੀ ਕਾਰਨਰ ਰਾਹੀਂ ਗੋਲ ਕਰਕੇ ਸਕੋਰ 1-1 ਕਰਕੇ ਬਰਾਬਰੀ ਕੀਤੀ। ਅੱਧੇ ਸਮੇਂ ਤੱਕ ਦੋਵੇਂ ਟੀਮਾਂ 1-1 ਨਾਲ ਬਰਾਬਰ ਸਨ। ਚੌਥੇ ਕਵਾਰਟਰ ਦੇ 54ਵੇਂ ਮਿੰਟ ਵਿੱਚ ਆਰਮੀ ਦੇ ਜਗਜੋਤ ਸਿੰਘ ਨੇ ਮੈਦਾਨੀ ਗੋਲ ਕਰਕੇ ਸਕੋਰ 2-1 ਕੀਤਾ। ਖੇਡ ਦੇ 58ਵੇਂ ਮਿੰਟ ਵਿੱਚ ਆਰਮੀ ਦੇ ਪ੍ਰਤਾਪ ਸ਼ਿੰਦੇ ਨੇ ਗੋਲ ਕਰਕੇ ਸਕੋਰ 3-1 ਕਰਕੇ ਮੈਚ ਆਪਣੇ ਨਾਂਅ ਕੀਤਾ। ਦਿਨ ਦੇ ਪਹਿਲੇ ਮੈਚ ਵਿੱਚ ਏ.ਐਸ.ਸੀ. ਬੰਗਲੁਰੂ ਨੇ ਕੈਗ ਨਵੀਂ ਦਿੱਲੀ ਨੂੰ 1-0 ਨਾਲ ਹਰਾਇਆ। ਖੇਡ ਦੇ 28 ਮਿੰਟ ਵਿੱਚ ਮਿਲੇ ਪਹਿਲੇ ਪੈਨਲਟੀ ਕਾਰਨਰ ਨੂੰ ਏ.ਐਸ.ਸੀ. ਦੇ ਕਪਤਾਨ ਗੁਰਪ੍ਰੀਤ ਸਿੰਘ ਨੇ ਗੋਲ ਵਿਚ ਤਬਦੀਲ ਕਰਕੇ ਆਪਣੀ ਟੀਮ ਨੂੰ 1-0 ਦੇ ਫਰਕ ਨਾਲ ਅੱਗੇ ਕਰ ਦਿੱਤਾ ਜੋਂ ਆਖਰੀ ਸਮੇਂ ਤਕ ਬਰਕਰਾਰ ਰਹੀ । ਦਿਨ ਦਾ ਦੂਸਰਾ ਮੈਚ ਇੰਡੀਅਨ ਨੇਵੀ ਮੁੰਬਈ ਅਤੇ ਆਰਮੀ (ਗਰੀਨ) ਵਿਚ ਖੇਡਿਆ ਗਿਆ ਜਿਸ ਵਿਚ ਦੋਵੇਂ ਹੀ ਟੀਮਾਂ ਨੇ ਸਾਨਦਾਰ ਤੇ ਤੇਜ਼ ਤਰਾਰ ਹਾਕੀ ਦਾ ਪ੍ਰਦਰਸ਼ਨ ਕੀਤਾ। ਮੈਚ ਦੇ ਨਿਰਧਾਰਤ ਸਮੇਂ ਵਿੱਚ ਵਿਚ ਦੋਵੇਂ ਟੀਮਾਂ ਨੇ 3-3 ਗੋਲ ਕੀਤੇ ਜਦੋਂਕਿ ਥਲ ਸੈਨਾ ਦੇ ਸੁਸ਼ੀਲ ਧੰਨਵਰ ਮਿਲੀ ਪੈਨਲਟੀ ਸਟਰੋਕ ਨੂੰ ਗੋਲ ਵਿਚ ਤਬਦੀਲ ਕਰਨ ਵਿਚ ਅਸਫਲ ਰਿਹਾ । ਨਿਰਧਾਰਤ ਸਮੇਂ ਵਿੱਚ ਭਾਰਤੀ ਜਲ ਸੈਨਾ ਮੁੰਬਈ ਦੇ ਨਿਤੇਸ਼, ਸੁਸ਼ੀਲ ਧਨਵਰ ਅਤੇ ਸੁਸ਼ੀਲ ਅਤੇ ਆਰਮੀ (ਗਰੀਨ) ਦੇ ਸਿਮਰਨਦੀਪ ਸਿੰਘ, ਮਿਲਿਨ ਟੋਪੋ ਅਤੇ ਜੋਬਨਪ੍ਰੀਤ ਸਿੰਘ ਨੇ 3-3 ਗੋਲ ਕੀਤੇ । ਮੈਚ ਦਾ ਫੈਸਲਾ ਪੈਨਲਟੀ ਸ਼ੂਟ ਰਾਹੀਂ ਕੀਤਾ ਗਿਆ ਜਿਸ ਵਿਚ ਇੰਡੀਅਨ ਨੇਵੀ ਮੁੰਬਈ ਨੇ ਆਰਮੀ (ਗਰੀਨ) ਨੂੰ 7-5 ਨਾਲ ਹਰਾ ਕੇ ਜਿੱਤ ਹਾਸਲ ਕੀਤੀ । ਪੂਲ-ਏ ਦੇ ਲੀਗ ਪੜਾਅ ਦੇ ਮੈਚ ਵਿੱਚ ਭਾਰਤੀ ਹਵਾਈ ਸੈਨਾ, ਮੁੰਬਈ ਨੇ ਪਿਛਲੇ ਸਾਲ ਦੀ ਚੈਂਪੀਅਨ ਭਾਰਤੀ ਰੇਲਵੇ, ਦਿੱਲੀ ਨੂੰ 3-1 ਨਾਲ ਹਰਾ ਕੇ ਪੂਰੇ ਅੰਕ ਹਾਸਲ ਕੀਤੇ ਹਨ । ਭਾਰਤੀ ਰੇਲਵੇ ਨੂੰ ਖੇਡ ਦੇ 30 ਮਿੰਟ ਵਿੱਚ ਮਿਲੇ ਪੈਨਲਟੀ ਕਾਰਨਰ ਨੂੰ ਡਿਫੈਂਡਰ ਪਰਮਪ੍ਰੀਤ ਸਿੰਘ ਨੇ ਗੋਲ ਵਿੱਚ ਬਦਲ ਕੇ ਆਪਣੀ ਟੀਮ ਨੂੰ ਅੱਗੇ ਕਰ ਦਿੱਤਾ। ਅੱਧੇ ਸਮੇਂ ਤੱਕ ਭਾਰਤੀ ਰੇਲਵੇ 1-0 ਨਾਲ ਅੱਗੇ ਖੇਡ ਰਹੀ ਸੀ। ਅੱਧੇ ਸਮੇਂ ਤੋਂ ਬਾਦ ਹਵਾਈ ਸੈਨਾ ਨੇ ਚੰਗੀ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ ਖੇਡ ਦੇ 42ਵੇਂ ਮਿੰਟ ਵਿਚ ਮਿਲੇ ਪੈਨਲਟੀ ਸਟਰੋਕ ਨੂੰ ਉਹਨਾਂ ਦੇ ਕਪਤਾਨ ਲਵਪ੍ਰੀਤ ਸਿੰਘ ਵੱਲੋਂ ਗੋਲ ਕਰਕੇ ਆਪਣੀ ਟੀਮ ਨੂੰ 1-1 ਬਰਾਬਰੀ ਉਪਰ ਕਰ ਦਿੱਤਾ । ਹਵਾਈ ਫੌਜ ਦੇ ਫਾਰਵਰਡ ਮਨੀਦ ਕੇਰਕਟਾ ਨੇ ਖੇਡ ਦੇ 46ਵੇਂ ਮਿੰਟ ਵਿੱਚ ਸ਼ਾਨਦਾਰ ਮੈਦਾਨੀ ਗੋਲ ਕਰਕੇ ਆਪਣੀ ਟੀਮ ਨੂੰ 2-1 ਦੀ ਲੀਡ ਦਿਵਾਈ ਜਦਕਿ ਖੇਡ ਦੇ ਆਖਰੀ ਸਮੇਂ ਵਿੱਚ ਫਾਰਵਰਡ ਰਾਹੁਲ ਕੁਮਾਰ ਨੇ ਸ਼ਾਨਦਾਰ ਮੈਦਾਨੀ ਗੋਲ ਕਰਕੇ ਹਵਾਈ ਫੌਜ ਟੀਮ ਨੂੰ 3-1 ਨਾਲ ਜਿੱਤ ਦਿਵਾਈ। ਅੱਜ ਦੇ ਮੈਚਾਂ ਦੇ ਮੁੱਖ ਮਹਿਮਾਨ ਓਲੰਪੀਅਨ ਬਲਵਿੰਦਰ ਸਿੰਘ ਸ਼ੰਮੀ,ਸੁਖਜੀਤ ਕੌਰ ਅੰਤਰਰਾਸ਼ਟਰੀ ਖਿਡਾਰਨ, ਜੇ ਐਸ ਮਾਨ ਡੀ ਜੀ ਐਮ ਪੰਜਾਬ ਐਂਡ ਸਿੰਧ ਬੈਂਕ ਨੇ ਟੀਮਾਂ ਨਾਲ ਜਾਣ ਪਛਾਣ ਕੀਤੀ। ਇਨ੍ਹਾਂ ਮੈਚਾਂ ਦੌਰਾਨ ਅਮਰੀਕ ਸਿੰਘ ਪੁਆਰ, ਰਮਨੀਕ ਰੰਧਾਵਾ ਮੀਤ ਪ੍ਰਧਾਨ, ਲਖਵਿੰਦਰ ਪਾਲ ਸਿੰਘ ਖਹਿਰਾ, ਗੁਰਵਿੰਦਰ ਸਿੰਘ ਗੁੱਲੂ, ਇਕਬਾਲ ਸਿੰਘ ਸੰਧੂ, ਰਣਬੀਰ ਟੁੱਟ, ਓਲੰਪੀਅਨ ਸੰਜੀਵ ਕੁਮਾਰ, ਬਲਜੀਤ ਰੰਧਾਵਾ ਕੈਨੇਡਾ, ਤਰਲੋਕ ਸਿੰਘ ਭੁੱਲਰ ਕੈਨੇਡਾ, ਗੌਰਵ ਅਗਰਵਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਹਨ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਆੜ੍ਹਤੀਆਂ ਨੇ ਦਾਣਾ ਮੰਡੀਆਂ 'ਚ ਹੋ ਰਹੀਆਂ ਚੋਰੀਆਂ ਦਾ ਮਾਮਲਾ ਚੁੱਕਿਆ


ਵਿਧਾਇਕ ਲਾਭ ਸਿੰਘ ਉਗੋਕੇ ਮੰਡੀ ਦਾ ਜਾਇਜ਼ਾ ਲੈਂਦੇ ਹੋਏ।

**ਤਪਾ ਮੰਡੀ (ਅਰੁਣ ਗੋਇਲ, ਮੁਨੀਸ਼ ਬਾਂਸਲ)**

ਪੰਜਾਬ ਵਿੱਚ ਝੋਨੇ ਦਾ ਸੀਜ਼ਨ ਜ਼ੋਰਾਂ 'ਤੇ ਚੱਲ ਰਿਹਾ ਹੈ, ਜਿਸ ਕਾਰਨ ਝੋਨੇ ਦੀ ਫ਼ਸਲ ਨਾਲ ਅਨਾਜ ਮੰਡੀਆਂ ਭਰੀਆਂ ਪਈਆਂ ਹਨ। ਸ਼ਹਿਰ ਦੀ ਮੁੱਖ ਅਨਾਜ ਮੰਡੀ ਜੋ ਬਾਹਰਲੀਆਂ ਕੈਂਚੀਆਂ ਤੇ ਤਾਜੋਕੇ ਰੋਡ 'ਤੇ ਸਥਿਤ ਹੈ, ਵਿਖੇ ਚੱਲ ਰਹੇ ਕੰਮ ਕਾਜ ਦਾ ਜਾਇਜ਼ਾ ਲੈਣ ਲਈ ਹਲਕਾ ਭਦੌੜ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਲਾਭ ਸਿੰਘ ਉਗੋਕੇ ਪੁੱਜੇ, ਜਿਸ ਵਿੱਚ ਆੜ੍ਹਤੀਆ ਐਸੋਸ਼ੀਏਸ਼ਨ ਦੇ ਪ੍ਰਧਾਨ ਸੁਰੇਸ਼ ਕੁਮਾਰ ਕਾਲਾ, ਚੇਅਰਮੈਨ ਹੇਮ ਰਾਜ ਸ਼ੰਟੀ ਮੋੜ, ਮੁਨੀਸ਼ ਮਿੱਤਲ, ਰਾਜ ਕੁਮਾਰ ਰਾਜੂ, ਮਨੋਜ ਕੁਮਾਰ ਸਿੰਗਲਾ, ਸੁਰੇਸ਼ ਕੁਮਾਰ ਪੱਖੋ ਨੇ ਵਿਧਾਇਕ ਦੇ ਧਿਆਨ 'ਚ ਲਿਆਂਦਾ ਕਿ ਮੰਡੀ ਦੇ ਮੁੱਖ ਗੇਟ ਨਾ ਹੋਣ ਕਾਰਨ ਚੋਰ ਆਸਾਨੀ ਨਾਲ ਮੰਡੀ 'ਚ ਦਾਖਲ ਹੋ ਕੇ ਝੋਨੇ ਦੀਆਂ ਬੋਰੀਆਂ ਚੋਰੀ ਕਰਕੇ ਲੈ ਜਾਂਦੇ ਹਨ, ਜਿਸ ਨਾਲ ਆੜ੍ਹਤੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਥੇ ਆਰਥਿਕ ਨੁਕਸਾਨ ਝੱਲਣਾ ਪੈ ਰਿਹਾ ਹੈ ਤਾਂ ਵਿਧਾਇਕ ਨੇ ਸਖਤੀ ਨਾਲ ਸਕੱਤਰ ਮਾਰਕੀਟ ਕਮੇਟੀ ਨੂੰ ਕਿਹਾ ਕਿ ਮੰਡੀ ਦੇ ਗੇਟ ਤੁਰੰਤ ਲਾਏ ਜਾਣ ਤਾਂ ਸਕੱਤਰ ਨੇ ਤੁਰੰਤ ਮਿਸਤਰੀ ਬੁਲਾਕੇ ਕੰਮ ਚਾਲੂ ਕਰਾਇਆ ਅਤੇ ਕਿਹਾ ਕਿ ਮੰਡੀ 'ਚ ਝੋਨੇ ਦੀ ਰਖਵਾਲੀ ਲਈ ਚਾਰ ਸਕਿਊਰਿਟੀ ਗਾਰਡ ਵੀ ਰੱਖੇ ਹੋਏ ਹਨ। ਸਕੱਤਰ ਨੇ ਕਿਹਾ ਕਿ ਚੋਰਾਂ ਨੇ ਪਿੰਡ ਢਿੱਲਵਾਂ ਵਿਖੇ ਬੰਦੂਕ ਦੀ ਨੋਕ 'ਤੇ ਝੋਨੇ ਦੇ ਗੱਟੇ ਚੁੱਕਣ ਦੀ ਖ਼ਬਰ ਵੀ ਸਾਹਮਣੇ ਆਈ ਸੀ, ਜਿਸ ਕਾਰਨ ਆੜ੍ਹਤੀਆਂ 'ਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਆੜ੍ਹਤੀਆਂ ਨੇ ਕਿਹਾ ਕਿ ਚੌਕੀਦਾਰਾਂ ਦੇ ਨਾਲ-ਨਾਲ ਪੁਲਸ ਦੇ ਦੋ ਕ੍ਰਮਚਾਰੀਆਂ ਦੀ ਰਾਤ 11 ਵਜੇ ਤੋਂ ਲੈਕੇ ਸਵੇਰੇ 5 ਵਜੇ ਤੱਕ ਝੋਨੇ ਦੀ ਆਮਦ ਤੱਕ ਡਿਊਟੀ ਲਾਉਣ ਲਈ ਵੀ ਕਿਹਾ ਤਾਂ ਵਿਧਾਇਕ ਨੇ ਕਿਹਾ ਕਿ ਐਸ.ਐਸ.ਪੀ ਬਰਨਾਲਾ ਨਾਲ ਗੱਲ ਕਰਕੇ ਪੁਲਸ ਦੇ ਕ੍ਰਮਚਾਰੀ ਤੈਨਾਤ ਕਰਾਏ ਜਾਣਗੇ। ਇਸ ਮੌਕੇ ਹਾਜ਼ਰ ਡਿਊਟੀ ਅਫਸਰ ਮੈਡਮ ਰੇਣੂ ਨੇ ਵਿਧਾਇਕ ਨੂੰ ਦੱਸਿਆ ਕਿ ਸ਼ਹਿਰ 'ਚ ਸਿਟੀ ਪੁਲਸ ਗਸ਼ਤ ਕਰਨ ਦੇ ਨਾਲ-ਨਾਲ ਪੁਲਸ ਵੱਲੋਂ ਪੈਟਰੋਲਿੰਗ ਕਰਦੀ ਰਹਿੰਦੀ ਹੈ, ਪਰ ਚੋਰ ਅੱਗੇ-ਪਿੱਛੇ ਹੋ ਕੇ ਚੋਰੀ ਕਰ ਲੈਂਦੇ ਹਨ। ਉਨ੍ਹਾਂ ਢਿੱਲਵਾਂ ਵਿਖੇ ਬੰਦੂਕ ਦੀ ਮਾਰਨ ਦੀ ਧਮਕੀ ਤੇ ਹੋਈ ਚੋਰੀ ਸੰਬੰਧੀ ਕਿਹਾ ਕਿ ਜ਼ਿਆਦਾ ਵਿਅਕਤੀ ਵੀਡੀਓ ਬਣਾਉਂਦਾ ਸੀ, ਉਸ ਦਾ ਫ਼ਰਜ਼ ਬਣਦਾ ਸੀ ਕਿ ਪੁਲਸ ਨੂੰ ਸੂਚਨਾ ਦਿੰਦਾ ਕਿਉਂਕਿ ਉਸ ਸਮੇਂ ਪੁਲਸ ਇਲਾਕੇ 'ਚ ਗਸ਼ਤ ਕਰ ਰਹੀ ਸੀ। ਇਸ ਤੋਂ ਪਹਿਲਾਂ ਵਿਧਾਇਕ ਲਾਭ ਸਿੰਘ ਉਗੋਕੇ ਨੇ ਆੜ੍ਹਤੀਆਂ ਤੇ ਮਾਰਕੀਟ ਕਮੇਟੀ ਦੇ ਕਰਮਚਾਰੀਆਂ ਨਾਲ ਮੀਟਿੰਗ ਵੀ ਕੀਤੀ, ਜਿਸ ਵਿੱਚ ਆੜ੍ਹਤੀਆਂ ਨੇ ਦੱਸਿਆ ਕਿ ਸਾਰੀ ਮੰਡੀ 'ਚ ਇੱਕ ਦੀ ਬਿਜਲੀ ਟਰਾਂਸਫਾਰਮਰ ਹੋਣ ਕਾਰਨ ਆੜ੍ਹਤੀਆਂ, ਕਿਸਾਨਾਂ ਤੇ ਮਜ਼ਦੂਰਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਮੰਗ ਕੀਤੀ ਕਿ ਮੰਡੀ 'ਚ ਇੱਕ ਹੋਰ ਟਰਾਂਸਫਾਰਮਰ ਲਵਾਇਆ ਜਾਵੇ ਅਤੇ ਕਿਸਾਨਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ।

ਇਸ ਮੌਕੇ ਟਰੱਕ ਯੂਨੀਅਨ ਦੇ ਪ੍ਰਧਾਨ ਨਰਾਇਣ ਸਿੰਘ ਪੰਧੇਰ, ਸੁਸਾਇਟੀ ਪ੍ਰਧਾਨ ਅਮਨਦੀਪ ਦਰਾਜ, ਜਸਵੀਰ ਸਿੰਘ ਪੁਰਬਾ, ਮੁਨੀਸ਼ ਗਰਗ, ਜਸਵਿੰਦਰ ਚੱਠਾ, ਮਦਨ ਘੁੜੈਲਾ, ਕੁਲਵਿੰਦਰ ਚੱਠਾ, ਜੀਵਨ ਕੁਮਾਰ ਤਾਜੋਕੇ, ਹਰੀਸ਼ ਬਾਂਸਲ, ਸੰਜੀਵ ਕੁਮਾਰ ਢਿੱਲਵਾਂ, ਬੁੱਧ ਸਿੰਘ, ਧਰਮਿੰਦਰ ਮਾਗਟ, ਅੰਗਰੇਜ਼ ਸਿੰਘ, ਬਿਕਰਮਜੀਤ ਸਿੰਘ ਆਦਿ ਕ੍ਰਮਚਾਰੀ ਹਾਜ਼ਰ ਸਨ।

# ਨਸ਼ਾ ਬੰਦ ਕਰਵਾਉਣ 'ਤੇ ਧਮਕੀਆਂ ਦੇਣ ਵਾਲੇ ਖ਼ਿਲਾਫ਼ ਕਾਰਵਾਈ ਲਈ ਧਰਨਾ

**ਗੁਰੂ ਹਰਸਹਾਏ (ਦੀਪਕ ਵਧਾਵਨ)**

ਫਿਰੋਜ਼ਪੁਰ-ਫਾਜ਼ਿਲਕਾ ਜੀ ਟੀ ਰੋਡ 'ਤੇ ਪੈਂਦੇ ਪਿੰਡ ਜੀਵਾ ਅਰਾਈਂ ਵਿਖੇ ਵਿਕ ਰਹੇ ਚਿੱਟੇ ਦੇ ਨਸ਼ੇ ਨੂੰ ਬੰਦ ਕਰਵਾਉਣ ਤੇ ਸਮਾਜਸੇਵੀ ਆਗੂ ਲਾਲੀ ਜੀਵਾ ਅਰਾਈਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਵਾਲੇ ਵਿਰੁੱਧ ਕਾਰਵਾਈ ਕਰਵਾਉਣ ਲਈ ਆਪਣੀ ਦੁਨੀਆ ਭਗਤ ਸਿੰਘ ਰਾਜ ਦਰਬਾਰ ਵੱਲੋਂ ਪਾਰਟੀ ਆਗੂ ਲਾਲੀ ਜੀਵਾ ਅਰਾਈਂ ਦੀ ਅਗਵਾਈ ਵਿੱਚ ਪੰਜੇ ਕੇ ਰੋਡ ਨੂੰ ਜਾਮ ਕਰਕੇ ਇੱਕ ਘਰ ਅੱਗੇ ਧਰਨਾ ਲਗਾਇਆ ਗਿਆ ਅਤੇ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਪਾਰਟੀ ਆਗੂਆਂ ਦਾ ਦੋਸ਼ ਸੀ ਕਿ ਉਕਤ ਘਰ ਵਾਲੇ ਪਿਉ-ਪੁੱਤਰ ਸ਼ਰੇਆਮ ਚਿੱਟੇ ਦੇ ਨਸ਼ੇ ਦਾ ਵਪਾਰ ਕਰਕੇ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰ ਰਹੇ ਹਨ ਅਤੇ ਵਿਰੋਧ ਕਰਨ 'ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਹਨ। ਇਸ ਮੌਕੇ ਸੰਬੋਧਨ ਕਰਦੇ ਹੋਏ ਆਗੂ ਭਗਤ ਸਿੰਘ ਲਾਲੀ ਜੀਵਾ ਅਰਾਈਂ ਨੇ ਕਿਹਾ ਕਿ ਇਲਾਕੇ ਅੰਦਰ ਚੱਲ ਰਹੇ ਚਿੱਟੇ ਦਾ ਨਸ਼ੇ ਨੂੰ ਬੰਦ ਕਰਵਾਉਣ ਲਈ ਉਨ੍ਹਾਂ ਨੇ ਸੰਘਰਸ਼ ਕਰਨ ਦਾ ਐਲਾਨ ਕੀਤਾ ਸੀ ਤੇ ਪੁਲਸ ਨੂੰ ਕੁਝ ਨਸ਼ਾ ਸਮੱਗਲਰਾਂ ਦੇ ਨਾਮ ਵੀ ਦੱਸੇ ਸਨ। ਲਾਲੀ ਨੇ ਕਿਹਾ ਕਿ ਪਿੰਡ ਦੇ ਹੀ ਕੁਝ ਵਿਅਕਤੀ, ਜਿਹੜੇ ਪਿਓ-ਪੁੱਤਰ ਹਨ, ਸ਼ਰੇਆਮ ਚਿੱਟੇ ਦੇ ਨਸ਼ੇ ਦਾ ਵਪਾਰ ਕਰਦੇ ਹਨ ਅਤੇ ਜਦੋਂ ਪਾਰਟੀ ਨੇ ਚਿੱਟੇ ਦਾ ਨਸ਼ਾ ਬੰਦ ਕਰਵਾਉਣ ਦਾ ਇਹ ਐਲਾਨ ਕੀਤਾ ਸੀ ਤਾਂ ਉਕਤ ਵਿਅਕਤੀਆਂ ਨੇ ਚਿੱਟੇ ਦੇ ਨਸ਼ੇ ਖਿਲਾਫ ਧਰਨਾ ਲਗਾਉਣ 'ਤੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ ਸਨ, ਜਿਸ ਬਾਰੇ ਪੁਲਸ ਨੂੰ ਸੂਚਿਤ ਕੀਤਾ ਹੈ। ਆਗੂ ਨੇ ਕਿਹਾ ਕਿ ਉਕਤ ਵਿਅਕਤੀਆਂ ਖਿਲਾਫ ਅੱਜ ਤੱਕ ਕੋਈ ਵੀ ਕਾਰਵਾਈ ਨਹੀਂ ਹੋਈ ਹੈ ਤੇ ਉਹ ਵਿਅਕਤੀ ਅਜੇ ਵੀ ਸ਼ਰੇਆਮ ਚਿੱਟੇ ਦਾ ਵਪਾਰ ਕਰ ਰਹੇ ਹਨ, ਜਿਸ ਕਾਰਨ ਅੱਜ ਉਨ੍ਹਾਂ ਨੇ ਇਹ ਧਰਨਾ ਲਗਾਇਆ ਹੈ। ਇਸ ਮੌਕੇ ਪੁੱਜੇ ਥਾਣਾ ਮੁਖੀ ਇੰਸਪੈਕਟਰ ਰਵੀ ਕੁਮਾਰ ਯਾਦਵ ਨੇ ਧਰਨਾਕਾਰੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਇਸ ਮਾਮਲੇ ਦੀ ਪੜਤਾਲ ਕਰਕੇ ਬਣਦੀ ਕਾਨੂੰਨੀ ਕਾਰਵਾਈ ਜ਼ਰੂਰ ਕੀਤੀ ਜਾਵੇਗੀ, ਕਿਸੇ ਵੀ ਸਮਾਜ ਵਿਰੋਧੀ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ। ਥਾਣਾ ਮੁਖੀ ਨੇ ਕਿਹਾ ਕਿ ਚਿੱਟੇ ਦਾ ਵਪਾਰ ਕਰਨ ਵਾਲੇ ਲੋਕਾਂ ਨੂੰ ਸਬੂਤਾਂ ਸਮੇਤ ਫੜਾਉਣ ਲਈ ਲੋਕ ਪੁਲਸ ਦਾ ਸਹਿਯੋਗ ਕਰਨ ਤਾਂ ਹੀ ਸਮਾਜ ਵਿਰੋਧੀ ਅਨਸਰਾਂ ਖਿਲਾਫ ਕਾਰਵਾਈ ਕੀਤੀ ਜਾ ਸਕਦੀ ਹੈ। ਇਸ ਤੋਂ ਬਾਅਦ ਧਰਨਾ ਸਮਾਪਤ ਕੀਤਾ ਗਿਆ ਤੇ ਭਗਤ ਸਿੰਘ ਲਾਲੀ ਵੱਲੋਂ ਪੁਲਸ ਕੋਲ ਆਪਣੇ ਬਿਆਨ ਕਲਮਬੱਧ ਕਰਵਾਏ ਗਏ। ਇਸ ਮੌਕੇ ਸੁਖਵਿੰਦਰ ਕੌਰ, ਸੁਖਪਾਲ ਕੌਰ, ਜਗੀਰ ਸਿੰਘ, ਸ਼ਾਮ ਸਿੰਘ, ਲਹੌਰਾ ਸਿੰਘ ਸਮੇਤ ਅਨੇਕਾਂ ਆਗੂ ਹਾਜ਼ਰ ਸਨ।

# ਸੂਬਾ ਪੱਧਰੀ ਕੁਸ਼ਤੀ ਮੁਕਾਬਲੇ 'ਚ ਵਿਨੇ ਸ਼ਰਮਾ ਨੇ ਗੋਲਡ ਮੈਡਲ ਜਿੱਤਿਆ


ਰਾਜ ਪੱਧਰੀ ਮੁਕਾਬਲਿਆਂ 'ਚ ਗੋਲਡ ਮੈਡਲ ਜੇਤੂ ਵਿਦਿਆਰਥੀ ਵਿਨੇ ਸ਼ਰਮਾ।

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪੰਜਾਬ ਸਰਕਾਰ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ-2022' ਤਹਿਤ ਸੂਬਾ ਪੱਧਰੀ ਕੁਸ਼ਤੀ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਸੂਬੇ ਭਰ ਦੇ ਵੱਖ-ਵੱਖ ਭਾਗ ਵਰਗਾਂ ਦੇ ਪਹਿਲਵਾਨ ਵਿਦਿਆਰਥੀਆਂ ਨੇ ਹਿੱਸਾ ਲਿਆ। ਸਰਕਾਰ ਵੱਲੋਂ ਸਕੂਲਾਂ ਦੇ ਵਿਦਿਆਰਥੀ ਪਹਿਲਵਾਨਾਂ ਦੇ 17 ਤੋਂ 21 ਸਾਲ ਦੇ 125 ਕਿੱਲੋ ਵਜ਼ਨ ਵਾਲਿਆਂ ਦਾ ਮੁਕਾਬਲਾ ਕਰਵਾਇਆ ਗਿਆ। ਇਨ੍ਹਾਂ ਕੁਸ਼ਤੀ ਮੁਕਾਬਲਿਆਂ ਵਿੱਚ ਸੂਬੇ ਦੇ 14 ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ ਪਹਿਲਵਾਨਾਂ ਨੇ ਭਾਗ ਲਿਆ। ਨਹਿਰੂ ਸਟੇਡੀਅਮ ਫਰੀਦਕੋਟ ਵਿਖੇ ਹੋਏ ਇਨ੍ਹਾਂ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਮਾਛੀਵਾੜਾ ਇਲਾਕੇ ਦੇ ਨਾਲ ਲੱਗਦੇ ਪਿੰਡ ਜੋਧਵਾਲ ਦੇ ਵਿਨੇ ਸ਼ਰਮਾ ਨੇ ਪਹਿਲਾ ਸਥਾਨ ਹਾਸਲ ਕੀਤਾ। ਇਸ ਦੀ ਜਿੱਤ ਦੇ ਨਾਲ ਸਕੂਲ ਦੇ ਵਿਦਿਆਰਥੀਆਂ, ਸਟਾਫ਼ ਤੇ ਅਖਾੜੇ ਦੇ ਬਾਕੀ ਸਾਰੇ ਸਾਥੀ ਪਹਿਲਵਾਨਾਂ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ। ਸਕੂਲ ਦੇ ਮੁੱਖ ਪ੍ਰਬੰਧਕ ਬਲਜਿੰਦਰ ਸਿੰਘ ਤੂਰ, ਪ੍ਰਿੰਸੀਪਲ ਮੈਡਮ ਹਰਿੰਦਰ ਪਾਲ ਕੌਰ ਤੂਰ, ਵਾਈਸ ਪ੍ਰਿੰਸੀਪਲ ਰੀਨਾ ਮਲਹੋਤਰਾ, ਸੁਖਦੇਵ ਸਿੰਘ, ਰਘਬੀਰ ਸਿੰਘ, ਪ੍ਰਕਾਸ਼ ਸਿੰਘ, ਰੁਪਿੰਦਰ ਕੌਰ ਨੇ ਇਸ ਵਿਦਿਆਰਥੀ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਸ ਵੱਲੋਂ ਇਹ ਮੁਕਾਮ ਹਾਸਲ ਕਰਨ ਲਈ ਬਹੁਤ ਸਖ਼ਤ ਮਿਹਨਤ ਕੀਤੀ ਗਈ ਹੈ, ਜਿਸ ਤਰ੍ਹਾਂ ਇਸ ਵਿਦਿਆਰਥੀ ਨੇ ਪੰਜਾਬ ਪੱਧਰ 'ਤੇ ਇਲਾਕੇ ਤੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ, ਉਸੇ ਤਰ੍ਹਾਂ ਨੈਸ਼ਨਲ ਪੱਧਰ 'ਤੇ ਵੀ ਇਹ ਨਾਮਣਾ ਖੱਟੇਗਾ। ਉਸ ਦੇ ਉੱਜਵਲ ਭਵਿੱਖ ਲਈ ਸਾਰੇ ਹੀ ਸਟਾਫ਼ ਵੱਲੋਂ ਤੇ ਵਿਦਿਆਰਥੀਆਂ ਵੱਲੋਂ ਕਾਮਨਾ ਕੀਤੀ ਗਈ ਅਤੇ ਵਿਨੇ ਸ਼ਰਮਾ ਨੂੰ ਉਸ ਦੀ ਜਿੱਤ ਉੱਤੇ ਵਧਾਈ ਦਿੱਤੀ ਗਈ। ਜ਼ਿਕਰਯੋਗ ਹੈ ਕਿ ਵਿਨੇ ਸ਼ਰਮਾ ਖਾਲਸਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਾ ਵਿਦਿਆਰਥੀ ਹੈ ਤੇ ਇਸ ਦੇ ਨਾਲ ਹੀ ਬਾਬਾ ਭਗਤੀ ਨਾਥ ਅਖਾੜਾ ਮਾਛੀਵਾੜਾ ਦੇ ਪਹਿਲਵਾਨ ਦਲਜੀਤ ਸਿੰਘ ਦਾ ਸ਼ਾਗਿਰਦ ਹੈ।

## ਕਾਤਰਾਂ

### 16 ਗੱਟੇ ਕਣਕ ਚੋਰੀ ਦੇ ਦੋਸ਼ 'ਚ 3 ਨਾਮਜ਼ਦ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਪੁਲਸ ਨੇ ਕਣਕ ਚੋਰੀ ਕਰਨ ਦੇ ਦੋਸ਼ ਵਿੱਚ 3 ਵਿਅਕਤੀਆਂ ਖਿਲਾਫ ਪਰਚਾ ਦਰਜ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਦੇਸ ਰਾਜ ਸੈਕਟਰੀ ਬਹੁ-ਮੰਤਵੀ ਸਹਿਕਾਰੀ ਸਭਾ, ਲਿਮਟਿਡ ਸੁਸਾਇਟੀ ਪਿੰਡ ਟਿਵਾਣਾ ਕਲਾਂ ਨੇ ਪੁਲਸ ਕੋਲ ਬਿਆਨ ਲਿਖਾਇਆ ਹੈ ਕਿ ਸੁਸਾਇਟੀ ਵਿੱਚ ਸਰਕਾਰ ਵੱਲੋਂ ਲੋਕਾਂ ਲਈ 2 ਰੁਪਏ ਕਿੱਲੋ ਵਾਲੀ ਕਣਕ ਆਈ ਸੀ, ਜਿਸ ਵਿੱਚੋਂ ਕੁਝ ਕਣਕ ਵੰਡ ਦਿੱਤੀ ਸੀ ਤੇ ਕਰੀਬ 65 ਗੱਟੇ ਕਣਕ ਬਕਾਇਆ ਸੀ ਕਿ 24 ਤੇ 25 ਅਕਤੂਬਰ ਦੀ ਦਰਮਿਆਨੀ ਰਾਤ ਕੁੱਝ ਅਣਪਛਾਤੇ ਵਿਅਕਤੀਆਂ ਵੱਲੋਂ ਕਰੀਬ 16 ਗੱਟੇ ਕਣਕ ਚੋਰੀ ਕਰਕੇ ਲੈ ਗਏ ਸੀ, ਜਿਸ ਦੀ ਉਸ (ਮੁਦੱਈ) ਵੱਲੋਂ ਭਾਲ ਕਰਨ 'ਤੇ ਪਤਾ ਚੱਲਿਆ ਕਿ ਰਾਜੂ ਪੁੱਤਰ ਗੁਰਦੀਪ ਸਿੰਘ, ਬਿੰਦੂ ਪੁੱਤਰ ਪ੍ਰੀਤਮ ਸਿੰਘ ਤੇ ਰਾਜੂ ਪੁੱਤਰ ਮੰਗਲ ਸਿੰਘ ਵਾਸੀਆਨ ਟਿਵਾਣਾ ਕਲਾਂ ਨੇ ਕਣਕ ਚੋਰੀ ਕੀਤੀ ਹੈ, ਜਿਸ 'ਤੇ ਪੁਲਸ ਨੇ ਇਨ੍ਹਾਂ ਵਿਅਕਤੀਆਂ ਖਿਲਾਫ ਪਰਚਾ ਦਰਜ ਕੀਤਾ ਹੈ।

### ਅਧਿਆਪਕਾ ਸੱਤਪਾਲ ਕੌਰ ਤੇ ਬਲਵਿੰਦਰ ਮਿੰਟੂ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

**ਲੌਂਗੋਵਾਲ (ਪ੍ਰਦੀਪ ਸੱਪਲ/ਕੁਲਦੀਪ ਅੱਤਰੀ)**-ਭਾਈ ਦਿਆਲਾ ਪਬਲਿਕ ਸਕੂਲ ਲੌਂਗੋਵਾਲ ਵਿਖੇ ਬਤੌਰ ਅਧਿਆਪਕਾ ਆਪਣੀਆਂ ਸੇਵਾਵਾਂ ਨਿਭਾਅ ਰਹੀ ਅਤੇ ਸਲਾਈਟ ਇੰਪਲਾਈਜ਼ ਐਸੋਸੀਏਸ਼ਨ ਦੇ ਆਗੂ ਸੁਰਿੰਦਰਪਾਲ ਸਿੰਘ ਰੱਤੋਕੇ ਦੀ ਜੀਵਨਸਾਥਣ ਸੱਤਪਾਲ ਕੌਰ ਤੇ ਸਲਾਈਟ ਦੀ ਕੇਂਦਰੀ ਲਾਇਬ੍ਰੇਰੀ ਦੇ ਅਤਿ ਮਿਹਨਤੀ ਕਰਮਚਾਰੀ ਬਲਵਿੰਦਰ ਕੁੰਨਰਾ ਦੇ ਪਿਛਲੇ ਦਿਨੀਂ ਭਰ ਜਵਾਨੀ ਵਿੱਚ ਹੋਏ ਦਿਹਾਂਤ 'ਤੇ ਵੱਖ ਵੱਖ ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਸਲਾਈਟ ਇੰਪਲਾਈਜ਼ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਤੇ ਤਰਕਸ਼ੀਲ ਆਗੂ ਜੁਝਾਰ ਲੌਂਗੋਵਾਲ, ਜਗਦੀਸ਼ ਚੰਦ, ਅਮਰੀਕ ਸਿੰਘ ਗਿੱਲ, ਅਮਰਜੀਤ ਧਾਲੀਵਾਲ, ਨਵਦੀਪ ਗਰਗ, ਰਾਮਕਰਨ, ਗੁਰਜੀਤ ਸਿੰਘ, ਕੁਲਬੀਰ ਸਿੰਘ, ਤਰਕਸ਼ੀਲ ਸੁਸਾਇਟੀ ਦੇ ਸੂਬਾ ਆਗੂ ਬਲਵੀਰ ਲੌਂਗੋਵਾਲ, ਇਕਾਈ ਆਗੂ ਕਮਲਜੀਤ ਵਿੱਕੀ, ਦੇਸ਼ ਭਗਤ ਯਾਦਗਾਰ ਦੇ ਅਨਿਲ ਕੁਮਾਰ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਲਖਵੀਰ ਲੌਂਗੋਵਾਲ, ਡੈਮੋਕ੍ਰੇਟਿਕ ਟੀਚਰ ਫਰੰਟ ਦੇ ਦਾਤਾ ਸਿੰਘ ਨਮੋਲ, ਜਸਵੀਰ ਨਮੋਲ ਆਦਿ ਆਗੂਆਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

### ਸੁਖਜਿੰਦਰ ਕਾਉਣੀ ਨੂੰ ਅਹੁਦਾ ਸੰਭਾਲਣ 'ਤੇ ਕਾਲੜਾ ਵੱਲੋਂ ਵਧਾਈ

**ਕੋਟਕਪੂਰਾ (ਰਛਪਾਲ ਭੁੱਲਰ)**-ਵਿਧਾਨ ਸਭਾ ਹਲਕਾ ਕੋਟਕਪੂਰਾ ਤੋਂ ਆਮ ਆਦਮੀ ਪਾਰਟੀ ਦੇ ਸ਼ਹਿਰੀ ਪ੍ਰਧਾਨ ਸੰਜੀਵ ਕੁਮਾਰ ਕਾਲੜਾ (ਜੀਵੀ) ਨੇ ਸੁਖਜਿੰਦਰ ਸਿੰਘ ਕਾਉਣੀ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਨੂੰ ਪਲੈਨਿੰਗ ਬੋਰਡ ਦੇ ਚੇਅਰਮੈਨ ਦਾ ਅਹੁਦਾ ਸੰਭਾਲ 'ਤੇ ਵਧਾਈ ਦਿੰਦਿਆਂ ਉਨ੍ਹਾਂ ਦੇ ਚੰਗੇਰੇ ਭਵਿੱਖ ਲਈ ਸ਼ੁਭ-ਕਾਮਨਾਵਾਂ ਦਿੱਤੀਆਂ। ਸੰਜੀਵ ਕਾਲੜਾ ਨੇ ਆਮ ਆਦਮੀ ਪਾਰਟੀ ਸਰਕਾਰ ਦੀਆਂ ਨੀਤੀਆਂ ਸਬੰਧੀ ਗੱਲਬਾਤ ਕਰਨ ਉਪਰੰਤ ਕਿਹਾ ਕਿ ਸ੍ਰ. ਭਗਵੰਤ ਸਿੰਘ ਮਾਨ ਦੀ 'ਆਪ' ਸਰਕਾਰ ਤੋਂ ਪੰਜਾਬ ਦੇ ਲੋਕ ਬੇਹੱਦ ਖੁਸ਼ ਹਨ ਤੇ ਆਮ ਘਰਾਂ ਦੇ ਧੀਆਂ-ਪੁੱਤਾਂ ਨੂੰ ਅਹੁਦੇਦਾਰੀਆਂ ਦੇਣ ਲਈ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਇਸ ਸਮੇਂ ਸੁਖਜਿੰਦਰ ਸਿੰਘ ਕਾਉਣੀ ਦੇ ਅਹੁਦਾ ਸੰਭਾਲਣ ਮੌਕੇ ਫਰੀਦਕੋਟ ਤੋਂ ਸਾਬਕਾ ਮੈਂਬਰ ਪਾਰਲੀਮੈਂਟ ਪ੍ਰੋ. ਸਾਧੂ ਸਿੰਘ, ਕੈਬਨਿਟ ਮੰਤਰੀ ਡਾ. ਬਲਜੀਤ ਕੌਰ, ਬਲਤੇਜ ਸਿੰਘ ਪੰਨੂ ਮੀਡੀਆ ਸਲਾਹਕਾਰ ਸੀ. ਐੱਮ. ਪੰਜਾਬ, ਚੇਅਰਮੈਨ ਦਲਵੀਰ ਸਿੰਘ ਢਿੱਲੋਂ, ਗੁਰਦਿੱਤ ਸਿੰਘ ਸੇਖੋਂ ਵਿਧਾਇਕ ਫਰੀਦਕੋਟ, ਕਾਕਾ ਸਿੰਘ ਬਰਾੜ ਵਿਧਾਇਕ ਮੁਕਤਸਰ ਸਾਹਿਬ, ਸੁਖਜੀਤ ਸਿੰਘ ਢਿੱਲਵਾਂ ਜ਼ਿਲ੍ਹਾ ਪ੍ਰਧਾਨ ਫਰੀਦਕੋਟ ਸਮੇਤ ਪਾਰਟੀ ਦੇ ਹੋਰ ਬਹੁਤ ਸਾਰੇ ਲੀਡਰ ਮੌਜੂਦ ਰਹੇ।

### 50 ਗ੍ਰਾਮ ਹੈਰੋਇਨ ਸਣੇ 2 ਕਾਬੂ

**ਜਲਾਲਾਬਾਦ (ਜੀਤ ਕੁਮਾਰ, ਦਹੂਜਾ)**-ਥਾਣਾ ਅਮੀਰ ਖਾਸ ਪੁਲਸ ਨੇ ਇੱਕ ਔਰਤ ਤੇ ਇੱਕ ਵਿਅਕਤੀ ਨੂੰ 50 ਗ੍ਰਾਮ ਹੈਰੋਇਨ ਸਣੇ ਕਾਬੂ ਕੀਤਾ ਹੈ। ਜਾਂਚ ਅਧਿਕਾਰੀ ਏ.ਐੱਸ.ਆਈ. ਚੰਦਰ ਸ਼ੇਖਰ ਨੇ ਦੱਸਿਆ ਕਿ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਬੱਸ ਅੱਡਾ ਅਮੀਰ ਖਾਸ ਕੋਲ ਪੁੱਜੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਜਸਪਾਲ ਸਿੰਘ ਉਰਫ ਬੱਬੂ ਪੁੱਤਰ ਜਰਨੈਲ ਸਿੰਘ ਵਾਸੀ ਕਾਠਗੜ੍ਹ (ਥਾਣਾ ਵੈਰੋਕੇ) ਤੇ ਜਸਵੰਤ ਕੌਰ ਉਰਫ ਮਾਣੀ ਪਤਨੀ ਜਸਵਿੰਦਰ ਸਿੰਘ ਵਾਸੀ ਗੋਬਿੰਦ ਨਗਰੀ (ਥਾਣਾ ਸਿਟੀ ਜਲਾਲਾਬਾਦ), ਜੋ ਕਿ ਹੈਰੋਇਨ ਬਾਹਰੋਂ ਲਿਆ ਕੇ ਵੇਚਣ ਦਾ ਧੰਦਾ ਕਰਦੇ ਹਨ, ਹੁਣ ਵੀ ਆਪਣੇ ਮੋਟਰਸਾਇਕਲ 'ਤੇ ਸਵਾਰ ਹੋ ਕੇ ਆ ਰਹੇ ਹਨ, ਜੇਕਰ ਸਮਾਧ ਪੀਰ ਬਾਬਾ ਖੱਜੀ ਪੀਰ ਦੇ ਕੋਲ ਨਾਕਾਬੰਦੀ ਕੀਤੀ ਜਾਵੇ ਤਾਂ ਰੰਗੇ ਹੱਥੀ ਹੈਰੋਇਨ ਸਣੇ ਕਾਬੂ ਆ ਸਕਦੇ ਹਨ। ਪੁਲਸ ਪਾਰਟੀ ਨੇ ਨਾਕਾਬੰਦੀ ਕਰਕੇ ਜਸਪਾਲ ਸਿੰਘ ਉਰਫ ਬੱਬੂ ਤੇ ਜਸਵੰਤ ਕੌਰ ਉਰਫ ਮਾਣੀ ਨੂੰ 50 ਗ੍ਰਾਮ ਹੈਰੋਇਨ ਸਣੇ ਕਾਬੂ ਕਰਕੇ ਮੁਕੱਦਮਾ ਦਰਜ ਕਰ ਲਿਆ ਹੈ।

# ਦਸਵੀਂ ਤੇ ਬਾਰ੍ਹਵੀਂ ਦੀ ਬੋਰਡ ਪ੍ਰੀਖਿਆ ਫੀਸ ਜਮ੍ਹਾਂ ਕਰਵਾਉਣ ਦੀ ਮਿਤੀ 'ਚ ਵਾਧਾ ਕੀਤਾ ਜਾਵੇ : ਡੀ ਟੀ ਐੱਫ

**ਲੌਂਗੋਵਾਲ (ਪ੍ਰਦੀਪ ਸੱਪਲ/ਕੁਲਦੀਪ ਅੱਤਰੀ)**-ਡੀ ਟੀ ਐੱਫ ਸੰਗਰੂਰ (ਪੰਜਾਬ) ਦੇ ਜ਼ਿਲ੍ਹਾ ਪ੍ਰਧਾਨ ਬਲਵੀਰ ਲੌਂਗੋਵਾਲ ਤੇ ਜ਼ਿਲ੍ਹਾ ਸਕੱਤਰ ਹਰਭਗਵਾਨ ਗੁਰਨੇ ਨੇ ਜਥੇਬੰਦੀ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਮੰਗ ਕੀਤੀ ਹੈ ਕਿ ਦਸਵੀਂ ਤੇ ਬਾਰਵੀਂ ਜਮਾਤ ਦੀਆਂ ਬੋਰਡ ਪ੍ਰੀਖਿਆ ਫੀਸਾਂ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ ਵਿੱਚ ਵਾਧਾ ਕੀਤਾ ਜਾਵੇ, ਕਿਉਂਕਿ ਕਿ ਗਰੀਬ ਬੱਚਿਆਂ ਦੇ ਮਾਤਾ-ਪਿਤਾ ਝੋਨੇ ਦੇ ਸੀਜ਼ਨ ਵਿੱਚ ਰੁਝੇ ਹੋਏ ਹਨ ਤੇ ਬਹੁਤੇ ਮਜ਼ਦੂਰਾਂ, ਛੋਟੇ ਕਿਸਾਨਾਂ ਆਦਿ ਦੇ ਬੱਚਿਆਂ ਕੋਲ ਲੋੜੀਂਦੇ ਪੈਸੇ ਨਹੀਂ ਹਨ। ਜ਼ਿਲ੍ਹਾ ਵਿੱਤ ਸਕੱਤਰ ਪਰਮਿੰਦਰ ਉੱਭਾਵਾਲ ਨੇ ਕਿਹਾ ਕਿ ਕਿਉਂਕਿ ਅਜੇ ਮੰਡੀਆਂ ਵਿੱਚੋਂ ਝੋਨੇ ਦੀ ਵੇਚ-ਵੱਟ ਦਾ ਹਿਸਾਬ ਨਹੀਂ ਹੋਇਆ ਤੇ ਮੰਡੀਆਂ 'ਚ ਜਾਂ ਖੇਤਾਂ ਵਿੱਚ ਮਜ਼ਦੂਰੀ ਕਰਦੇ ਪਰਵਾਰਾਂ ਦਾ ਹਿਸਾਬ-ਕਿਤਾਬ ਵੀ ਨਹੀਂ ਹੋਇਆ ਹੈ, ਇਸ ਕਰਕੇ ਬਹੁ-ਗਿਣਤੀ ਗਰੀਬ ਪਰਵਾਰਾਂ ਦੇ ਬੱਚਿਆਂ ਨੂੰ ਫੀਸਾਂ ਦੇਣ ਵਿੱਚ ਮੁਸ਼ਕਲ ਆ ਰਹੀ ਹੈ। ਜਥੇਬੰਦੀ ਬੱਚਿਆਂ ਦੇ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਫੀਸ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ ਵਿੱਚ 15 ਦਿਨ ਦੇ ਵਾਧੇ ਦੀ ਮੰਗ ਕਰਦੀ ਹੈ ਤਾਂ ਕਿ ਬੱਚੇ ਬਿਨਾਂ ਕਿਸੇ ਮਾਨਸਿਕ ਦਬਾਅ ਤੋਂ ਫੀਸਾਂ ਜਮ੍ਹਾਂ ਕਰਵਾ ਸਕਣ ਤੇ ਆਪਣੀ ਪੜ੍ਹਾਈ ਜਾਰੀ ਰੱਖ ਸਕਣ। ਇਸ ਸਮੇਂ ਜਸਵੀਰ ਨਮੋਲ, ਜਗਦੇਵ ਸੰਗਰੂਰ ਤੇ ਗਗਨਦੀਪ ਧੂਰੀ ਮੌਜੂਦ ਸਨ।



## ਮਾਮਲਾ ਸਪਲਾਈ ਹੋ ਰਹੇ ਪੀਣ ਵਾਲੇ ਗੰਦੇ ਪਾਣੀ ਦਾ

# ਕਾਂਗਰਸੀ ਆਗੂਆਂ ਐੱਸ ਡੀ ਐੱਮ ਨੂੰ ਸੌਂਪਿਆ ਮੰਗ ਪੱਤਰ



**ਲਹਿਰਾਗਾਗਾ (ਸਿੰਗਲਾ/ਸ਼ਰਮਾ)**

ਪਿੰਡ ਵਾਲੀ ਸਾਈਡ ਸਪਲਾਈ ਹੋ ਰਹੇ ਪੀਣ ਵਾਲੇ ਗੰਦੇ ਪਾਣੀ ਦੀ ਸਮੱਸਿਆ ਨੂੰ ਲੈ ਕੇ ਕਾਂਗਰਸੀ ਆਗੂਆਂ ਵੱਲੋਂ ਸੂਬਾ ਕਾਂਗਰਸ ਦੇ ਮੈਂਬਰ ਸਨਮੀਕ ਸਿੰਘ ਹੈਨਰੀ ਦੀ ਅਗਵਾਈ ਹੇਠ ਉਪ ਮੰਡਲ ਮਜਿਸਟ੍ਰੇਟ ਸੂਬਾ ਸਿੰਘ ਨੂੰ ਮੰਗ ਪੱਤਰ ਸੌਂਪਿਆ ਗਿਆ।

ਸਨਮੀਕ ਸਿੰਘ ਹੈਨਰੀ ਨੇ ਕਿਹਾ ਕਿ ਪਿੰਡ ਵਾਲੀ ਸਾਈਡ ਜ਼ਿਆਦਾ ਵਸੋਂ ਹੈ, ਪਰ ਲੰਮੇ ਸਮੇਂ ਤੋਂ ਲੋਕ ਸਪਲਾਈ ਹੋ ਰਹੇ ਗੰਦੇ ਪੀਣ ਵਾਲੇ ਪਾਣੀ ਦੇ ਕਾਰਨ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ, ਪਰ ਹੈਰਾਨੀ ਹੈ ਕਿ ਨਗਰ ਕੌਂਸਲ ਦੇ ਧਿਆਨ ਵਿੱਚ ਮਾਮਲਾ ਹੋਣ ਦੇ ਬਾਵਜੂਦ ਨਗਰ ਕੌਂਸਲ ਵੱਲੋਂ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ।

ਉਨ੍ਹਾਂ ਕਿਹਾ ਕਿ ਜਿਸ ਦਿਨ ਤੋਂ ਸ਼ਹਿਰ ਅੰਦਰ ਸੀਵਰੇਜ ਸਿਸਟਮ ਪਾਇਆ ਹੈ, ਉਸ ਦਿਨ ਤੋਂ ਹੀ ਪੀਣ ਵਾਲੇ ਪਾਣੀ ਦੀ ਸਮੱਸਿਆ ਗੰਭੀਰ ਬਣੀ ਹੋਈ ਹੈ, ਕਿਉਂਕਿ ਸੀਵਰੇਜ ਦੀ ਪਾਈਪ ਲਾਈਨ ਨੂੰ ਪੀਣ ਵਾਲੇ ਪਾਣੀ ਦੀ ਪਾਈਪ ਲਾਈਨ ਉੱਪਰ ਪਾ ਦਿੱਤਾ, ਜਿਸ ਕਾਰਨ ਅਕਸਰ ਸ਼ਹਿਰ ਨਿਵਾਸੀਆਂ ਨੂੰ ਸੀਵਰੇਜ ਦੇ ਗੰਦੇ ਪਾਣੀ ਵਾਲਾ ਮਿਕਸ ਸਪਲਾਈ ਪਾਣੀ ਹੋ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਆਧੁਨਿਕ ਮਸ਼ੀਨਾਂ ਨਾਲ ਸੀਵਰੇਜ ਦੇ ਮੈਨਹੋਲਾਂ ਦੀ ਸਫ਼ਾਈ ਕਰਾਈ ਜਾਵੇ ਅਤੇ ਸ਼ੁੱਧ ਪੀਣ ਦਾ ਪਾਣੀ ਸਪਲਾਈ ਹੋਣਾ ਯਕੀਨੀ ਬਣਾਇਆ ਜਾਵੇ। ਜੇਕਰ ਮਸਲੇ ਦਾ ਹੱਲ ਨਾ ਹੋਇਆ ਤਾਂ ਸੰਘਰਸ਼ ਕਰਨ ਲਈ ਮਜਬੂਰ ਹੋਵਾਂਗੇ। ਇਸ ਮੌਕੇ ਸਾਬਕਾ ਡਾਇਰੈਕਟਰ ਸੰਜੀਵ ਕੁਮਾਰ, ਜ਼ਿਲ੍ਹਾ ਸ਼ਿਕਾਇਤ ਕਮੇਟੀ ਮੈਂਬਰ ਐਡਵੋਕੇਟ ਰਜਨੀਸ਼ ਗੁਪਤਾ, ਰਜੇਸ਼ ਕੁਮਾਰ ਪੱਪੂ, ਸਤਪਾਲ ਪਾਲੀ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

ਦੂਜੇ ਪਾਸੇ ਉਪ ਮੰਡਲ ਮੈਜਿਸਟ੍ਰੇਟ ਨੇ ਕਿਹਾ ਕਿ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਆ ਚੁੱਕਾ ਹੈ ਤੇ ਜਲਦੀ ਹੀ ਸ਼ਹਿਰ ਵਾਸੀਆਂ ਨੂੰ ਸ਼ੁੱਧ ਪੀਣ ਦਾ ਪਾਣੀ ਮੁਹੱਈਆ ਕਰਾਇਆ ਜਾਵੇਗਾ ਤੇ ਸੀਵਰੇਜ ਸਿਸਟਮ ਦੀ ਆਧੁਨਿਕ ਮਸ਼ੀਨਾਂ ਲਿਆ ਕੇ ਸਫ਼ਾਈ ਕਰਾਈ ਜਾਵੇਗੀ।

# ਗੁਰਦੁਆਰਾ ਸਾਹਿਬ ਘੋੜੇਨਬ ਨੂੰ ਸੌਂਪਿਆ 50 ਹਜ਼ਾਰ ਦਾ ਚੈੱਕ



**ਲਹਿਰਾਗਾਗਾ (ਸਿੰਗਲਾ/ਸ਼ਰਮਾ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਜਥੇਦਾਰ ਰਾਮਪਾਲ ਸਿੰਘ ਬਹਿਣੀਵਾਲ ਵੱਲੋਂ ਹਲਕੇ ਦੇ ਪਿੰਡ ਘੋੜੇਨਬ ਦੇ ਗੁਰਦੁਆਰਾ ਟਿੱਬੀ ਸਾਹਿਬ ਦੀ ਸੇਵਾ ਸੰਭਾਲ ਲਈ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਜਗਮੇਲ ਸਿੰਘ ਖਾਲਸਾ, ਨੈਬ ਸਿੰਘ, ਗੁਰਪਿਆਰ ਸਿੰਘ, ਗੁਰਤੇਜ ਸਿੰਘ ਨੂੰ ਪੰਜਾਹ ਹਜ਼ਾਰ ਰੁਪਏ ਦਾ ਚੈੱਕ ਸੌਂਪਿਆ ਗਿਆ। ਜਥੇਦਾਰ ਰਾਮਪਾਲ ਸਿੰਘ ਬਹਿਣੀਵਾਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਗੁਰਦੁਆਰਾ ਸਾਹਿਬ ਦੀ ਸੇਵਾ ਸੰਭਾਲੀ ਹਰ ਸਮੇਂ ਯਤਨਸ਼ੀਲ ਹੈ। ਸ਼੍ਰੋਮਣੀ ਕਮੇਟੀ ਵੱਲੋਂ ਸਮੇਂ-ਸਮੇਂ 'ਤੇ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਗੁਰਮਤਿ ਸਮਾਗਮ ਦਸਤਾਰ ਸਿਖਲਾਈ, ਅੰਮ੍ਰਿਤ ਸੰਚਾਰ ਤੇ ਗੁਰਬਾਣੀ ਸਿੱਖਿਆ ਦੇ ਕੈਂਪ ਲਾਏ ਜਾਂਦੇ ਹਨ। ਗੁਰਮਤਿ ਵਿਦਿਆਲਿਆ ਵਿੱਚ ਗੁਰਮਤਿ ਦੀ ਪੜ੍ਹਾਈ ਦੇ ਨਾਲ-ਨਾਲ ਸਿੱਖ ਇਤਿਹਾਸ, ਗੁਰ ਇਤਿਹਾਸ, ਸਿੱਖੀ ਦੇ ਅਮੀਰ ਵਿਰਸੇ ਦੀ ਜਾਣਕਾਰੀ ਵੀ ਦਿੱਤੀ ਜਾਂਦੀ ਹੈ, ਅੱਜ ਸਮੇਂ ਦੀ ਲੋੜ ਹੈ ਕਿ ਪਤਿੱਤਪੁਣੇ ਨੂੰ ਠੱਲ੍ਹ ਪਾਉਣ ਲਈ ਅਜਿਹੇ ਸਮਾਗਮਾਂ ਵਿੱਚ ਬੱਚਿਆਂ ਦੀ ਹਾਜ਼ਰੀ ਯਕੀਨੀ ਬਣਾਈ ਜਾਵੇ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਬੱਚਿਆਂ ਨੂੰ ਸਿੱਖੀ ਨਾਲ ਸਬੰਧਤ ਲਿਟਰੇਚਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੁਫ਼ਤ ਮੁਹੱਈਆ ਕਰਾਇਆ ਜਾਵੇਗਾ। ਇਸ ਮੌਕੇ ਉਨ੍ਹਾਂ ਨਾਲ ਛੱਜੂ ਸਿੰਘ ਧਾਲੀਵਾਲ, ਲੀਲਾ ਸਿੰਘ ਤੇ ਮਨਪ੍ਰੀਤ ਸਿੰਘ ਪ੍ਰਧਾਨ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਭਾਜਪਾ ਪੰਜਾਬ ਨੂੰ ਵਧੀਆ ਸੂਬਾ ਬਣਾਉਣ ਦੀ ਚਾਹਵਾਨ : ਬਰਾੜ


ਮੀਟਿੰਗ ਦੌਰਾਨ ਜਾਣਕਾਰੀ ਦਿੰਦੇ ਭਾਜਪਾ ਆਗੂ ਨਿਧੜਕ ਸਿੰਘ ਬਰਾੜ।

**ਬਰੇਟਾ (ਰੀਤਵਾਲ)**-ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਨਿਧੜਕ ਸਿੰਘ ਬਰਾੜ ਨੇ ਅਧਿਆਪਕ ਦਲ ਦੇ ਸੀਨੀਅਰ ਆਗੂ ਰਾਜਦੀਪ ਸਿੰਘ ਬਰੇਟਾ ਦੇ ਗ੍ਰਹਿ ਵਿਖੇ ਇੱਕ ਮੀਟਿੰਗ ਦੌਰਾਨ ਕਿਹਾ ਕਿ ਪੰਜਾਬ ਵਿੱਚ ਆਉਣ ਵਾਲਾ ਸਮਾਂ ਭਾਰਤੀ ਜਨਤਾ ਪਾਰਟੀ ਦਾ ਹੈ। ਆਮ ਆਦਮੀ ਪਾਰਟੀ ਦੀ ਬਦਲਾਓ ਵਾਲੀ ਸਰਕਾਰ ਲੋਕਾਂ ਦੀਆਂ ਭਾਵਨਾਵਾਂ 'ਤੇ ਪੂਰੀ ਤਰ੍ਹਾਂ ਉੱਤਰ ਨਹੀਂ ਸਕੀ, ਜਿਸ ਦਾ ਨਤੀਜਾ ਸੰਗਰੂਰ ਲੋਕ ਸਭਾ ਉੱਪ ਚੋਣ ਵਿੱਚ ਪੰਜਾਬ ਦੇ ਵੋਟਰ ਨੇ ਆਪਣੀ ਨਰਾਜ਼ਗੀ ਨਾਲ ਦਿਖਾ ਦਿੱਤਾ ਹੈ। ਉਨ੍ਹਾ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿੱਖ ਕੌਮ ਦੇ ਬਹੁਤ ਸਾਰੇ ਮਸਲੇ ਹੱਲ ਕੀਤੇ ਹਨ ਤੇ ਆਉਣ ਵਾਲੇ ਸਮੇਂ ਹੋਰ ਵੀ ਮਸਲੇ ਹੱਲ ਕੀਤੇ ਜਾਣਗੇ। ਉਨ੍ਹਾ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਨੂੰ ਅੱਖੋਂ ਪਰੋਖੇ ਕਰਕੇ ਹਿਮਾਚਲ, ਗੁਜਰਾਤ ਦੀਆਂ ਚੋਣਾਂ ਜਿੱਤਣ ਲਈ ਪੰਜਾਬੀ ਲੋਕਾਂ ਦੇ ਟੈਕਸ ਦਾ ਪੈਸਾ ਬਰਬਾਦ ਕਰ ਰਹੀ ਹੈ, ਜਿਸ ਦਾ ਵਾਧੂ ਬੋਝ ਪੰਜਾਬ ਦੀ ਜਨਤਾ 'ਤੇ ਹੀ ਪਵੇਗਾ। ਉਨ੍ਹਾ ਕਿਹਾ ਕਿ ਕਾਂਗਰਸ ਤੇ ਬਾਦਲ ਅਕਾਲੀ ਦਲ ਬਹੁਤ ਵੱਡੇ ਭ੍ਰਿਸ਼ਟਾਚਾਰ ਕਰਕੇ ਲੋਕ ਆਧਾਰ ਗੁਆ ਚੁੱਕੀਆਂ ਪਾਰਟੀਆਂ ਹਨ। ਬਰਾੜ ਨੇ ਕਿਹਾ ਕਿ ਭਾਜਪਾ ਪੰਜਾਬ ਨੂੰ ਵਧੀਆ ਸੂਬਾ ਬਣਾਉਣ ਦੀ ਚਾਹਵਾਨ ਹੈ, ਇਸ ਲਈ ਪੰਜਾਬ ਦੇ ਵੋਟਰ ਹੁਣ ਪੰਜਾਬ ਦੀ ਬਿਹਤਰੀ ਲਈ ਪਹਿਲਾਂ ਪਰਖ ਚੁੱਕਿਆਂ ਨੂੰ ਪਾਸੇ ਕਰਕੇ ਡਬਲ ਇੰਜਣ ਵਾਲੀ ਭਾਜਪਾ ਸਰਕਾਰ ਬਣਾਉਣਗੇ।

# ਕਵਿਤਾ ਗਾਇਨ ਮੁਕਾਬਲੇ 'ਚ ਨਿਯਤੀ ਜਿੰਦਲ ਅੱਵਲ



**ਜੈਤੋ (ਸਤੀਸ਼ ਕੁਮਾਰ ਭੀਰੀ)**-ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੁਆਰਾ ਸ਼ਨੀਵਾਰ ਨੂੰ ਸੁੰਦਰ ਲਿਖਾਈ, ਪੇਂਟਿੰਗ, ਦਸਤਾਰ ਸਜਾਉਣ ਤੇ ਕਵਿਤਾ ਗਾਇਨ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਨ੍ਹਾਂ ਮੁਕਾਬਲਿਆਂ ਦੇ ਕਵਿਤਾ ਗਾਇਨ ਵਿੱਚ ਭਾਗ ਲੈਣ ਵਾਲੀ ਅਲਾਇੰਸ ਇੰਟਰਨੈਸ਼ਨਲ ਸਕੂਲ ਦੀ ਨਿਯਤੀ ਜਿੰਦਲ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ ਤੇ ਪ੍ਰਿੰਸੀਪਲ ਸ਼੍ਰੀਮਤੀ ਗੁਰਸੇਵਕ ਮਾਨ ਵੱਲੋਂ ਨਿਯਤੀ ਜਿੰਦਲ ਨੂੰ ਵਧਾਈ ਦਿੱਤੀ ਗਈ ਅਤੇ ਅੱਗੇ ਤੋਂ ਹੋਰ ਮਿਹਨਤ ਤੇ ਲਗਨ ਨਾਲ ਹਿੱਸਾ ਲੈਣ ਲਈ ਕਹਿੰਦੇ ਹੋਏ ਸਨਮਾਨਤ ਕੀਤਾ ਗਿਆ।

# ਵਿਧਾਇਕ ਵੱਲੋਂ ਸਹੌਰ 'ਚ ਸਿਹਤ ਕੇਂਦਰ ਤੇ ਪੰਚਾਇਤ ਘਰ ਦਾ ਉਦਘਾਟਨ


ਸਹੌਰ ਵਿਖੇ ਸਿਹਤ ਕੇਂਦਰ ਦਾ ਉਦਘਾਟਨ ਕਰਦੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ।

**ਮਹਿਲ ਕਲਾਂ (ਗੁਰਪ੍ਰੀਤ ਅਣਖੀ, ਬਲਵਿੰਦਰ ਵਜੀਦਕੇ)**-ਹਲਕਾ ਮਹਿਲ ਕਲਾਂ ਦੇ ਸਾਰੇ ਪਿੰਡਾਂ, ਸ਼ਹਿਰਾਂ ਦੇ ਅਧੂਰੇ ਪਏ ਵਿਕਾਸ ਕਾਰਜਾਂ ਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਹਿਲ ਦੇ ਆਧਾਰ 'ਤੇ ਮੁਕੰਮਲ ਕਰਵਾਇਆ ਜਾ ਰਿਹਾ ਹੈ। ਇਹ ਪ੍ਰਗਟਾਵਾ ਹਲਕਾ ਆਪ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਪਿੰਡ ਸਹੌਰ ਵਿਖੇ ਸਿਹਤ ਕੇਂਦਰ ਤੇ ਪੰਚਾਇਤ ਘਰ ਦੀ ਨਵੀਂ ਇਮਾਰਤ ਦਾ ਉਦਘਾਟਨ ਕਰਨ ਉਪਰੰਤ ਕੀਤਾ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਹਰ ਵਰਗ ਦੇ ਲੋਕਾਂ ਨੂੰ ਸਹੂਲਤਾਂ ਦੇਣ ਲਈ ਵਚਨਬੱਧ ਹੈ। ਮੰਡੀਆਂ ਵਿੱਚ ਝੋਨੇ ਦੀ ਖ਼ਰੀਦ ਸਮੇਂ ਕਿਸਾਨਾਂ, ਮਜ਼ਦੂਰਾਂ ਤੇ ਆੜ੍ਹਤੀਆਂ ਨੂੰ ਕਿਸੇ ਪ੍ਰਕਾਰ ਦੀ ਕੋਈ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ, ਕਿਉਂਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀਆਂ ਸਖ਼ਤ ਹਦਾਇਤਾਂ 'ਤੇ ਮੰਡੀ ਬੋਰਡ ਵੱਲੋਂ ਢੁੱਕਵੇਂ ਪ੍ਰਬੰਧ ਕੀਤੇ ਗਏ ਹਨ। ਇਸ ਮੌਕੇ ਸਰਪੰਚ ਰਣਜੀਤ ਕੌਰ ਨੇ ਪਿੰਡ ਸਹੌਰ ਤੋਂ ਮਹਿਲ ਕਲਾਂ, ਪਿੰਡ ਸਹੌਰ ਤੋਂ ਵਜੀਦਕੇ ਖੁਰਦ ਤੱਕ ਦੀਆਂ ਲਿੰਕ ਸੜਕਾਂ ਦੇ ਅਧੂਰੇ ਪਏ ਕੰਮ ਨੂੰ ਪੂਰਾ ਕਰਵਾਉਣ, ਪਿੰਡ ਦੇ ਗੰਦੇ ਪਾਣੀ ਲਈ ਨਵੀਆਂ ਪਾਈਪਾਂ ਪਾਉਣ ਆਦਿ ਮੰਗਾਂ ਨੂੰ ਪਹਿਲ ਦੇ ਆਧਾਰ ਹੱਲ ਕਰਵਾਉਣ ਦੀ ਮੰਗ ਕੀਤੀ। ਇਸ ਮੌਕੇ ਅੰਮ੍ਰਿਤਪਾਲ ਸਿੰਘ, ਬਲਵੀਰ ਸਿੰਘ, ਦਰਸ਼ਨ ਸਿੰਘ ਪੰਡੋਰੀ, ਡਾ: ਨਵਨੀਤ ਬਾਂਸਲ, ਗੁਰਮੇਲ ਸਿੰਘ ਕਲਾਲਾ, ਮੈਡਮ ਮਨਦੀਪ ਕੌਰ, ਰਮਨਦੀਪ ਸ਼ਰਮਾ ਆਦਿ ਹਾਜ਼ਰ ਸਨ।

# ਜ਼ਿਲ੍ਹਾ ਡੈਲੀਗੇਟ ਇਜਲਾਸ 'ਚ ਸੁਖਦੇਵ ਸਿੰਘ ਜ਼ਿਲ੍ਹਾ ਸਕੱਤਰ ਚੁਣੇ




**ਦੋਰਾਹਾ (ਹਰਮਿੰਦਰ ਸੇਠ)**

ਮਾਰਕਸਵਾਦੀ ਕਮਿਊਨਿਸਟ ਪਾਰਟੀ ਆਫ਼ ਇੰਡੀਆ (ਯੂਨਾਈਟਡ) ਦਾ ਜ਼ਿਲ੍ਹਾ ਲੁਧਿਆਣਾ ਡੈਲੀਗੇਟ ਇਜਲਾਸ ਕ੍ਰਿਸ਼ਨ ਕੁਮਾਰ ਕੌਸ਼ਲ ਯਾਦਗਰੀ ਭਵਨ ਦੋਰਾਹਾ ਵਿਖੇ ਜੋਗਿੰਦਰ ਸਿੰਘ ਸ਼ਹਿਜ਼ਾਦ ਦੀ ਪ੍ਰਧਾਨਗੀ ਹੋਇਆ। ਇਜਲਾਸ ਦੇ ਸ਼ੁਰੂ ਵਿੱਚ ਪਿਛਲੇ ਇਜਲਾਸ ਤੋਂ ਬਾਅਦ ਵਿੱਛੜ ਗਏ ਸਾਥੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਡੈਲੀਗੇਟ ਇਜਲਾਸ ਨੂੰ ਐਮ ਸੀ ਪੀ ਆਈ (ਯੂ) ਦੇ ਕੌਮੀ ਜਨਰਲ ਸਕੱਤਰ ਕੁਲਦੀਪ ਸਿੰਘ ਅਤੇ ਸੂਬਾ ਸਕੱਤਰ ਪਵਨ ਕੁਮਾਰ ਕੌਸ਼ਲ ਨੇ ਅੰਤਰ-ਰਾਸ਼ਟਰੀ ਤੇ ਰਾਸ਼ਟਰੀ ਸਥਿਤੀ ਉੱਪਰ ਚਾਨਣਾ ਪਾਉਂਦਿਆਂ ਕਿਹਾ ਕਿ ਵਿਸ਼ਵ ਉੱਪਰ ਗਹਿਰਾ ਆਰਥਕ ਸੰਕਟ ਮੰਡਰਾ ਰਿਹਾ ਹੈ, ਜਿਸਦਾ ਪ੍ਰਭਾਵ ਭਾਰਤ ਉੱਪਰ ਵੀ ਪੈ ਰਿਹਾ ਹੈ, ਜਿਸ ਦੇ ਕਾਰਨ ਨਿੱਤ ਵਰਤੋਂ ਦੀਆਂ ਅਤੇ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਧਦੀਆਂ ਜਾ ਰਹੀਆਂ ਹਨ। ਦੇਸ਼ ਅੰਦਰ ਬੀ ਜੇ ਪੀ ਏਕਾਧਿਕਾਰਵਾਦੀ ਤੇ ਫ਼ਿਰਕਾਪ੍ਰਸਤੀ ਦੀਆਂ ਨੀਤੀਆਂ ਉੱਪਰ ਚੱਲ ਰਹੀ ਹੈ। ਖ਼ੁਦਮੁਖਤਿਆਰ ਸੰਸਥਾਵਾਂ ਦੀ ਖ਼ੁਦਮੁਖਤਿਆਰੀ ਤੇ ਜਮਹੂਰੀ ਪਰਕਿਰਿਆ ਨੂੰ ਖੋਰਾ ਲਾ ਰਹੀ ਹੈ। ਉਨ੍ਹਾਂ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਉਸ ਬਿਆਨ ਦੀ, ਜਿਸ ਵਿੱਚ ਉਨ੍ਹਾਂ ਦੇਸ਼ ਦੀ ਆਰਥਕ ਖ਼ੁਸ਼ਹਾਲੀ ਲਈ ਕਰੰਸੀ ਨੋਟਾਂ ਉੱਪਰ ਮਾਤਾ ਲਕਸ਼ਮੀ ਤੇ ਗਣੇਸ਼ ਜੀ ਦੀਆਂ ਫੋਟੋਆਂ ਲਾਉਣ ਦੀ ਮੰਗ ਕੀਤੀ ਹੈ, ਅਜਿਹੀ ਮੰਗ ਫ਼ਿਰਕਾਪ੍ਰਸਤੀ ਨੂੰ ਬੜ੍ਹਾਵਾ ਦੇਣਾ ਅਤੇ ਦੇਸ਼ ਵਾਸੀਆਂ ਨੂੰ ਉਨ੍ਹਾਂ ਦੇ ਅਸਲ ਮੁੱਦਿਆਂ ਤੋਂ ਧਿਆਨ ਹਟਾਉਣਾ ਹੈ। ਜ਼ਿਲ੍ਹਾ ਕਾਰਜਕਾਰੀ ਸਕੱਤਰ ਸੁਖਦੇਵ ਸਿੰਘ ਨੇ ਪਿਛਲੇ ਡੈਲੀਗੇਟ ਇਜਲਾਸ ਤੋਂ ਬਾਅਦ ਹੋਈਆਂ ਪਾਰਟੀ ਸਰਗਰਮੀਆਂ ਬਾਰੇ ਰਿਪੋਰਟ ਪੇਸ਼ ਕੀਤੀ, ਜਿਸ ਨੂੰ ਕੁੱਝ ਵਾਧਿਆਂ ਸਮੇਤ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ ਤੇ ਸਰਬਸੰਮਤੀ ਨਾਲ 10 ਮੈਂਬਰੀ ਜ਼ਿਲ੍ਹਾ ਕਮੇਟੀ ਦੀ ਚੋਣ ਕੀਤੀ ਗਈ, ਜਿਸ ਨੇ ਅੱਗੋਂ ਸੁਖਦੇਵ ਸਿੰਘ ਕਿਲਰਾਏਪੁਰ ਨੂੰ ਜ਼ਿਲ੍ਹਾ ਸਕੱਤਰ ਚੁਣਿਆ। ਇਜਲਾਸ ਵਿੱਚ ਦੇਸ਼ ਅੰਦਰ ਖਾਸ ਕਰਕੇ ਪੰਜਾਬ ਅੰਦਰ ਵਧ ਰਹੇ ਨਸ਼ਿਆਂ ਦੇ ਰੁਝਾਨ ਉੱਪਰ ਚਿੰਤਾ ਪ੍ਰਗਟ ਕਰਦਿਆਂ ਪੰਜਾਬ ਸਰਕਾਰ ਦੀ ਨਸ਼ਿਆਂ ਨੂੰ ਚਾਰ ਹਫ਼ਤਿਆਂ 'ਚ ਖਤਮ ਕਰਨ, ਲੋਕਾਂ, ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਕੀਤੇ ਵਾਅਦਿਆਂ ਤੋਂ ਪਿੱਛੇ ਹਟਣ ਦੀ ਸਖ਼ਤ ਨਿਖੇਧੀ ਕੀਤੀ ਗਈ। ਸਰਕਾਰ ਦੀ ਭਰਿਸ਼ਾਚਾਰ ਵਿਰੁੱਧ ਵਰਤੀ ਜਾ ਰਹੀ ਦੋਗਲੀ ਨੀਤੀ ਦੀ ਨਿਖੇਧੀ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਉਨ੍ਹਾਂ ਮੰਤਰੀਆਂ ਤੇ ਐਮ ਐਲ ਏਜ਼ ਜਿਨ੍ਹਾਂ ਉੱਪਰ ਭ੍ਰਿਸ਼ਟਾਚਾਰ ਦੇ ਦੋਸ਼ ਲੱਗ ਰਹੇ ਹਨ, ਵਿਰੁੱਧ ਕੋਈ ਕਾਰਵਾਈ ਨਾ ਕਰਨਾ ਖੇਦਜਨਕ ਹੈ।

# ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ 'ਚ ਸਾਇੰਸ ਮੇਲਾ ਕਰਾਇਆ


ਪੈਰਾਡਾਈਜ਼ ਸਕੂਲ ਵਿਖੇ ਕਰਵਾਏ ਗਏ ਸਾਇੰਸ ਮੇਲੇ ਦਾ ਦ੍ਰਿਸ਼।

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਦਿ ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ ਵਿਖੇ ਪਟਿਆਲਾ ਸਹੋਦਿਆ ਸਕੂਲਜ਼ ਕੰਪਲੈਕਸ ਦੇ ਸਹਿਯੋਗ ਨਾਲ ਸਾਇੰਸ ਮੇਲਾ-2022 ਕਰਵਾਇਆ ਗਿਆ। ਮੇਲੇ ਦਾ ਆਗਾਜ਼ ਨਵਦੀਪ ਕੁਮਾਰ ਐੱਸ ਡੀ ਐੱਮ ਪਾਤੜਾਂ ਨੇ ਕੀਤਾ। ਡਾ. ਅੰਮ੍ਰਿਤਪਾਲ ਸਿੰਘ ਕਾਲੇਕਾ ਤੇ ਡਾ. ਪਰਮਿੰਦਰ ਕੌਰ ਦੀ ਰਹਿਨੁਮਾਈ ਹੇਠ ਕਰਵਾਏ ਗਏ ਇਸ ਮੇਲੇ ਵਿੱਚ ਪਟਿਆਲਾ ਸਹੋਦਿਆ ਸਕੂਲਜ਼ ਕੰਪਲੈਕਸ ਨਾਲ ਸੰਬੰਧਤ 33 ਸੀ ਬੀ ਐੱਸ ਈ ਸਕੂਲਾਂ ਦੇ 400 ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ। ਸਾਇੰਸ ਨਾਲ ਸੰਬੰਧਤ ਮਾਡਲਾਂ ਦੀ ਪੇਸ਼ਕਾਰੀ ਤੋਂ ਇਲਾਵਾ ਪੋਸਟਰ ਮੇਕਿੰਗ, ਭਾਸ਼ਣ ਪ੍ਰਤੀਯੋਗਿਤਾ ਤੇ ਕਵਿਤਾ ਉਚਾਰਣ ਮੁਕਾਬਲੇ ਦੋ ਵਰਗਾਂ ਵਿੱਚ ਕਰਵਾਏ ਗਏ। ਮੁੱਖ ਮਹਿਮਾਨ ਐੱਸ ਡੀ ਐੱਮ ਨਵਦੀਪ ਕੁਮਾਰ ਨੇ ਰਸਮੀ ਆਗਾਜ਼ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਕੀਤੀ ਪੇਸ਼ਕਾਰੀ ਨੂੰ ਬਹੁਤ ਗਹਿਰਾਈ ਨਾਲ ਵੇਖਿਆ। ਉਪਰੰਤ ਉਨ੍ਹਾ ਨੇ ਵਿਦਿਆਰਥੀਆਂ ਨਾਲ ਰੂਬਰੂ ਹੁੰਦਿਆਂ ਉਨ੍ਹਾਂ ਨੂੰ ਪ੍ਰੇਰਿਤ ਕੀਤਾ ਕਿ ਕਿਵੇਂ ਉਹ ਪੜ੍ਹਾਈ ਤੇ ਕੈਰੀਅਰ ਵਿੱਚ ਉਚਾਈਆਂ ਛੂਹ ਸਕਦੇ ਹਨ।

ਵਿਦਿਆਰਥੀਆਂ ਨੇ ਵੀ ਐੱਸ ਡੀ ਐੱਮ ਸਾਹਿਬ ਨੂੰ ਆਪਣੇ ਕੈਰੀਅਰ ਦੀ ਚੋਣ ਸੰਬੰਧੀ ਸਵਾਲ ਪੁੱਛੇ। ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਨੇ ਦੱਸਿਆ ਕਿ ਸਾਇੰਸ ਵਿੱਚ ਰੁਚੀ ਪੈਦਾ ਕਰਨ ਲਈ ਅਜਿਹੇ ਫੈਸਟ ਬਹੁਤ ਸਹਾਈ ਹੁੰਦੇ ਹਨ। ਇਸ ਫੈਸਟ ਵਿੱਚ ਪੰਜਾਬੀ ਯੂਨੀਵਰਸਿਟੀ ਤੋਂ ਡਾ. ਅਵਨੀਤਪਾਲ ਸਿੰਘ, ਡਾ. ਅਰਨੀਤ ਗਰੇਵਾਲ, ਡਾ. ਪੂਨਮ ਪਟਿਆਰ ਤੇ ਅਸ਼ਵਨੀ ਭਾਰਦਵਾਜ, ਡੀਏਵੀ ਕਾਲਜ ਜਲੰਧਰ ਤੋਂ ਡਾ. ਰਿਸ਼ੀ ਕੁਮਾਰ, ਮੋਦੀ ਕਾਲਜ ਪਟਿਆਲਾ ਤੋਂ ਡਾ. ਮੁਨੀਸ਼ ਸ਼ਰਮਾ ਨੇ ਬਤੌਰ ਜੱਜ ਆਪਣੀ ਭੂਮਿਕਾ ਨਿਭਾਈ। ਸ਼ਾਮ ਦੇ ਸੈਸ਼ਨ ਦੌਰਾਨ ਸ੍ਰੀ ਸੂਬਾ ਸਿੰਘ ਐੱਸ ਡੀ ਐੱਮ ਲਹਿਰਾਗਾਗਾ ਨੇ ਇਨਾਮ ਵੰਡ ਸਮਾਰੋਹ ਵਿੱਚ ਸ਼ਮੂਲੀਅਤ ਕੀਤੀ। ਉਨ੍ਹਾ ਨੇ ਵੀ ਵਿਦਿਆਰਥੀਆਂ ਵੱਲੋਂ ਕੀਤੀ ਪੇਸ਼ਕਾਰੀ ਨੂੰ ਸਰਾਹਿਆ ਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਨਵਾਜਿਆ ਗਿਆ।

# ਅਮਿੱਟ ਛਾਪ ਛੱਡ ਗਿਆ ਗੁਲਜ਼ਾਰ ਸਿੰਘ ਸੰਧੂ ਦਾ ਰੂਬਰੂ

## ਪੰਜਾਬ ਦੇ ਰਸਮ ਰਿਵਾਜ ਵਾਲਾ ਨਿਬੰਧ ਲਿਖਣ ਲਈ ਛੇ ਮਹੀਨੇ ਖੋਜ ਕਰਨੀ ਪਈ : ਸੰਧੂ


ਮਾਨੂੰਪੁਰ ਸਕੂਲ 'ਚ ਭਾਰਤੀ ਸਾਹਿਤ ਅਕਾਦਮੀ ਵੱਲੋਂ ਕਰਵਾਏ ਸਮਾਗਮ ਦਾ ਦ੍ਰਿਸ਼।

**ਖੰਨਾ (ਸੁਖਵਿੰਦਰ ਭਾਦਲਾ, ਪਰਮਿੰਦਰ ਮੋਨੂੰ)**

ਪਿੰਡ ਮਾਨੂੰਪੁਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਵਿਖੇ ਭਾਰਤੀ ਸਾਹਿਤ ਅਕਾਦਮੀ ਵੱਲੋਂ ਪੁਰਸਕ੍ਰਿਤ ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਤੇ ਲੇਖਕ ਗੁਲਜ਼ਾਰ ਸਿੰਘ ਸੰਧੂ ਦਾ ਦਲਜੀਤ ਸਿੰਘ ਸਾਬਕਾ (ਪੀ.ਸੀ.ਐੱਸ. ਉੱਚ ਅਧਿਕਾਰੀ) ਦੀ ਪ੍ਰਧਾਨਗੀ ਹੇਠ ਕਰਵਾਇਆ ਰੂਬਰੂ ਇੱਕ ਨਵੀਂ ਛਾਪ ਛੱਡ ਗਿਆ। ਇਸ ਸਬੰਧੀ ਸੰਸਥਾ ਵੱਲੋਂ ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਇਸ ਸਮਾਗਮ ਦਾ ਸਵਾਗਤੀ ਭਾਸ਼ਣ ਦੇਣ ਵਾਲੇ ਗੁਰਪ੍ਰੀਤ ਸਿੰਘ (ਪੰਜਾਬੀ ਲੈਕਚਰਾਰ) ਤੇ ਆਯੋਜਨ 'ਚ ਵਿਸ਼ੇਸ਼ ਭੂਮਿਕਾ ਨਿਭਾਉਣ ਵਾਲੇ ਭਰਪੂਰ ਸਿੰਘ (ਪੰਜਾਬੀ ਮਾਸਟਰ) ਨੇ ਦੱਸਿਆ ਕਿ ਇਸ ਰੂਬਰੂ ਦੌਰਾਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸਕੂਲ ਆਫ਼ ਪੰਜਾਬੀ ਦੇ ਪ੍ਰੋਫੈਸਰ ਤੇ ਪੰਜਾਬ ਕਲਾ ਪ੍ਰੀਸ਼ਦ ਦੇ ਵਾਈਸ ਚੇਅਰਮੈਨ ਡਾ. ਯੋਗਰਾਜ ਨੇ ਇਸ ਮੌਕੇ ਆਪਣੇ ਕੁੰਜੀਵਤ ਭਾਸ਼ਣ ਦੌਰਾਨ ਕਹਾਣੀਕਾਰ ਗੁਲਜ਼ਾਰ ਸਿੰਘ ਸੰਧੂ ਦੇ ਜੀਵਨ ਤੇ ਕਹਾਣੀ ਕਲਾ ਬਾਰੇ ਭਾਵਪੂਰਤ ਜਾਣਕਾਰੀ ਦਿੱਤੀ। ਉਪਰੰਤ ਗੁਲਜ਼ਾਰ ਸਿੰਘ ਸੰਧੂ ਨੇ ਸ੍ਰੋਤਿਆਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਦੇ ਜੀਵਨ ਦਾ ਅਸਲੀ ਤਜਰਬਾ ਤੇ ਇਸ ਵਿੱਚ ਵਾਪਰਿਆ ਹਕੀਕੀ ਘਟਨਾਕ੍ਰਮ ਹੀ ਉਨ੍ਹਾਂ ਦੀਆਂ ਕਹਾਣੀਆਂ ਦੀ ਕੱਚੀ ਸਮੱਗਰੀ ਸੀ। ਵਿਦਿਆਰਥੀਆਂ ਦੇ ਸਿਲੇਬਸ ਵਿੱਚ ਲੱਗੀਆਂ ਕਹਾਣੀਆਂ 'ਘਰ ਜਾ ਆਪਣੇ, ਸਾਂਝੀ ਮਾਂ ਤੇ ਲੋਕ ਨਾਇਕ ਦਾ ਚਲਾਣਾ' ਉਨ੍ਹਾਂ ਦੇ ਜੀਵਨ ਦੀਆਂ ਆਪ ਹੰਢਾਈਆਂ ਘਟਨਾਵਾਂ 'ਤੇ ਅਧਾਰਿਤ ਹਨ। 12ਵੀਂ ਜਮਾਤ ਦੇ ਪਾਠਕ੍ਰਮ 'ਚ ਲੱਗੇ ਲੇਖ ਰਸਮ ਰਿਵਾਜ਼ ਬਾਰੇ ਗੱਲਬਾਤ ਕਰਦਿਆਂ ਉਨ੍ਹਾ ਦੱਸਿਆ ਕਿ ਇਸ ਲਈ ਯੋਗਦਾਨ ਪਾਉਣ ਖਾਤਰ ਉਨ੍ਹਾਂ ਨੂੰ ਮਹਿੰਦਰ ਸਿੰਘ ਰੰਧਾਵਾ ਹੁਰਾਂ ਨੇ ਪ੍ਰੇਰਿਆ ਸੀ ਤੇ ਨੌਂ ਕੁ ਸਫਿਆਂ ਦੇ ਇਸ ਨਿਬੰਧ ਨੂੰ ਮੁਕੰਮਲ ਕਰਨ ਲਈ ਉਨ੍ਹਾ ਨੂੰ ਪੰਜਾਬ ਦੇ ਪਿੰਡ ਪਿੰਡ ਜਾ ਕੇ 6 ਮਹੀਨਿਆਂ ਤੱਕ ਇੱਕ ਵਿਆਪਕ ਖੋਜ ਕਰਨੀ ਪਈ ਸੀ। ਇਸ ਦੌਰਾਨ ਵਿਦਿਆਰਥੀਆਂ ਨੇ ਚਰਚਾ ਤੇ ਸਵਾਲਾਂ ਦਾ ਸਿਲਸਿਲਾ ਛੇੜਦਿਆਂ ਕਹਾਣੀਕਾਰ ਸੁਖਜੀਤ ਨੇ ਵਿਦਿਆਰਥੀਆਂ ਦਾ ਵਾਹ-ਵਾਹੀ ਅਤੇ ਤਾੜੀਆਂ ਲੁੱਟ ਲਈਆਂ। ਉਨ੍ਹਾ ਵਿਦਿਆਰਥੀਆਂ ਨੂੰ ਕਿਹਾ ਕਿ ਲਿਖਣ ਕਲਾ ਵਿੱਚ ਪ੍ਰਬੀਨ ਹੋਣ ਨਾਲ ਉਮੀਦ ਜਤਾਈ ਕਿ ਉਹ ਉੱਚੀਆਂ ਬੁਲੰਦੀਆਂ ਨੂੰ ਛੂਹ ਸਕਦੇ ਹਨ। ਵਿਦਿਆਰਥੀਆਂ ਦੀ ਸੁਣਨ ਦੀ ਸਮਰੱਥਾ ਤੋਂ ਮੋਹਿਤ ਹੁੰਦਿਆਂ ਉਨ੍ਹਾਂ ਉਮੀਦ ਜਤਾਈ ਕਿ ਆਉਂਦੇ ਸਾਲਾਂ ਵਿੱਚ ਮਾਨੂੰਪੁਰ ਸਕੂਲ ਤੇ ਪਿੰਡ ਦੀ ਮਿੱਟੀ ਤੋਂ ਵੱਡੇ ਸਾਹਿਤਕਾਰ ਪੁੰਗਰਨਗੇ। ਕਹਾਣੀਕਾਰ ਗੁਲਜ਼ਾਰ ਸਿੰਘ ਸੰਧੂ ਨੇ ਵਿਦਿਆਰਥੀਆਂ ਦੇ ਕਈ ਵਿਦਵਤਾਪੂਰਨ ਸੁਆਲਾਂ ਦੇ ਜਵਾਬ ਦਿੰਦਿਆਂ ਸੰਸਥਾ ਦੇ ਵਿੱਦਿਅਕ ਮਾਹੌਲ ਦੀ ਭਾਵ ਭਿੰਨੇ ਸ਼ਬਦਾਂ 'ਚ ਵਡਿਆਈ ਕੀਤੀ। ਦਲਜੀਤ ਸਿੰਘ (ਸਾਬਕਾ ਪੀ.ਸੀ.ਐੱਸ. ਉੱਚ ਅਧਿਕਾਰੀ) ਨੇ ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਕਹਾਣੀਕਾਰ ਗੁਲਜ਼ਾਰ ਸਿੰਘ ਸੰਧੂ ਦੇ ਜੀਵਨ ਬਾਰੇ ਦਿਲ-ਟੁੰਬਵੀਆਂ ਯਾਦਾਂ ਤਾਜ਼ਾ ਕੀਤੀਆਂ ਅਤੇ ਉਨ੍ਹਾਂ ਦੇ ਜੀਵਨ ਤੇ ਕਹਾਣੀਆਂ ਤੋਂ ਸਿੱਖਣ ਦੀ ਪ੍ਰੇਰਮਾ ਦਿੱਤੀ। ਸਮਾਰੋਹ ਦੇ ਅੰਤ 'ਚ ਪ੍ਰਿੰਸੀਪਲ ਮਨੋਜ ਕੁਮਾਰ ਨੇ ਆਏ ਮਹਿਮਾਨਾਂ ਸਮੇਤ ਮੁੱਖ ਮਹਿਮਾਨ ਗੁਲਜ਼ਾਰ ਸਿੰਘ ਸੰਧੂ ਦਾ ਸ਼ਾਇਰਾਨਾ ਅੰਦਾਜ਼ ਵਿੱਚ ਧੰਨਵਾਦ ਕੀਤਾ। ਇਸ ਮੌਕੇ ਮੰਚ ਸੰਚਾਲਨ ਦੀ ਭੂਮਿਕਾ ਹਰਪਿੰਦਰ ਸ਼ਾਹੀ ਤੇ ਜਗਵਿੰਦਰ ਗਰੇਵਾਲ ਨੇ ਨਿਭਾਈ। ਇਸ ਮੌਕੇ ਉੱਪਰ ਹੋਰਨਾਂ ਤੋਂ ਇਲਾਵਾ ਡਾ. ਸੁਰਜੀਤ ਕੌਰ (ਸੁਪਤਨੀ ਗੁਲਜ਼ਾਰ ਸਿੰਘ ਸੰਧੂ), ਪ੍ਰਿੰਸੀਪਲ ਸੰਜੀਵ ਕੁਮਾਰ ਸੱਦੀ, ਕਹਾਣੀਕਾਰ ਮੁਖਤਿਆਰ ਸਿੰਘ, ਕਹਾਣੀਕਾਰ ਜਤਿੰਦਰ ਹਾਂਸ, ਕਹਾਣੀਕਾਰ ਤਰਨ ਬੱਲ, ਬਲਰਾਮ ਸ਼ਰਮਾ, ਪਰਮਜੀਤ ਸਿੰਘ, ਕੁਲਦੀਪ ਕੌਰ, ਭਾਰਤੀ ਸ਼ਰਮਾ, ਮੀਨਾ ਰਾਣੀ, ਕਾਂਤਾ ਰਾਣੀ, ਸੁਖਵਿੰਦਰ ਸਿੰਘ, ਕੁਲਦੀਪ ਸਿੰਘ ਤੇ ਰੁਪਿੰਦਰ ਕੌਰ, ਕੁਲਦੀਪ ਸਿੰਘ ਉਚੇਚੇ ਤੌਰ 'ਤੇ ਹਾਜ਼ਰ ਸਨ।

# ਵਿਦਿਆਰਥੀ ਆਪਣਾ ਮੁਕਾਮ ਹਾਸਲ ਕਰਨ ਲਈ ਸਖ਼ਤ ਮਿਹਨਤ ਕਰਨ : ਥਾਪਰ

## ਮੇਜ਼ਬਾਨ ਰੌਇਲ ਕਾਲਜ ਨੇ ਲੋਕ ਗੀਤ 'ਚ ਪਹਿਲਾ ਸਥਾਨ ਮੱਲਿਆ



**ਭੀਖੀ (ਧਰਮਵੀਰ ਸ਼ਰਮਾ)**-ਦਿ ਰੌਇਲ ਗਰੁੱਪ ਆਫ ਕਾਲਜਿਜ਼ ਬੋੜਾਵਾਲ ਵਿਖੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਯੁਵਕ ਭਲਾਈ ਵਿਭਾਗ ਦੀ ਅਗਵਾਈ ਅਧੀਨ ਚੱਲ ਰਹੇ ਮਾਨਸਾ ਜ਼ੋਨ ਦੇ ਖੇਤਰੀ ਯੁਵਕ ਤੇ ਲੋਕ ਮੇਲੇ ਦੇ ਤੀਜੇ ਦਿਨ ਇਕਾਂਗੀ ਨਾਟਕ, ਮਿਮਿਕਰੀ, ਲੋਕ-ਗੀਤ, ਲੋਕ-ਸਾਜ, ਫੋਕ ਆਰਕੈਸਟਰਾ, ਭਾਸ਼ਣ ਕਲਾ ਆਦਿ ਦੇ ਮੁਕਾਬਲੇ ਕਰਵਾਏ ਗਏ। ਇਸ ਦਿਨ ਸਵੇਰ ਦੇ ਸੈਸ਼ਨ ਦੇ ਮੁੱਖ ਮਹਿਮਾਨ ਦਵਿੰਦਰ ਸਿੰਘ ਥਾਪਰ (ਮੈਨੇਜਿੰਗ ਡਾਇਰੈਕਟਰ ਐਲੀਨਾ ਗਰੁੱਪ, ਸੀ.ਈ.ਓ. ਗੁਰੂ ਦੇਵ ਇੰਡਸਟਰੀਜ਼, ਜਨਰਲ ਸੈਕਟਰੀ ਆਫ਼ ਵਰਲਡ ਪੰਜਾਬੀ ਆਰਗੇਨਾਈਜ਼ੇਸ਼ਨ ਤੇ ਸਮਾਜ ਸੇਵਕ) ਸਨ। ਕਾਲਜ ਦੇ ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ ਸਰਾਂ ਨੇ ਉਨ੍ਹਾਂ ਦੀਆਂ ਪ੍ਰਾਪਤੀਆਂ ਤੇ ਸਮਾਜ ਨੂੰ ਉਨ੍ਹਾਂ ਦੀ ਦੇਣ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੂੰ ਜੀ ਆਇਆਂ ਕਿਹਾ। ਮੁੱਖ ਮਹਿਮਾਨ ਦਵਿੰਦਰ ਸਿੰਘ ਥਾਪਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਵਿਦਿਆਰਥੀ ਨੂੰ ਮਿਹਨਤ ਕਰਨ ਲਈ ਪ੍ਰੇਰਿਆ, ਜਿਸ ਦਾ ਕੋਈ ਦੂਜਾ ਬਦਲ ਨਹੀਂ ਹੈ। ਸ਼ਾਮ ਦੇ ਸੈਸ਼ਨ ਦੇ ਮੁੱਖ ਮਹਿਮਾਨ ਚਰਨਜੀਤ ਸਿੰਘ ਗਰੇਵਾਲ (ਇੰਗਲੈਂਡ ਤੋਂ ਪ੍ਰਸਿੱਧ ਕਾਰੋਬਾਰੀ ਤੇ ਸਮਾਜ ਸੇਵਕ) ਨੇ ਆਪਣੇ ਸੰਬੋਧਨ ਦੌਰਾਨ ਵਿਦਿਆਰਥੀਆਂ ਨੂੰ ਨਸੀਹਤ ਦਿੰਦੇ ਹੋਏ ਕਿਹਾ ਕਿ ਕੰਮ ਕੋਈ ਛੋਟਾ ਵੱਡਾ ਨਹੀਂ ਹੁੰਦਾ, ਆਪਣੇ ਦੇਸ਼ ਦੀ ਤਰੱਕੀ ਲਈ ਆਪਣੀਆਂ ਜੜ੍ਹਾਂ ਨਾਲ ਜੁੜੇ ਰਹੋ। ਇਸ ਮੌਕੇ ਪੰਜਾਬ ਸਾਹਿਤ ਅਕਾਦਮੀ ਦੇ ਪ੍ਰਧਾਨ ਤੇ ਕਾਲਜ ਦੇ ਸਲਾਹਕਾਰੀ ਬੋਰਡ ਦੇ ਮੈਂਬਰ ਡਾ. ਸਰਬਜੀਤ ਕੌਰ ਸੋਹਲ ਤੇ ਏ ਆਈ ਜੀ ਪੰਜਾਬ ਪੁਲਸ ਡਾ. ਰਜਿੰਦਰ ਸਿੰਘ ਸੋਹਲ ਨੇ ਖ਼ਾਸ ਤੌਰ 'ਤੇ ਸ਼ਿਰਕਤ ਕੀਤੀ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਯੁਵਕ ਭਲਾਈ ਵਿਭਾਗ ਤੋਂ ਵਿਜੇ ਯਮਲਾ ਨੇ ਆਪਣੀ ਭੂਮਿਕਾ ਬਾਖੂਬੀ ਨਿਭਾਈ। ਪ੍ਰੋਗਰਾਮ ਵਿੱਚ ਮਿਸ ਪੂਜਾ ਨੇਗੀ (ਐਪਲ ਔਰਚਾਰਡਿਸਟ), ਹਰਮੀਤ ਸਿੰਘ, ਵਿਨੋਦ ਸਿੰਗਲਾ (ਪ੍ਰਧਾਨ ਨਗਰ ਪੰਚਾਇਤ ਭੀਖੀ), ਕਹਾਣੀਕਾਰ ਦਰਸ਼ਨ ਜੋਗਾ, ਪ੍ਰਿੰਸੀਪਲ ਵਿਜੈ ਕੁਮਾਰ, ਕਰਨੈਲ ਵੈਰਾਗੀ, ਗੁਰਚੇਤ ਫੱਤੇਵਾਲੀਆ ਤੇ ਸਵਰਨ ਰਾਹੀ ਨੇ ਬਤੌਰ ਵਿਸ਼ੇਸ਼ ਮਹਿਮਾਨ ਹਾਜ਼ਰੀ ਲਗਵਾਈ। ਯੂਥ ਕੋਆਰਡੀਨੇਟਰ ਡਾ. ਭੁਪਿੰਦਰ ਸਿੰਘ ਸਿੱਧੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਖ਼ੇਤਰੀ ਯੁਵਕ ਮੇਲੇ ਦੇ ਤੀਜੇ ਦਿਨ ਦਿ ਰੌਇਲ ਗਰੁੱਪ ਆਫ਼ ਕਾਲਜਿਜ਼ ਨੇ ਲੋਕ ਗੀਤ ਵਿੱਚੋਂ ਪਹਿਲਾ, ਲੋਕ-ਸਾਜ਼ ਤੇ ਭਾਸ਼ਣ ਕਲਾ ਵਿੱਚੋਂ ਦੂਸਰਾ ਅਤੇ ਮਿਮਿਕਰੀ ਤੇ ਕਵਿਤਾ ਉਚਾਰਣ 'ਚ ਤੀਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਕਾਲਜ ਦੇ ਚੇਅਰਮੈਨ ਏਕਮਜੀਤ ਸਿੰਘ ਸੋਹਲ ਨੇ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੂੰ ਅੱਗੇ ਹੋਰ ਪ੍ਰੇਰਨਾ ਦਿੱਤੀ। ਮੰਚ ਸੰਚਾਲਨ ਅਸਿ. ਪ੍ਰੋ. ਮਨਜਿੰਦਰ ਸਿੰਘ, ਗੁਰਪ੍ਰੀਤ ਸਿੰਘ ਤੇ ਅਮਨਦੀਪ ਕੌਰ ਨੇ ਬਾਖੂਬੀ ਨਿਭਾਇਆ।

# ਪੰਜਾਬ ਦੀ ਜਨਤਾ ਨੂੰ ਮਾਨ ਸਰਕਾਰ ਨੇ ਝੂਠੇ ਵਾਅਦੇ ਕਰਕੇ ਸੱਤਾ ਹਾਸਲ ਕੀਤੀ : ਮਨਜੀਤ ਦਸੂਹਾ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਝੂਠੇ ਲਾਰਿਆ ਤੇ ਵਾਅਦਿਆ ਦੀ ਪੋਲ ਖੋਲ੍ਹਦੇ ਹਲਕਾ ਉੜਮੁੜ ਟਾਂਡਾ ਸ੍ਰੋਮਣੀ ਅਕਾਲੀ ਦਲ ਸੰਯੁਕਤ ਦੇ ਇੰਚਾਰਜ ਮਨਜੀਤ ਸਿੰਘ ਦਸੂਹਾ ਨੇ ਗ੍ਰੇਟ ਪੰਜਾਬ ਸੈਲੀਬਰੇਸ਼ਨ ਵਿਖੇ ਵੱਖ ਵੱਖ ਪਿੰਡਾਂ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਉਪਰੰਤ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ 6 ਮਹੀਨੀਆਂ ਵਿੱਚ ਕਰਜਾ ਚੁੱਕਣ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਜਿਸ ਨਾਲ ਪੰਜਾਬ ਹੋਰ ਵੀ ਆਰਥਿਕ ਮੰਦਹਾਲੀ ਵੱਲ ਧੱਕਿਆ ਜਾਏਗਾ। ਉਨਾਂ ਕਿਹਾ ਕਿ ਚੋਣਾਂ ਤੋਂ ਪਹਿਲਾ ਜਦੋਂ ਦਿੱਲੀ ਦਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪੰਜਾਬ ਵਿੱਚ ਚੋਣ ਪ੍ਰਚਾਰ ਕਰ ਰਿਹਾ ਸੀ ਤਾਂ ਪੰਜਾਬ ਦੀ ਜਨਤਾ ਨੂੰ ਝੂਠੀਆਂ ਗਰੰਟੀਆਂ ਦਿੰਦਾ ਕਹਿੰਦਾ ਸੀ ਮੈਂ ਰੇਤਾ ਤੋਂ ਹੀ ਸਾਰੇ ਮਸਲੇ ਹੱਲ ਕਰ ਦੇਣੇ ਹਨ ਹੋਰ ਕਿਸੇ ਪਾਸੇ ਦੇਖਣ ਦੀ ਲੋੜ ਨਹੀ। ਪ੍ਰੰਤੂ ਸੱਤ ਮਹੀਨੇ ਬੀਤਣ ਦੇ ਬਾਵਜੂਦ ਪੰਜਾਬ ਸਰਕਾਰ ਤੋ ਮਾਈਨਿੰਗ ਦੀ ਪਾਲਿਸੀ ਨਹੀ ਬਣੀ। ਜਿਸ ਕਰਕੇ ਪੰਜਾਬ ਦੇ ਲੋਕਾ ਨੂੰ ਮਕਾਨ ਛੱਤਣ ਲਈ 60 ਰੁਪਏ ਪੀਪੇ ਦੇ ਹਿਸਾਬ ਨਾਲ ਰੇਤਾ ਖਰੀਦਣ ਨੂੰ ਮਜਬੂਰ ਹੋਣਾ ਪੈ ਰਿਹਾ ਹੈ। ਉਹਨਾ ਕਿਹਾ ਕਿ ਕਹਿਣ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਪਰ ਖਰਚੇ ਇਹਨਾਂ ਦੇ ਖਾਸ ਨੂੰ ਵੀ ਮਾਤ ਪਾ ਰਹੇ ਹਨ। ਉਹਨਾਂ ਕਿਹਾ ਕਿ ਵਿੱਤ ਵਿਭਾਗ ਵੱਲੋ ਸਤੰਬਰ 2022 ਤੱਕ ਦੇ ਟੈਕਸ ਪ੍ਰਾਪਤੀਆ ਸਬੰਧੀ ਤਿਆਰ ਕੀਤੇ ਅੰਕੜਿਆਂ ਅਨੁਸਾਰ ਸੂਬੇ ਵਿੱਚੋਂ ਜਮੀਨੀ ਮਾਲੀਏ, ਜੀ ਐਸ ਟੀ, ਅਸ਼ਟਾਮ ਡਿਊਟੀ, ਪੈਟਰੋਲੀਅਮ ਪਦਾਰਥਾਂ 'ਤੇ ਟੈਕਸ ਵਿੱਚ ਕਮੀ ਆਈ। ਨਵੀਂ ਆਬਕਾਰੀ ਨੀਤੀ ਨਾਲ ਮਾਲੀਆ ਵਧਣ ਦੇ ਦਾਅਵੇ ਝੂਠੇ ਸਾਬਿਤ ਹੋ ਰਹੇ ਹਨ। ਉਹਨਾਂ ਕਿਹਾ ਕਿ ਭਗਵੰਤ ਮਾਨ ਪੰਜਾਬ ਦੀ ਜਨਤਾ ਦਾ ਧਿਆਨ ਭਟਕਾਉਣ ਲਈ ਰੋਜਾਨਾ ਝੂਠੀ ਇਸ਼ਤਿਹਾਰਬਾਜੀ ਕਰਕੇ ਪੰਜਾਬ ਦੇ ਖਜਾਨੇ 'ਤੇ ਹੋਰ ਬੋਝ ਪਾ ਰਿਹਾ ਹੈ। ਉਹਨਾਂ ਕਿਹਾ ਕਿ ਭਗਵੰਤ ਮਾਨ ਪੰਜਾਬ ਦਾ ਪੈਸਾ ਕੇਜਰੀਵਾਲ ਦੇ ਇਸ਼ਾਰਿਆਂ 'ਤੇ ਗੁਜਰਾਤ ਤੇ ਹਿਮਾਚਲ ਦੇ ਚੋਣ ਪ੍ਰਚਾਰ ਵਿੱਚ ਖਰਚ ਕਰ ਰਿਹਾ ਹੈ, ਜੋ ਪੰਜਾਬ ਦੀ ਜਨਤਾ ਨਾਲ ਸਰੇਆਮ ਧੋਖਾ ਹੈ। ਇਸ ਮੌਕੇ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਹੁਸ਼ਿਆਰਪੁਰ ਸੁਖਵਿੰਦਰ ਸਿੰਘ ਮੂਨਕ, ਜਥੇਦਾਰ ਕੁਲਵੀਰ ਸਿੰਘ ਢਡਿਆਲਾ, ਸਾਬਕਾ ਸਰਪੰਚ ਗੁਰਨਾਮ ਸਿੰਘ, ਡਾਕਟਰ ਜਸਵੀਰ ਸਿੰਘ, ਸੰਦੀਪ ਸਿੰਘ, ਰਤਨ ਸਿੰਘ ਖੋਖਰ, ਕਿਰਪਾਲ ਸਿੰਘ ਜਾਜਾ, ਫਤਹਿ ਸਿੰਘ, ਮੈਨੇਜਰ ਕਸ਼ਮੀਰ ਸਿੰਘ, ਸਤਵੰਤ ਸਿੰਘ, ਅਮਰਜੀਤ ਸਿੰਘ ਖੋਖਰ, ਗੁਰਮੀਤ ਸਿੰਘ ਬੋਲੇਵਾਲ, ਯੂਥ ਆਗੂ ਰਣਜੀਤ ਸਿੰਘ ਢਡਿਆਲਾ ਤੋ ਇਲਾਵਾ ਹੋਰ ਵਰਕਰ ਹਾਜ਼ਰ ਸਨ।

## ਭੁੱਲਾਰਾਏ ਸਕੂਲ ਦੇ ਕਰਨਵੀਰ ਸਿੰਘ ਨੇ ਵਧਾਇਆ ਫਗਵਾੜਾ ਦਾ ਮਾਣ

**ਫਗਵਾੜਾ (ਡਾ. ਰਮਨ)**- ਸਿੱਖਿਆ ਵਿਭਾਗ ਵਲੋਂ ਜ਼ਿਲ੍ਹਾ ਪੱਧਰੀ ਸਕੂਲ ਖੇਡਾਂ ਵਿੱਚ ਫ੍ਰੀ ਸਟਾਇਲ ਕੁਸ਼ਤੀ ਮੁਕਾਬਲੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਭੁੱਲਾਰਾਏ ਦੇ ਵਿਦਿਆਰਥੀ ਕਰਨਵੀਰ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਸਕੂਲ, ਪਿੰਡ ਅਤੇ ਸ਼ਹਿਰ ਦਾ ਨਾਂਅ ਰੌਸ਼ਨ ਕੀਤਾ। ਪ੍ਰਿੰਸੀਪਲ ਸੁਰੇਸ਼ ਗੁਪਤਾ ਅਨੁਸਾਰ 60 ਕਿੱਲੋ ਵਰਗ ਵਿੱਚ ਅੰਡਰ-17 ਕੁਸ਼ਤੀ ਮੁਕਾਬਲੇ ਪੀ.ਆਰ. ਸੌਂਧੀ ਅਕੈਡਮੀ ਫਗਵਾੜਾ ਵਿਖੇ ਆਯੋਜਿਤ ਹੋਏ ਹਨ ਅਤੇ ਵੱਡੇ ਮਾਰਜ਼ਨ ਨਾਲ ਆਪਣੇ ਵਿਰੋਧੀ ਵਿਦਿਆਰਥੀ ਨੂੰ ਹਰਾ ਕੇ ਜਿੱਤਣਾ ਇੱਕ ਵੱਡੀ ਪ੍ਰਾਪਤੀ ਹੈ। ਸਕੂਲ ਪ੍ਰਿੰਸੀਪਲ ਸੁਰੇਸ਼ ਗੁਪਤਾ ਵਲੋਂ ਕਰਨਵੀਰ ਸਿੰਘ ਨੂੰ ਵਿਸ਼ੇਸ਼ ਰੂਪ ਵਿੱਚ ਸਨਮਾਨਿਤ ਕੀਤਾ ਅਤੇ ਤਿਆਰੀ ਕਰਵਾਉਣ ਵਾਲੇ ਡੀ.ਪੀ.ਈ. ਅਧਿਆਪਕ ਰਵੀ ਸਿੰਘ ਨੂੰ ਵੀ ਵਧਾਈ ਦਿੱਤੀ। ਕਰਨਵੀਰ ਸਿੰਘ ਨੇ ਦੱਸਿਆ ਕਿ ਉਹ ਨਿਯਮਤ ਰੂਪ ਵਿੱਚ ਕੁਸ਼ਤੀ ਮੁਕਾਬਲੇ ਲਈ ਫੁਰਤੀ ਅਤੇ ਤਾਕਤ ਸਬੰਧੀ ਕਸਰਤ ਕਰਦਾ ਹੈ। ਲੈਕ. ਹਰਜਿੰਦਰ ਗੋਗਨਾ ਅਨੁਸਾਰ ਸਹਿ ਅਕਾਦਮਿਕ ਕਿਰਿਆਵਾਂ ਬੱਚੇ ਦੇ ਸਰਬ ਪੱਖੀ ਵਿਕਾਸ ਲਈ ਅਕਾਦਮਿਕ ਸਿੱਖਿਆ ਦੇ ਬਰਾਬਰ ਲਾਭਕਾਰੀ ਹਨ। ਇਸ ਮੌਕੇ ਮੋਨਿਕਾ, ਸਚਿਨ ਮੂੰਜਾਲ, ਰਾਮ ਲੁਭਾਇਆ, ਰਵੀ ਸਿੰਘ, ਲੈਕ. ਹਰਜਿੰਦਰ ਗੋਗਨਾ, ਲੈਕ. ਪਮਨਜੀਤ ਕੌਰ, ਪਰਮਜੀਤ ਕੌਰ, ਪੂਜਾ ਸ਼ਰਮਾ, ਸੁਰਿੰਦਰ ਕੌਰ ,ਲਖਵਿੰਦਰ ਕੌਰ ਹਾਜ਼ਰ ਸਨ।

# ਸ਼ਹਿਰ 'ਚ ਅਵਾਰਾ ਪਸ਼ੂਆਂ ਦੀ ਭਰਮਾਰ-ਨਗਰ ਨਿਗਮ ਬੇਖਬਰ

**ਕੂੜੇ ਦੀਆਂ ਢੇਰੀਆਂ ਸਾੜਣ ਵਿਰੁੱਧ ਨਹੀਂ ਜਾਰੀ ਕੀਤਾ ਕੋਈ ਪੱਤਰ**

**ਹੁਸ਼ਿਆਰਪੁਰ (ਬਲਵੀਰ ਸੈਣੀ, ਓ ਪੀ ਰਾਣਾ )**- ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਸ਼ਹਿਰ ਵਿਚ ਫੈਲ ਰਹੀ ਗੰਦਗੀ ਅਤੇ ਪ੍ਰਦੂਸ਼ਣ ਦੇ ਵੱਧ ਰਹੇ ਪ੍ਰਕੋਪ ਅਤੇ ਥਾਂ ਥਾਂ ਕੱਟੇ ਜਾ ਰਹੇ ਜਾਨਵਰਾਂ ਕਾਰਨ ਫੈਲ ਰਹੀਆ ਬੀਮਾਰੀਆਂ ਅਤੇ ਸ਼ਹਿਰ ਨੂੰ ਸਾਫ ਤੇ ਸੁੰਦਰ ਬਨਾਉਣ ਦੀ ਭਾਵਨਾ ਨੂੰ ਮੁੱਖ ਰਖਦਿਆਂ ਸੂਚਨਾ ਅਧਿਕਾਰ ਐਕਟ 2005 ਦੀ ਵਰਤੋਂ ਕਰਦਿਆਂ ਸ਼ਹਿਰ ਅੰਦਰ ਅਵਾਰਾ ਪਸ਼ੂਆਂ, ਕੁੱਤੇ, ਕੁੱਤੀਆਂ, ਸਲਾਟਰ ਹਾਊਸ ਅਤੇ ਸੋਲਿਡ ਵੇਸਟ ਮੇਨੇਜਮੈਂਟ ਰੂਲਜ 2002 ਦੇ ਤਹਿਤ ਕੂੜੇ ਕਰਕਟ ਦੀਆਂ ਢੇਰੀਆਂ ਅੱਗ ਲਗਾ ਕੇ ਸਾੜਣ ਤੋਂ ਰੋਕਣ ਲਈ ਪਿਛਲੇ 7 ਸਾਲਾਂ ਵਿਚ ਨਗਰ ਨਿਗਮ ਦੇ ਉਚ ਅਧਿਕਾਰੀਆਂ ਵਲੋਂ ਕੋਈ ਵੀ ਲਿਖਤੀ ਪੱਤਰ ਜਾਰੀ ਨਾ ਕਰਨ ਸਬੰਧੀ ਖੁਲਾਸਾ ਕਰਦਿਆਂ ਦਸਿਆ ਕਿ ਨਗਰ ਨਿਗਮ ਸ਼ਹਿਰ ਵਾਸੀਆਂ ਨੂੰ ਚੰਗੀਆਂ ਸਿਹਤ ਸੇਵਾਵਾਂ ਅਤੇ ਤੰਦਰੁਸਤ ਵਾਤਾਵਰਣ ਦੇਣ ਵਿਚ ਪੂਰੀ ਤਰ੍ਹਾਂ ਫੇਲ੍ਹ ਸਿੱਧ ਹੋ ਰਹੀ ਹੈ। ਸਿਰਫ ਉਦਘਾਟਣਾਂ ਅਤੇ ਝੂਠੀ ਪ੍ਰਸੰਸਾ ਕਰਵਾਉਣ ਉਤੇ ਹੀ ਜ਼ੋਰ ਦੇ ਕੇ ਆਮ ਲੋਕਾਂ ਦੀ ਸਿਹਤ ਨਾਲ ਵੱਡਾ ਖਿਲਵਾੜ ਕੀਤਾ ਜਾ ਰਿਹਾ ਹੈ। ਸ਼ਹਿਰ ਦੀ ਚਾਰ ਦਿਵਾਰੀ ਅੰਦਰ 710 ਅਵਾਰਾ ਕੁੱਤੇ, 840 ਕੁੱਤੀਆਂ, 350 ਅਵਾਰਾ ਪਸ਼ੂ ਆਮ ਲੋਕਾਂ ਲਈ ਵੱਡੀ ਸਿਰ ਦਰਦੀ ਬਣੇ ਹੋਏ ਹਨ। ਉਨ੍ਹਾਂ ਕਿਹਾ ਕਿ ਘਰਾਂ ਦਾ ਵੇਸਟ ਤਾਂ ਇਕ ਪਾਸੇ ਰਿਹਾ ਪਰ ਇਨ੍ਹਾਂ ਜਾਨਵਰਾਂ ਦਾ ਮਲ ਮੂਤਰ ਜਿਹੜੇ ਸਾਡੇ ਕਪੜਿਆਂ ਅਤੇ ਸਿਰਾਂ ਵਿਚ ਨਗਰ ਨਿਗਮ ਅਤੇ ਪੰਜਾਬ ਸਰਕਾਰ ਵਲੋਂ ਪਵਾਇਆ ਜਾ ਰਿਹਾ ਹੈ। ਉਸ ਗੰਦਗੀ ਨਾਲ ਜਿਹੜੀਆਂ ਬੀਮਾਰੀਆਂ ਅਤੇ ਸਾਹ ਲੈਣ ਵਾਲੀ ਹਵਾ ਪ੍ਰਦੂਸ਼ਤ ਹੋ ਰਹੀ ਹੈ ਉਸ ਦੀ ਕਿਸੇ ਨੂੰ ਵੀ ਕੋਈ ਚਿੰਤਾ ਤੱਕ ਨਹੀਂ ਲਗਦੀ। ਇਨਾਂ ਦਾ ਮਲ ਮੂਤਰ ਜਦੋਂ ਧੂੜ ਮਿਟੀ ਵਿਚ ਮਿਕਸ ਹੋ ਕੇ ਸੜਕਾਂ ਕਿਨਾਰੇ ਲਗਦੀਆ ਰੇਹੜੀਆਂ ਅਤੇ ਖੁਲ੍ਹੇ ਵਿਚ ਵਿਕਰੀ ਹੋ ਰਹੇ ਭੋਜਨ ਉਤੇ ਉਸ ਗੰਦਗੀ ਦੇ ਕਣ ਪੈਂਦੇ ਹਨ ਤਾਂ ਹਰ ਰੋਜ਼ ਕਿੰਨਾ ਗੰਦ ਮਨੁੱਖ ਦੇ ਅੰਦਰ ਜਾਦਾ ਹੈ।ਸਵਾਲ ਇਕਲਾ ਅਵਾਰਾ ਜਾਨਵਰਾਂ ਅਤੇ ਅਵਾਰਾ ਕੁੱਤੇ ਕੁੱਤੀਆ ਤੱਕ ਹੀ ਸੀਮਤ ਨਹੀਂ, ਅੱਗੇ ਵੀ ਸਿਹਤ ਲਈ ਅਨੇਕਾਂ ਸਵਾਲ ਖੜੇ ਹੁੰਦੇ ਹਨ।ਧੀਮਾਨ ਨੇ ਕਿਹਾ ਕਿ ਇਨ੍ਹਾਂ ਕੁੱਤੇ ਤੇ ਕੁੱਤੀਆਂ ਦਾ ਔਸਤਨ ਮਲ ਹਰ ਰੋਜ਼ 15 ਕੁੰਵਿਟਲ ਦੇ ਲਗਭਗ ਹੋਵੇਗਾ ਤੇ ਮੂਤਰ ਵੀ ਹਜਾਰਾਂ ਲੀਟਰ ਹੋਵੇਗਾ। ਜੋ ਸ਼ਹਿਰ ਦੀਆ ਸੜਕਾਂ ਦੇ ਆਸ ਪਾਸ ਤੇ ਪਾਰਕਾਂ ਵਿਚ ਸਮਾ ਜਾਂਦਾ ਹੈ। ਕਈ ਵਾਰੀ ਤਾਂ ਇਹ ਜਾਨਵਰ ਜਦੋਂ ਮਰ ਜਾਂਦੇ ਹਨ ਤਾਂ ਇੰਝ ਹੀ ਸੜ ਮੁੱਕ ਜਾਂਦੇ ਹਨ। ਧੀਮਾਨ ਨੇ ਦਸਿਆ ਕਿ ਨਗਰ ਨਿਗਮ ਦੀ ਹਦੂਦ ਅੰਦਰ ਇਕ ਹੀ ਸਲਾਟਰ ਹਾਉਸ ਭੰਗੀ ਓਅ ਦੇ ਕਿਨਾਰੇ ਉਤੇ ਸਥਿਤ ਹੈ,ਜਿਸ ਦਾ ਆਲਾ ਦੁਆਲਾ ਪੂਰੀ ਤਰ੍ਹਾਂ ਬਦਬੂ ਮਾਰਦੇ ਵਾਤਾਵਰਨ ਵਿਚ ਘਿਰਿਆ ਪਿਆ ਹੈ। ਸੂਚਨਾ ਅਨੁਸਾਰ 31 ਮਾਰਚ 2010 ਤੋਂ ਲੈ ਕੇ ਸਤੰਬਰ 2022 ਤੱਕ ਉਥੇ ਕੁੱਲ 67870 ਜਾਨਵਰ ਸਲਾਟਰ ਕੀਤੇ ਕੀਤੇ ਗਏ ਜਿਨ੍ਹਾਂ ਵਿਚ ਬੱਕਰੇ, ਬੱਕਰੀਆਂ, ਭੇਡੂ ਅਤੇ ਸੂਅਰ ਸਲਾਟਰ ਕੀਤੇ ਗਏ। ਦੇਖੋ ਕਿੰਨੀ ਹੈਰਾਨੀ ਦੀ ਗੱਲ ਹੈ ਕਿ ਸ਼ਹਿਰ ਅੰਦਰ ਕਿਸੇ ਵੀ ਮੀਟ ਵਿਕਰੇਤਾ ਨੂੰ ਕੋਈ ਵੀ ਦਿਸ਼ਾ ਨਿਰਦੇਸ਼ ਜਾਰੀ ਨਹੀਂ ਕੀਤੇ ਗਏ ਤੇ ਸਿਰਫ ਡਕਟਰ ਦੀ ਦੇਖ ਰੇਖ ਵਿਚ ਹੀ ਇਹ ਜਾਨਵਰ ਸਲਾਟਰ ਕੀਤੇ ਜਾਂਦੇ ਹਨ। ਧੀਮਾਨ ਨੇ ਦਸਿਆ ਕਿ ਪੰਜਾਬ ਸਰਕਾਰ ਦੀਆਂ ਅਣਗਹਿਲੀਆਂ ਭਰਿਆ ਵਤੀਰਾ ਮਾਸ ਖਾਣ ਵਾਲਿਆਂ ਲਈ ਪੂਰੀ ਤਰ੍ਹਾਂ ਨੁਕਸਾਨ ਦੇਹ ਹੈ।

ਜਦੋਂ ਕਿ ਪਿੰਡਾਂ ਵਿਚ ਕੋਈ ਸਲਾਟਰ ਹਾਉਸ ਤੱਕ ਵੀ ਨਹੀਂ ਵਿਕਸਤ ਕੀਤੇ ਗਏ। ਇਹ ਕੰਮ ਖੁੱਲ੍ਹੀ ਹਵਾ ਵਿਚ ਚਲਦੇ ਹਨ। ਉਨ੍ਹਾਂ ਕਿਹਾ ਕਿ ਸਾਡੇ ਰਾਜਨੀਤੀਵਾਲ ਪੰਜਾਬ ਨੂੰ ਸੁਧਾਰਨ ਦੀ ਥਾਂ ਦੂਜੇ ਪ੍ਰਦੇਸਾਂ ਵਿਚ ਝੂੱਠੇ ਵਿਕਾਸ ਦੀਆਂ ਡੀਂਗਾ ਮਾਰਦੇ ਹਨ ਤੇ ਲੋਕਾਂ ਦੀ ਸਿਹਤ ਤੇ ਵਾਤਾਵਰਣ ਨੂੰ ਤਬਾਹ ਕਰਵਾ ਰਹੇ ਹਨ। ਫਿਰ ਕਰੋੜਾਂ ਰੁਪਏ ਦਾ ਕਾਓ ਸੈਸ ਇਕਠਾ ਕੀਤਾ ਜਾਂਦਾ ਹੈ। ਸਰਕਾਰਾਂ ਉਹ ਵੀ ਡਕਾਰ ਜਾਂਦੀਆ ਹਨ। ਧੀਮਾਨ ਜਿਲਾ ਸਿਹਤ ਅਫਸਰ ਵਲੋਂ ਅਦੇ ਜਿਲੇ ਅੰਦਰ ਬੈਠੇ ਕੇਬਨਿਟ ਮੰਤਰੀ ਜੀ ਵੀ ਅਵਾਰਾ ਕੁੱਤੀਆਂ ਤੇ ਕੁੱਤਿਆਂ ਨੂੰ ਕੰਟਰੋਲ ਕਰਨ ਤਾਂ ਕਿ ਸ਼ਹਿਰ ਵਾਸੀਆਂ ਨੂੰ ਸਹਿਰ ਅੰਦਰ ਤੰਦਰੁਸਤ ਵਾਤਾਵਰਣ ਮਿਲ ਸਕੇ। ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣਾ ਪਰਾਇਆ ਛੱਡ ਕੇ ਸ਼ਹਿਰ ਨੂੰ ਅਵਾਰਾ ਕੁੱਤਿਆਂ ਤੇ ਹੋਰ ਅਵਾਰਾ ਜਾਨਵਰਾਂ ਤੋਂ ਮੁਕਤ ਬਨਾਉਣ ਲਈ ਸੰਘਰਸ਼ ਕਰਨ ਲਈ ਅੱਗੇ ਆਉਣ।

## ਕੰਧਾਲਾ ਜੱਟਾਂ 'ਚ 8 ਨਵੰਬਰ ਨੂੰ ਮਨਾਇਆ ਜਾਵੇਗਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ

**ਅੱਡਾ ਸਰਾਂ ( ਜਸਵੀਰ ਕਾਜਲ)**-ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ 553ਸਾਲਾ ਪ੍ਰਕਾਸ਼ ਪੁਰਬ ਪੂਰੇ ਸੰਸਾਰ ਵਿਚ 8 ਨਵੰਬਰ 2022 ਨੂੰ ਬਹੁਤ ਹੀ ਸ਼ਰਧਾਪੂਰਵਕ ਅਤੇ ਧੂਮ ਧਾਮ ਨਾਲ ਮਨਾਇਆ ਜਾਣਾ ਹੈ । ਪਿੰਡ ਕੰਧਾਲਾ ਜੱਟਾਂ ਸਥਿਤ ਗੁਰਦੁਆਰਾ ਬਾਬਾ ਬਿਸ਼ਨ ਸਿੰਘ ਚੜ੍ਹਦੀ ਪੱਤੀ ਵਿੱਚ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ 8 ਨਵੰਬਰ ਦਿਨ ਮੰਗਲਵਾਰ ਵਾਲੇ ਦਿਨ ਹੀ ਮਨਾਇਆ ਜਾਣਾ ਹੈ । ਇਸੇ ਸਬੰਧ ਵਿਚ ਕਮੇਟੀ ਪ੍ਰਧਾਨ ਗੁਰਵਿੰਦਰ ਸਿੰਘ ਗਿੱਤਾ ਨੇ ਦੱਸਿਆ ਕਿ ਗੁਰਪੁਰਬ ਦੇ ਸਬੰਧ ਵਿੱਚ 2 ਨਵੰਬਰ 2022 ਦਿਨ ਬੁੱਧਵਾਰ ਨੂੰ ਪਹਿਲੀ ਪ੍ਰਭਾਤ ਫੇਰੀ ਪੂਰੇ ਨਗਰ ਵਿਚ ਸਵੇਰੇ 4:30 ਵਜੇ ਆਰੰਭ ਹੋਵੇਗੀ। ਲੜੀਵਾਰ 5 ਪ੍ਰਭਾਤ ਫੇਰੀਆਂ 6 ਨਵੰਬਰ ਦਿਨ ਐਤਵਾਰ ਤੱਕ ਸਮਾਪਤ ਹੋਣਗੀਆਂ । ਮਿਤੀ 6 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ, ਜਿਨ੍ਹਾਂ ਦਾ 8 ਨਵੰਬਰ ਦਿਨ ਮੰਗਲਵਾਰ ਨੂੰ ਭੋਗ ਸਵੇਰੇ 9:30 ਵਜੇ ਤੱਕ ਪਾਏ ਜਾਣਗੇ ਉਪਰੰਤ ਭਾਈ ਮਹਿੰਦਰ ਸਿੰਘ ਦਾ ਕੀਰਤਨੀ ਜਥਾ ਸੰਗਤਾਂ ਨੂੰ ਕੀਰਤਨ ਰਾਹੀਂ ਨਿਹਾਲ ਕਰੇਗਾ। ਕੀਰਤਨ ਦੀਵਾਨਾਂ ਦੀ ਸਮਾਪਤੀ ਉਪਰੰਤ ਮਹਾਨ ਨਗਰ ਕੀਰਤਨ ਸਜਾਇਆ ਜਾਵੇਗਾ ਜੋ ਕਿ ਪੂਰੇ ਨਗਰ ਪਿੰਡ ਕੰਧਾਲਾ ਜੱਟਾਂ ਦੀਆਂ ਪ੍ਰਕਰਮਾ ਕਰਦਾ ਹੁੰਦਾ ਹੋਇਆ ਗੁਰੂ ਘਰ ਪਹੁੰਚੇਗਾ । ਨਗਰ ਕੀਰਤਨ ਵਿਚ ਬਾਬਾ ਮੱਖਣ ਸਿੰਘ ਦੀਦਰੀਏ ਵਾਲੇ ਅਤੇ ਢਾਡੀ ਸੁਰਜੀਤ ਸਿੰਘ ਸੰਘਾ ਦਾ ਢਾਡੀ ਜੱਥਾ ਸੰਗਤਾਂ ਨੂੰ ਢਾਡੀ ਵਾਰਾਂ ਨਾਲ ਨਿਹਾਲ ਕਰੇਗਾ ਅਤੇ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ ਜੀਵਨ 'ਤੇ ਚਾਨਣਾ ਪਾਵੇਗਾ। ਇਸ ਮੌਕੇ ਗੁਰੂ ਘਰ ਦੇ ਹੈੱਡ ਗ੍ਰੰਥੀ ਬਾਬਾ ਅਵਤਾਰ ਸਿੰਘ, ਪ੍ਰਧਾਨ ਗੁਰਵਿੰਦਰ ਸਿੰਘ ਗਿੱਤਾ, ਮੈਂਬਰ ਇੰਦਰਜੀਤ ਸਿੰਘ ਧਾਲੀਵਾਲ, ਜਸਵੀਰ ਸਿੰਘ ਧਾਲੀਵਾਲ, ਗੋਗਾ ਧਾਲੀਵਾਲ ,ਮਨਜੀਤ ਸਿੰਘ, ਜਸਪਾਲ ਸਿੰਘ, ਹਰਵਿੰਦਰਪਾਲ ਸਿੰਘ ,ਹਰਪ੍ਰੀਤ ਸਿੰਘ, ਸਤਵਿੰਦਰ ਸਿੰਘ ,ਰੇਸ਼ਮ ਸਿੰਘ ,ਮਨਜੀਤ ਸਿੰਘ ਧਾਲੀਵਾਲ ਅਤੇ ਹੋਰ ਮੈਂਬਰ ਹਾਜ਼ਰ ਸਨ।

# ਮਾਈਨਿੰਗ ਵਪਾਰੀ ਦੇ ਦੋ ਕਾਤਲਾਂ ਸਮੇਤ ਬੰਬੀਹਾ ਗੈਂਗ ਦੇ ਚਾਰ ਸ਼ੂਟਰ ਪੰਜਾਬ ਤੋਂ ਗ੍ਰਿਫ਼ਤਾਰ

**ਐੱਸ ਏ ਐੱਸ ਨਗਰ ਪੁਲਸ ਨੇ ਉੱਤਰਾਖੰਡ ਪੁਲਸ ਤੇ ਸਪੈਸ਼ਲ ਸੈੱਲ ਦਿੱਲੀ ਨਾਲ ਕੀਤੀ ਸਾਂਝੀ ਕਾਰਵਾਈ**



**ਚੰਡੀਗੜ੍ਹ, (ਗੁਰਜੀਤ ਬਿੱਲਾ)** ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਪੰਜਾਬ ਪੁਲਸ ਨੇ ਵੱਡੀ ਸਫ਼ਲਤਾ ਹਾਸਲ ਕਰਦਿਆਂ ਐਸ.ਏ.ਐਸ.ਨਗਰ ਦੇ ਪਿੰਡ ਛੱਤ ਤੋਂ ਉੱਤਰਾਖੰਡ ਮਾਈਨਿੰਗ ਵਪਾਰੀ ਦੀ ਹੱਤਿਆ ਕਰਨ ਵਾਲੇ ਦੋ ਹਮਲਾਵਰਾਂ ਸਮੇਤ ਦਵਿੰਦਰ ਬੰਬੀਹਾ ਗੈਂਗ ਦੇ ਚਾਰ ਸ਼ੂਟਰਾਂ ਨੂੰ ਗ੍ਰਿਫਤਾਰ ਕੀਤਾ ਹੈ। ਦੱਸਣਯੋਗ ਹੈ ਕਿ 13 ਅਕਤੂਬਰ ਨੂੰ ਕਾਸ਼ੀਪੁਰ ਦੇ ਕੁੰਡੇਸਵਰੀ ਪਿੰਡ ਵਿੱਚ ਮਾਈਨਿੰਗ ਵਪਾਰੀ ਮਹਿਲ ਸਿੰਘ (70) ਦੀ ਉਸ ਦੇ ਘਰ ਦੇ ਬਾਹਰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਡਾਇਰੈਕਟਰ ਜਨਰਲ ਆਫ਼ ਪੁਲਸ (ਡੀ ਜੀ ਪੀ) ਪੰਜਾਬ ਗੌਰਵ ਯਾਦਵ ਨੇ ਦੱਸਿਆ ਇਹ ਆਪ੍ਰੇਸ਼ਨ ਐਂਟੀ ਗੈਂਗਸਟਰ ਟਾਸਕ ਫੋਰਸ (ਏ ਜੀ ਟੀ ਐਫ), ਕਾਊਂਟਰ ਇੰਟੈਲੀਜੈਂਸ (ਸੀ ਆਈ) ਪੰਜਾਬ, ਜ਼ਿਲ੍ਹਾ ਪੁਲਸ ਊਧਮ ਸਿੰਘ ਨਗਰ ਉੱਤਰਾਖੰਡ, ਸਪੈਸ਼ਲ ਸੈੱਲ ਦਿੱਲੀ ਅਤੇ ਜ਼ਿਲ੍ਹਾ ਪੁਲਸ ਐਸ ਏ ਐਸ ਨਗਰ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ ਸੀ। ਉਹਨਾਂ ਦੱਸਿਆ ਕਿ ਫੜੇ ਗਏ ਵਿਅਕਤੀਆਂ ਦੀ ਪਛਾਣ ਸਾਧੂ ਸਿੰਘ, ਜਗਦੀਸ਼ ਸਿੰਘ ਉਰਫ ਦੀਸ਼ਾ, ਮਨਪ੍ਰੀਤ ਸਿੰਘ ਉਰਫ ਮਨੀ ਉਰਫ ਚੂਚੀ, ਜਸਪ੍ਰੀਤ ਸਿੰਘ ਉਰਫ ਲੌਕ ਸਾਰੇ ਵਾਸੀ ਜ਼ਿਲ੍ਹਾ ਮਾਨਸਾ ਵਜੋਂ ਹੋਈ ਹੈ। ਉਹਨਾਂ ਅੱਗੇ ਦੱਸਿਆ ਕਿ ਪੁਲਸ ਟੀਮਾਂ ਨੇ ਮੁਲਜ਼ਮਾਂ ਕੋਲੋਂ ਇੱਕ .30 ਬੋਰ ਪਿਸਟਲ ਸਮੇਤ ਦੋ ਮੈਗਜ਼ੀਨਾਂ ਅਤੇ ਸੱਤ ਜ਼ਿੰਦਾ ਕਾਰਤੂਸ; 9 ਐਮ ਐਮ ਪਿਸਟਲ ਸਮੇਤ ਇੱਕ ਮੈਗਜ਼ੀਨ; ਤੁਰਕੀ ਦੀ ਬਣੀ 9 ਐਮ ਐਮ ਮਸ਼ੀਨ-ਪਿਸਟਲ ਸਣੇ 31 ਕਾਰਤੂਸਾਂ ਦੀ ਸਮਰੱਥਾ ਵਾਲੀ ਮੈਗਜ਼ੀਨ ਸਮੇਤ ਤਿੰਨ ਮੈਗਜ਼ੀਨਾਂ ਅਤੇ 19 ਜ਼ਿੰਦਾ ਕਾਰਤੂਸਾਂ ਤੋਂ ਇਲਾਵਾ ਇੱਕ ਅਪਾਚੀ ਮੋਟਰਸਾਈਕਲ ਬਰਾਮਦ ਕੀਤਾ ਹੈ। ਡੀ ਜੀ ਪੀ ਗੌਰਵ ਯਾਦਵ ਨੇ ਦੱਸਿਆ ਕਿ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਮੁਲਜ਼ਮ ਸਾਧੂ ਸਿੰਘ ਅਤੇ ਮਨਪ੍ਰੀਤ ਸਿੰਘ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਗੈਂਗਸਟਰ ਤੋਂ ਅੱਤਵਾਦੀ ਬਣੇ ਅਰਸ਼ਦੀਪ ਸਿੰਘ ਉਰਫ ਅਰਸ਼ ਡੱਲਾ ਅਤੇ ਸੁਖਦੂਲ ਸਿੰਘ ਉਰਫ ਸੁੱਖਾ ਦੁੱਨੇਕੇ ਦੇ ਨਿਰਦੇਸ਼ਾਂ 'ਤੇ ਮਾਈਨਿੰਗ ਵਪਾਰੀ ਮਹਿਲ ਸਿੰਘ ਦਾ ਕਤਲ ਕੀਤਾ ਸੀ ਜਦੋਂਕਿ ਗ੍ਰਿਫ਼ਤਾਰ ਕੀਤੇ ਗਏ ਹੋਰ ਦੋ ਵਿਅਕਤੀਆਂ ਨੇ ਉਨ੍ਹਾਂ ਨੂੰ ਹਥਿਆਰ, ਲੌਜਿਸਟਿਕਸ ਸਹਾਇਤਾ ਪ੍ਰਦਾਨ ਕਰਨ ਦੇ ਨਾਲ ਨਾਲ ਮ੍ਰਿਤਕ ਦੇ ਘਰ ਦੀ ਰੇਕੀ ਵੀ ਕੀਤੀ ਸੀ। ਉਨ੍ਹਾਂ ਕਿਹਾ ਕਿ ਫੜੇ ਗਏ ਵਿਅਕਤੀ ਪੰਜਾਬ ਦੇ ਇਲਾਕੇ ਅਤੇ ਹੋਰ ਗੁਆਂਢੀ ਸੂਬਿਆਂ ਵਿੱਚ ਹੋਰ ਵੀ ਘਿਨਾਉਣੇ ਅਪਰਾਧ ਕਰਨ ਦੀ ਸਾਜਿਸ਼ ਰਚ ਰਹੇ ਸਨ, ਜਿਸ ਸੰਬੰਧੀ ਅਗਲੇਰੀ ਜਾਂਚ ਜਾਰੀ ਹੈ। ਜ਼ਿਕਰਯੋਗ ਹੈ ਕਿ ਇਸ ਸੰਬੰਧੀ ਥਾਣਾ ਜ਼ੀਰਕਪੁਰ ਜ਼ਿਲ੍ਹਾ ਐਸ ਏ ਐਸ ਨਗਰ ਵਿਖੇ ਭਾਰਤੀ ਦੰਡਾਵਲੀ ਦੀ ਧਾਰਾ 392, 384, 473, 120ਬੀ ਅਤੇ ਅਸਲਾ ਐਕਟ ਦੀਆਂ ਧਾਰਾਵਾਂ 25(7) ਅਤੇ (8) ਦੇ ਤਹਿਤ ਐਫ ਆਈ ਆਰ ਨੰਬਰ 441 ਮਿਤੀ 28-10-2022 ਦਰਜ ਹੈ।

## ਪੁਰਾਣੀ ਪੈਨਸ਼ਨ ਸਕੀਮ ਫੈਸਲੇ ਲਈ ਪੰਜਾਬ ਸਰਕਾਰ ਵਧਾਈ ਦੀ ਪਾਤਰ : ਸੰਧਵਾਂ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਖਾਲਸੇ ਦੀ ਜਨਮ ਸਥਲੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਲਈ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ, ਜਿੱਥੇ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਪੀਕਰ ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜੋ ਪੁਰਾਣੀ ਪੈਨਸ਼ਨ ਸਕੀਮ ਨੂੰ ਲਾਗੂ ਕਰਨ ਦਾ ਇਤਿਹਾਸਕ ਫੈਸਲਾ ਲਿਆ ਹੈ, ਉਸ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਉਨ੍ਹਾਂ ਦੀ ਟੀਮ ਦੇ ਨਾਲ ਨਾਲ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੀ ਵਧਾਈ ਦੇ ਪਾਤਰ ਹਨ। ਉਨ੍ਹਾਂ ਨੇ ਕਿਹਾ ਕਿ ਅੱਜ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਅਤੇ ਗੁਰੂ ਚਰਨਾਂ 'ਚ ਬੇਨਤੀ ਕੀਤੀ ਕਿ ਸਾਫ ਮਨ ਨਾਲ ਲੋਕਾਂ ਦੀ ਸੇਵਾ ਕਰਨ ਦਾ ਬਲ ਬੁੱਧੀ ਬਖਸ਼ਿਸ਼ ਕਰਨ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਦੇਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਲੋਕ ਹਿੱਤ ਵਿਚ ਜ਼ਿਕਰਯੋਗ ਫੈਸਲੇ ਲਏ ਜਾ ਰਹੇ ਹਨ। ਇਸ ਮੌਕੇ ਉਨ੍ਹਾਂ ਨਾਲ ਰੂਪਨਗਰ ਤੋਂ ਸਾਬਕਾ ਵਿਧਾਇਕ ਅਮਰਜੀਤ ਸਿੰਘ ਸੰਦੋਆ, ਸਾਬਕਾ ਜ਼ਿਲ੍ਹਾ ਪ੍ਰਧਾਨ ਮਾਸਟਰ ਹਰਦਿਆਲ ਸਿੰਘ ਬੈਂਸ, ਬਲਾਕ ਪ੍ਰਧਾਨ ਦਵਿੰਦਰ ਸਿੰਘ ਸ਼ਿੰਦੂ, ਸੁਰਜੀਤ ਸਿੰਘ ਚਹਿੜਮਜਾਰਾ, ਪਰਮਜੀਤ ਸਿੰਘ ਪੰਮਾ ਆਦਿ ਹਾਜ਼ਰ ਸਨ।

## ਕੇਂਦਰੀ ਏਜੰਸੀਆਂ ਦੇ ਪੰਜਾਬ 'ਚ ਦਫਤਰ ਖੋਲ੍ਹਣ ਦੀ ਪੀ ਐੱਸ ਯੂ ਵੱਲੋਂ ਨਿਖੇਧੀ

**ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ )** ਪੰਜਾਬ ਸਟੂਡੈਂਟਸ ਯੂਨੀਅਨ ਮੋਦੀ ਸਰਕਾਰ ਦੇ ਰਾਜਾਂ ਦੇ ਅਧਿਕਾਰ ਨੂੰ ਖਤਮ ਕਰਕੇ ਕੇਂਦਰੀਕਰਨ ਦੀ ਨੀਤੀ ਤਹਿਤ ਰਾਜਾਂ 'ਚ ਐਨ ਆਈ ਏ ਦੇ ਦਫਤਰ ਖੋਲ੍ਹ ਕੇ ਸਿੱਧੀ ਦਖਲਅੰਦਾਜ਼ੀ ਕਰਨ ਦੀ ਸਖਤ ਨਿਖੇਧੀ ਕਰਦੀ ਹੈ। ਇਸ ਮੌਕੇ ਪੀ ਐੱਸ ਯੂ ਦੇ ਸੂਬਾ ਪ੍ਰਧਾਨ ਰਣਵੀਰ ਸਿੰਘ ਰੰਧਾਵਾ ਜਨਰਲ ਸਕੱਤਰ ਅਮਨਦੀਪ ਖਿਓਵਾਲੀ ਅਤੇ ਪ੍ਰੈਸ ਸਕੱਤਰ ਮੰਗਲਜੀਤ ਪੰਡੋਰੀ ਨੇ ਕਿਹਾ ਕਿ ਮੋਦੀ ਹਕੂਮਤ ਲਗਾਤਾਰ ਰਾਜਾਂ ਦੇ ਅਧਿਕਾਰਾਂ 'ਤੇ ਹਮਲੇ ਕਰ ਰਹੀ ਹੈ ਤੇ ਇਸਨੂੰ ਖਤਮ ਕਰਕੇ ਸਾਰੇ ਅਧਿਕਾਰ ਕੇਂਦਰ ਕੋਲ ਰੱਖਣ ਦੇ ਰਾਹ ਤੁਰੀ ਹੈ ਜਿਸਦੀ ਤਾਜ਼ਾ ਉਦਾਹਰਨ ਉਹਨਾਂ ਦੇ ਬਿਆਨਾਂ ਤੋਂ ਸਪਸ਼ਟ ਹੁੰਦੀ ਹੈ ਜਿਵੇਂ ਪੁਲਿਸ ਦੀ ਵਰਦੀ ਨਾਲ ਸੰਬੰਧਿਤ 'ਇੱਕ ਰਾਸ਼ਟਰ ਇੱਕ ਵਰਦੀ' 'ਇੱਕ ਦੇਸ਼ ਇੱਕ ਭਾਸ਼ਾ' ਜੋ ਉਹਨਾਂ ਦੀ ਕੇਂਦਰੀਕਰਨ ਦੀ ਨੀਤੀ ਵੱਲ ਪੁੱਟੇ ਹੋਏ ਕਦਮ ਹਨ। ਇਸ ਤੋਂ ਪਹਿਲਾਂ ਸੀ.ਬੀ.ਆਈ ਅਤੇ ਈ.ਡੀ ਰਾਹੀਂ ਵੱਖ ਵੱਖ ਰਾਜਾਂ 'ਚ ਦਖਲਅੰਦਾਜ਼ੀ ਕਰਦੀ ਰਹੀ ਹੈ ਤੇ ਹੁਣ ਐੱਨ.ਆਈ.ਏ ਦੇ ਦਫਤਰ ਰਾਜਾਂ 'ਚ ਖੋਲਣ ਦਾ ਮਤਲਬ ਕਿ ਰਾਜਾਂ ਚ ਕੇਂਦਰ ਦੀ ਸਿੱਧੀ ਦਖਲਅੰਦਾਜ਼ੀ ਹੈ। ਪੰਜਾਬ ਦੀ ਆਪ ਸਰਕਾਰ ਵਲੋਂ ਇਸਦਾ ਵਿਰੋਧ ਨਾ ਕਰਨ ਦਾ ਮਤਲਬ ਕੇਂਦਰ ਦੇ ਇਸ ਫੈਸਲੇ ਨੂੰ ਹਮਾਇਤ ਕਰਨਾ ਹੈ। ਮੋਦੀ ਹਕੂਮਤ ਵਲੋਂ ਦੇਸ਼ ਦੇ ਨੌਜਵਾਨਾਂ ਨੂੰ ਗੁਮਰਾਹ ਹੋਣ ਤੋਂ ਰੋਕਣ ਲਈ ਕਿਸੇ ਵੀ ਵਿਰੋਧੀ ਵਿਚਾਰ ਨੂੰ ਕੁਚਲਣ ਲਈ ਹਰ ਹੀਲਾਂ ਵਰਤ ਰਹੀ ਹੈ ਜੋ ਕਿ ਸਿੱਧਾ ਸਿੱਧਾ ਜਮਹੂਰੀ ਹੱਕਾਂ 'ਤੇ ਹਮਲਾ ਹੈ। ਇਸ ਤੋਂ ਪਹਿਲਾਂ ਪੰਜਾਬ ਦੇ ਪਾਣੀਆ, ਡੈਮਾਂ,ਯੂਨੀਵਰਸਿਟੀਆਂ ਨੂੰ ਆਪਣੇ ਅਧਿਕਾਰ ਖੇਤਰ 'ਚ ਕਰਨ, ਬੀ.ਐੱਸ.ਐੱਫ ਦਾ ਘੇਰਾ ਵਧਾਉਣ ਵਰਗੇ ਫੈਸਲੇ ਕੇਂਦਰੀਕਰਨ ਦੀ ਨੀਤੀ ਤਹਿਤ ਹੈ, ਜਿਸਦਾ ਵਿਦਿਆਰਥੀ ਯੂਨੀਅਨ ਸਖਤ ਵਿਰੋਧ ਕਰਨ ਦਾ ਸੱਦਾ ਦਿੰਦੀ ਹੈ।

## ਪੰਜਾਬ ਸਰਕਾਰ ਖੇਤਾਂ 'ਚੋਂ ਪਰਾਲੀ ਚੁੱਕਣ ਲਈ ਵੱਧ ਤੋਂ ਵੱਧ ਮਸ਼ੀਨਾਂ ਦਾ ਪ੍ਰਬੰਧ ਕਰੇ : ਕੁੱਲ ਹਿੰਦ ਕਿਸਾਨ ਸਭਾ

**ਬਹਿਰਾਮ (ਅਵਤਾਰ ਕਲੇਰ)** ਕੁੱਲ ਹਿੰਦ ਕਿਸਾਨ ਸਭਾ ਤਹਿਸੀਲ ਪ੍ਰਧਾਨ ਦਲਜੀਤ ਸਿੰਘ ਗੁਣਾਚੌਰ ਅਤੇ ਸਕੱਤਰ ਕਮਲਜੀਤ ਰੱਕੜ ਨੇ ਸਾਂਝੇ ਪ੍ਰੈੱਸ ਬਿਆਨ ਵਿੱਚ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਕਣਕ ਦੀ ਬਿਜਾਈ ਲੇਟ ਹੋ ਰਹੀ ਹੈ,ਇਸ ਲਈ ਪੰਜਾਬ ਸਰਕਾਰ ਖੇਤਾਂ ਚੋਂ ਪਰਾਲੀ ਚੁੱਕਣ ਲਈ ਵੱਧ ਤੋਂ ਵੱਧ ਮਸ਼ੀਨਾਂ ਦਾ ਪ੍ਰਬੰਧ ਕਰੇ। ਉਨ੍ਹਾਂ ਕਿਹਾ ਸਰਕਾਰ ਸਿਰਫ਼ ਬਿਆਨਾਂ 'ਤੇ ਹੀ ਸੀਮਤ ਹੈ,ਹੇਠਲੇ ਪੱਧਰ 'ਤੇ ਪ੍ਰਬੰਧ ਨਾ ਕਾਫੀ ਹਨ। ਉਨ੍ਹਾਂ ਕਿਹਾ ਇਲਾਕੇ ਦੇ ਕਿਸਾਨਾਂ ਵਿੱਚ ਗੁੱਸਾ ਹੈ, ਇਸ ਲਈ ਪੰਜਾਬ ਸਰਕਾਰ ਜਲਦ ਤੋਂ ਜਲਦ ਢੁੱਕਵੇਂ ਪ੍ਰਬੰਧ ਕਰੇ, ਨਹੀਂ ਤਾਂ ਕਿਸਾਨ ਪਰਾਲੀ ਸਾੜਨ ਲਈ ਮਜਬੂਰ ਹੋਣਗੇ , ਜਿਸ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਇਸ ਮੌਕੇ 'ਤੇ ਅਵਤਾਰ ਸਿੰਘ ਲੰਬੜਦਾਰ, ਦਰਸ਼ਨ ਸਿੰਘ, ਨਿਰਮਲ ਸਿੰਘ,ਮਨਜੀਤ ਸਿੰਘ ਹਰਜਿੰਦਰ ਸਿੰਘ ਅਤੇ ਗੁਲਬਰਗ ਸਿੰਘ ਹਾਜ਼ਰ ਸਨ।

## ਪ੍ਰਭਾਤ ਵੇਲੇ ਗੁਰਬਾਣੀ ਦਾ ਜਾਪ ਕਰਨ ਨਾਲ ਜੀਵਨ ਸਫਲ ਹੋ ਜਾਂਦੈ : ਅਜੀਤ ਸਿੰਘ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ )**- ਧੰਨ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਟਾਂਡਾ ਸ਼ਹਿਰ ਵਿਚ ਪ੍ਰਭਾਤ ਫੇਰੀਆਂ ਦਾ ਸਿਲਸਿਲਾ ਆਰੰਭਿਆ ਹੋਇਆ ਹੈ ਅਤੇ ਇਸੇ ਕੜੀ ਤਹਿਤ ਗੁਰਦੁਆਰਾ ਸਾਹਿਬ ਬੀਬੀਆਂ ਟਾਂਡਾ ਵੱਲੋਂ ਕੱਢੀ ਜਾ ਰਹੀ ਪ੍ਰਭਾਤ ਫੇਰੀ ਰਿਟਾ: ਡੀ.ਐੱਸ.ਪੀ ਅਜੀਤ ਸਿੰਘ ਦੇ ਨਿਵਾਸ ਅਸਥਾਨ 'ਤੇ ਪਹੁੰਚੀ, ਜਿੱਥੇ ਪਰਿਵਾਰ ਦੇ ਸਮੂਹ ਮੈਂਬਰਾਂ ਵੱਲੋਂ ਪ੍ਰਭਾਤ ਫੇਰੀ 'ਚ ਸ਼ਾਮਲ ਸੰਗਤਾਂ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ 'ਤੇ ਰਣਜੀਤ ਸਿੰਘ ਅਤੇ ਹੋਰ ਕੀਰਤਨੀ ਜਥਿਆਂ ਨੇ ਕੀਰਤਨ ਰਾਹੀਂ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਜੀਵਨ 'ਤੇ ਰੌਸ਼ਨੀ ਪਾਉਂਦੇ ਹੋਏ ਗੁਰਬਾਣੀ ਦਾ ਜਾਪ ਕੀਤਾ ਅਤੇ ਉਨ੍ਹਾਂ ਦੇ ਦਰਸਾਏ ਮਾਰਗ ਤੇ ਚੱਲਣ ਦੀ ਪ੍ਰੇਰਨਾ ਦਿੱਤੀ।

ਇਸ ਮੌਕੇ 'ਤੇ ਅਜੀਤ ਸਿੰਘ ਨੇ ਕਿਹਾ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਸਮੁੱਚੀ ਦੁਨੀਆਂ ਦੇ ਲੋਕਾਂ ਨੂੰ ਗੁਰਬਾਣੀ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ ਸੀ ਤਾਂ ਜੋ ਹਰ ਇਨਸਾਨ ਪ੍ਰਭਾਤ ਵੇਲੇ ਗੁਰਬਾਣੀ ਦਾ ਪਾਠ ਕਰਦੇ ਹੋਏ ਆਪਣੇ ਜੀਵਨ ਦੇ ਅਸਲ ਮਕਸਦ ਨੂੰ ਹਾਸਲ ਕਰ ਸਕੇ। ਉਨ੍ਹਾਂ ਕਿਹਾ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਹਰ ਮਨੁੱਖ ਨੂੰ ਕਿਰਤ ਕਮਾਈ ਤੇ ਵੰਡ ਛਕਣ ਲਈ ਪ੍ਰੇਰਿਤ ਕੀਤਾ ਸੀ ਅਤੇ ਆਪਣੇ ਪ੍ਰਵਚਨਾਂ ਰਾਹੀਂ ਨਾਮ ਸਿਮਰਨ 'ਤੇ ਜਿਆਦਾ ਜੋਰ ਦਿੱਤਾ ਸੀ ਤਾਂ ਜੋ ਇਸ ਦੁਨਿਆਵੀ ਆਵਾਗਮਨ ਤੋਂ ਹਮੇਸ਼ਾ ਲਈ ਛੁਟਕਾਰਾ ਮਿਲ ਸਕੇ। ਉਨ੍ਹਾਂ ਕਿਹਾ ਕਿ ਇਨ੍ਹਾਂ ਪ੍ਰਭਾਤ ਫੇਰੀਆਂ ਦਾ ਅਸਲ ਮਕਸਦ ਸੰਗਤ ਨੂੰ ਪ੍ਰਭਾਤ ਸਮੇਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਕਾਲ ਪੁਰਖ ਦੀ ਸ਼ਰਨ ਨਾਲ ਜੁੜਨ ਦੀ ਪ੍ਰੇਰਨਾ ਦੇਣਾ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਸੰਤਾ ਸਿੰਘ ਨੇ ਅਰਦਾਸ ਕਰਦੇ ਹੋਏ ਵਾਹਿਗੁਰੂ ਤੋਂ ਸਾਰੀਆਂ ਸੰਗਤਾਂ ਨੂੰ ਖੁਸ਼ੀਆਂ ਦੇਣ ਅਤੇ ਆਪਣਾ ਮਿਹਰ ਭਰਿਆ ਹੱਥ ਰੱਖਣ ਦੀ ਪ੍ਰਾਰਥਨਾ ਕੀਤੀ। ਇਸ ਮੌਕੇ 'ਤੇ ਗੁਰਦੁਆਰਾ ਸਾਹਿਬ ਵਿਖੇ ਹਰ ਤਰ੍ਹਾਂ ਦੀ ਸੇਵਾ ਕਰਨ ਵਾਲਿਆਂ ਨੂੰ ਅਜੀਤ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਸਿਰੋਪੇ ਪਾ ਕੇ ਸਨਮਾਨਿਤ ਕੀਤਾ ਗਿਆ।

ਪਰਿਵਾਰ ਵੱਲੋਂ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕਰਦੇ ਹੋਏ ਉਨ੍ਹਾਂ ਨੂੰ ਗੁਰੂ ਦਾ ਪ੍ਰਸ਼ਾਦ ਦਿੱਤਾ ਗਿਆ। ਇਸ ਮੌਕੇ 'ਤੇ ਰਣਜੀਤ ਸਿੰਘ, ਰਾਜਵਿੰਦਰ ਸਿੰਘ, ਸੁਜਾਨ ਸਿੰਘ, ਬਲਜਿੰਦਰ ਸਿੰਘ, ਮਨਜੀਤ ਸਿੰਘ, ਗੁਰਪਾਲ ਸਿੰਘ, ਰਾਜਿੰਦਰ ਪ੍ਰਸਾਦ, ਪਰਮਿੰਦਰ ਸਿੰਘ, ਗੁਰਵਿੰਦਰ ਕੌਰ, ਮਨਜੀਤ ਕੌਰ, ਮੋਹਨ ਲਾਲ, ਗੁਰਦਿੱਤ ਸਿੰਘ ,ਨਿਰਮਲ ਸਿੰਘ ਅਤੇ ਹੋਰ ਸੰਗਤ ਨੇ ਪ੍ਰਭਾਤ ਫੇਰੀ ਵਿੱਚ ਆਪਣੀ ਹਾਜ਼ਰੀ ਲਗਵਾ ਕੇ ਬਾਬੇ ਨਾਨਕ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

# ਐੱਨ ਆਰ ਆਈ ਥਾਣਿਆਂ 'ਚ ਢੁੱਕਵੀਂ ਕਾਰਵਾਈ ਯਕੀਨੀ ਬਣਾਈ ਜਾਵੇਗੀ : ਧਾਲੀਵਾਲ



**ਫਿਲੌਰ (ਨਿਰਮਲ)** ਪੰਜਾਬ ਦੇ ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਸੂਬੇ ਦੇ ਐਨ.ਆਰ.ਆਈ. ਥਾਣਿਆਂ ਵਿੱਚ ਪ੍ਰਵਾਸੀ ਭਾਰਤੀਆਂ ਦੇ ਮਾਮਲਿਆਂ ਨੂੰ ਪੂਰੀ ਤਰਜੀਹ ਦਿੰਦਿਆਂ ਉਨ੍ਹਾਂ 'ਤੇ ਢੁੱਕਵੀਂ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਐਨ.ਆਰ.ਆਈ. ਥਾਣਿਆਂ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਲਿਆਉਣ ਲਈ ਦੋ-ਦੋ ਲੱਖ ਰੁਪਏ ਦਿੱਤਾ ਜਾ ਰਿਹਾ ਹੈ ਅਤੇ ਇਨ੍ਹਾਂ ਥਾਣਿਆਂ ਲਈ ਹਰ ਸੰਭਵ ਸਹਾਇਤਾ ਯਕੀਨੀ ਬਣਾਈ ਜਾਵੇਗੀ ਤਾਂ ਜੋ ਨਿਆਂ ਲਈ ਆਉਣ ਵਾਲੇ ਪ੍ਰਵਾਸੀ ਭਾਰਤੀਆਂ ਨੂੰ ਦਿੱਕਤ ਪੇਸ਼ ਨਾ ਆਵੇ। ਸਥਾਨਕ ਪੰਜਾਬ ਪੁਲਿਸ ਅਕੈਡਮੀ ਵਿਖੇ ਐਨ.ਆਰ.ਆਈ. ਵਿੰਗ ਵੱਲੋਂ ਕਰਵਾਏ ਗਏ ਇਕ ਦਿਨਾਂ ਰਾਜ ਪੱਧਰੀ ਟ੍ਰੇਨਿੰਗ ਪ੍ਰੋਗਰਾਮ ਵਿੱਚ ਸੰਬੋਧਨ ਕਰਦਿਆਂ ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਨੇ ਅਧਿਕਾਰੀਆਂ/ਕਰਮਚਾਰੀਆਂ ਨੂੰ ਐਨ.ਆਰ.ਆਈ. ਥਾਣਿਆਂ ਵਿੱਚ ਆਉਣ ਵਾਲੇ ਪ੍ਰਵਾਸੀ ਭਾਰਤੀਆਂ ਦੇ ਮਸਲਿਆਂ ਦਾ ਜਲਦ ਤੋਂ ਜਲਦ ਹੱਲ ਕਰਨ ਦੀਆਂ ਹਦਾਇਤਾਂ ਦਿੱਤੀਆਂ ਤਾਂ ਜੋ ਪ੍ਰਵਾਸੀ ਭਾਰਤੀ ਨੂੰ ਫੌਰੀ ਨਿਆਂ ਹਾਸਲ ਕਰਨ ਵਿੱਚ ਕੋਈ ਔਕੜ ਪੇਸ਼ ਨਾ ਆਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪ੍ਰਵਾਸੀ ਭਾਰਤੀਆਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ ਅਤੇ ਐਨ.ਆਰ.ਆਈਜ਼ ਦੀ ਸਹੂਲਤ ਲਈ ਸਾਰੇ ਜ਼ਿਲ੍ਹਿਆਂ ਵਿੱਚ ਨੋਡਲ ਅਫਸਰ ਤਾਇਨਾਤ ਕੀਤੇ ਜਾ ਰਹੇ ਹਨ, ਜਿਸ ਸਦਕਾ ਪ੍ਰਵਾਸੀ ਭਾਰਤੀਆਂ ਦੀਆਂ ਜਾਇਦਾਦਾਂ, ਉਨ੍ਹਾਂ ਦੇ ਕਾਨੂੰਨੀ ਕੇਸ ਅਤੇ ਵਿਆਹ ਸੰਬੰਧੀ ਝਗੜਿਆਂ ਨਾਲ ਸਬੰਧਤ ਮੁੱਦੇ ਜਲਦ ਹੱਲ ਕਰਨ ਵਿੱਚ ਮਦਦ ਮਿਲੇਗੀ। ਉਨ੍ਹਾਂ ਦੱਸਿਆ ਕਿ ਪ੍ਰਵਾਸੀ ਭਾਰਤੀ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਨਾਲ ਸਬੰਧਤ ਕਿਸੇ ਵੀ ਸ਼ਿਕਾਇਤ ਸਬੰਧੀ ਇਨ੍ਹਾਂ ਨੋਡਲ ਅਫਸਰਾਂ ਨੂੰ ਮਿਲ ਸਕਣਗੇ, ਜੋ ਕਿ ਬਿਨਾਂ ਕਿਸੇ ਦੇਰੀ ਦੇ ਕਾਨੂੰਨ ਅਨੁਸਾਰ ਕਾਰਵਾਈ ਕਰਨ ਲਈ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ ਦੇਣਗੇ। ਉਨ੍ਹਾਂ ਕਿਹਾ ਕਿ ਇਹ ਉਪਰਾਲਾ ਪ੍ਰਵਾਸੀ ਭਾਰਤੀਆਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਲਾਹੇਵੰਦ ਸਿੱਧ ਹੋਵੇਗਾ।

ਪ੍ਰਵਾਸੀ ਭਾਰਤੀਆਂ ਵੱਲੋਂ ਸੂਬੇ ਦੇ ਵਿਕਾਸ ਵਿੱਚ ਦਿੱਤੇ ਜਾ ਰਹੇ ਸਹਿਯੋਗ ਦੀ ਸ਼ਲਾਘਾ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਪ੍ਰਵਾਸੀ ਭਾਰਤੀ ਸਾਡੇ ਦੇਸ਼ ਦਾ ਸਰਮਾਇਆ ਹਨ, ਜਿਨ੍ਹਾਂ ਵੱਲੋਂ ਪੰਜਾਬ ਦੇ ਵਿਕਾਸ ਵਿੱਚ ਵਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਥੇ ਪ੍ਰਵਾਸੀ ਭਾਰਤੀਆਂ ਵੱਲੋਂ ਸਿੱਖਿਆ, ਖੇਡਾਂ, ਸਿਹਤ ਸੰਭਾਲ ਦੇ ਖੇਤਰਾਂ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ ਉਥੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੀ ਪ੍ਰਵਾਸੀ ਭਾਰਤੀਆਂ ਦੇ ਹਿੱਤਾਂ ਦੀ ਰਾਖੀ ਲਈ ਹਮੇਸ਼ਾ ਤਤਪਰ ਰਹੇਗੀ। ਇਸ ਉਪਰੰਤ ਸਵਾਲਾਂ-ਜਵਾਬਾਂ ਦੇ ਸੈਸ਼ਨ ਵਿੱਚ ਕੈਬਨਿਟ ਮੰਤਰੀ ਵੱਲੋਂ ਪੁਲਿਸ ਅਧਿਕਾਰੀਆਂ/ਕਰਮਚਾਰੀਆਂ ਦੇ ਪ੍ਰਸ਼ਨਾਂ ਦੇ ਜਵਾਬ ਵੀ ਦਿੱਤੇ ਗਏ। ਇਸ ਤੋਂ ਪਹਿਲਾਂ ਐਨ.ਆਰ.ਆਈ. ਵਿੰਗ ਦੇ ਏ.ਡੀ.ਜੀ.ਪੀ. ਪ੍ਰਵੀਨ ਕੁਮਾਰ ਸਿਨਹਾ ਨੇ ਜਾਣੂ ਕਰਵਾਇਆ ਗਿਆ ਕਿ ਵਰਕਸ਼ਾਪ ਵਿੱਚ ਐਨ.ਆਰ.ਆਈ ਵਿੰਗ ਦੇ ਕਰੀਬ 250 ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਹਿੱਸਾ ਲਿਆ ਗਿਆ ਹੈ, ਜਿਨ੍ਹਾਂ ਨੂੰ ਪ੍ਰਵਾਸੀ ਭਾਰਤੀਆਂ ਵੱਲੋਂ ਦਰਜ ਸ਼ਿਕਾਇਤਾਂ ਦੀ ਪੜਤਾਲ ਦੇ ਮਿਆਰ ਨੂੰ ਹੋਰ ਬਿਹਤਰ ਕਰਨ ਅਤੇ ਐਨ.ਆਰ.ਆਈਜ਼ ਵੱਲੋਂ ਦਰਜ ਸ਼ਿਕਾਇਤਾਂ ਦੀ ਤਫਤੀਸ਼ ਸਬੰਧੀ ਕਾਨੂੰਨੀ ਵਿਧੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ ਹੈ। ਇਸ ਮੌਕੇ ਐਨ.ਆਰ.ਆਈ.ਵਿੰਗ ਦੇ ਏ.ਆਈ.ਜੀ. (ਹੈਡ ਕੁਆਰਟਰ) ਮੁਹਾਲੀ ਰਾਜਜੀਤ ਸਿੰਘ, ਏ.ਆਈ.ਜੀ. ਜਲੰਧਰ ਬਲਬੀਰ ਸਿੰਘ, ਏ.ਆਈ.ਜੀ. ਅੰਮ੍ਰਿਤਸਰ ਜਗਜੀਤ ਸਿੰਘ, ਏ.ਆਈ.ਜੀ. ਪਟਿਆਲਾ, ਬਲਵਿੰਦਰ ਸਿੰਘ, ਏ.ਆਈ.ਜੀ. ਲੁਧਿਆਣਾ ਅੰਮ੍ਰਿਤਪਾਲ ਸਿੰਘ, ਡੀ.ਐਸ.ਪੀ., ਐਸ.ਐਚ.ਓਜ਼ ਅਤੇ ਹੋਰ ਅਧਿਕਾਰੀ ਕਰਮਚਾਰੀ ਮੌਜੂਦ ਸਨ।

## ਬਲਾਕ ਪੱਧਰੀ ਵਿਗਿਆਨ ਪ੍ਰਦਰਸ਼ਨੀ ਲਗਾਈ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**-ਸਰਕਾਰੀ ਸੀਨੀਅਰ ਸਕੈਂਡਰੀ ਸਮਾਰਟ ਸਕੂਲ ਬਿਨਪਾਲਕੇ (ਜਲੰਧਰ) ਵਿਖੇ ਬਲਾਕ ਪੱਧਰੀ 'ਵਿਗਿਆਨ ਪ੍ਰਦਰਸ਼ਨੀ' ਦਾ ਆਯੋਜਨ ਬਲਾਕ ਨੋਡਲ ਅਫਸਰ ਪ੍ਰਿੰਸੀਪਲ ਮੁਨੀਲਾ ਅਰੋੜਾ ਦੀ ਅਗਵਾਈ ਵਿੱਚ ਕੀਤਾ ਗਿਆ। ਸਕੂਲ ਪ੍ਰਿੰਸੀਪਲ ਸੁਰਿੰਦਰ ਕੁਮਾਰ ਰਾਣਾ ਨੇ ਦੱਸਿਆ ਕਿ ਇਸ ਵਿਗਿਆਨ ਪ੍ਰਦਰਸ਼ਨੀ ਵਿਚ ਭੋਗਪੁਰ ਬਲਾਕ ਦੇ ਮਿਡਲ, ਹਾਈ ਅਤੇ ਸੀਨੀਅਰ ਸਕੈਂਡਰੀ ਸਕੂਲਾਂ ਨੇ ਭਾਗ ਲਿਆ। ਇਸ ਪ੍ਰਦਰਸ਼ਨੀ ਵਿਚ 6 ਥੀਮ 'ਤੇ ਆਧਾਰਿਤ ਮਾਡਲਾਂ ਦਾ ਪ੍ਰਦਰਸ਼ਨ ਦੋ ਗਰੁੱਪਾਂ 6ਵੀਂ ਤੋਂ 8ਵੀਂ ਕਲਾਸ ਅਤੇ 9ਵੀਂ ਤੋਂ 10ਵੀ ਕਲਾਸ ਦੇ ਵਿਦਿਆਰਥੀਆਂ ਵੱਲੋਂ ਕੀਤਾ ਗਿਆ। ਇਸ ਮੁਕਾਬਲੇ ਵਿਚ 6ਵੀਂ ਤੋਂ 8ਵੀਂ ਕਲਾਸ ਵਿਚ ਮਨਪ੍ਰੀਤ ਸੁਮਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਚਰੰਗਾ ਨੇ ਪਹਿਲਾ, ਦਿਲਰਾਜ ਸਿੰਘ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ (ਲੜਕੇ) ਭੋਗਪੁਰ ਦੇ ਵਿਦਿਆਰਥੀ ਨੇ ਦੂਜਾ ਸਥਾਨ ਅਤੇ ਵਿਸਾਲ ਸਰਕਾਰੀ ਮਿਡਲ ਸਕੂਲ ਬੁੱਟਰਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। 9ਵੀਂ ਤੋਂ 10ਵੀ ਕਲਾਸ ਵਿੱਚ ਜਸਨਦੀਪ ਸਿੰਘ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਰਾਸਤਗੋ ਦੇ ਵਿਦਿਆਰਥੀ ਨੇ ਪਹਿਲਾ,ਅਰਸ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਪਚਰੰਗਾ ਦੇ ਵਿਦਿਆਰਥੀ ਨੇ ਦੂਜਾ ਅਤੇ ਸਰੇਆ ਅਰੋੜਾ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਭੋਗਪੁਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਜੱਜਾਂ ਦੀ ਭੂਮਿਕਾ ਲੈਕਚਰਾਰ ਸੰਦੀਪ ਸਾਗਰ, ਸਾਇੰਸ ਮਾਸਟਰ ਰਾਜੀਵ ਕੁਮਾਰ ਅਤੇ ਵਿਸਾਲ ਭੱਲਾ ਨੇ ਨਿਭਾਈ। ਬਲਾਕ ਨੋਡਲ ਇੰਚਾਰਜ ਸ੍ਰੀਮਤੀ ਮੁਨੀਲਾ ਅਰੋੜਾ ਨੇ ਵੀ ਪ੍ਰਦਰਸ਼ਨੀ ਦੀ ਵਿਜਿਟ ਕੀਤੀ ਅਤੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਗਾਈਡ ਅਧਿਆਪਕਾਂ ਦੀ ਮਿਹਨਤ ਦੀ ਪ੍ਰਸੰਸਾ ਕੀਤੀ। ਪ੍ਰੋਗਰਾਮ ਅਤੇ ਆਯੋਜਨ ਵਿੱਚ ਰਾਜੀਵ ਭੱਟੀ (ਬੀ.ਐਮ.ਸਾਇੰਸ), ਜਰਨੈਲ ਸਿੰਘ (ਬੀ.ਐਮ.ਗਣਿਤ), ਸ੍ਰੀਮਤੀ ਰੁਪਿੰਦਰਜੀਤ ਕੌਰ(ਬੀ.ਐਮ.ਹਿੰਦੀ), ਸ੍ਰੀਮਤੀ ਧੀਰਜ ਕਲਸੀ ਅਤੇ ਸ੍ਰੀਮਤੀ ਗਗਨਦੀਪ ਕੌਰ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ ਅਤੇ ਹੋਰ ਜ਼ਿਆਦਾ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਗਿਆ।

## ਆਪਸੀ ਤਾਲਮੇਲ ਤੇ ਟੀਮ ਵਾਂਗ ਕੰਮ ਕਰਨ ਸਾਰੇ ਵਿਭਾਗਾਂ ਦੇ ਅਧਿਕਾਰੀ : ਰਾਜ ਕਮਲ ਚੌਧਰੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਪ੍ਰਮੁੱਖ ਸਕੱਤਰ (ਖੇਡਾਂ ਤੇ ਯੁਵਕ ਸੇਵਾਵਾਂ ਵਿਭਾਗ) ਅਤੇ ਜ਼ਿਲ੍ਹੇ ਦੇ ਪ੍ਰਭਾਰ ਸਕੱਤਰ ਸ਼੍ਰੀ ਰਾਜ ਕਮਲ ਚੌਧਰੀ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਝੋਨੇ ਦੀ ਖਰੀਦ, ਆਮ ਆਦਮੀ ਕਲੀਨਿਕਾਂ ਦੇ ਕੰਮ-ਕਾਜ, ਸੇਵਾ ਕੇਂਦਰਾਂ ਦੇ ਕੰਮ-ਕਾਜ, ਪਰਾਲੀ ਦੇ ਸੁਚੱਜੇ ਪ੍ਰਬੰਧਨ, ਚੱਲ ਰਹੇ ਵਿਕਾਸ ਕੰਮਾਂ ਅਤੇ ਰਾਸ਼ਟਰੀ ਰਾਜ ਮਾਰਗ ਲਈ ਭੂਮੀ ਗ੍ਰਹਿਣ ਸਬੰਧੀ ਵਿਸ਼ਿਆਂ 'ਤੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਕੰਮਾਂ ਦੀ ਸਮੀਖਿਆ ਕੀਤੀ। ਇਸ ਦੌਰਾਨ ਉਨ੍ਹਾਂ ਨੇ ਅਧਿਕਾਰੀਆਂ ਨੂੰ ਆਪਸੀ ਤਾਲਮੇਲ ਅਤੇ ਇਕ ਟੀਮ ਵਾਂਗ ਕੰਮ ਕਰਨ ਅਤੇ ਫੀਲਡ ਦੌਰੇ ਕਰਨ ਦੀ ਹਦਾਇਤ ਵੀ ਦਿੱਤੀ। ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਸੰਦੀਪ ਹੰਸ ਅਤੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਦਰਬਾਰਾ ਸਿੰਘ ਵੀ ਮੌਜੂਦ ਸਨ। ਪ੍ਰਮੁੱਖ ਸਕੱਤਰ ਨੇ ਝੋਨੇ ਦੀ ਖਰੀਦ ਸਬੰਧੀ ਜ਼ਿਲ੍ਹਾ ਅਧਿਕਾਰੀਆਂ ਅਤੇ ਵੱਖ-ਵੱਖ ਖਰੀਦ ਏਜੰਸੀਆਂ ਨੂੰ ਸੁਚਾਰੂ ਤੇ ਨਿਰਵਿਘਨ ਖਰੀਦ ਸਬੰਧੀ ਨਿਰਦੇਸ਼ ਜਾਰੀ ਕੀਤੇ। ਉਨ੍ਹਾਂ ਕਿਹਾ ਕਿ ਮੰਡੀਆਂ ਵਿਚ ਪ੍ਰਬੰਧਾਂ ਨੂੰ ਲੈ ਕੇ ਕਿਸੇ ਵੀ ਤਰ੍ਹਾਂ ਦੀ ਕੋਈ ਕਮੀ ਨਹੀਂ ਰਹਿਣੀ ਚਾਹੀਦੀ, ਤਾਂ ਜੋ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਵੱਖ-ਵੱਖ ਖਰੀਦ ਏਜੰਸੀਆਂ ਵਲੋਂ ਕੀਤੀ ਗਈ ਖਰੀਦ ਦੀ ਸਮਖਿਆ ਕਰਦੇ ਹੋਏ ਲਿਫਟਿੰਗ ਵਿਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਫਸਲ ਦੀ ਖਰੀਦ ਦੇ ਨਾਲ-ਨਾਲ ਕਿਸਾਨਾਂ ਨੂੰ ਅਦਾਇਤੀ ਕਰਨ ਵਿਚ ਕਿਸੇ ਕਿਸਮ ਦੀ ਦੇਰੀ ਨਾ ਹੋਵੇ। ਪ੍ਰਮੁੱਖ ਸਕੱਤਰ ਨੇ ਇਸ ਦੌਰਾਨ ਆਮ ਆਦਮੀ ਕਲੀਨਿਕਾਂ ਵਿਚ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਦਾ ਮੁਲਾਂਕਣ ਕੀਤਾ ਅਤੇ ਸਿਵਲ ਸਰਜਨ ਨੂੰ ਨਿਰਦੇਸ਼ ਦਿੱਤੇ ਕਿ ਆਮ ਆਦਮੀ ਕਲੀਨਿਕਾਂ ਵਿਚ ਉਪਲਬੱਧ ਕਰਵਾਈਆਂ ਜਾਣ ਵਾਲੀਆਂ ਸੇਵਾਵਾਂ ਨੂੰ ਸਮੇਂ-ਸਮੇਂ ਸਿਰ ਉਹ ਖੁਦ ਚੈਕ ਕਰਨ। ਪਰਾਲੀ ਸਾੜਨ ਦੀ ਰੋਕਥਾਮ ਨੂੰ ਲੈ ਕੇ ਉਨ੍ਹਾਂ ਨੇ ਖੇਤੀਬਾੜੀ ਵਿਭਾਗ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਨੂੰ ਉਚਿਤ ਕਾਰਵਾਈ ਕਰਨ ਦੀ ਹਦਾਇਤ ਕੀਤੀ। ਇਸ ਤੋਂ ਬਾਅਦ ਉਨ੍ਹਾਂ ਜ਼ਿਲ੍ਹੇ ਵਿਚ ਚੱਲ ਰਹੇ ਵਿਕਾਸ ਕੰਮਾਂ ਬਾਰੇ ਵੀ ਜਾਣਕਾਰੀ ਹਾਸਲ ਕਰਦੇ ਹੋਏ ਜ਼ਿਲ੍ਹੇ ਦੇ ਰਾਸ਼ਟਰੀ ਰਾਜ ਮਾਰਗ ਲਈ ਭੂਮੀ ਅਧਿਗ੍ਰਹਿਣ ਸਬੰਧੀ ਵਿਸ਼ਿਆਂ ਸਬੰਧੀ ਵੀ ਅਧਿਕਾਰੀਆਂ ਨੂੰ ਬਿਨ੍ਹਾਂ ਦੇਰੀ ਕਾਰਵਾਈ ਕਰਨ ਲਈ ਕਿਹਾ। ਉਨ੍ਹਾਂ ਸਮੂਹ ਅਧਿਕਾਰੀਆਂ ਨੂੰ ਕਿਹਾ ਕਿ ਜੇਕਰ ਉਨ੍ਹਾਂ ਨੂੰ ਕਿਸੇ ਵੀ ਵਿਕਾਸ ਕਾਰਜ ਵਿਚ ਕਿਸੇ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਆਉਂਦੀ ਹੈ, ਤਾਂ ਉਹ ਤੁਰੰਤ ਉਨ੍ਹਾਂ ਦੇ ਧਿਆਨ ਵਿਚ ਲਿਆਉਣ, ਤਾਂ ਜੋ ਮੁੱਖ ਮੰਤਰੀ ਦੇ ਧਿਆਨ ਵਿਚ ਲਿਆ ਕੇ ਉਸ ਸਮੱਸਿਆ ਦਾ ਹੱਲ ਕੀਤਾ ਜਾ ਸਕੇ। ਡਿਪਟੀ ਕਮਿਸ਼ਨਰ ਸੰਦੀਪ ਹੰਸ ਨੇ ਇਸ ਦੌਰਾਨ ਜ਼ਿਲ੍ਹੇ ਵਿਚ ਚੱਲ ਰਹੇ ਵਿਕਾਸ ਕੰਮਾਂ ਦੀ ਪ੍ਰਗਤੀ, ਝੋਨੇ ਦੀ ਖਰੀਦ ਅਤੇ ਖਰਾਲੀ ਦੇ ਸੁਚਾਰੂ ਪ੍ਰਬੰਧਨ ਸਬੰਧੀ ਵਿਸਥਾਰ ਵਿਚ ਪ੍ਰਮੁੱਖ ਸਕੱਤਰ ਨੂੰ ਜਾਣੂ ਕਰਵਾਇਆ ਅਤੇ ਵਿਸ਼ਵਾਸ ਦਿਵਾਇਆ ਕਿ ਪੰਜਾਬ ਸਰਕਾਰ ਦੀਆਂ ਤਰਜ਼ੀਹਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕਰਦੇ ਹੋਏ ਲੋਕਾਂ ਨੂੰ ਨਿਰਵਿਘਨ ਸੇਵਾਵਾਂ ਦਿੱਤੀਆਂ ਜਾਣਗੀਆਂ। ਮੀਟਿੰਗ ਉਪਰੰਤ ਉਨ੍ਹਾਂ ਨੇ ਆਮ ਆਦਮੀ ਕਲੀਨਿਕ ਬਹਾਦਰਪੁਰ ਅਤੇ ਆਮ ਆਦਮੀ ਕਲੀਨਿਕ ਡਰੇਨੇਜ ਵਿਭਾਗ ਦਾ ਅਚਨਚੇਤ ਦੌਰਾ ਕਰਕੇ ਉਥੇ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਸਮੀਖਿਆ ਕੀਤੀ। ਇਸ ਉਪਰੰਤ ਉਨ੍ਹਾਂ ਨੇ ਸੇਵਾ ਕੇਂਦਰਾਂ ਦੇ ਕੰਮ-ਕਾਜ ਦੀ ਸਮੀਖਿਆ ਕਰਦੇ ਹੋਏ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਸੇਵਾ ਕੇਂਦਰ ਦਾ ਵੀ ਦੌਰਾ ਕਰਦੇ ਹੋਏ ਲੋਕਾਂ ਨੂੰ ਨਿਰਵਿਘਨ ਨਾਗਰਿਕ ਸੇਵਾਵਾਂ ਦੇਣ ਸਬੰਧੀ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ। ਇਸ ਮੌਕੇ ਐਸ.ਡੀ.ਐਮ. ਦਸੂਹਾ ਓਜਸਵੀ ਅਲੰਕਾਰ, ਐਸ.ਡੀ.ਐਮ. ਮੁਕੇਰੀਆਂ ਕੰਵਲਜੀਤ ਸਿੰਘ, ਐਸ.ਡੀ.ਐਮ. ਹੁਸ਼ਿਆਰਪੁਰ ਪ੍ਰੀਤ ਇੰਦਰ ਸਿੰਘ, ਸਹਾਇਕ ਕਮਿਸ਼ਨਰ (ਜ) ਵਿਓਮ ਭਾਰਦਵਾਜ, ਜ਼ਿਲ੍ਹਾ ਮਾਲ ਅਫ਼ਸਰ ਗੁਰਮੀਤ ਸਿੰਘ ਮਾਨ, ਸਿਵਲ ਸਰਜਨ ਡਾ. ਪ੍ਰੀਤ ਮਹਿੰਦਰ ਸਿੰਘ, ਮੁੱਖ ਖੇਤੀਬਾੜੀ ਅਫ਼ਸਰ ਗੁਰਦੇਵ ਸਿੰਘ ਤੋਂ ਇਲਾਵਾ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

## ਬੇਲਾ ਕਾਲਜ 'ਚ ਖੇਤਰੀ ਯੁਵਕ ਤੇ ਲੋਕ ਮੇਲੇ ਦੇ ਜੇਤੂਆਂ ਦਾ ਭਰਵਾਂ ਸਵਾਗਤ



**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)**-ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ, ਬੇਲਾ ਵਿਖੇ ਖੇਤਰੀ ਯੁਵਕ ਅਤੇ ਲੋਕ ਮੇਲੇ ਦੇ ਜੇਤੂ ਪ੍ਰਤੀਭਾਗੀਆਂ ਦਾ ਕਾਲਜ ਪ੍ਰਿੰਸੀਪਲ, ਕਾਲਜ ਪ੍ਰਬੰਧਕ ਕਮੇਟੀ, ਸਟਾਫ਼ ਅਤੇ ਵਿਦਿਆਰਥੀਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਸੈਸ਼ਨ 2022-23 ਦਾ ਇਹ ਯੁਵਕ ਅਤੇ ਲੋਕ ਮੇਲਾ ਮਾਤਾ ਗੁਜਰੀ ਕਾਲਜ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਮਿਤੀ 17 ਤੋਂ 20 ਅਕਤੂਬਰ 2022 ਤੱਕ ਚੱਲਿਆ। ਬੇਲਾ ਕਾਲਜ ਦੇ ਵਿਦਿਆਰਥੀਆਂ ਦੇ ਸ਼ਾਨਦਾਰ ਪ੍ਰਦਰਸ਼ਨ ਸਦਕਾ ਇਹ ਮੇਲਾ ਯਾਦਗਾਰੀ ਤੋਂ ਨਿਬੜਿਆ। ਗਰੁੱਪ ਆਈਟਮਾਂ ਸਕਿੱਟ, ਮਾਈਮ ਅਤੇ ਗਜ਼ਲ ਵਿੱਚ ਕਾਲਜ ਮੋਹਰੀ ਰਿਹਾ ਅਤੇ ਪਹਿਲੇ ਸਥਾਨ 'ਤੇ ਕਾਬਜ ਰਿਹਾ। ਇਸ ਤੋਂ ਬਿਨਾਂ ਭੰਗੜਾ ਅਤੇ ਗਿੱਧਾ ਦੀਆਂ ਗਰੁੱਪ ਆਈਟਮਾਂ ਸਮੇਤ ਰੱਸਾ ਵੱਟਣਾ, ਖਿੱਦੋ ਬਣਾਉਣੀ ਅਤੇ ਛਿੱਕੂ ਬਣਾਉਣਾ ਲੋਕ ਕਲਾਵਾਂ ਦੀਆਂ ਆਈਟਮਾਂ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਕਾਲਜ ਨੇ ਬਿਹਤਰ ਪ੍ਰਦਰਸ਼ਨ ਕਾਇਮ ਰੱਖਦਿਆਂ ਇਕਾਂਗੀ ਨਾਟਕ, ਮਮਿਕਰੀ, ਭੰਡ, ਝੂਮਰ ਅਤੇ ਫੋਟੋਗ੍ਰਾਫੀ ਵਿੱਚ ਤੀਜਾ ਸਥਾਨ ਹਾਸਲ ਕੀਤਾ। ਉਪਰੋਕਤ ਤੋਂ ਬਿਨਾਂ ਜਨਰਲ ਕੁਇਜ਼ ਦੇ ਵਿਦਿਆਰਥੀਆਂ ਦੀ ਟੀਮ ਚੌਥੇ ਸਥਾਨ 'ਤੇ ਰਹੀ। ਇਸ ਮੌਕੇ ਵਿਦਿਆਰਥੀਆਂ ਦੀਆਂ ਟੀਮਾਂ ਅਤੇ ਵਿਅਕਤੀਗਤ ਮੁਕਾਬਲਿਆਂ ਸਾਰੇ ਜੇਤੂ ਪ੍ਰਤੀਭਾਗੀ ਢੋਲ ਦੀਆਂ ਧੁਨਾਂ ਤੇ ਨੱਚਦੇ-ਗਾਉਂਦੇ ਕਾਲਜ ਵਿੱਚ ਦਾਖਲ ਹੋਏ। ਇਸ ਖੁਸ਼ੀ ਮੌਕੇ ਕਾਲਜ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਨੇ ਕਿਹਾ ਕਿ ਬੇਸ਼ੱਕ ਇਹਨਾਂ ਮੇਲਿਆਂ ਵਿੱਚ ਆਪਣੀ ਦਾਅਵੇਦਾਰੀ ਪੇਸ਼ ਕਰਨਾ ਹੀ ਬਹੁਤ ਵੱਡੀ ਗੱਲ ਹੈ ਪ੍ਰੰਤੂ ਬੇਲਾ ਕਾਲਜ ਨੂੰ ਮਾਣ ਹੈ ਕਿ ਹਰ ਵਾਰ ਦੀ ਤਰ੍ਹਾਂ ਇਸ ਸਾਲ ਵੀ ਇਸ ਦੇ ਪ੍ਰਤੀਭਾਗੀ ਵਿਦਿਆਰਥੀ ਜੇਤੂ ਹੋ ਕੇ ਮੁੜੇ ਹਨ। ਇਸ ਮੌਕੇ ਪਹੁੰਚੇ ਕਾਲਜ ਪ੍ਰਬੰਧਕ ਕਮੇਟੀ ਦੇ ਸਕੱਤਰ ਜਗਵਿੰਦਰ ਸਿੰਘ ਪੰਮੀ ਅਤੇ ਮੈਨੇਜਰ ਸੁਖਵਿੰਦਰ ਸਿੰਘ ਵਿਸਕੀ ਨੇ ਕਿਹਾ ਕਿ ਸੰਸਥਾ ਨੂੰ ਆਪਣੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ 'ਤੇ ਮਾਣ ਹੈ। ਉਹਨਾਂ ਵਿਦਿਆਰਥੀਆਂ ਨੂੰ ਟ੍ਰੇਨਿੰਗ ਦੇਣ ਵਾਲੇ ਅਧਿਆਪਕਾਂ ਅਤੇ ਕੋਚਾਂ ਦਾ ਵੀ ਧੰਨਵਾਦ ਕੀਤਾ। ਜ਼ਿਕਰਯੋਗ ਹੈ ਕਿ ਪਹਿਲੇ ਅਤੇ ਦੂਜੇ ਸਥਾਨ ਪ੍ਰਾਪਤ ਕਰਨ ਵਾਲੀਆਂ ਟੀਮਾਂ ਹੁਣ ਅੰਤਰ ਖੇਤਰੀ ਯੁਵਕ ਅਤੇ ਲੋਕ ਮੇਲੇ ਲਈ ਮੁਕਾਬਲਿਆਂ ਵਿੱਚ ਆਪਣੀ ਦਾਅਵੇਦਾਰੀ ਪੇਸ਼ ਕਰਨਗੀਆਂ। ਇਸ ਮੌਕੇ ਯੂਥ ਫੈਸਟੀਵਲ ਕੋਆਰਡੀਨੇਟਰ ਪ੍ਰੋ. ਸੁਨੀਤਾ ਰਾਣੀ ਨੇ ਕਿਹਾ ਕਿ ਸਾਨੂੰ ਆਪਣੇ ਸਟਾਫ਼ ਅਤੇ ਵਿਦਿਆਰਥੀਆਂ ਤੇ ਬਹੁਤ ਮਾਣ ਹੈ। ਜਿਹਨਾਂ ਦੀ ਮਿਹਨਤ ਸਦਕਾ ਕਾਲਜ ਦਾ ਸਵੈਮਾਨ ਪਹਿਲੀਆਂ ਸਫਾਂ ਵਿੱਚ ਸ਼ੁਮਾਰ ਹੋਇਆ ਹੈ। ਇਸ ਮੌਕੇ ਡਾ. ਮਮਤਾ ਅਰੋੜਾ, ਸਹਾਇਕ ਪ੍ਰੋਫੈਸਰ ਲੈਫਟੀਨੈਂਟ ਪ੍ਰਿਤਪਾਲ ਸਿੰਘ, ਸਹਾਇਕ ਪ੍ਰੋਫੈਸਰ ਅਮਰਜੀਤ ਸਿੰਘ, ਡਾ. ਹਰਪ੍ਰੀਤ ਕੌਰ, ਡਾ. ਅਣਖ ਸਿੰਘ, ਸਹਾਇਕ ਪ੍ਰੋਫੈਸਰ ਹਰਪ੍ਰੀਤ ਸਿੰਘ ਭਿਓਰਾ, ਸਮੂਹ ਸਟਾਫ਼, ਕੋਚ ਅਤੇ ਵਿਦਿਆਰਥੀ ਮੌਜੂਦ ਸਨ।

## ਉੱਤਰੀ ਖੇਤਰੀ ਪ੍ਰਯੋਗਸ਼ਾਲਾ ਵੱਲੋਂ ਸਫਾਈ ਅਭਿਆਨ ਲਈ ਸਪੈਸ਼ਲ ਡਰਾਈਵ

**ਮੁਹਾਲੀ (ਗੁਰਜੀਤ ਬਿੱਲਾ)** ਭਾਰਤੀ ਬਿਊਰੋ ਆਫ ਇੰਡੀਅਨ ਸਟੈਂਡਰਡਜ਼, ਉੱਤਰੀ ਖੇਤਰੀ ਪ੍ਰਯੋਗਸ਼ਾਲਾ ਮੁਹਾਲੀ ਵਲੋਂ ਇੱਕ ਮਹੀਨਾ ਵਿਆਪਕ ਸਫਾਈ ਅਭਿਆਨ "ਸਪੈਸ਼ਲ ਡਰਾਈਵ " ਚਲਾਈ ਗਈ ਹੈ। ਇਹ ਅਭਿਆਨ ਖਪਤਕਾਰ ਮਾਮਲੇ, ਖੁਰਾਕ ਅਤੇ ਜਨਤਕ ਵੰਡ ਮੰਤਰਾਲੇ ਵਲੋਂ ਸ਼ੁਰੂ ਕੀਤਾ ਗਿਆ ਹੈ। ਇਹ ਮੁਹਿੰਮ 2 ਅਕਤੂਬਰ ਤੋਂ 31 ਅਕਤੂਬਰ ਤੱਕ ਚਲਾਈ ਜਾ ਰਹੀ ਹੈ। ਇਸ ਵਿਸਤ੍ਰਿਤ ਮੁਹਿੰਮ ਵਿੱਚ ਪ੍ਰਯੋਗਸ਼ਾਲਾ ਦੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਅਤੇ ਨਾਗਰਿਕਾਂ ਦੀ ਵਿਆਪਕ ਸ਼ਮੂਲੀਅਤ ਦੇਖਣ ਨੂੰ ਮਿਲੀ, ਜੋ ਇਸ ਮੁਹਿੰਮ ਨੂੰ ਸਫਲਤਾਪੂਰਵਕ ਲਾਗੂ ਕਰਨ ਲਈ ਇਕਜੁੱਟ ਹੋ ਕੇ ਕੰਮ ਕਰ ਰਹੇ ਹਨ। ਸਤੀਸ਼ ਕੁਮਾਰ ਸਾਇੰਟਿਸਟ ਐਫ/ਸੀਨੀਅਰ ਡਾਇਰੈਕਟਰ ਅਤੇ ਹੈਡ ਉੱਤਰੀ ਖੇਤਰੀ ਪ੍ਰਯੋਗਸ਼ਾਲਾ ਨੇ ਦੱਸਿਆ ਕਿ ਈ-ਆਫਿਸ ਨੂੰ ਲੈਬਾਰਟਰੀ ਵਿੱਚ ਫਾਈਲਾਂ ਦੇ ਡਿਜੀਟਾਈਜੇਸ਼ਨ ਦੇ ਉਦੇਸ਼ ਨਾਲ ਲਾਗੂ ਕੀਤਾ ਗਿਆ ਹੈ, ਜਿਸ ਨਾਲ ਸਮੇਂ ਦੀ ਬੱਚਤ ਅਤੇ ਪਾਰਦਰਸ਼ਤਾ ਬਣਾਈ ਰੱਖਣਾ ਅਸਾਨ ਹੋਵੇਗਾ। ਉਨ੍ਹਾਂ ਕਿਹਾ ਕਿ ਪ੍ਰਯੋਗਸ਼ਾਲਾ ਵਿੱਚ ਹਰਿਆਲੀ ਬਣਾਈ ਰੱਖਣ ਅਤੇ ਕੈਂਪਸ ਦੇ ਆਲੇ-ਦੁਆਲੇ ਕੁਦਰਤੀ ਵਾਤਾਵਰਣ ਬਣਾਉਣ ਲਈ ਨਿਯਮਤ ਤੌਰ 'ਤੇ ਪੌਦੇ ਲਗਾਏ ਜਾਂਦੇ ਹਨ। ਸਪੈਸ਼ਲ ਡਰਾਈਵ 2.0 ਲਈ ਪ੍ਰਯੋਗਸ਼ਾਲਾ ਦੀ ਮਨੋਨੀਤ ਨੋਡਲ ਅਫਸਰ, ਸਰਵਜੀਤ ਕੌਰ, ਅਸਿਸਟੈਂਟ ਡਾਇਰੈਕਟਰ (ਐਡਮਿਨਸਟ੍ਰੇਸ਼ਨ ਅਤੇ ਫਾਇਨਾਂਸ) ਨੇ ਦੱਸਿਆ ਕਿ ਉੱਤਰੀ ਖੇਤਰੀ ਪ੍ਰਯੋਗਸ਼ਾਲਾ ਨੇ ਐੱਮ ਐੱਸ ਟੀ ਸੀ (ਭਾਰਤ ਸਰਕਾਰ ਐਂਟਰਪ੍ਰਾਈਜ਼) ਰਾਹੀਂ ਪੁਰਾਣੇ ਰਿਕਾਰਡ ਨੂੰ ਹਟਾਉਣ, ਇਲੈਕਟ੍ਰਾਨਿਕ ਰਹਿੰਦ-ਖੂੰਹਦ ਨੂੰ ਸਾਫ ਕਰਨ ਅਤੇ ਸਕਰੈਪ ਦੇ ਨਿਪਟਾਰੇ ਲਈ ਕਦਮ ਚੁੱਕੇ ਹਨ। ਟੀਚੇ ਨੂੰ ਸਫਲਤਾਪੂਰਵਕ ਪ੍ਰਾਪਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਾਰੀਆਂ ਗਤੀਵਿਧੀਆਂ ਨਾਲ ਸੰਬੰਧਤ ਵਿਸ਼ੇਸ਼ ਮੁਹਿੰਮ 2.0 ਦਾ ਉਦੇਸ਼ ਸੁਰੱਖਿਅਤ, ਸਾਫ, ਭਰੋਸੇਮੰਦ ਅਤੇ ਗੁਣਵੱਤਾ ਵਾਲੀਆਂ ਚੀਜ਼ਾਂ ਅਤੇ ਸੇਵਾਵਾਂ ਪ੍ਰਦਾਨ ਕਰਕੇ ਖਪਤਕਾਰਾਂ ਦੇ ਹਿੱਤਾਂ ਦੀ ਰੱਖਿਆ ਕਰਨਾ ਹੈ।

# ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਵੱਲੋਂ ਕੁਇਜ਼ ਮੁਕਾਬਲੇ ਕਰਵਾਏ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ)**-ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਰਜਿ. ਟਾਂਡਾ ਉੜਮੁੜ ਵੱਲੋਂ ਆਪਣੇ ਗੁਰਮਤਿ ਪ੍ਰਚਾਰ ਦੇ ਕਾਰਜਾਂ ਦੀ ਲੜੀ ਤਹਿਤ ਕੌਣ ਬਣੇਗਾ 'ਪਿਆਰਾ ਦਾ ਪਿਆਰਾ' ਦੇ ਸਿਰਲੇਖ ਤਹਿਤ ਬੱਚਿਆਂ ਦੇ ਲਿਖਤੀ ਟੈਸਟ ਅਤੇ ਕੁਇਜ਼ ਮੁਕਾਬਲੇ ਕਰਵਾਏ ਗਏ। ਜੀਵਨ ਜਾਚ ਚੈਰੀਟੇਬਲ ਸੋਸਾਇਟੀ ਸਿੱਧੂਵਾਲ ਦੇ ਸਹਿਯੋਗ ਨਾਲ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦਸਮੇਸ਼ ਨਗਰ ਟਾਂਡਾ ਵਿਖੇ ਗਿਆਨੀ ਭਗਵਾਨ ਸਿੰਘ ਖੋਜੀ ਅਤੇ ਟੀਮ ਇੰਚਾਰਜ ਭਾਈ ਗੁਰਦਿਆਲ ਸਿੰਘ ਖਾਲਸਾ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੋਸਾਇਟੀ ਦੇ ਪ੍ਰਧਾਨ ਰਵਿੰਦਰ ਸਿੰਘ ਰਵੀ ਦੀ ਅਗਵਾਈ ਵਿੱਚ ਕਰਵਾਏ ਗਏ ਇਨ੍ਹਾਂ ਮੁਕਾਬਲਿਆਂ ਵਿੱਚ ਇਲਾਕੇ ਭਰ ਚੋਂ 200 ਤੋਂ ਵੱਧ ਬੱਚਿਆਂ ਨੇ 12, 14 ਅਤੇ ਅਤੇ 16 ਉਮਰ ਵਰਗ ਦੇ ਗਰੁੱਪ ਵਿੱਚ ਭਾਗ ਭਾਗ ਲਿਆ ਅਤੇ ਇਨ੍ਹਾਂ ਬੱਚਿਆਂ ਕੋਲੋਂ ਸਿੱਖ ਕੌਮ ਅਤੇ ਗੁਰਮਤਿ ਦੇ ਵਿਸ਼ੇ ਨਾਲ ਸਬੰਧਤ ਲਿਖਤੀ ਟੈਸਟ ਲੈਣ ਦੇ ਨਾਲ-ਨਾਲ ਕੁਇਜ਼ ਮੁਕਾਬਲੇ ਵੀ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਦੌਰਾਨ ਰਣਦੀਪ ਕੌਰ ਦਸਮੇਸ਼ ਨਗਰ ਨੇ ਪਹਿਲਾ ਸਥਾਨ ,ਜਸ਼ਨਦੀਪ ਕੌਰ ਦਸਮੇਸ਼ ਨਗਰ ਨੇ ਦੂਸਰਾ ,ਅਮਨਪ੍ਰੀਤ ਕੌਰ ਉਹੜਪੁਰ ਨੇ ਤੀਸਰਾ, ਬਲਜੀਤ ਕੌਰ ਓਹੜਪੁਰ ਨੇ ਚੌਥਾ ,ਹਰਪ੍ਰੀਤ ਸੈਣੀ ਉਹੜਪੁਰ ਨੇ ਪੰਜਵਾਂ ਅਤੇ ਸੁਖਮਨਦੀਪ ਕੌਰ ਕੋਟਲੀ ਜੰਡ ਨੇ ਛੇਵਾਂ ਸਥਾਨ ਹਾਸਲ ਕੀਤਾ । ਇਸ ਮੌਕੇ ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੋਸਾਇਟੀ ਦੇ ਪ੍ਰਧਾਨ ਰਵਿੰਦਰ ਸਿੰਘ ਰਵੀ ,ਸੁਸਾਇਟੀ ਦੇ ਸਰਪ੍ਰਸਤ ਸ਼ਰਧਾ ਸਿੰਘ ਦਸਮੇਸ਼ ਨਗਰ ਪ੍ਰਚਾਰਕ ਸਕੱਤਰ ਗਿਆਨੀ ਕੇਵਲ ਸਿੰਘ ,ਜਥੇਦਾਰ ਮਨਜੀਤ ਸਿੰਘ ਖਾਲਸਾ ਪ੍ਰਧਾਨ ਰਾਜ ਕਰੇਗਾ ਖਾਲਸਾ ਗੱਤਕਾ ਅਖਾੜਾ ਟਾਂਡਾ ਨੇ ਦੱਸਿਆ ਕਿ ਇਨ੍ਹਾਂ 6 ਬੱਚਿਆਂ 'ਚੋਂ ਪਹਿਲੇ ਸਥਾਨ 'ਤੇ ਰਹਿਣ ਵਾਲੀ ਰਣਦੀਪ ਕੌਰ ਨੇ ਇਸ ਮੁਕਾਬਲੇ ਦੇ ਅਗਲੇ ਪੜਾਅ ਲਈ ਕੁਆਲੀਫਾਈ ਕੀਤਾ ਹੈ । ਇਸ ਮੌਕੇ ਜੇਤੂ ਰਹੇ ਇਨ੍ਹਾਂ ਬੱਚਿਆਂ ਨੂੰ ਪ੍ਰਬੰਧਕਾਂ ਵੱਲੋਂ ਯਾਦਗਾਰੀ ਚਿੰਨ੍ਹ ਅਤੇ ਇਨਾਮ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਜਗਮੋਹਨ ਸਿੰਘ, ਗਿਆਨੀ ਸੁਰਜੀਤ ਸਿੰਘ, ਜਥੇਦਾਰ ਪਰਮਜੀਤ ਸਿੰਘ ਖਾਲਸਾ, ਮਾਸਟਰ ਜਸਵੀਰ ਸਿੰਘ ,ਗਿਆਨੀ ਜਸਬੀਰ ਸਿੰਘ, ਗੁਰਦੀਪ ਸਿੰਘ, ਸੁਖਵਿੰਦਰ ਸਿੰਘ ਰਤਨ ,ਗਿਆਨੀ ਅਮਰਜੀਤ ਸਿੰਘ ਮੂਨਕਾਂ ,ਜਸਪ੍ਰੀਤ ਸਿੰਘ ਸੈਣੀ ,ਪਿਆਰਾ ਸਿੰਘ ,ਤੀਰਥ ਸਿੰਘ ,ਭਾਈ ਮਨਜੀਤ ਸਿੰਘ, ਰਮਨਪ੍ਰੀਤ ਸਿੰਘ ਸ਼ੈਂਟੀ, ਸਿਮਰਨ ਸਿੰਘ ,ਅਮਿਤੋਜ ਸਿੰਘ, ਤਲਵਿੰਦਰ ਸਿੰਘ, ਕੁਲਵਿੰਦਰ ਸਿੰਘ, ਭੁਪਿੰਦਰ ਸਿੰਘ ,ਗੁਰਮਿੰਦਰ ਸਿੰਘ ਓਹੜਪੁਰ ਸਰਬਜੀਤ ਸਿੰਘ , ਦਵਿੰਦਰ ਸਿੰਘ ਆਦਿ ਵੀ ਹਾਜਰ ਸਨ।

## ਲੱਖਾਂ ਰੁਪਏ ਖਰਚਣ ਦੇ ਬਾਵਜੂਦ ਆਰ ਓ ਸਿਸਟਮ ਪੂਰੀ ਤਰ੍ਹਾਂ ਬੰਦ : ਡਾ: ਆਸ਼ੂ



**ਫਿਲੌਰ (ਨਿਰਮਲ)** ਡਾ. ਆਸ਼ੂ ਨੇ ਦੱਸਿਆ ਕਿ ਕਾਂਗਰਸ ਪਾਰਟੀ ਦੀ ਸਰਕਾਰ ਨੇ ਦਸ ਲੱਖ ਰੁਪਏ ਦੀ ਗ੍ਰਾਂਟ ਸਵਰਗ ਆਸ਼ਰਮ ਨੂੰ ਇੱਕ ਸ਼ੈਡ ਬਣਾਉਣ ਵਾਸਤੇ ਦਿੱਤੀ ਜਿਸ ਵਿੱਚ ਲੋਕਾਂ ਦੇ ਬੈਠਣ ਵਾਸਤੇ ਕੁਰਸੀਆਂ ਅਤੇ ਪੱਖਿਆਂ ਦਾ ਇੰਤਜਾਮ ਕਰਨਾ ਸੀ ਅਤੇ ਸ਼ੈਡ ਦੇ ਆਲੇ ਦੁਆਲੇ ਚਾਰਦੀਵਾਰੀ ਕਰਨੀ ਸੀ ਅਤੇ ਫਰਸ਼ ਹੇਠਾਂ ਪੱਥਰ ਲਾਉਣ ਦੀ ਗਲ ਆਖੀ ਗਈ ਸੀ ਪਰ ਅਫਸੋਸ ਦੀ ਗੱਲ ਹੈ ਕਿ ਜਦ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ, 7 ਮਹੀਨੇ ਤੋਂ ਇਹ ਕੰਮ ਰੁਕਿਆ ਪਿਆ ਹੈ ਜਿਹੜੀ ਛੱਤ ਪਾਈ ਗਈ ਹੈ ਉਹ ਚੋਂਦੀ ਹੈ , ਇਹ ਛੱਤ ਡਿੱਗ ਸਕਦੀ ਹੈ ਅਤੇ ਕਿਸੇ ਵਕਤ ਵੀ ਕੋਈ ਵੱਡਾ ਹਾਦਸਾ ਵਾਪਰ ਸਕਦਾ ਹੈ , ਪੱਥਰ ਦੀ ਥਾਂ 'ਤੇ ਫਰਸ਼ ਉੱਤੇ ਇੰਟਰਲਾਕ ਟਾਈਲਾਂ ਲਗਾਈਆਂ ਗਈਆਂ ਹਨ ਅਤੇ ਕੁਰਸੀਆਂ ਅਤੇ ਪੱਖਿਆ ਦਾ ਪ੍ਰਬੰਧ ਨਹੀਂ ਦਿੱਖਿਆ। ਦੂਜੇ ਪਾਸੇ ਜਦ ਉਨ੍ਹਾਂ ਨੇ ਆਰ.ਓ ਸਿਸਟਮ ਦਾ ਨਿਰਵੇਖਣ ਕੀਤਾ ਤਾਂ ਮੁਹੱਲਾ ਨਿਵਾਸੀਆਂ ਨੇ ਦੱਸਿਆ ਕਿ ਇਹ ਆਰ.ਓ ਸਿਸਟਮ ਕਾਫੀ ਲੰਮੇ ਸਮੇਂ ਤੋ ਬੰਦ ਪਿਆ ਹੈ। ਡਾ. ਆਸ਼ੂ ਨੇ ਕਿਹਾ ਕਿ ਕਾਂਗਰਸ ਦੀ ਸਰਕਾਰ ਵੇਲੇ ਚੌਧਰੀ ਸੰਤੋਖ ਸਿੰਘ ਐਮ.ਪੀ ਜਲੰਧਰ ਅਤੇ ਵਿਕਰਮਜੀਤ ਸਿੰਘ ਚੌਧਰੀ ਐਮ.ਐਲ.ਏ ਦੀ ਅਗਵਾਈ ਹੇਠ 40 ਲੱਖ ਰੁਪਏ ਲਗਾਕੇ ਸਮੁੱਚੇ ਸ਼ਹਿਰ ਵਿੱਚ ਆਰ.ਓ ਸਿਸਟਮ ਲਗਾਏ ਗਏ ਸਨ ਜਿਸ ਦੀ ਸੰਭਾਲ ਕਰਨ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਨਗਰ ਕੌਂਸਲ ਫਿਲੌਰ ਦੇ ਅਧਿਕਾਰੀ ਅਸਫਲ ਰਹੇ , ਇਨ੍ਹਾਂ ਦੀਆਂ ਨਾਕਾਮੀਆਂ ਕਰਕੇ ਅੱਜ ਫਿਲੌਰ ਨਿਵਾਸੀ ਆਰ.ਓ ਦਾ ਪਾਣੀ ਪੀਣ ਤੋ ਵਾਂਝੇ ਹਨ।

ਡਾ.ਆਸ਼ੂ ਨੇ ਆਮ ਆਦਮੀ ਪਾਰਟੀ ਦੇ ਹੁਕਮਰਾਨਾਂ ਨੂੰ ਅਪੀਲ ਕੀਤੀ ਕਿ ਤੁਸੀ ਆਪ ਤਾਂ ਕੋਈ ਗ੍ਰਾਂਟ ਲਿਆ ਕੇ ਕੋਈ ਨਵਾਂ ਕੰਮ ਤਾਂ ਨਹੀ ਕਰਨਾ ਕੰਮ ਸੇ ਕੰਮ ਜਿਹੜੇ ਪ੍ਰੋਜੈਕਟ ਕਾਂਗਰਸ ਪਾਰਟੀ ਨੇ ਲਿਆਂਦੇ ਹਨ ਉਨ੍ਹਾਂ ਨੂੰ ਸਮੇਂ ਸਿਰ ਮੁਕੰਮਲ ਕੀਤਾ ਜਾਵੇ ਅਤੇ ਆਰ.ਓ ਸਿਸਟਮ ਨੂੰ ਚਾਲੂ ਕੀਤਾ ਜਾਂਵੇ ਤਾਂ ਜੋ ਲੋਕ ਸਾਫ ਸੁਥਰਾ ਪਾਣੀ ਪੀ ਸਕਣ। ਇਸ ਮੌਕੇ ਉਨ੍ਹਾਂ ਦੇ ਨਾਲ ਮੁਹੱਲਾ ਨਿਵਾਸੀ ਪਰਮਜੀਤ ਪੰਮਾ ਅਤੇ ਬਿੱਲੂ ਆਦਿ ਹਾਜ਼ਰ ਸਨ ।

## ਪਲੇਸਮੈਂਟ ਕੈਂਪ ਦੌਰਾਨ 23 ਉਮੀਦਵਾਰਾਂ ਦੀ ਰੋਜ਼ਗਾਰ ਲਈ ਚੋਣ

**ਜਲੰਧਰ (ਸ਼ੈਲੀ ਐਲਬਰਟ)**- ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਲੋਂ ਸ਼ੁੱਕਰਵਾਰ ਨੂੰ ਲਗਾਏ ਗਏ ਪਲੇਸਮੈਂਟ ਕੈਂਪ ਦੌਰਾਨ 23 ਉਮੀਦਵਾਰਾਂ ਦੀ ਰੋਜ਼ਗਾਰ ਲਈ ਚੋਣ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਰਣਜੀਤ ਕੌਰ ਨੇ ਦੱਸਿਆ ਕਿ ਦਫ਼ਤਰ ਵਿਖੇ ਲਗਾਏ ਗਏ ਪਲੇਸਮੈਂਟ ਕੈਂਪ ਵਿੱਚ ਏਅਰਟੈਲ ਬਰਾਡਬੈਂਡ ਕੰਪਨੀ ਵੱਲੋਂ ਸ਼ਿਰਕਤ ਕੀਤੀ ਅਤੇ 48 ਉਮੀਦਵਾਰਾਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ 23 ਨੌਜਵਾਨਾਂ ਦੀ ਡਾਇਰੈਕਟ ਸੇਲਸ ਅਫਸਰ ਵਜੋਂ ਰੋਜ਼ਗਾਰ ਲਈ ਚੋਣ ਕੀਤੀ ਗਈ। ਰਣਜੀਤ ਕੌਰ ਨੇ ਅੱਗੇ ਦੱਸਿਆ ਕਿ ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਦੀ ਅਗਵਾਈ ਵਿੱਚ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਲੋਂ ਜ਼ਿਲ੍ਹੇ ਦੇ ਲੋੜਵੰਦ ਨੌਜਵਾਨਾਂ ਨੂੰ ਰੋਜ਼ਗਾਰ ਪ੍ਰਾਪਤੀ ਵਿੱਚ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ। ਇਸੇ ਲੜੀ ਤਹਿਤ ਵਿਭਾਗ ਵਲੋਂ ਪਹਿਲੀ ਨਵੰਬਰ ਨੂੰ ਵੀ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦਫ਼ਤਰ ਵਿਖੇ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਸਟਾਰ ਹੈਲਥ ਐਂਡ ਅਲਾਇਡ ਇੰਸ਼ੋਰੈਂਸ ਕੰਪਨੀ ਵੱਲੋਂ ਨੌਜਵਾਨ ਲੜਕੇ ਤੇ ਲੜਕੀਆਂ ਦੀ ਬਤੌਰ ਸੇਲਜ਼ ਮੈਨੇਜਰ ਚੋਣ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ 21 ਤੋਂ 45 ਸਾਲ ਉਮਰ ਦੇ ਘੱਟੋ-ਘੱਟ ਬਾਰਵੀਂ/ਗ੍ਰੈਜੂਏਸ਼ਨ ਵਿੱਦਿਅਕ ਯੋਗਤਾ ਰੱਖਣ ਵਾਲੇ ਉਮੀਦਵਾਰ ਲੜਕੇ ਲੜਕੀਆਂ ਹਿੱਸਾ ਲੈ ਸਕਦੇ ਹਨ। ਉਨ੍ਹਾਂ ਬੇਰੁਜ਼ਗਾਰ ਨੌਜਵਾਨਾਂ ਨੂੰ ਪਲੇਸਮੈਂਟ ਕੈਂਪ ਵਿੱਚ ਵੱਧ-ਚੜ੍ਹ ਕੇ ਭਾਗ ਲੈਣ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਸਬੰਧੀ ਵਧੇਰੇ ਜਾਣਕਾਰੀ ਲਈ ਦਫ਼ਤਰ ਦੇ ਹੈਲਪਲਾਈਨ ਨੰਬਰ 90569-20100 'ਤੇ ਸੰਪਰਕ ਕੀਤਾ ਜਾ ਸਕਦਾ ਹੈ।

31-Oct-Page 9.qxd 10/30/2022 9:56 PM Page 1



# ਰਾਜਾ ਵੱਲੋਂ ਫੂਡ ਸਪਲਾਈ ਵਿਭਾਗ ਗੜ੍ਹਦੀਵਾਲਾ ਦੀ ਨਵਨਿਯੁਕਤ ਨਿਗਰਾਨ ਕਮੇਟੀ ਸਨਮਾਨਤ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**-ਫੂਡ ਸਪਲਾਈ ਵਿਭਾਗ ਦੇ ਕੰਮ ਨੂੰ ਪੂਰੀ ਇਮਾਨਦਾਰੀ ਅਤੇ ਜ਼ਿੰਮੇਵਾਰੀ ਨਾਲ ਚਲਾਉਣ ਦੇ ਮੰਤਵ ਨਾਲ ਹਲਕਾ ਉੜਮੁੜ ਟਾਂਡਾ ਵਿਚ ਫੂਡ ਸਪਲਾਈ ਵਿਭਾਗ ਦੀ ਨਿਗਰਾਨ ਕਮੇਟੀ ਗਠਿਤ ਕਰਨ ਉਪਰੰਤ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਗੜ੍ਹਦੀਵਾਲ ਨਾਲ ਸਬੰਧਤ ਨਿਗਰਾਨ ਕਮੇਟੀ ਦਾ ਗਠਨ ਕੀਤਾ।



ਸਰਬਸੰਮਤੀ ਨਾਲ ਚੁਣੀ ਗਈ ਇਸ ਨਿਗਰਾਨ ਕਮੇਟੀ ਵਿੱਚ ਗੌਰਵ ਕੁਮਾਰ ਫਤਿਹਪੁਰ ਨੂੰ ਚੇਅਰਮੈਨ, ਰਾਜ ਕੁਮਾਰ ਨੂੰ ਕਨਵੀਨਰ ਨਿਯੁਕਤ ਕੀਤਾ ਕੀਤਾ ਗਿਆ। ਜਦਕਿ ਹਰਜੀਤ ਸਿੰਘ ਬਿੰਦਾ ਜਸਵੀਰ ਸਿੰਘ ਰੂਪੋਵਾਲ, ਮੇਜਰ ਸਿੰਘ ਬਹੂਹੀ, ਕੁਲਵਿੰਦਰ ਕੌਰ ਸਰਾਈਂ, ਵੰਦਨਾ ਖੰਗਵਾੜੀ ਅਤੇ ਕਮਲਪਾਲ ਸਿੰਘ ਕੇਸ਼ੋਪੁਰ ਨੂੰ ਨਿਗਰਾਨ ਕਮੇਟੀ ਦੇ ਐਗਜੈਕਟਿਵ ਮੈਂਬਰ ਨਿਯੁਕਤ ਕੀਤਾ ਗਿਆ। ਇਸ ਮੌਕੇ ਨਵ ਨਿਯੁਕਤ ਮੈਂਬਰਾਂ ਨੂੰ ਆਪਣੇ ਗ੍ਰਹਿ ਵਿਖੇ ਸਨਮਾਨਿਤ ਕਰਦੇ ਹੋਏ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਦਾ ਹਰੇਕ ਵਿਭਾਗ ਈਮਾਨਦਾਰੀ ਅਤੇ ਜਿੰਮੇਵਾਰੀ ਨਾਲ ਕੰਮ ਕਰ ਰਿਹਾ ਹੈ ਅਤੇ ਉਨ੍ਹਾਂ ਦੀ ਪ੍ਰੇਰਨਾ ਸਦਕਾ ਹੀ ਅਜਿਹੀਆਂ ਕਮੇਟੀਆਂ ਗਠਿਤ ਕੀਤੀਆਂ ਜਾ ਰਹੀਆਂ ਹਨ।

ਇਸ ਮੌਕੇ ਉਨ੍ਹਾਂ ਨਵੇਂ ਚੁਣੇ ਹੋਏ ਮੈਂਬਰਾਂ ਨੂੰ ਉਨ੍ਹਾਂ ਦੀ ਜ਼ਿੰਮੇਵਾਰੀ ਅਤੇ ਕੰਮ ਤੋਂ ਜਾਣੂ ਕਰਵਾਇਆ ਅਤੇ ਫੂਡ ਸਪਲਾਈ ਵਿਭਾਗ ਗੜ੍ਹਦੀਵਾਲ ਨਾਲ ਪੂਰਾ ਤਾਲਮੇਲ ਬਣਾ ਕੇ ਚੱਲਣ ਲਈ ਪ੍ਰੇਰਿਤ ਕੀਤਾ ਅਤੇ ਲੋੜਵੰਦ ਲੋਕਾਂ ਨੂੰ ਸੂਬਾ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਦਾ ਲਾਭ ਦੇਣ ਲਈ ਕਿਹਾ। ਇਸ ਮੌਕੇ ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ, ਸਰੂਪ ਸਿੰਘ ਨੱਥੂਪੁਰ ਚੇਅਰਮੈਨ ਨਿਗਰਾਨ ਕਮੇਟੀ ਟਾਂਡਾ, ਗੁਰਦੀਪ ਸਿੰਘ ਹੈਪੀ, ਮੋਹਨ ਇੰਦਰ ਸਿੰਘ ਸੰਘਾ,ਬਲਜੀਤ ਸਿੰਘ ਸੈਣੀ, ਵਿੱਕੀ ਮਹਿੰਦਰੂ ਯੂਥ ਆਗੂ ਪ੍ਰੇਮ ਪਡਵਾਲ, ਮਹਿੰਦਰ ਸਿੰਘ, ਅਤਵਾਰ ਸਿੰਘ ਪਲਾਹ ਚੱਕ ਆਦਿ ਵੀ ਮੌਜੂਦ ਸਨ।

# ਚੋਰੀ ਕਰਨ ਆਇਆਂ ਨੇ ਕੀਤਾ ਔਰਤ ਦਾ ਕਤਲ

**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)** ਸੁਖਵਿੰਦਰ ਸਿੰਘ ਉਪ ਪੁਲਿਸ ਕਪਤਾਨ ਸਬ ਡਵੀਜ਼ਨ ਸੁਲਤਾਨਪੁਰ ਲੋਧੀ, ਸਬ ਇੰਸਪੈਕਟਰ ਜਸਪਾਲ ਸਿੰਘ ਮੁੱਖ ਅਫਸਰ ਥਾਣਾ ਸੁਲਤਾਨਪੁਰ ਲੋਧੀ ਦੀ ਨਿਗਰਾਨੀ ਹੇਠ ਥਾਣਾ ਸੁਲਤਾਨਪੁਰ ਲੋਧੀ ਦੀ ਪੁਲਿਸ ਨੂੰ ਸਫਲਤਾ ਹਾਸਲ ਹੋਈ ਕਿ ਮਿਤੀ 16 ਅਕਤੂਬਰ ਦੀ ਰਾਤ ਨੂੰ ਕਿਸੇ ਅਣਪਛਾਤੇ ਵਿਅਕਤੀਆਂ ਨੇ ਪਿੰਡ ਤਰਫਹਾਜੀ ਸੁਖਵਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਤਰਫਹਾਜੀ ਥਾਣਾ ਸੁਲਤਾਨਪੁਰ ਲੋਧੀ ਦੇ ਵੱਡੇ ਭਰਾ ਲੇਟ ਜਰਨੈਲ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਤਰਫਹਾਜੀ ਥਾਣਾ ਸੁਲਤਾਨਪੁਰ ਲੋਧੀ ਦੇ ਘਰ ਅੰਦਰ ਦਾਖਲ ਹੋ ਕੇ ਮਾਤਾ ਹਰਬੰਸ ਕੌਰ ਪਤਨੀ ਜੋਗਿੰਦਰ ਸਿੰਘ ਵਾਸੀ ਤਰਫਹਾਜੀ ਥਾਣਾ ਸੁਲਤਾਨਪੁਰ ਲੋਧੀ ਦਾ ਕੋਠੀ ਦੀ ਪੋਰਚ ਵਿੱਚ ਮੰਜੇ 'ਤੇ ਸੁੱਤੀ ਦੇ ਕੱਪੜੇ ਨਾਲ ਲੱਤਾਂ ਬਾਂਹਾਂ ਬੰਨ੍ਹ ਕੇ ਮੂੰਹ ਵਿਚ ਰੁਮਾਲ ਤੁੰਨ ਕੇ ਕਤਲ ਕਰ ਦਿੱਤਾ ਸੀ। ਜਿਸ 'ਤੇ ਮੁਕੱਦਮਾ ਨੰਬਰ 282 ਮਿਤੀ 16-10-2022 ਅ/ਧ 302 ਭ:ਦੰ ਥਾਣਾ ਸੁਲਤਾਨਪੁਰ ਲੋਧੀ ਬਰਖਿਲਾਫ ਨਾ-ਮਾਲੂਮ ਵਿਅਕਤੀਆਂ ਦੇ ਦਰਜ ਰਜਿਸਟਰ ਕੀਤਾ ਗਿਆ ਸੀ। ਦੌਰਾਨੇ ਤਫਤੀਸ਼ ਐਸ.ਆਈ ਜਸਪਾਲ ਸਿੰਘ ਮੁੱਖ ਅਫਸਰ ਥਾਣਾ ਸੁਲਤਾਨਪੁਰ ਲੋਧੀ ਨੇ ਸਮੇਤ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਮੁਖਬਰ ਖਾਸ ਦੀ ਇਤਲਾਹ 'ਤੇ ਅਮਨਦੀਪ ਸਿੰਘ ਉਰਫ ਅਮਨ ਪੁੱਤਰ ਸਤਵਿੰਦਰ ਸਿੰਘ ਵਾਸੀ ਮਹੱਲਾ ਅਰੋੜਾ ਰਸਤਾ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ ਨੂੰ



ਗ੍ਰਿਫਤਾਰ ਕਰਕੇ ਪੁੱਛਗਿੱਛ ਕੀਤੀ। ਦੌਰਾਨੇ ਪੁੱਛਗਿੱਛ ਦੋਸ਼ੀ ਅਮਨਦੀਪ ਸਿੰਘ ਉਰਫ ਅਮਨ ਉਕਤ ਨੇ ਦੱਸਿਆ ਕਿ ਉਹ ਆਪਣੇ ਤਿੰਨ ਸਾਥੀਆਂ ਨਾਲ ਰਲ ਕੇ ਚੋਰੀ ਕਰਨ ਦੀ ਨੀਅਤ ਨਾਲ ਮੇਰੀ ਮਾਸੀ ਦੇ ਘਰ ਗਏ ਸਨ। ਜਿਥੇ ਹਰਬੰਸ ਕੌਰ ਨੇ ਉਸ ਨੂੰ ਪਹਿਚਾਣ ਲਿਆ ਸੀ। ਜਿਸ ਕਰਕੇ ਉਸ ਨੇ ਤੇ ਉਸ ਦੇ ਤਿੰਨ ਹੋਰ ਸਾਥੀਆਂ ਨੇ ਹਮਸਲਾਹ ਹੋ ਕੇ ਹਰਬੰਸ ਕੌਰ ਦਾ ਕਤਲ ਕੀਤਾ ਸੀ। ਜਿਸ ਪਾਸੋਂ ਮਜੀਦ ਪੁੱਛਗਿੱਛ ਕੀਤੀ ਜਾਵੇਗੀ। ਜਿਸ 'ਤੇ ਕਤਲ ਸੰਬੰਧੀ ਹੋਰ ਖੁਲਾਸੇ ਹੋਣ ਦੀ ਸੰਭਾਵਨਾ ਹੈ ਅਤੇ ਮੁਕੱਦਮੇ ਵਿੱਚ ਦੂਸਰੇ ਦੋਸ਼ੀਆਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕਰਕੇ ਸਲਾਖਾਂ ਪਿੱਛੇ ਬੰਦ ਕਰਾਇਆ ਜਾਵੇਗਾ।

## ਨਸ਼ਾ ਸਪਲਾਈ ਕਰਨ ਵਾਲੀ ਔਰਤ ਆਈ ਪੁਲਸ ਅੜਿੱਕੇ

**ਅੱਡਾ ਸਰਾਂ ( ਜਸਵਿੰਦਰ ਸੰਧੂ, ਉਂਕਾਰ ਸਿੰਘ)** ਸਬ ਇੰਸਪੈਕਟਰ ਮਲਕੀਤ ਸਿੰਘ ਮੁੱਖ ਅਫਸਰ ਥਾਣਾ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ ਨੇ ਦੱਸਿਆ ਕਿ ਮਾਣਯੋਗ ਸੀਨੀਅਰ ਪੁਲਸ ਕਪਤਾਨ ਹੁਸ਼ਿਆਰਪੁਰ ਸ੍ਰੀ ਸਰਤਾਜ ਸਿੰਘ ਚਾਹਲ ਆਈ ਪੀ ਐੱਸ ਜੀ ਨੇ ਜ਼ਿਲ੍ਹੇ ਅੰਦਰ ਮਾੜੇ ਅਨਸਰਾਂ ਉਪਰ ਕਾਬੂ ਪਾਉਣ ਲਈ ਵਿਸ਼ੇਸ਼ ਮੁਹਿੰਮ ਚਲਾਈ ਹੋਈ ਸੀ ਜਿਸ ਤਹਿਤ ਕੁਲਵੰਤ ਸਿੰਘ ਡੀ ਐੱਸ ਪੀ ਸਬ ਡਵੀਜ਼ਨ ਟਾਂਡਾ ਦੀ ਅਗਵਾਈ ਵਿਚ ਥਾਣਾ ਟਾਂਡਾ ਦੇ ਅਧੀਨ ਆਉਂਦੇ ਏਰੀਏ ਵਿਚ ਨਸ਼ਾ ਵੇਚਣ ਵਾਲੇ ਮਾੜੇ ਅਨਸਰਾਂ ਨੂੰ ਗ੍ਰਿਫਤਾਰ ਕਰਨ ਲਈ ਸੋਰਸ ਲਗਾ ਕੇ ਉਪਰਾਲੇ ਕੀਤੇ ਜਾ ਰਹੇ ਸਨ ਕਿ ਜੋ 29 ਅਕਤੂਬਰ ਨੂੰ ਐੱਸ ਆਈ ਮਨਜਿੰਦਰ ਸਿੰਘ ਸਮੇਤ ਪੁਲਸ ਪਾਰਟੀ ਨੂੰ ਉਸ ਸਮੇਂ ਵੱਡੀ ਸਫਲਤਾ ਹਾਸਲ ਹੋਈ ਜਦ ਚੰਡੀਗੜ੍ਹ ਕਾਲੋਨੀ ਟਾਂਡਾ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਜੋਤੀ ਪਤਨੀ ਜਤਿੰਦਰ ਕੁਮਾਰ ਵਾਸੀ ਬਗੋਰਾ ਥਾਣਾ ਸਦਰ ਨਵਾਂਸ਼ਹਿਰ ਜ਼ਿਲ੍ਹਾ ਨਵਾਂਸ਼ਹਿਰ ਹਾਲ ਵਾਸੀ ਵਾਰਡ ਨੰਬਰ ਅੱਠ ਸਾਂਸੀਆਂ ਮਹੱਲਾ ਟਾਂਡਾ ਨੇ ਆਪਣੀ ਐਕਟਿਵਾ 'ਤੇ ਨਸ਼ਾ ਵੇਚਣ ਦਾ ਧੰਦਾ ਕਰਦੀ ਹੈ ਤੇ ਹੁਣ ਵੀ ਟਾਹਲੀ ਬੋਹੜ ਨੇੜੇ ਚੰਡੀਗੜ੍ਹ ਕਾਲੋਨੀ ਪਾਸ ਗਾਹਕਾਂ ਦੀ ਉਡੀਕ ਕਰ ਰਹੀ ਹੈ । ਜੋ ਮੁਖਬਰ ਖਾਸ ਵੱਲੋਂ ਦੱਸੀ ਜਗ੍ਹਾ 'ਤੇ ਰੇਡ ਕਰਨ ਤੇ ਜੋਤੀ ਨੂੰ ਕਾਬੂ ਕਰਕੇ ਉਸ ਪਾਸੋਂ ਪੰਜ ਸੌ ਤੀਹ ਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਹੋਣ 'ਤੇ ਮੁਕੱਦਮਾ ਨੰਬਰ ਥਾਣਾ ਟਾਂਡਾ ਦਰਜ ਰਜਿਸਟਰ ਕੀਤਾ ਗਿਆ। ਦੋਸ਼ੀ ਔਰਤ ਜੋਤੀ ਪਾਸੋਂ ਪੁੱਛਗਿੱਛ ਕਰਕੇ ਡੂੰਘਾਈ ਤੱਕ ਪੜਤਾਲ ਕੀਤੀ ਜਾਵੇਗੀ ।

## ਕਿਲ੍ਹੇ ਨੂੰ ਆਮ ਜਨਤਾ ਲਈ ਖੋਲ੍ਹਿਆ ਜਾਵੇ : ਦਿਲਬਾਗ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਦਿਲਬਾਗ ਸਿੰਘ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਚੀਫ ਜਸਟਿਸ ਟੀ.ਐਸ.ਠਾਕੁਰ ਅਤੇ ਜਸਟਿਸ ਸੂਰੀਏ ਕਾਂਤ ਨੇ 25 ਅਗਸਤ ਨੂੰ ਉਸ ਵੱਲੋਂ ਦਾਇਰ ਕੀਤੀ ਗਈ ਜਨਤਕ ਹਿੱਤ ਪਟੀਸ਼ਨ ਦਾ ਨਿਪਟਾਰਾ ਕਰਦੇ ਹੋਏ ਕਿਹਾ ਸੀ ਕਿ ਜੇਕਰ ਕੇਂਦਰ ਸਰਕਾਰ ਉਕਤ ਫਿਲੌਰ ਦੇ ਕਿਲ੍ਹੇ ਨੂੰ ਕੌਮੀ ਯਾਦਗਾਰ ਐਲਾਨ ਕਰ ਦਿੰਦੀ ਹੈ ਤਾਂ ਇਸ ਤੋਂ ਬਾਅਦ ਨਿਕਲਣ ਵਾਲੇ ਸਾਰੇ ਨਤੀਜਿਆਂ ਦਾ ਪਾਲਣ ਕਰਨਾ ਹੋਵੇਗਾ।

ਦਿਲਬਾਗ ਸਿੰਘ ਨੇ ਕਿਹਾ ਕਿ ਇਹਨਾਂ 12 ਸਾਲਾਂ ਦੌਰਾਨ ਪੰਜਾਬ ਪੁਲਸ ਵੱਲੋਂ ਸਰਵੇਂ ਵੱਲੋਂ ਕੀਤੀਆਂ ਗਈਆਂ ਬੇਨਤੀਆਂ ਨੂੰ ਰੱਦ ਕੀਤਾ ਗਿਆ ਹੈ। ਜਿਸ ਕਾਰਨ ਇਸ ਕਿਲ੍ਹੇ ਨੂੰ ਆਮ ਲੋਕਾਂ ਲਈ ਖੋਲ੍ਹਿਆ ਨਹੀਂ ਗਿਆ। ਦਿਲਬਾਗ ਸਿੰਘ ਨੇ ਆਪਣੀ ਚਿੱਠੀ ਵਿਚ ਕਿਹਾ ਹੈ ਕਿ ਅਗਰ ਮਹੀਨੇ ਦੇ ਅੰਦਰ - ਅੰਦਰ ਕੋਈ ਕਾਰਵਾਈ ਨਾ ਕੀਤੀ ਗਈ ਤਾਂ ਉਹ ਨਿਆਂ ਦੀ ਪ੍ਰਾਪਤੀ ਲਈਓ ਪੰਜਾਬ ਅਤੇ ਹਰਿਆਣਾ ਹੋਈ ਕੋਰਟ ਵਿਚ ਜਨਤਕ ਪਟੀਸ਼ਨ ਦਾਇਰ ਕਰਨ ਲਈ ਮਜਬੂਰ ਹੋਵੇਗਾ।

## ਜੋਨ ਐਥਲੈਟਿਕਸ ਦੇ ਦੂਸਰੇ ਦਿਨ ਮੁੰਡਿਆਂ ਨੇ ਤਮਗਿਆਂ 'ਤੇ ਕੀਤਾ ਕਬਜ਼ਾ

**ਨੂਰਪੁਰ ਬੇਦੀ, (ਸੁਰਜੀਤ ਸਿੰਘ ਕਾਹਲੋਂ)**—ਨੂਰਪੁਰ ਬੇਦੀ ਜੋਨ ਦੇ ਅਪਰ ਪਾਇਮਰੀ ਸਕੂਲਾਂ ਦੇ ਦੂਸਰੇ ਦਿਨ ਲੜਕਿਆਂ ਦੇ ਅੰਡਰ-14, 17 ਅਤੇ19 ਗਰੁੱਪ ਦੇ ਮੁਕਾਬਲੇ ਸਸਸਸ ਝੱਜ ਵਿਖੇ ਕਰਵਾਏ ਗਏ, ਜਿਸ ਦਾ ਉਦਘਾਟਨ ਜੋਨ ਦੇ ਕਨਵੀਨਰ ਲੈਕਚਰਾਰ ਅਨਿਲ ਕੁਮਾਰ ਵਲੋਂ ਕੀਤਾ ਗਿਆ। ਜੇਤੂ ਰਹੇ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਹੈਡਮਿਸਟ੍ਰਿਸ ਨਵਪ੍ਰੀਤ ਕੌਰ ਵਲੋਂ ਕੀਤੀ ਗਈ। ਇਹਨਾਂ ਮੁਕਾਬਲਿਆਂ ਵਿੱਚ ਸਸਸਸ (ਲ) ਨੂਰਪੁਰ ਬੇਦੀ ਦੇ ਲੜਕਿਆਂ ਨੇ ਬਹੁਤੇ ਤਮਗਿਆਂ 'ਤੇ ਜਿੱਤ ਪ੍ਰਾਪਤ ਕਰਕੇ ਡੀਪੀਈ ਰਣਜੀਤ ਸਿੰਘ ਭੱਠਲ ਦੀ ਅਗਵਾਈ ਹੇਠ ਆਪਣੇ ਸਕੂਲ ਦੀ ਚੜਤ ਬਣਾਈ। ਨਵਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੇਡਾਂ ਨਾਲ ਮਨੁੱਖ ਦਾ ਤਨ ਮਨ ਦਾ ਰਿਸ਼ਤਾ ਹੈ, ਖੇਡਾਂ ਜਿਥੇ ਸਾਨੂੰ ਅਨੁਸਾਸ਼ਨ ਵਿੱਚ ਰਹਿਣਾ ਉਥੇ ਜਿੰਦਗੀ ਦੀ ਜੀਵਨ ਜਾਂਚ ਸਿਖਾਉਂਦੀਆਂ ਹਨ। ਸਰੀਰਕ ਸਿੱਖਿਆ ਤੇ ਖੇਡਾਂ ਵਿਸ਼ਾ ਸਕੂਲੀ ਸਿੱਖਿਆ ਦੇ ਨਾਲ ਨਾਲ ਕਾਲਜ ਅਤੇ ਯੂਨੀਵਰਸਿਟੀ ਪੱਧਰ ਤੇ ਵੀ ਲਾਜਮੀ ਹੋਣਾ ਚਾਹੀਦਾ ਹੈ। ਇਸ ਉਪਰੰਤ ਮੁਕਾਬਲਿਆਂ ਵਿੱਚ ਜੇਤੂ ਰਹੇ ਅਥਲੀਟਾਂ ਨੂੰ ਸੋਨਾ, ਚਾਂਦੀ ਅਤੇ ਤਾਂਬੇ ਦੇ ਤਮਗੇ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਲਜਿੰਦਰ ਸਿੰਘ ਰੀਹਲ, ਲੈਕ:ਅਨਿਲ ਕੁਮਾਰ, ਲੈਕ ਦਰਸ਼ਨ ਸਿੰਘ, ਗੁਰਵਿੰਦਰ ਸਿੰਘ, ਇੰਦਰਜੀਤ ਸਿੰਘ, ਸੁਖਪੀਤ ਸਿੰਘ ਬੜਵਾ, ਅਮਰਦੀਪ ਸਿੰਘ, ਰਕੇਸ਼ ਕੁਮਾਰ, ਜਸਵਿੰਦਰ ਸਿੰਘ, ਅਨਿਲ ਕੁਮਾਰ ਕਲਵਾਂ, ਸੇਵਕ ਕਿਸ਼ਨ ਮੁਰਾਰੀ,ਰਜੀਵ ਕੁਮਾਰ ਭੰਗਲ, ਨਰਿੰਦਰ ਸਿੰਘ, ਸੁਦਾਮਾ ਰਾਮ, ਲਾਡੀ ਰਾਣਾ ਸੈਂਟ ਮੈਰੀ, ਮੈਡਮ ਰਾਮਕਲੀ ਹਰਿੰਦਰਪਾਲ ਕੌਰ, ਪੁਸ਼ਪਾ ਰਾਣੀ, ਦਲਜੀਤ ਕੌਰ, ਗੁਰਪ੍ਰੀਤ ਕੌਰ, ਕੁਲਵਿੰਦਰ ਕੌਰ ਸਮੇਤ ਬਹੁਤ ਸਾਰੇ ਅਧਿਆਪਕ ਤੇ ਵਿਦਿਆਰਥੀ ਹਾਜਰ ਸਨ।

## ਭਗਵਾਨ ਵਾਲਮੀਕ ਆਸ਼ਰਮ ਲਈ 12ਵੀਂ ਤੀਰਥ ਯਾਤਰਾ ਰਵਾਨਾ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ )** ਸ੍ਰੀ ਵਾਲਮੀਕਿ ਨੌਜਵਾਨ ਸਭਾ ਨੂਰਮਹਿਲ ਵੱਲੋਂ ਭਗਵਾਨ ਸ੍ਰੀ ਵਾਲਮੀਕਿ ਜੀ ਆਸ਼ਰਮ ਅੰਮ੍ਰਿਤਸਰ ਲਈ 12ਵੀ ਤੀਰਥ ਯਾਤਰਾ ਦੇ ਸਿਲਸਿਲੇ ਵਿੱਚ 4 ਬੱਸਾਂ ਦਾ ਕਾਫਲਾ ਪ੍ਰਧਾਨ ਮਨੀਸ਼ ਗਿੱਲ (ਕਾਲੀ) ਦੀ ਪ੍ਰਧਾਨਗੀ 'ਚ ਪੁਰਾਣੇ ਬੱਸ ਅੱਡੇ ਤੋਂ ਰਵਾਨਾ ਕੀਤਾ ਗਿਆ। ਕਾਫ਼ਲੇ ਨੂੰ ਕੌਂਸਲਰ ਨੰਦ ਕਿਸ਼ੋਰ ਗਿੱਲ ਨੇ ਜੈਕਾਰਿਆਂ ਦੀ ਗੂੰਜ 'ਚ ਰਵਾਨਾ ਕੀਤਾ। ਇਸ ਮੌਕੇ ਪ੍ਰਧਾਨ ਕਾਲੀ ਗਿੱਲ ਨੇ ਦੱਸਿਆ ਕਿ ਜਥੇਦਾਰ ਗੁਰਪ੍ਰਤਾਪ ਸਿੰਘ ਐਮ ਐਲ ਏ ਨਕੋਦਰ ਅਤੇ ਅਸ਼ਵਨੀ ਸਹੋਤਾ ਪ੍ਰਧਾਨ ਭਾਵਾਧਸ ਭਾਰਤ ਦੇ ਵਿਸ਼ੇਸ਼ ਸਹਿਯੋਗ ਸਦਕਾ ਇਹ ਪਵਿੱਤਰ ਯਾਤਰਾ ਹੋ ਰਹੀ ਹੈ । ਇਸ ਮੌਕੇ ਨੰਦ ਕਿਸ਼ੋਰ ਗਿੱਲ ਐਮ ਸੀ, ਅਮਿਤ ਗਿੱਲ,ਰਾਜ ਬਹਾਦੁਰ ਸੰਧੀਰ ਉਪ ਪ੍ਰਧਾਨ ਭਾਜਪਾ ਜ਼ਿਲ੍ਹਾ ਜਲੰਧਰ,ਵਿਨੈ ਗਿੱਲ, ਦਿਨੇਸ਼ ਗਿੱਲ, ਸੰਨੀ ਭੱਟੀ, ਪੰਮਾ ਸਹੋਤਾ, ਗੌਤਮ ਨਾਹਰ,ਨਰੇਸ਼ ਕੁਮਾਰ,ਚੰਦਰ ਮੋਹਨ ਤੇ ਲਵ ਕੁਸ਼ ਟਿਊਸ਼ਨ ਸੈਂਟਰ ਦੇ ਬੱਚੇ ਅਤੇ ਹੋਰ ਤੀਰਥ ਯਾਤਰੀ ਤੇ ਪਤਵੰਤੇ ਹਾਜ਼ਰ ਸਨ। ਉਨ੍ਹਾਂ ਨੇ ਦਿਨੇਸ਼ ਰਾਜੂ ਨਈਅਰ , ਰਾਜੀਵ ਮਿਸਰ ਕੌਂਸਲਰ,ਪ੍ਰਮੋਦ ਸੇਖੜੀ ਪ੍ਰਧਾਨ ਛਿੰਜ ਕਮੇਟੀ ਦਾ ਵੀ ਧੰਨਵਾਦ ਕੀਤਾ।

# ਜ਼ੋਨਲ ਪੱਧਰ ਦੀਆਂ ਖੇਡਾਂ 'ਚ ਸ੍ਰੀ ਗੁਰੂ ਅਰਜਨ ਦੇਵ ਸਕੂਲ ਦੀ ਬੱਲੇ-ਬੱਲੇ

ਕਰਤਾਰਪੁਰ (ਹਰਮੇਸ਼ ਦੱਤ) ਪਰਮ ਸਤਿਕਾਰਯੋਗ ਪਦਮ ਸ੍ਰੀ ਬਾਬਾ ਸੇਵਾ ਸਿੰਘ ਕਾਰਸੇਵਾ ਖਡੂਰ ਸਾਹਿਬ ਵਾਲਿਆਂ ਦੀ ਦੇਖ ਨਿਗਰਾਨ ਹੇਠ ਚਲ ਰਹੇ ਸ੍ਰੀ ਗੁਰੂ ਅਰਜਨ ਦੇਵ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਕਰਤਾਰਪੁਰ ਦੇ ਵਿਸ਼ਾਲ ਖੇਡ ਮੈਦਾਨ ਵਿਖੇ ਜ਼ੋਨਲ ਪੱਧਰ ਦੀਆਂ ਤਿੰਨ ਦਿਨਾ ਲੜਕਿਆਂ ਅਤੇ ਲੜਕੀਆਂ ਦੀਆਂ (ਅਥਲੈਟਿਕ ਮੀਟ) ਖੇਡਾਂ ਕਰਵਾਈਆਂ ਗਈਆਂ। ਜਿਸ ਵਿੱਚ ਬਲਾਕ ਕਰਤਾਰਪੁਰ ਜ਼ੋਨ ਨੰਬਰ-5 ਦੇ ਤਕਰੀਬਨ 19 ਸਕੂਲਾਂ ਨੇ ਭਾਗ ਲਿਆ । ਪੰਜਾਬ ਸਕੂਲ ਸਿੱਖਿਆ ਬੋਰਡ ਖੇਡ ਵਿਭਾਗ, ਮੁਹਾਲੀ ਵੱਲੋਂ ਕਰਵਾਈਆਂ ਜ਼ੋਨਲ ਪੱਧਰ ਦੀਆਂ ਖੇਡਾਂ ਵਿੱਚ ਸ੍ਰੀ ਗੁਰੂ ਅਰਜਨ ਦੇਵ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਬੱਚਿਆਂ ਦਾ ਸ਼ਾਨਦਾਰ ਪ੍ਰਦਰਸ਼ਨ ਦੇਖਣ ਨੂੰ ਮਿਲਿਆਂ। ਪ੍ਰਿੰਸੀਪਲ ਬੀਰ ਇੰਦਰ ਸਿੰਘ ਪੰਨੂੰ ਨੇ ਜਿੱਤ ਦਾ ਸਾਰਾ ਸ਼੍ਰੇਅ ਕੋਚ ਸ੍ਰੀ ਸੰਦੀਪ ਕੁਮਾਰ ਦੀ ਠੋਸ ਮਿਹਨਤ, ਬੱਚਿਆਂ ਦੀ ਖੇਡ ਪ੍ਰਤੀ ਲਗਨ ਅਤੇ ਮਾਤਾ ਪਿਤਾ ਦੇ ਸਹਿਯੋਗ ਨੂੰ ਦਿੱਤਾ ਤਾਂ ਹੀ ਅੱਜ ਬੱਚਿਆਂ ਨੇ ਸਨਮਾਨਜਨਕ ਪੋਜੀਸ਼ਨਾਂ ਹਾਸਲ ਕਰਕੇ ਸਕੂਲ ਦਾ ਮਾਣ ਵਧਾਇਆ ਹੈ। ਅੰਡਰ- 17(ਲੜਕੀਆਂ) ਵਿੱਚ ਹਰਕਿੰਦਰ ਕੌਰ ਜਮਾਤ ਦਸਵੀਂ 200ਮੀਟਰ ਦੌੜ ਵਿੱਚ ਦੂਜਾ ਅਤੇ 400 ਮੀਟਰ ਦੌੜ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ ਅੰਡਰ-14 (600 ਮੀਟਰ ਦੌੜ) ਵਿੱਚ ਹਰਪ੍ਰੀਤ ਸਿੰਘ ਜਮਾਤ ਛੇਵੀਂ ਨੇ ਦੂਜਾ ਸਥਾਨ ਅਤੇ ਜਸ਼ਨਦੀਪ ਸਿੰਘ ਜਮਾਤ ਅੱਠਵੀਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ-17(800 ਮੀਟਰ ਦੌੜ) ਵਿੱਚ ਯਸ਼ਕਰਨ ਸਿੰਘ ਜਮਾਤ ਦਸਵੀਂ ਨੇ ਪਹਿਲਾ ਸਥਾਨ ਅਤੇ ਦਲਜੀਤ ਸਿੰਘ ਜਮਾਤ ਦਸਵੀਂ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਅੰਡਰ - 17(3000 ਮੀਟਰ ਦੌੜ) ਵਿੱਚ ਯਸ਼ਕਰਨ ਸਿੰਘ ਜਮਾਤ ਦਸਵੀਂ ਪਹਿਲਾ ਸਥਾਨ ਅਤੇ ਜਸ਼ਨਪ੍ਰੀਤ ਸਿੰਘ ਜਮਾਤ ਦਸਵੀਂ ਨੇ ਦੂਜਾ ਸਥਾਨ ਪ੍ਰਾਪਤ



ਕੀਤਾ। ਅੰਡਰ -14( ਸ਼ਾਟਪੁੱਟ) ਵਿੱਚ ਗੁਰਕਿਰਤ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਅੰਡਰ -17(ਸ਼ਾਟਪੁੱਟ) ਵਿੱਚ ਸਾਹਿਬ ਸਿੰਘ ਗਿਆਰ੍ਹਵੀਂ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਅੰਡਰ -19(ਸ਼ਾਟਪੁੱਟ) ਵਿੱਚ ਬਵਨਜੋਤ ਸਿੰਘ ਜਮਾਤ ਗਿਆਰ੍ਹਵੀਂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਅੰਡਰ -17(ਜੈਵਲੀਨ) ਵਿੱਚ ਸਾਹਿਬ ਸਿੰਘ ਜਮਾਤ ਗਿਆਰ੍ਹਵੀਂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਅੰਡਰ-19(ਜੈਵਲੀਨ) ਵਿੱਚ ਸੁਖਪਿੰਦਰ ਸਿੰਘ ਜਮਾਤ ਗਿਆਰ੍ਹਵੀ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਅੰਡਰ - 17(ਰਿਲੇ ਦੌੜ 400ਮੀਟਰ) ਵਿੱਚ ਦਲਜੀਤ ਸਿੰਘ, ਲਵਵੀਰ ਸਿੰਘ, ਵਿਸ਼ਵਜੀਤ ਸਿੰਘ, ਸਾਹਿਲ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ -19(ਰਿਲਐ ਦੌੜ 400 ਮੀਟਰ) ਵਿੱਚ ਅਨਮੋਲ, ਗੁਰਸ਼ਰਨ ਸਿੰਘ, ਸੁਖਪਿੰਦਰ ਸਿੰਘ,ਹਰਵਿੰਦਰ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਹਾਈ ਜੰਪ ਵਿੱਚ ਜਸਕਰਨ ਸਿੰਘ ਜਮਾਤ ਦਸਵੀਂ ਨੇ ਪਹਿਲਾ ਸਥਾਨ ਅਤੇ ਲਵਵੀਰ ਸਿੰਘ ਜਮਾਤ ਨੌਂਵੀ ਨੇ ਤੀਜਾ ਸਥਾਨ ਸਥਾਨ ਪ੍ਰਾਪਤ ਕੀਤਾ। ਡਿਸਕਸ ਥਰੋ ਅੰਡਰ -14 ਵਿੱਚ ਗੁਰਕੀਰਤ ਸਿੰਘ ਜਮਾਤ ਸੱਤਵੀਂ ਨੇ ਪਹਿਲਾ ਸਥਾਨ, ਅੰਡਰ -17 ਦਿਲਜੋਤ ਸਿੰਘ ਜਮਾਤ ਨੌਂਵੀਂ ਨੇ ਤੀਜਾ ਸਥਾਨ ,ਅੰਡਰ -19 ਗੁਰਸ਼ਰਨ ਸਿੰਘ ਜਮਾਤ ਬਾਹਰਵੀਂ ਪਹਿਲਾ ਸਥਾਨ ਪ੍ਰਾਪਤ ਕੀਤਾ। ਅੰਡਰ-14 (200 ਮੀਟਰ ਦੌੜ) ਵਿੱਚ ਗੁਰਸਿਮਰਨ ਸਿੰਘ ਜਮਾਤ ਛੇਵੀਂ ਤੀਜਾ ਸਥਾਨ ਪ੍ਰਾਪਤ ਕੀਤਾ ਅੰਡਰ-19 (100 ਮੀਟਰ ਦੌੜ) ਵਿੱਚ ਸੁਖਪਿੰਦਰ ਸਿੰਘ ਜਮਾਤ ਗਿਆਰ੍ਹਵੀਂ ਪਹਿਲਾ ਸਥਾਨ ਪ੍ਰਾਪਤ ਕੀਤਾ। ਅੰਡਰ-14 (100 ਮੀਟਰ ਦੌੜ) ਵਿੱਚ ਗੁਰਸਿਮਰਨ ਸਿੰਘ ਜਮਾਤ ਛੇਵੀਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ -17 (3000ਮੀਟਰ ਵਾਕ) ਵਿੱਚ ਪਰਮਵੀਰ ਸਿੰਘ ਜਮਾਤ ਨੌਂਵੀਂ ਨੇ ਪਹਿਲਾ ਸਥਾਨ ਅਤੇ ਗੁਰਸ਼ਰਨ ਸਿੰਘ ਜਮਾਤ ਨੌਂਵੀਂ ਦੂਜਾ ਸਥਾਨ ਪ੍ਰਾਪਤ ਕੀਤਾ। ਅੰਡਰ-17(1600 ਮੀਟਰ ਰਿਲੇ) ਵਿੱਚ ਯਸ਼ਕਰਨ ਸਿੰਘ ਜਮਾਤ ਦਸਵੀਂ, ਜਗਦੀਪ ਸਿੰਘ ਜਮਾਤ ਨੌਂਵੀਂ ਜਸ਼ਨਪ੍ਰੀਤ ਸਿੰਘ ਜਮਾਤ ਦਸਵੀਂ,ਗੁਰਸ਼ਰਨ ਸਿੰਘ ਜਮਾਤ ਨੌਂਵੀਂ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਜ਼ੋਨਲ ਖੇਡਾਂ ਵਿੱਚ ਪ੍ਰਿੰਸੀਪਲ ਬੀਰਇੰਦਰ ਸਿੰਘ ਪੰਨੂੰ, ਨਵਤੇਜ ਸਿੰਘ ਬੱਲ (ਬਲਾਕ ਨੋਡਲ ਅਫਸਰ), ਸੁਖਦੇਵ ਲਾਲ ਬੱਬਰ (ਪ੍ਰਿੰਸੀਪਲ ਸ.ਸ.ਸ.ਸਕੂਲ ,ਆਲਮਪੁਰ ਬੱਕਾ) ,ਕੋਚ ਸੰਦੀਪ ਕੁਮਾਰ, ਸਿਕੰਦਰ ਲਾਲ (ਲੈਕਚਰਾਰ ਸ.ਸ.ਸ.ਸਕੂਲ ,ਖੁਸਰੋਪੁਰ) ਰਾਕੇਸ਼ ਭੱਟੀ (ਹੈੱਡਮਾਸਟਰ ਸਰਕਾਰੀ ਹਾਈ ਸਕੂਲ,ਸਰਾਏ ਖਾਸ), ਸ੍ਰੀ ਮੰਗਤ ਰਾਮ, ਮੈਡਮ ਰਵਿੰਦਰ ਕੌਰ (ਲੈਕਚਰਾਰ ਖੁਸਰੋਪੁਰ) ਮੈਡਮ ਰਣਜੀਤ ਕੌਰ, ਮੈਡਮ ਸੁਨੀਤਾ ਬੱਤਾ (ਸ.ਸ.ਸ.ਸਕੂਲ, ਕੁੱਦੋਵਾਲ), ਮੈਡਮ ਮਨਜੀਤ ਕੌਰ (ਸ.ਸ.ਸ.ਸਕੂਲ, ਮਸਤਫਾਪੁਰ) ਸ੍ਰੀ ਕੁਲਦੀਪ (ਜ਼ੋਨਲ ਸੈਕਟਰੀ ਲੜਕੀਆਂ) ,ਮੈਡਮ ਪਰਮਜੀਤ ਕੌਰ (ਜ਼ੋਨਲ ਸੈਕਟਰੀ ਲੜਕੇ),ਅਨਿਲ ਕੁਮਾਰ (ਲੈਕਚਰਾਰ ਆਲਮਪੁਰ ਬੱਕਾ) ਆਦਿ ਹਾਜ਼ਰ ਸਨ।

## ਰੇੜ੍ਹੀਆਂ ਅੱਗ ਲੱਗਣ ਕਾਰਨ ਸੜ ਕੇ ਸੁਆਹ

**ਰੋਪੜ (ਬਿੰਦਰਾ)** ਛੱਟ-ਪੂਜਾ ਦੀ ਰਾਤ ਰਾਮਲੀਲ੍ਹਾ ਸੜਕ 'ਤੇ ਖੜ੍ਹੀਆਂ ਫਲਾਂ ਦੀਆਂ 10 ਰੇੜ੍ਹੀਆਂ ਅੱਗ ਲੱਗਣ ਨਾਲ ਸੜ ਕੇ ਸੁਆਹ ਹੋ ਗਈਆਂ। ਰੇੜ੍ਹੀ ਵਾਲਿਆਂ ਅਨੁਸਾਰ 4/5 ਲੱਖ ਦਾ ਨੁਕਸਾਨ ਹੋਇਆ ਹੈ। ਇਕ ਰੇੜ੍ਹੀ ਵਾਲੇ ਨੇ ਦੱਸਿਆ ਕਿ ਰਾਤ ਤਿੰਨ ਵਜੇ ਇਕ ਵਿਅਕਤੀ ਨੇ ਮੈਨੂੰ ਜਾ ਕੇ ਦੱਸਿਆ ਕਿ ਤੁਹਾਡੀਆਂ ਰੇੜ੍ਹੀਆਂ ਨੂੰ ਅੱਗ ਲੱਗ ਗਈ ਹੈ ਅਸੀਂ ਜੱਦ ਇਥੇ ਪੁੱਜੇ ਤਾਂ ਰੇੜ੍ਹੀਆਂ ਜਿਨ੍ਹਾਂ ਉਪਰ ਫਰੂਟ ਭਰਿਆ ਹੋਇਆ ਸੀ ਜਲ ਰਹੀਆਂ ਸਨ। ਇਕ ਰੇੜ੍ਹੀ ਵਾਲੇ ਨੇ ਦੱਸਿਆ ਕਿ ਛੱਠ ਪੂਜਾ ਦਾ ਤਹਿਵਾਰ ਹੋਣ ਕਾਰਨ ਉਹ ਲੁਧਿਆਣਾ ਅਤੇ ਰੋਪੜ ਮੰਡੀ ਤੋਂ ਲੱਖਾਂ ਦਾ ਫਰੂਟ ਖਰੀਦ ਕੇ ਲਿਆ ਕੇ ਸਟਾਕ ਕੀਤਾ ਸੀ ਜੋਂ ਸਾਰਾ ਹੀ ਸੜ ਗਿਆ ਹੈ। ਉਹਨੇ ਕਿਹਾ ਕਿ ਇਕ ਰੇੜ੍ਹੀ ਬਣਾਉਣ ਲਈ 25/30 ਹਜ਼ਾਰ ਰੁਪਏ ਖਰਚਾ ਆਉਂਦਾ ਹੈ। ਇਨ੍ਹਾਂ ਰੇੜ੍ਹੀ ਵਾਲਿਆਂ ਨੇ ਪ੍ਰਸ਼ਾਸ਼ਨ ਤੋਂ ਸਹਾਇਤਾ ਦੀ ਮੰਗ ਕੀਤੀ ਹੈ। ਉਹਨਾਂ ਕਿਹਾ ਕਿ ਸਾਡੀ ਪੂੰਜੀ (ਫਰੂਟ) ਅਤੇ ਰੋਜੀ ਕਮਾਉਣ ਦਾ ਸਾਧਨ ਰੇੜ੍ਹੀਆਂ ਸੜ ਗਈਆਂ ਹਨ, ਜੇ ਸਾਡੀ ਮੱਦਦ ਨਾ ਕੀਤੀ ਗਈ ਤਾਂ ਸਾਡੇ ਪਰਵਾਰਾਂ ਦਾ ਗੁਜਰ ਔਖਾ ਹੋ ਜਾਵੇਗਾ।

## ਪਾਂਛਟਾ 'ਚ ਡੇਂਗੂ ਕਾਰਨ ਕੋਈ ਮੌਤ ਨਹੀਂ ਹੋਈ : ਐੱਸ ਐੱਮ ਓ

**ਫਗਵਾੜਾ, (ਇੰਦਰਜੀਤ ਸਿੰਘ ਮਠਾੜੂ ਰਘਵੀਰ ਸਿੰਘ )**-ਸੀਨੀਅਰ ਮੈਡੀਕਲ ਅਫਸਰ ਡਾ: ਮਨਜੀਤ ਕੁਮਾਰ ਨੇ ਅੱਜ ਸਪੱਸ਼ਟ ਕਿਹਾ ਕਿ ਡੇਂਗੂ ਕਾਰਨ ਪਾਂਛਟਾ ਵਿੱਚ ਕੋਈ ਮੌਤ ਨਹੀਂ ਹੋਈ । ਅੱਜ ਇੱਥੇ ਜਾਰੀ ਇੱਕ ਬਿਆਨ ਵਿੱਚ ਸੀਨੀਅਰ ਮੈਡੀਕਲ ਅਫਸਰ ਨੇ ਕਿਹਾ ਕਿ ਹਰਦਿਆਲ ਸਿੰਘ (70) ਦੀ ਮੌਤ ਦਾ ਸੰਭਾਵਿਤ ਕਾਰਨ ਮਲਟੀ ਆਰਗਨ ਫੇਲ੍ਹ ਹੋਣਾ ਸੀ। ਉਨ੍ਹਾਂ ਕਿਹਾ ਕਿ ਇਸ ਕੇਸ ਵਿੱਚ ਬੁਖਾਰ ਦਾ ਕੋਈ ਇਤਿਹਾਸ ਨਹੀਂ ਹੈ। ਉਨ੍ਹਾਂ ਅੱਗੇ ਦੱਸਿਆ ਕਿ ਅੱਜ ਪਿੰਡ ਪਾਂਛਟਾ ਤੋਂ 60 ਤੋਂ ਵੱਧ ਸ਼ੱਕੀ ਵਿਅਕਤੀਆਂ ਦੇ ਸੈਂਪਲ ਲਏ ਗਏ ਹਨ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਪਿੰਡ ਦੇ ਕਰੀਬ 600 ਘਰਾਂ ਦਾ ਦੌਰਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਪਿੰਡ ਵਿੱਚੋਂ 60 ਸ਼ੱਕੀ ਮਰੀਜ਼ਾਂ ਦੇ ਸੈਂਪਲ ਲਏ ਗਏ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਨੂੰ ਮੌਸਮੀ ਫਲੂ ਅਤੇ ਬੁਖਾਰ ਦੇ ਲੱਛਣ ਜਾਪਦੇ ਹਨ ਅਤੇ ਜਾਂਚ ਦੇ ਨਤੀਜੇ ਭਲਕੇ ਆਉਣਗੇ। ਉਨ੍ਹਾਂ ਦੱਸਿਆ ਕਿ ਅੱਜ ਪਿੰਡ ਦੇ 75 ਘਰਾਂ ਦੇ 295 ਕਮਰਿਆਂ ਵਿੱਚ ਫੌਗਿੰਗ ਸਪਰੇਅ ਕੀਤੀ ਗਈ। ਇਸੇ ਤਰ੍ਹਾਂ ਉਨ੍ਹਾਂ ਦੱਸਿਆ ਕਿ ਪਿੰਡ ਵਿੱਚ 778 ਕੰਟੇਨਰਾਂ ਦੀ ਚੈਕਿੰਗ ਕੀਤੀ ਗਈ। ਉਨ੍ਹਾਂ ਦੱਸਿਆ ਕਿ 25 ਡੱਬਿਆਂ ਵਿੱਚ ਡੇਂਗੂ ਦਾ ਲਾਰਵਾ ਪਾਇਆ ਗਿਆ। ਅੱਜ ਤੱਕ ਪਾਂਛਟਾ ਵਿੱਚ ਡੇਂਗੂ ਦੇ ਸਰਗਰਮ ਮਾਮਲਿਆਂ ਦੀ ਗਿਣਤੀ 11 ਨੂੰ ਪਾਰ ਨਹੀਂ ਕਰ ਸਕੀ । ਉਨ੍ਹਾਂ ਅੱਗੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਵੀ ਸਰਵੇ ਜਾਰੀ ਰਹੇਗਾ ਅਤੇ ਜੋ ਵੀ ਕੇਸ ਪਾਇਆ ਗਿਆ ਉਸ ਨੂੰ ਟਰੇਸ ਕਰਨ ਅਤੇ ਇਲਾਜ ਲਈ ਹਰ ਸੰਭਵ ਯਤਨ ਕੀਤੇ ਜਾਣਗੇ।

# ਸੰਧਵਾਂ ਵੱਲੋਂ ਬਾਬੇ ਨਾਨਕ ਦੇ ਫਲਸਫੇ ਨੂੰ ਅਧਾਰ ਬਣਾ ਕੇ ਖੇਤੀ ਕਰਨ ਦਾ ਹੋਕਾ

**ਐਸ ਏ ਐਸ ਨਗਰ ( ਗੁਰਜੀਤ ਬਿੱਲਾ)**-ਪਰਾਲੀ ਦੀ ਸਮੱਸਿਆ ਨਾਲ ਨਜਿੱਠਣ ਲਈ ਸੂਬਾ ਸਰਕਾਰ ਵੱਲੋਂ ਸਮੇਂ ਸਮੇਂ 'ਤੇ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਦੇ ਮੱਦੇਨਜਰ ਹੀ ਪੰਜਾਬ ਸਰਕਾਰ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵਲੋਂ ਕਿਸਾਨ ਵਿਕਾਸ ਚੈਂਬਰ, ਏਅਰਪੋਰਟ ਚੌਂਕ, ਐੱਸ ਏ ਐੱਸ ਨਗਰ (ਮੋਹਾਲੀ) ਵਿਖੇ ਪਰਾਲੀ ਨੂੰ ਅੱਗ ਨਾ ਲਾ ਕੇ, ਵਾਤਾਵਰਣ ਦੀ ਰੱਖਿਆ ਕਰਨ ਵਾਲੇ ਪੰਜਾਬ ਦੇ ਵੱਖ ਵੱਖ ਜਿਲ੍ਹਿਆਂ ਤੋਂ ਲਗਭੱਗ 150 ਕਿਸਾਨ ਜਿਨ੍ਹਾਂ ਵੱਲੋਂ ਪਿਛਲੇ ਪੰਜ ਸਾਲਾਂ ਤੋਂ ਪਰਾਲੀ ਨੂੰ ਅੱਗ ਨਹੀਂ ਲਗਾਈ ਗਈ ਨੂੰ ਸਨਮਾਨਿਤ ਕੀਤਾ ਗਿਆ। ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਾਵਾਂ ਨੇ ਕਿਹਾ ਕਿ ਜਿਸ ਨੂੰ ਰੋਕਣ ਲਈ ਲੋਕ ਅੱਗੇ ਆ ਜਾਣ ਉਦੋਂ ਉਸ ਦਾ ਨਤੀਜਾ ਨਿਕਲ ਕੇ ਸਾਹਮਣੇ ਆਉਂਦਾ ਹੈ। ਉਨਾਂ ਕਿਹਾ ਸਮਾਗਮ ਵਿੱਚ ਆਏ ਕਿਸਾਨ ਵੀਰਾਂ ਨੇ ਇਹ ਸਾਬਿਤ ਕਰਤਾ ਕਿ ਬਾਬੇ ਨਾਨਕ ਦੀ ਸਿੱਖਿਆ ਤੇ ਚਲ ਕੇ ਵੀ ਖੇਤੀ ਕੀਤੀ ਜਾ ਸਕਦੀ ਹੈ। ਉਨਾਂ ਵੱਲੋਂ ਕਿਸਾਨਾਂ ਨੂੰ ਇਹ ਅਪੀਲ ਕੀਤੀ ਗਈ ਕਿ ਉਹ ਪਰਾਲੀ ਨੂੰ ਅੱਗ ਨਾ ਲਗਾਉਣ ਤਾਂ ਜੋ ਪੰਜਾਬ ਦੇ ਵਾਤਾਵਰਣ ਨੂੰ ਸਾਫ ਸੁਥਰਾ ਅਤੇ ਪ੍ਰਦੂਸ਼ਿਤ ਰਹਿਤ ਬਣਾਇਆ ਜਾ ਸਕੇ। ਉਨ੍ਹਾਂ ਨੇ ਦੱਸਿਆ ਕਿ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਨਾਲ ਮਿੱਟੀ ਦੀ ਉਪਰਲੀ ਪਰਤ ਵਿੱਚ ਮੌਜੂਦ ਹੋਰ ਸੂਖਮ ਜੀਵਾਂ ਦੇ ਨਾਲ-ਨਾਲ ਇਸ ਦੀ ਜੈਵਿਕ ਗੁਣਵੱਤਾ ਦਾ ਵੀ ਨੁਕਸਾਨ ਹੁੰਦਾ ਹੈ। ਦੋਸਤਾਨਾਂ ਕੀੜੀਆਂ ਦੇ ਨੁਕਸਾਲ ਕਾਰਨ ਦੁਸਮਣ ਕੀੜੀਆਂ ਦਾ ਪ੍ਰਕੋਪ ਵੱਧਿਆ ਹੈ ਅਤੇ ਨਤੀਜੇ ਵਜੋਂ ਫਸਲਾਂ ਨੂੰ ਬਿਮਾਰੀਆਂ ਦਾ ਵਧੇਰੇ ਖਤਰਾ ਹੈ। ਇਸ ਮੌਕੇ ਸਮਾਗਮ ਨੂੰ ਸੰਬੋਧਨ ਕਰਦਿਆਂ ਗੁਰਮੀਤ ਸਿੰਘ ਮੀਤ ਹੇਅਰ, ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਖੁਸ਼ੀ ਦੀ ਗੱਲ ਹੈ ਕਿ ਕਿਸਾਨ ਪੰਜਾਬ ਸਰਕਾਰ ਅਤੇ ਅਧਿਕਾਰੀਆਂ ਵੱਲੋਂ ਦਿੱਤੇ ਜਾ ਰਹੇ ਸੁਨੇਹੇ ਨੂੰ ਕਬੂਲ ਕਰਦੇ ਹੋਏ ਪਰਾਲੀ ਨੂੰ ਅੱਗ ਲਾਉਣਾ ਛੱਡ ਰਹੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬੀ ਅਜਿਹੀ ਕੌਮ ਹੈ ਜਿਸ ਨੂੰ ਅਸੀਂ ਪਿਆਰ ਨਾਲ ਤਾਂ ਸਮਝਾ ਸਕਦੇ ਹਾਂ ਪਰ ਧੱਕਾ ਇਨ੍ਹਾਂ ਨਾਲ ਕੀਤਾ ਨਹੀਂ ਜਾ ਸਕਦਾ। ਉਨ੍ਹਾਂ ਦੱਸਿਆ ਕਿ ਪਰਾਲੀ ਨੂੰ ਅੱਗ ਲਾਉਣ ਦੇ ਕਾਰਨ ਹੋਣ ਵਾਲੇ ਧੂੰਏਂ ਦਾ ਸਭ ਤੋਂ ਪਹਿਲਾਂ ਨੁਕਸਾਨ ਕਿਸਾਨ ਭਰਾਵਾਂ ਦੇ ਅਪਣੇ ਪਰਿਵਾਰਾਂ ਪਿੰਡਾਂ ਨੂੰ ਪਹੁੰਚਦਾ ਹੈ। ਉਨ੍ਹਾਂ ਦੱਸਿਆ ਕਿ ਪ੍ਰਦੂਸ਼ਣ ਕਾਰਨ ਸਿਰਫ ਫੇਫੜਿਆਂ ਨੂੰ ਨੁਕਸਾਨ ਹੀ ਨਹੀਂ ਪਹੁੰਚਦਾ ਸਗੋਂ ਸਿਹਤ ਦੀਆਂ ਹੋਰ ਕਈ ਤਰ੍ਹਾਂ ਦੀਆਂ ਬੀਮਾਰੀਆਂ ਮਨੁੱਖ ਨੂੰ ਚਿੰਬੜ ਜਾਂਦੀਆਂ ਹਨ। ਉਨ੍ਹਾਂ ਇਸ ਗੱਲ ਦੀ ਖੁਸ਼ੀ ਵੀ ਪ੍ਰਗਟਾਈ ਕਿ ਨੌਜਵਾਨ ਪੀੜ੍ਹੀ ਸੁਚੇਤ ਹੋ ਰਹੀ ਹੈ ਅਤੇ ਹਰਿਆਵਲ ਮੁਹਿੰਮ ਦੇ ਤਹਿਤ ਉਨ੍ਹਾਂ ਵੱਲੋਂ ਹੁਣ ਪੌਦੇ ਲਾਉਣ ਦੀ ਮੁਹਿਮ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ ਜਾ ਰਿਹਾ ਹੈ ਅਤੇ ਦਰੱਖਤ ਵੱਡੀ ਮਾਤਰਾ ਵਿਚ ਲਾਏ ਜਾ ਰਹੇ ਹਨ । ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੀ ਮੁਹਿਮ ਸਦਕਾ ਪੰਜਾਬੀਅਤ ਜਗ੍ਹਾ ਜਗ੍ਹਾ ਤੇ ਮਿੰਨੀ ਜੰਗਲ ਲਗਾਏ ਜਾ ਰਹੇ ਹਨ। ਇਸ ਸਮਾਰੋਹ ਵਿੱਚ ਖੇਤੀਬਾੜੀ ਮਹਿਕਮੇ ਦੇ ਮਾਹਿਰਾਂ ਵੱਲੋਂ ਪਰਾਲੀ ਦੀ ਅੱਗ ਤੋਂ ਹੋਣ ਵਾਲੇ ਨੁਕਸਾਨ, ਇਸ ਨੂੰ ਕਿਵੇਂ ਰੋਕਿਆ ਜਾਵੇ ਅਤੇ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆ ਬਾਰੇ ਜਾਣਕਾਰੀ ਦਿੱਤੀ ਗਈ। ਇਸ ਸਮਾਰੋਹ ਵਿੱਚ ਪਰਾਲੀ ਦੀ ਅੱਗ ਤੋਂ ਹੋਣ ਵਾਲੇ ਨੁਕਸਾਨ ਨੂੰ ਦੱਸਦਾ ਹੋਇਆ ਕਲਾਕਾਰਾਂ ਵੱਲੋਂ ਇੱਕ ਨੁੱਕੜ ਨਾਟਕ ਪੇਸ ਕੀਤਾ ਗਿਆ ਅਤੇ ਨਾੜ ਨੂੰ ਅੱਗ ਨਾ ਲਗਾਨਉਣ ਵਾਲੇ ਕਿਸਾਲਾ ਵੱਲੋਂ ਆਪਣੇ ਤਜਰਬੇ ਅਤੇ ਇਸ ਤੋਂ ਹੋਣ ਵਾਲੇ ਫਾਇਦੇ ਸਮਾਰੋਹ ਵਿੱਚ ਸਾਮਿਲ ਪੱਤਵੰਤੇ ਸਜਣਾ ਨਾਲ ਸਾਂਝੇ ਕੀਤੇ ਗਏ। ਸਮਾਗਮ ਵਿੱਚ ਉਨ੍ਹਾਂ ਉੱਦਮੀ ਕਿਸਾਨਾਂ ਜਿਨ੍ਹਾਂ ਨੇ ਲੰਬੇ ਸਮੇਂ ਤੋਂ ਪਰਾਲੀ ਨੂੰ ਅੱਗ ਨਹੀਂ ਲਾਈ ਵੱਲੋਂ ਵੀ ਆਪਣੇ ਤਜਰਬੇ ਸਾਂਝੇ ਕੀਤੇ ਗਏ। ਇਨ੍ਹਾਂ ਵਿੱਚ ਗੁਰਪ੍ਰੀਤ ਸਿੰਘ ਚੰਦਬਾਜਾ, ਸੁਰਜੀਤ ਸਿੰਘ ਸਾਧੂਗੜ੍ਹ, ਰਣਜੀਤ ਸਿੰਘ ਬਸੀ ਪਠਾਨਾਂ ਘੁਮੰਡਗੜ੍ਹ, ਕਾਬਲ ਸਿੰਘ ਚੁਗਾਵਾਂ ਨੇ ਕਿਸਾਨ ਭਰਾਵਾਂ ਨੂੰ ਦੱਸਿਆ ਕਿ ਉਨ੍ਹਾਂ ਵੱਲੋਂ ਕਿਸ ਤਰ੍ਹਾਂ ਪਰਾਲੀ ਦੀ ਰਹਿੰਦ ਖੂੰਹਦ ਨੂੰ ਅੱਗ ਨਾ ਲਗਾ ਕੇ ਖੇਤੀ ਕੀਤੀ ਜਾਂਦੀ ਹੈ ਅਤੇ ਜਿੱਥੇ ਧਰਤੀ ਦੀ ਉਪਜਾਊ ਸ਼ਕਤੀ ਨੂੰ ਬਰਕਰਾਰ ਰੱਖਿਆ ਗਿਆ ਅਤੇ ਉਨ੍ਹਾਂ ਦੀ ਆਮਦਨ ਵਿੱਚ ਵੀ ਚੋਖਾ ਵਾਧਾ ਹੋਇਆ ਹੈ।

ਇਸ ਸਮਾਰੋਹ ਵਿੱਚ ਸ੍ਰੀ ਰਾਹੁਲ ਤਿਵਾੜੀ, ਆਈ.ਏ.ਐਸ. ਸਕੱਤਰ, ਵਿਗਿਆਨ ਤਕਨੀਕ ਅਤੇ ਵਾਤਾਵਰਣ ਵਿਭਾਗ, ਪੰਜਾਬ, ਪ੍ਰੋਫ. (ਡਾ.) ਅਦਰਸ ਪਾਲ ਵਿਗ, ਚੇਅਰਮੈਨ, ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਡਾ. ਸੁਖਪਾਲ ਸਿੰਘ, ਫਾਰਮਰਜ਼ ਕਮਿਸ਼ਨ ਦੇ ਚੇਅਰਮੈਨ, ਸ੍ਰੀ ਕਰਨੇਸ ਗਰਗ, ਉਮੇਂਦਰ ਦੱਤ, ਖੇਤੀ ਵਿਰਾਸਤ ਮਿਸਨ ਦੇ ਕਾਰਜਕਾਰੀ ਨਿਰਦੇਸਕ, ਵਧੀਕ ਡਿਪਟੀ ਕਮਿਸਨਰ ਐਸ ਏ ਐਸ ਨਗਰ ਸ੍ਰੀਮਤੀ ਅਵਨੀਤ ਕੌਰ, ਮੈਂਬਰ ਸਕੱਤਰ, ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਸ੍ਰੀ ਲਵਨੀਤ ਕੁਮਾਰ ਦੂਬੇ, ਸੀਨੀਅਰ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਸ੍ਰੀ ਗੁਰਸਰਨ ਦਾਸ ਗਰਗ, ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਅਤੇ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਦੇ ਹੋਰ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਸ਼ਮੂਲੀਅਤ ਕੀਤੀ ਗਈ।

# ਪਰਾਲੀ ਨੂੰ ਅੱਗ ਨਾ ਲਾਉਣ ਵਾਲੇ ਪੰਜਾਬ ਦੇ ਉੱਦਮੀ ਕਿਸਾਨਾਂ ਦਾ ਪੰਜਾਬ ਸਰਕਾਰ ਵੱਲੋਂ ਸਨਮਾਨ

**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)**-ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਸਥਾਨਕ ਗੁਰੂਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਸਮੂਹ ਆਸ਼ਾ ਵਰਕਰਜ਼ ਦੀ ਕਾਮਨ ਰਿਵਿਊ ਮਿਸ਼ਨ ਸਬੰਧੀ ਮੀਟਿੰਗ ਹੋਈ। ਇਸ ਮੌਕੇ ਤੇ ਡਾ.ਗੋਬਿੰਦ ਟੰਡਨ ਨੇ ਸਮੂਹ ਆਸ਼ਾ ਵਰਕਰਜ਼ ਨੂੰ ਕਿਹਾ ਕਿ ਕਾਮਨ ਰਿਵਿਊ ਮਿਸ਼ਨ ਭਾਰਤ ਸਰਕਾਰ ਦੀ ਟੀਮ ਜੋ ਕਿ ਜ਼ਿਲ੍ਹਾ ਰੂਪਨਗਰ ਵਿੱਚ ਮਿਤੀ 6 ਅਕਤੂਬਰ ਤੋਂ 10 ਅਕਤੂਬਰ ਤੱਕ ਰਹੇਗੀ। ਇਸ ਟੀਮ ਵੱਲੋਂ ਕੌਮੀ ਸਿਹਤ ਪ੍ਰੋਗਰਾਮਾਂ ਸਬੰਧੀ ਰਿਪੋਰਟ ਤਿਆਰ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾਂ ਸਮੂਹ ਆਸ਼ਾ ਵਰਕਰਜ਼ ਨੂੰ ਕੌਮੀ ਸਿਹਤ ਪ੍ਰੋਗਰਾਮਾਂ ਸਬੰਧੀ ਰਿਫਰੈਸ਼ਰ ਟ੍ਰੇਨਿੰਗ ਦਿੱਤੀ ਗਈ। ਉਨ੍ਹਾਂ ਸਮੂਹ ਆਸ਼ਾ ਫੈਸਿਲੀਟੇਟਰਜ਼ ਨੂੰ ਹਦਾਇਤ ਕੀਤੀ ਕਿ ਉਹ ਸਮੂਹ ਆਸ਼ਾ ਵਰਕਰਜ਼ ਦੇ ਪੇਂਡੂ ਸਿਹਤ ਤੇ ਸਫਾਈ ਕਮੇਟੀ, ਮਾਂ ਪ੍ਰੋਗਰਾਮ, ਹਾਈਰਿਸਕ ਗਰਭਵਤੀ ਮਹਿਲਾਂਵਾ, ਆਰ.ਸੀ.ਐਚ ਦਾ ਰਿਕਾਰਡ ਅਤੇ ਆਸ਼ਾ ਵੱਲੋਂ ਪਿੰਡਾਂ ਵਿੱਚ ਦਿੱਤੀਆਂ ਜਾਣ ਵਾਲੀਆਂ ਸਿਹਤ ਸਹੂਲਤਾਂ ਬਾਰੇ ਦਾ ਰਿਕਾਰਡ ਚੈੱਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਮੂਹ ਆਸ਼ਾ ਵਰਕਰਜ਼ ਆਪਣਾ ਰਿਕਾਰਡ ਪੂਰਾ ਕਰਨ ਤੇ ਹਰ ਆਪਣੇ ਏਰੀਏ ਦੀ ਗਰਭਵਤੀ ਮਹਿਲਾ ਦੀ ਸਮੇਂ ਸਿਰ ਰਜਿਸਟ੍ਰੇਸ਼ਨ ਕੀਤੀ ਜਾਵੇ ਤੇ ਹਾਈਰਿਸਕ ਗਰਭਵਤੀ ਮਹਿਲਾਂਵਾ ਦਾ ਪੂਰਾ ਰਿਕਾਰਡ ਰੱਖਿਆ ਜਾਵੇ ਤੇ ਉਨ੍ਹਾਂ ਘਰ ਜਿਆਦਾ ਵਿਜ਼ਟ ਕੀਤੀ ਜਾਵੇ ਅਤੇ ਉਨ੍ਹਾਂ ਦੇ ਘਰਾਂ ਵਿੱਚ ਜਾ ਕੇ ਉਨ੍ਹਾਂ ਦੀ ਸਿਹਤ ਵਿੱਚ ਬਦਲਾਅ ਨੂੰ ਨੋਟ ਕੀਤਾ ਜਾਵੇ ਤਾਂ ਜੋ ਉਨ੍ਹਾਂ ਦਾ ਡਾਕਟਰੀ ਮੁਆਇਨਾ ਕਰਵਾ ਕੇ ਇਲਾਜ਼ ਸਮੇਂ ਸਿਰ ਕੀਤਾ ਜਾ ਸਕੇ। ਇਸ ਮੌਕੇ 'ਤੇ ਡਾ.ਸਚਿਨ ਕੁਮਾਰ ਨੇ ਰਾਸ਼ਟਰੀ ਬਾਲ ਸਵਾਸਥ ਕਾਰਯਕ੍ਰਮ, ਡਾ.ਹਰਨਰਾਇਣ ਸਿੰਘ ਨੇ ਨੈਸ਼ਨਲ ਬਲਾਈਂਡਨੈਸ ਕੰਟਰੋਲ ਪ੍ਰੋਗਰਾਮ, ਅਮਰਜੀਤ ਸਿੰਘ ਅਕਾਊਂਟੈਂਟ ਨੇ ਆਸ਼ਾ ਇੰਨਸੈਂਟਿਵ, ਫਿਜੀਕਲ ਤੇ ਵਿੱਤੀ ਰਿਪੋਰਟਾਂ, ਮੰਜੂ ਬੀ.ਐਸ.ਏ ਨੇ ਗਰਭਵਤੀ ਮਹਿਲਾਂਵਾ ਤੇ ਬੱਚਿਆਂ ਦਾ ਰਿਕਾਰਡ ਸਬੰਧੀ ਆਸ਼ਾ ਵਰਕਰਜ਼ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਮੌਕੇ ਤੇ ਮਲਟੀਪਰਪਜ਼ ਹੈਲਥ ਸੁਪਰਵਾਈਜਰ ਦਵਿੰਦਰ ਸਿੰਘ, ਨਾਗਰ ਸਿੰਘ, ਸਮੂਹ ਆਸ਼ਾ ਫੈਸਿਲੀਟੇਟਰਜ਼ ਅਤੇ ਆਸ਼ਾ ਵਰਕਰਜ਼ ਹਾਜਰ ਸਨ।

# ਏਕਤਾ-ਉਗਰਾਹਾਂ ਵੱਲੋਂ ਪਹਿਲੀ ਨਵੰਬਰ ਨੂੰ ਗਦਰੀ ਬਾਬਿਆਂ ਦੇ ਮੇਲੇ 'ਤੇ ਵਹੀਰਾਂ ਘੱਤ ਕੇ ਜਲੰਧਰ ਪੁੱਜਣ ਦਾ ਸੱਦਾ

**ਚੰਡੀਗੜ੍ਹ (ਗੁਰਜੀਤ ਬਿੱਲਾ)** ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਦੀ ਸੂਬਾ ਕਮੇਟੀ ਵੱਲੋਂ ਪਹਿਲੀ ਨਵੰਬਰ ਨੂੰ ਗਦਰੀ ਬਾਬਿਆਂ ਦੀ ਯਾਦ 'ਚ ਹਰ ਸਾਲ ਮਨਾਏ ਜਾਂਦੇ ਮੇਲੇ 'ਤੇ ਸਮੂਹ ਕਿਸਾਨਾਂ ਮਜ਼ਦੂਰਾਂ, ਜਨਤਕ ਜੁਝਾਰੂਆਂ, ਲੋਕ-ਪੱਖੀ ਕਲਾਕਾਰਾਂ ਸਮੇਤ ਜਮਹੂਰੀ ਤੇ ਇਨਸਾਫਪਸੰਦ ਲੋਕਾਂ ਨੂੰ ਵਹੀਰਾਂ ਘੱਤ ਕੇ ਜਲੰਧਰ ਪੁੱਜਣ ਦਾ ਸੱਦਾ ਦਿੱਤਾ ਗਿਆ ਹੈ। ਇਸ ਸੰਬੰਧੀ ਅੱਜ ਇੱਥੇ ਸਾਂਝਾ ਪ੍ਰੈੱਸ ਬਿਆਨ ਜਾਰੀ ਕਰਦਿਆਂ ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਦੇਸ਼ ਭਗਤ ਯਾਦਗਾਰ ਹਾਲ ਦੀ ਪ੍ਰਬੰਧਕੀ ਕਮੇਟੀ ਵੱਲੋਂ ਐਤਕੀਂ ਮੇਲਾ ਸਾਮਰਾਜਵਾਦ ਅਤੇ ਫਿਰਕੂ-ਫਾਸ਼ੀ ਤਾਕਤਾਂ ਵਿਰੁੱਧ ਜੂਝ ਰਹੀਆਂ ਲੋਕ-ਲਹਿਰਾਂ ਨੂੰ ਸਮਰਪਿਤ ਹੈ। ਇਸ ਮੇਲੇ ਦੀ ਇਸ ਮੌਕੇ ਹੋਰ ਵੀ ਗਹਿਰੀ ਮਹੱਤਤਾ ਹੈ, ਜਦੋਂ ਦੇਸ਼ ਦੀ ਕੇਂਦਰੀ ਹਕੂਮਤ ਅਤੇ ਸੂਬਾਈ ਹਕੂਮਤਾਂ ਸਾਮਰਾਜੀ ਕਾਰਪੋਰੇਟਾਂ ਪੱਖੀ ਨੀਤੀਆਂ ਨੂੰ ਕਿਸਾਨਾਂ, ਮਜ਼ਦੂਰਾਂ, ਕਿਰਤੀਆਂ 'ਤੇ ਮੜ੍ਹਨ ਲਈ ਤਰਲੋਮੱਛੀ ਹੋ ਰਹੀਆਂ ਹਨ। ਗਦਰੀ ਜੁਝਾਰੂਆਂ ਵੱਲੋਂ ਅੰਗਰੇਜ਼ ਸਾਮਰਾਜੀਆਂ ਦੀ ਗੁਲਾਮੀ ਦਾ ਜੂਲਾ ਲਾਹੁਣ ਲਈ ਕੀਤੀਆਂ ਗਈਆਂ ਲਾਮਿਸਾਲ ਕੁਰਬਾਨੀਆਂ ਤੋਂ ਮਿਲਦੀ ਪ੍ਰੇਰਨਾ ਸਮਝਣ ਤੋਂ ਬਗੈਰ ਅੱਜ ਦੇ ਸਾਮਰਾਜ ਵਿਰੋਧੀ ਘੋਲਾਂ ਵਿੱਚ ਬਣਦਾ ਰੋਲ ਨਿਭਾਉਣਾ ਮੁਸ਼ਕਲ ਹੈ। ਵਿਦੇਸ਼ਾਂ ਵਿੱਚ ਪੜ੍ਹਾਈਆਂ ਅਤੇ ਕਮਾਈਆਂ ਕਰਨ ਗਏ ਕਰਤਾਰ ਸਰਾਭੇ,ਗੁਲਾਬ ਕੌਰ ਅਤੇ ਭਗਤ ਸਿੰਘ ਬਿਲਗਾ ਵਰਗੇ ਸੈਂਕੜੇ ਗਦਰੀ ਯੋਧੇ ਪੜ੍ਹਾਈਆਂ, ਕਮਾਈਆਂ ਇੱਥੋਂ ਤੱਕ ਕਿ ਵੱਡੇ-ਵੱਡੇ ਖੇਤੀ ਫਾਰਮਾਂ ਨੂੰ ਲੱਤ ਮਾਰ ਕੇ ਵਾਪਸ ਦੇਸ਼ ਪਰਤੇ ਅਤੇ ਸਾਮਰਾਜ ਵਿਰੋਧੀ ਲਹਿਰ ਵਿੱਚ ਜਾਨਾਂ ਤਲੀ 'ਤੇ ਰੱਖ ਕੇ ਆਖਰੀ ਦਮ ਤੱਕ ਜੂਝੇ। ਧਰਮਾਂ, ਜਾਤਾਂ ਤੇ ਹੋਰ ਹਰ ਕਿਸਮ ਦੀਆਂ ਵੰਡੀਆਂ ਤੋਂ ਉੱਪਰ ਉੱਠ ਕੇ ਫਾਂਸੀਆਂ 'ਤੇ ਝੂਲੇ, ਹਿੱਕਾਂ 'ਚ ਗੋਲੀਆਂ ਖਾਧੀਆਂ, ਕਾਲੇ ਪਾਣੀਆਂ ਦੀਆਂ ਜੇਲ੍ਹਾਂ ਕੱਟੀਆਂ ਅਤੇ ਸਾਮਰਾਜੀ ਜਰਵਾਣਿਆਂ ਦੇ ਅਣਮਨੁੱਖੀ ਤਸੀਹੇ ਵੀ ਝੱਲੇ। ਉਨ੍ਹਾਂ ਦੱਸਿਆ ਕਿ ਇਹ ਸਾਲਾਨਾ ਜੋੜ-ਮੇਲਾ ਲੋਕ ਹਿਤਾਂ ਖਾਤਰ ਹਰ ਯੁੱਗ ਦੇ ਸਾਮਰਾਜੀ ਜਰਵਾਣਿਆਂ ਵਿਰੁੱਧ ਜਾਨਾਂ ਤਲੀ 'ਤੇ ਧਰ ਕੇ ਜੂਝਣ ਵਾਲੇ ਸਾਰੇ ਜੁਝਾਰੂਆਂ ਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਸਿਜਦਾ ਕਰਨ ਦਾ ਚਿੰਨ੍ਹ ਬਣ ਚੁੱਕਿਆ ਹੈ। ਇਸ ਲਈ ਜਥੇਬੰਦੀ ਵੱਲੋਂ ਆਪਣੀ ਰਵਾਇਤ ਅਨੁਸਾਰ ਐਤਕੀਂ ਵੀ ਸੈਂਕੜੇ ਕਿਸਾਨਾਂ ਦੇ ਕਾਫਲੇ ਸੰਘਰਸ਼ ਦੇ ਪ੍ਰਤੀਕ ਝੰਡਿਆਂ ਸਮੇਤ ਇਸ ਯਾਦਗਾਰੀ ਮੇਲੇ ਵਿਚ ਸ਼ਾਮਲ ਹੋ ਰਹੇ ਹਨ। ਕਿਸਾਨ ਆਗੂਆਂ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਦੀ ਜਥੇਬੰਦੀ ਵੱਲੋਂ ਸਭ ਤੋਂ ਛੋਟੀ ਉਮਰ ਦੇ ਗਦਰੀ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ 107ਵਾਂ ਸ਼ਹੀਦੀ ਦਿਹਾੜਾ 16 ਨਵੰਬਰ ਨੂੰ ਵੱਡਾ ਇਕੱਠ ਕਰਕੇ ਸਾਮਰਾਜ ਵਿਰੋਧੀ ਦਿਵਸ ਵਜੋਂ ਮਨਾਇਆ ਜਾਵੇਗਾ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ 'ਚ ਚੌਥੀ ਪ੍ਰਭਾਤ ਫੇਰੀ

**ਕਰਤਾਰਪੁਰ (ਹਰਮੇਸ਼ ਦੱਤ)**- ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਚੌਥੀ ਪ੍ਰਭਾਤ ਫੇਰੀ ਗੁਰਦੁਆਰਾ ਸ੍ਰੀ ਥੰਮ੍ਹ ਜੀ ਸਾਹਿਬ ਤੋਂ ਭਾਈ ਘਨ੍ਹਈਆ ਜੀ ਸੇਵਾ ਸੁਸਾਇਟੀ (ਰਜਿ.) ਵੱਲੋਂ ਅਤੇ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਅੰਮ੍ਰਿਤ ਵੇਲੇ ਪ੍ਰਭਾਤ ਫੇਰੀ ਸ਼ੁਰੂ ਹੁੰਦੀ ਹੋਈ ਹਰਜੀਤ ਸਿੰਘ ਚਰੱਖੜੀ ਮੁਹੱਲਾ ਅਤੇ ਖਲੀਫ਼ਾ ਗੇਟ ਕਰਮਨਪ੍ਰੀਤ ਸਿੰਘ ਬੇਦੀ ਦੇ ਗ੍ਰਿਹ ਵਿਖੇ ਪੁੱਜੀ। ਜਿੱਥੇ ਭਾਈ ਘਨ੍ਹਈਆ ਜੀ ਸੇਵਾ ਸੁਸਾਇਟੀ(ਰਜਿ.) ਅਤੇ ਸਮੂਹ ਸੰਗਤਾਂ ਵੱਲੋਂ ਸ਼ਬਦ ਕੀਰਤਨ ਕੀਤਾ ਗਿਆ। ਅਰਦਾਸ ਉਪਰੰਤ ਬਾਅਦ ਸਮੂਹ ਸੰਗਤ ਨੂੰ ਚਾਹ ਦਾ ਅਤੇ ਗੁਰੂ ਕਾ ਲੰਗਰ ਬੜੇ ਪਿਆਰ ਅਤੇ ਸਤਿਕਾਰ ਨਾਲ ਛਕਾਇਆ ਗਿਆ। ਇਸ ਮੌਕੇ 'ਤੇ ਸੁਸਾਇਟੀ ਦੇ ਗੁਰਪ੍ਰੀਤ ਸਿੰਘ ਖਾਲਸਾ ਚੇਅਰਮੈਨ ,ਤਜਿੰਦਰ ਸਿੰਘ ਪ੍ਰਧਾਨ,ਨਿਰਵੈਰ ਸਿੰਘ ਸਕੱਤਰ, ਗੁਰਦਿੱਤ ਸਿੰਘ ਖਜ਼ਾਨਚੀ,ਦਰਸ਼ਨ ਸਿੰਘ ਮੀਤ ਪ੍ਰਧਾਨ,ਮਾਸਟਰ ਅਮਰੀਕ ਸਿੰਘ ਮੁੱਖ ਸਲਾਹਕਾਰ, ਅਮਰਜੀਤ ਸਿੰਘ ਸਲਾਹਕਾਰ,ਉਂਕਾਰ ਸਿੰਘ ਸਲਾਹਕਾਰ,ਤਜਿੰਦਰ ਸਿੰਘ ਪ੍ਰੈੱਸ ਸਕੱਤਰ,ਰਾਗੀ ਭਾਈ ਚਰਨਜੀਤ ਸਿੰਘ , ਭਾਈ ਮਨਜੀਤ ਸਿੰਘ , ਸੁਰਜੀ ਸਿੰਘ ,ਹਰਵਿੰਦਰ ਸਿੰਘ ਛਾਬੜਾ,ਭਾਈ ਚਰਨਜੀਤ ਸਿੰਘ,ਭਾਈ



ਮਨਜੀਤ ਸਿੰਘ, ਜਗਜੀਤ ਸਿੰਘ ਛਾਬੜਾ,ਪ੍ਰਿਤਪਾਲ ਸਿੰਘ ਛਾਬੜਾ,ਚਰਨਜੀਤ ਸਿੰਘ ਨਾਗੀ,ਗੁਰਦੇਵ ਸਿੰਘ,ਅਵਤਾਰ ਸਿੰਘ,ਮੱਖਣ ਸਿੰਘ,ਉਂਕਾਰ ਸਿੰਘ ਵਿਲਖੂ,ਸਾਬੀ,ਰਣਦੀਪ ਸਿੰਘ , ਮਨਕੀਰਤ ਸਿੰਘ,ਨਵਕਰਨ ਸਿੰਘ , ਹਰਮਨ ਸਿੰਘ , ਗੁਰਵੀਰ ਸਿੰਘ , ਅਜੇਪਾਲ ਸਿੰਘ, ਜਗਤਾਰ ਸਿੰਘ , ਮਨਿੰਦਰ ਸਿੰਘ , ਤਜਿੰਦਰ ਸਿੰਘ ਮਾਨ ,ਬਿੰਦਰ ਸਿੰਘ,ਤਨਵੀਰ ਸਿੰਘ , ਸਰਬਜੋਤ ਸਿੰਘ ,ਰਾਜਜੀਤ ਸਿੰਘ , ਬਲਕਾਰ ਸਿੰਘ ,ਕਰਨਪ੍ਰੀਤ ਸਿੰਘ , ਅਰਸ਼ ਸਿੰਘ , ਕੌਂਸਲਰ ਮਨਜਿੰਦਰ ਕੌਰ,ਰਾਜਵੰਤ ਕੌਰ,ਮਨਦੀਪ ਕੌਰ,ਬਲਵਿੰਦਰ ਕੌਰ,ਹਰਸ਼ਦੀਪ ਕੌਰ,ਅੰਤਰਪ੍ਰੀਤ ਕੌਰ,ਕੁਲਵੰਤ ਕੌਰ ਅਤੇ ਹੋਰ ਸੰਗਤਾਂ ਹਾਜ਼ਰ ਸਨ।

# ਚਿਮਨੇ ਵਾਲਾ ਦਾ ਖੇਡ ਮੇਲਾ ਅਮਿੱਟ ਯਾਦਾਂ ਛੱਡਦਾ ਹੋਇਆ ਸਮਾਪਤ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)**-ਸੰਤ ਬਾਬਾ ਚੰਨਣ ਸਿੰਘ ਸਪੋਰਟਸ ਕਲੱਬ ਚਿਮਨੇ ਵਾਲਾ ਵਲੋਂ ਪਿੰਡ ਦੀ ਪੰਚਾਇਤ ਤੇ ਨਗਰ ਵਾਸੀਆਂ ਤੇ ਐਨ ਆਰ ਆਈ ਪਰਿਵਾਰਾਂ ਦੇ ਸਹਿਯੋਗ ਨਾਲ ਸਾਲਾਨਾ 28ਵਾਂ ਪੇਂਡੂ ਖੇਡ ਟੂਰਨਾਮੈਂਟ 25, 26ਤੇ 27 ਅਕਤੂਬਰ ਤੱਕ ਕਰਵਾਇਆ ਗਿਆ। ਜਿਸ ਦੌਰਾਨ ਤਿੰਨੇ ਦਿਨ ਹੀ ਬਹੁਤ ਦਿਲਚਸਪ ਮੁਕਾਬਲੇ ਦੇਖਣ ਨੂੰ ਮਿਲੇ। ਸਵੇਰ ਤੋਂ ਹੀ ਦਰਸ਼ਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਸੀ। ਇਸ ਟੂਰਨਾਮੈਂਟ ਵਿੱਚ ਕਬਡੀ 48 ਕਿਲੋ, 57 ਕਿਲੋ 'ਤੇ 70 ਕਿਲੋ ਅਤੇ ਫੁੱਟਬਾਲ ਉਪਨ ਦੇ ਮੈਚ ਖੇਡੇ ਗਏ। ਖੇਡ ਪ੍ਰੇਮੀਆਂ ਨੇ ਇਸ ਪੇਂਡੂ ਖੇਡ ਟੂਰਨਾਮੈਂਟ 'ਚ ਲਾਇਵ ਜੁੜ ਕੇ ਸਮੇਤ ਹੋਰ ਸ਼ਹਿਰਾਂ ਤੋਂ ਖੇਡਾਂ ਦਾ ਆਨੰਦ ਲਈ ਭਾਰੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਇਹ ਪੇਂਡੂ ਖੇਡ ਟੂਰਨਾਮੈਂਟ ਦੇਰ ਸ਼ਾਮ ਸ਼ਾਨੋ ਸ਼ੌਕਤ ਨਾਲ ਅਮਿੱਟ ਯਾਦਾਂ ਨੂੰ ਛੱਡਦਾ ਹੋਇਆ ਸਮਾਪਤ ਹੋ ਗਿਆ। ਦਿਨ ਬੁੱਧਵਾਰ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈ ਕੇ 25 ਅਕਤੂਬਰ 2022 ਨੂੰ ਕਰੀਬ 10 ਵਜੇ ਪਹਿਲਾ ਫੁੱਟਬਾਲ ਦਾ ਮੈਚ ਸਰਪੰਚ ਗੁਰਪ੍ਰੀਤ ਸਿੰਘ (ਵਿੱਕੀ) ਤੇ ਸਮੂਹ ਗ੍ਰਾਮ ਪੰਚਾਇਤ ਵੱਲੋਂ ਰੀਬਨ ਕੱਟ ਕੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੰਦੇ ਹੋਏ ਸ਼ੁਰੂਆਤ ਕੀਤੀ। ਸ਼ੁੱਕਰਵਾਰ ਵਾਲੇ ਦਿਨ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਤੇ ਤਿੰਨ ਦਿਨ ਨਿਰੰਤਰ ਲੰਗਰ ਅਤੁੱਟ ਵਰਤਾਇਆ ਗਿਆ। ਦੂਸਰੇ ਪਾਸੇ ਕਬੱਡੀ ਖਿਡਾਰੀ 48 ਕਿਲੋ,57 ਕਿਲੋ,70 ਕਿਲੋ ਵੀ ਆਪਣਾ ਪ੍ਰਦਰਸ਼ਨ ਕਰਨ ਤੋਂ ਵਾਂਝੇ ਨਹੀ ਰਹਿ ਸਕੇ, ਇਨਾਂ ਮੈਚਾਂ ਦਾ ਰਸ਼ਮੀ ਉਦਘਾਟਨ ਅਵਤਾਰ ਸਿੰਘ ਜਟਾਣਾ, ਬੇਅੰਤ ਸਿੰਘ ਜਟਾਣਾ ਤੇ ਸਮੂਹ ਜਟਾਣਾ ਪਰਿਵਾਰ ਨਾਲ ਕਬੱਡੀ ਦੀਆਂ ਪਿਛਲੇ ਲੰਮੇ ਅਰਸੇ ਤੋਂ ਆਪਣੀ ਬਾਖੂਬੀ ਡਿਊਟੀ ਨਿਭਾ ਰਹੇ ਮਾਸਟਰ ਸਤਪਾਲ ਮਾਸਟਰ, ਮਾਸਟਰ ਜਸਵਿੰਦਰ ਸਿੰਘ, ਡਾਕਟਰ ਪਰਗਟ ਸਿੰਘ ਬਰਾੜ, ਸੁਖਚੈਨ ਬਰਾੜ, ਬਲਜੀਤ ਬਰਾੜ ਤੇ ਬਿੱਟੂ ਕੰਬੋਜ ਨੇ ਆਪਣੀ ਅਹਿਮ ਜ਼ੁੰਮੇਵਾਰੀਆਂ ਨੂੰ ਸਮਝਦੇ ਹੋਏ ਕਬੱਡੀ ਦੇ ਖੇਡ ਗਰਾਊਂਡ ਚੋਂ ਨਿਰਸਵਾਰਥ ਲਗਾਤਾਰ ਤਿੰਨੇ ਦਿਨ ਸੇਵਾਵਾਂ ਨਿਭਾ ਕੇ ਸਹਿਯੋਗ ਦਿੱਤਾ। ਮਾਂ ਖੇਡ ਕੱਬਡੀ ਲਈ ਰੈਫਰਸ਼ਿਪ ਦੀਆਂ ਸੇਵਾਵਾਂ ਹਮੇਸ਼ਾਂ ਦੀ ਤਰ੍ਹਾਂ ਇਸ ਸਾਲ ਵੀ ਸਰਪੰਚ ਜਸਵੰਤ ਸਿੰਘ ਰੋੜੀ ਕਪੂਰਾ, ਰਾਜਾ ਤੇ ਸੁਖਮੰਦਰ ਸਿੰਘ ਵਿੱਡੇ ਬਾਖੂਬੀ ਨਿਭਾਈਆਂ। ਕੱਬਡੀ ਕੁਮੈਂਟਰੀ ਲਈ ਸਤਨਾਮ ਖਾਰਾ, ਸਾਗਰ ਖਿੜਕੀਆਂ ਵਾਲਾ, ਨਵਦੀਪ ਦਬੜੀਖਾਨਾ ,ਰਿੰਕੂ ਜੌੜਕੀ ਵਾਲਾ ਨੇ ਆਪਣੀ ਦਮਦਾਰ ਆਵਾਜ ਦੇ ਜਾਦੂ ਨਾਲ ਲੋਕਾਂ ਨੂੰ ਇੱਕ- ਇੱਕ ਖਿਡਾਰੀ ਬਾਰੇ ਰੂਬਰੂ ਕਰਵਾਇਆ । ਇਸ ਮੌਕੇ ਕੱਬਡੀ 48 ਦੇ ਕਿਲੋ ਦਾ ਫਾਇਨਲ ਮੁਕਾਬਲੇ ਮਾਨ ਸਿੰਘ ਵਾਲਾ ਤੇ ਵਿਰਕ ਖੇੜਾ,ਜਿਸ ਵਿੱਚ ਮਾਨ ਸਿੰਘ ਵਾਲਾ ਜੇਤੂ ਤੇ ਵਿਰਕ ਖੇੜਾ ਉਪ ਜੇਤੂ ,57 ਕਿਲੋ ਦੇ ਲੁੰਡੇ ਵਾਲਾ ਤੇ ਔਲਖ ਜਿਸ ਵਿੱਚ ਲੁੰਡੇ ਵਾਲਾ ਜੇਤੂ ਅਤੇ ਔਲਖ ਉਪ ਜੇਤੂ,70 ਕਿਲੋ ਦੇ ਗਿਲਜੇਵਾਲਾ ਤੇ ਰਾਮਪੁਰਾ , ਜਿਸ ਵਿੱਚ ਗਿਲਜੇਵਾਲਾ ਜੇਤੂ ਤੇ ਰਾਮਪੁਰਾ ਉਪ ਜੇਤੂ ਰਹੇ। ਜੇਤੂ ਤੇ ਉਪ ਜੇਤੂ ਟੀਮਾਂ ਚੋਂ 48 ਕਿਲੋ 'ਚੋਂ 5100-4100 , 57 ਕਿਲੋ 'ਚੋਂ 7100 -5100,70ਕਿਲੋਂ 'ਚੋਂ 15000-10000 ਦੀ ਨਗਦ ਰਾਸ਼ੀ ਤੇ ਟਰਾਫੀਆਂ ਮੁੱਖ ਮਹਿਮਾਨ ਬਤੌਰ ਪਾਹੁੰਚੇ ਜਲਾਲਾਬਾਦ ਦੇ ਵਿਧਾਇਕ ਗੋਲਡੀ ਕੰਬੋਜ ਤੇ ਵਿਸ਼ੇਸ਼ ਮਹਿਮਾਨ ਮਨਜਿੰਦਰ ਖੇੜਾ ਦੁਆਰਾ ਟੀਮਾਂ ਸਨਮਾਨਿਤ ਕਰਵਾਇਆ ਗਿਆ। ਸੈਮੀਫਾਈਨਲ ਫਾਇਨਲ ਹਾਰਨ ਵਾਲੀਆਂ ਅਲੱਗ ਅਲੱਗ ਵਰਗ ਦੀਆਂ ਕੱਬਡੀ ਤੇ ਫੁੱਟਬਾਲ ਟੀਮਾਂ ਨੂੰ ਵੀ 1100-1100, 1500-1500, 2100-2100 ਦੀ ਨਗਦ ਰਾਸ਼ੀ ਦੇ ਕੇ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਕੱਲਬ ਵੱਲੋਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਫਾਈਨਲ ਮੁਕਾਬਲੇ ਟੂਰਨਾਮੈਂਟ ਦੇ ਬੈਸਟ ਧਾਵੀ ਸਿੰਦਾ ਔਲਖ ਵਾਲਾ ਅਤੇ ਬੈਸਟ ਜਾਫੀ ਸੀਰਾ ਲੁੰਡੇ ਵਾਲਾ ਚੁਣਿਆ ਗਿਆ। ਛੋਟੇ ਛੋਟੇ ਬੱਚਿਆਂ ਨੇ ਵੀ ਮੇਲੇ ਦੀ ਰੌਣਕ ਨੂੰ ਚਾਰ ਚੰਨ ਲਾਉਣ ਲਈ ਅੰਡਰ-14 ਦੇ ਫੁੱਟਬਾਲ ਟੀਮਾਂ ਗੰਧੜ, ਕਿੜਿਆਂਵਾਲਾ , ਬਾਂਡੀਵਾਲਾ ਟੀਮਾਂ ਨੇ ਭਾਗ ਲਿਆ। ਜਿਸ ਵਿੱਚ ਬਾਂਡੀਵਾਲਾ ਤੇ ਚਿਮਨੇ ਵਾਲਾ ਦੇ ਦੌਰਾਨ ਅਹਿਮ ਫਾਇਨਲ ਮੁਕਾਬਲਾ ਦੇਖਣ ਨੂੰ ਮਿਲਿਆ। ਜਿਸ ਵਿੱਚ ਅੰਡਰ-14 ਬਾਂਡੀਵਾਲਾ ਜੇਤੂ ਤੇ ਚਿਮਨੇ ਵਾਲਾ ਉਪ ਜੇਤੂ ਰਿਹਾ। ਅੰਡਰ- 14 ਟੀਮ ਨੂੰ ਵਿਸ਼ੇਸ ਤੌਰ ਨਗਦ ਰਾਸ਼ੀ ਤੇ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ। ਫੁੱਟਬਾਲ ਉਪਨ ਦਾ ਪਹਿਲਾ ਸੈਮੀਫਾਈਨਲ ਖੁੰਨਣ ਕਲਾਂ ਤੇ ਸਾਹਨੇਵਾਲ ਮਾਨਸਾ ਦੇ ਵਿਚਕਾਰ ਖੇਡਿਆ ਗਿਆ ਜਿਸ ਵਿੱਚ ਖੁੰਨਣ ਕਲਾਂ ਜੇਤੂ ਰਿਹਾ। ਦੂਸਰੇ ਪੂਲ ਦਾ ਸੈਮੀਫਾਈਨਲ ਫੁੱਟਬਾਲ ਉਪਨ ਸੰਤ ਬਾਬਾ ਚੰਨਣ ਸਿੰਘ ਸਪੋਰਟਸ ਕਲੱਬ ਚਿਮਨੇ ਵਾਲਾ ਤੇ ਡੱਬਵਾਲੀ ਕਲਾਂ ਦੇ ਵਿਚਕਾਰ ਰੋਮਾਂਚਿਕ ਮੁਕਾਬਲਾ ਦੇਖਣ ਨੂੰ ਮਿਲਿਆ। ਡੱਬਵਾਲੀ ਕਲਾਂ ਨੇ 1-0 ਦੇ ਫਰਕ ਨਾਲ ਸੰਘਰਸ਼ ਜਾਰੀ ਰੱਖਿਆ ਪਰ ਸੰਤ ਬਾਬਾ ਚੰਨਣ ਸਿੰਘ ਸਪੋਰਟਸ ਕਲੱਬ ਚਿਮਨੇਵਾਲਾ ਦੇ ਸੁਪਰ ਸਟਾਰ ,ਬਹੁਤ ਮੇਹਨਤੀ ਮੈਚ ਦੌਰਾਨ ਜਿੰਦਜਾਨ ਲਾ ਕੇ ਖੇਡਣ ਵਾਲਾ ਖਿਡਾਰੀ ਰਿੰਕਾ ਗਰੇਵਾਲ ਵੱਲੋਂ ਮੈਚ ਸਮਾਪਤ ਅੰਤ ਦੇ ਕੁਝ ਪਲਾਂ ਚੋਂ ਹੀ ਗੋਲ ਕਰ ਮੈਚ ਬਰਾਬਰ ਕਰ ਦਿੱਤਾ। ਅਖੀਰ ਪਲੈਟੀ ਸੂਟ ਆਉਟ ਤੇ 1-3 ਦੇ ਫਰਕ ਨਾਲ ਸੰਤ ਬਾਬਾ ਚੰਨਣ



ਸਿੰਘ ਸਪੋਰਟਸ ਕਲੱਬ ਚਿਮਨੇ ਵਾਲਾ ਨੇ ਮੈਚ ਜਿੱਤ ਫਾਇਨਲ ਚੋਂ ਪ੍ਰਵੇਸ਼ ਕਰ ਲਿਆ ਜਿਸ ਤੋਂ ਖੁਸ਼ ਹੋ ਕੇ ਜੌੜਕੀ ਅੰਧੇ ਵਾਲੀ ਦੇ ਸਰਪੰਚ ਮਹਿਪਾਲ ਸਿੰਘ (ਗੋਰਾ) ਤੇ ਰਿੰਕਾ ਚੌਹਾਨ ਵੱਲੋ 6200 ਦੀ ਨਗਦ ਰਾਸ਼ੀ ਦੇ ਕੇ ਸਮੂਹ ਟੀਮ ਨੂੰ ਫਾਈਨਲ ਚੋਂ ਪ੍ਰਵੇਸ਼ ਕਰਨ ਤੇ ਸਨਮਾਨਿਤ ਕੀਤਾ। ਤਕਰੀਬਨ 30 ਕੁ ਮਿੰਟ ਦੀ ਬਰੇਕ ਦੇ ਬਾਅਦ ਫਾਇਨਲ ਮੈਚ ਦਾ ਮੁਕਾਬਲਾ ਖੁੰਨਣ ਕਲਾਂ ਮੁਕਤਸਰ ਸਾਹਿਬ ਤੇ ਸੰਤ ਚੰਨਣ ਸਿੰਘ ਸਪੋਰਟਸ ਕਲੱਬ ਚਿਮਨੇਵਾਲਾ ਨੇ ਵਿਚਕਾਰ ਖੇਡਿਆ ਗਿਆ ਇਸ ਮੁਕਾਬਲੇ ਦੌਰਾਨ ਨੂੰ 2-1 ਗੋਲਾਂ ਦੇ ਫਰਕ ਨਾਲ ਖੁੰਨਣ ਕਲਾਂ ਜੇਤੂ ਤੇ ਚਿਮਨੇਵਾਲਾ ਉਪ ਜੇਤੂ ਰਹਿ ਕੇ ਪੇਂਡੂ ਖੇਡ ਟੂਰਨਾਮੈਂਟ ਦੀ ਅਮਿੱਟ ਯਾਦ ਬਣ ਕੇ ਸਮਾਪਤ ਹੋਇਆ ਮੁਰਾਦਵਾਲਾ ਦਲ ਸਿੰਘ ਦੇ ਸਰਪੰਚ ਗੁਰਜੀਤ ਸਿੰਘ ਵੱਲੋਂ ਸਮੂਹ ਟੀਮ ਨੂੰ 1100 ਰੁਪਏ ਦੀ ਨਗਦ ਰਾਸ਼ੀ ਵਧੀਆ ਪ੍ਰਦਰਸ਼ਨ ਤੇ ਹੌਸ਼ਲਾ ਹਫਜ਼ਾਈ ਲਈ ਵਿਸ਼ੇਸ਼ ਇਨਾਮ ਦੇ ਕੇ ਨਿਵਾਜਿਆ। ਸੰਤ ਚੰਨਣ ਸਿੰਘ ਸਪੋਰਟਸ ਕਲੱਬ ਚਿਮਨੇਵਾਲਾ ਵੱਲੋਂ ਫੁੱਟਬਾਲ ਉਪਨ ਜੇਤੂ 21000-15000 ਦੀ ਨਗਦ ਰਾਸ਼ੀ ਤੇ ਟਰਾਫੀਆਂ ਦੇ ਕੇ ਹਲਕਾ ਵਿਧਾਇਕ ਗੋਲਡੀ ਕੰਬੋਜ ਤੇ ਕੱਲਬ ਦੇ ਆਹੁਦੇਦਾਰਾਂ ਨੇ ਫੁੱਟਬਾਲ ਉਪਨ ਟੀਮਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਚੇਅਰਮੈਨ ਬਿੱਟੂ ਚਿਮਨੇ ਵਾਲਾ ਵੱਲੋਂ ਕੱਬਡੀ ਤੇ ਫੁੱਟਬਾਲ ਅੰਡਰ-14 ਟੀਮ ਚਿਮਨੇ ਵਾਲਾ ਨੂੰ ਵਧੀਆਂ ਪ੍ਰਦਰਸ਼ਨ ਕਰਨ ਵਾਲੀਆਂ ਟੀਮਾਂ ਨੂੰ ਗੋਲਡ ਮੈਡਲ ਪਹਿਨਾ ਕੇ ਵਿਸ਼ੇਸ ਤੌਰ ਸਨਮਾਨਿਤ ਕਰਦੇ ਕਿਹਾ ਕਿ ਪੰਜਾਬ ਦੀ ਜਵਾਨੀ ਨੂੰ ਨਸ਼ੇ ਤੋਂ ਬਚਾਉਣ ਲਈ ਬੱਚਿਆਂ ਨੂੰ ਖੇਡਾਂ ਵੱਲ ਵਿਸ਼ੇਸ਼ ਉਤਸ਼ਾਹਿਤ ਕਰਨ ਨਾਲ ਵੀ ਖਿਡਾਰੀਆਂ ਵਿੱਚ ਖੇਡਣ ਦੀ ਭਾਵਨਾ ਤੇ ਆਪਸੀ ਸਾਂਝ ਨੂੰ ਉਜਾਗਰ ਕਰਨਾ ਦਾ ਅਹਿਮ ਤਰੀਕਾ ਹੈ।

ਇਸ ਮੌਕੇ ਵਿਧਾਇਕ ਜਗਦੀਪ ਸਿੰਘ ਗੋਲਡੀ ਨੇ ਕਿਹਾ ਮੈਨੂੰ ਇੰਨਾ ਮਾਣ ਬਖਸ਼ਿਆ ਜੋ ਸਾਰੀ ਉਮਰ ਨਹੀਂ ਉਤਾਰ ਸਕਦਾ। ਇਹੋ ਪੇਂਡੂ ਖੇਡ ਟੂਰਨਾਮੈਂਟ ਮੇਲੇ ਪੰਜਾਬ 'ਚੋਂ ਨਹੀਂ ਸਗੋਂ ਬਾਹਰ ਵਸਦੇ ਪੰਜਾਬੀਆਂ ਵਿੱਚ ਆਪਸੀ ਸਾਂਝ ਹੋਰ ਮਜਬੂਤ ਕਰੇਗਾ ਅਤੇ ਸਾਡੇ ਬੱਚਿਆਂ ਨੂੰ ਸਾਡੇ ਵਿਰਸੇ ਪ੍ਰਤੀ ਹੋਰ ਜਾਣੂ ਕਰਵਾਏਗਾ ਅਤੇ ਇਹਨਾਂ ਖੇਡਾ ਨਾਲ ਸਾਡੇ ਪੰਜਾਬੀ ਭਾਈਚਾਰੇ ਦੀ ਹੋਰ ਸਾਂਝ ਮਜਬੂਤ ਹੁੰਦੀ ਹੈ ਤੇ ਨਸ਼ੇ ਤੋਂ ਪੰਜਾਬ ਦੀ ਜਵਾਨੀ ਨੂੰ ਬਚਾਉਣਾ ਸਾਡੇ ਮੁਢੱਲਾ ਫਰਜ ਹੈ। ਇਸ ਮੌਕੇ ਸੰਤ ਬਾਬਾ ਚੰਨਣ ਸਿੰਘ ਸਪੋਰਟਸ ਕਲੱਬ ਚਿਮਨੇ ਵਾਲਾ ਵੱਲੋਂ ਹਲਕਾ ਜਲਾਲਾਬਾਦ ਦੇ ਵਿਧਾਇਕ ਬਤੌਰ ਮੁੱਖ ਮਹਿਮਾਨ ਪਹੁੰਚੇ ਗੋਲਡੀ ਕੰਬੋਜ ਤੇ ਬਲਾਕ ਅਰਨੀਵਾਲਾ ਦੇ ਜੋਨ ਇੰਚਾਰਜ ਮਨਜਿੰਦਰ ਖੇੜਾ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਵਿਸ਼ੇਸ਼ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕੱਲਬ ਦੇ ਸਹਿਯੋਗੀ ਤੇ ਅਹੁਦੇਦਾਰ ਮੋਹਰ ਸਿੰਘ ਨੰਬਰਦਾਰ, ਜੀਤ ਸਿੰਘ ਬਰਾੜ, ਜਗਜੀਤ ਸਿੰਘ ਬਰਾੜ, ਜਸਕਰਨ ਬਰਾੜ, ਭੋਲਾ ਦਿਉਲ ਸਕੱਤਰ, ਸੁਖਜਿੰਦਰ ਸਿੰਘ ਬਰਾੜ, ਸੂਬੇਦਾਰ ਭੁਪਿੰਦਰ ਸਿੰਘ ਗਿੱਲ, ਅਮਨਦੀਪ ਸੇਖੋਂ, ਦਰਸ਼ਨ ਸੇਖੋਂ, ਨਿਰਮਲ ਸੇਖੋਂ, ਐਡਵੋਕੇਟ ਨਵਪ੍ਰੀਤ ਸਿੰਘ ਬਰਾੜ, ਜਗਮੀਤ ਸਿੰਘ ਦਿਉਲ, ਬਹਾਦਰ ਸਿੰਘ ਜਟਾਣਾ, ਮਨਪ੍ਰੀਤ ਸਿੰਘ ਬਰਾੜ (ਪੰਮੀ), ਰਾਜਿੰਦਰ ਚੁੱਘ, ਰਾਜਿੰਦਰ ਕੁਮਾਰ, ਚੌਧਰੀ ਮੰਗਤ ਰਾਮ, ਰਮੇਸ਼ ਕੁਮਾਰ ਨਿਰਮਲ ਰਾਮ, ਬੀਰਬਲ ਰਾਮ ਨੰਬਰਦਾਰ, ਮੈਂਬਰ ਸੰਦੀਪ ਜਟਾਣਾ, ਇਕਬਾਲ ਸਿੰਘ ਵਿਰਕ, ਹਰਦੀਪ ਸਿੰਘ ਡਿੱਪੂ ਹੋਲਡਰ, ਚੌਕੀਦਾਰ ਸੰਦੀਪ ਕੁਮਾਰ, ਲੱਕੀ ਭੱਟੀ, ਰਾਜਪਾਲ( ਨਿੱਕਾ ), ਲਖਵੀਰ ਬਰਾੜ ਗਿੱਦੜਬਾਹਾ, ਹੋਣਹਾਰ ਦਿਉਲ, ਹਰਨੇਕ ਸਿੰਘ ਜਟਾਣਾ, ਐਡਵੋਕੇਟ ਸਿੰਘ ਧਾਲੀਵਾਲ, ਕਪੂਰ ਸਿੰਘ ਬਰਾੜ, ਗੱਬਰ ਬਰਾੜ, ਮਲਕੀਤ ਸਿੰਘ ਬਰਾੜ, ਸੁਭਮ ਪੜਿਆਰ, ਬਲਵਿੰਦਰ ਗਿੱਲ, ਜਸਵੀਰ ਸਿੰਘ ਗਿੱਲ, ਜਗਤਾਰ ਬਰਾੜ, ਮੰਗਾ ਧਾਲੀਵਾਲ, ਕੁਲਦੀਪ ਧਾਲੀਵਾਲ, ਸੁਖਚੈਨ ਬਰਾੜ ਕੈਨੇਡਾ ਤੋਂ ਇਲਾਵਾ ਸਮੂਹ ਨਗਰ ਵਾਸੀਆਂ ਤੇ ਸੰਤ ਬਾਬਾ ਚੰਨਣ ਸਿੰਘ ਸਪੋਰਟਸ ਕਲੱਬ ਚਿਮਨੇ ਵਾਲਾ ਵੱਲੋ ਟੂਰਨਾਮੈਂਟ ਚ ਪਹੁੰਚੇ ਦੂਰ ਨੇੜੇ ਤੇ ਫੇਸਬੁੱਕ,ਯੂ-ਟਿਊਬ ਲਾਇਵ ਦੁਆਰਾ ਜੁੜੇ ਸਾਰੇ ਦਰਸਕਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਗਿਆ। ਪੇਂਡੂ ਖੇਡ ਮੇਲਾ ਅਮਿੱਟ ਯਾਦ ਛੱਡਦਾ ਹੋਇਆ ਸਾਨੋ ਸੌਕਤ ਦਾ ਸਿਹਰਾ ਸਮੂਹ ਨਗਰਵਾਸੀਆਂ, ਐੱਨ ਆਰ ਆਈ ਵਾਸੀਆਂ 'ਤੇ ਵਿਸ਼ੇਸ਼ ਤੌਰ ਇੰਜੀਨੀਅਰ ਸੁਖਪਾਲ ਸਿੰਘ ਐਸ ਡੀ ਉ ਦੀ ਦੇਖ ਰੇਖ ਚੋਂ ਸੰਤ ਬਾਬਾ ਚੰਨਣ ਸਿੰਘ ਦੀ ਮੇਹਰ ਸਦਕਾ ਸਿਖਰ ਬੁਲੰਦੀਆਂ ਨੂੰ ਛੂਹਦਾ ਹੋਇਆ ਸਮਾਪਤ ਹੋਇਆ।

31-OCT-PAGE-10.qxd 10/30/2022 9:50 PM Page 1



# ਮੰਗਾਂ ਨੂੰ ਲਾਗੂ ਕਰਵਾਉਣ ਲਈ ਮਜ਼ਦੂਰ ਅੱਜ ਮਾਨਸਾ ਪਹੁੰਚਣ : ਸਮਾਓਂ

## ਏ ਡੀ ਸੀ ਵਿਕਾਸ ਦਫਤਰ ਅੱਗੇ ਪੱਕਾ ਮਜ਼ਦੂਰ ਮੋਰਚਾ ਜਾਰੀ



ਮਾਨਸਾ (ਪਰਮਦੀਪ ਰਾਣਾ)

ਮਜ਼ਦੂਰਾਂ ਸਿਰ ਚੜ੍ਹੇ ਕਰਜ਼ਾ ਮਾਫੀ, ਰੁਜ਼ਗਾਰ ਪ੍ਰਾਪਤੀ ਤੇ ਦਿਹਾੜੀ ਰੇਟ 700 ਲਾਗੂ ਕਰਵਾਉਣ ਲਈ 31 ਅਕਤੂਬਰ ਨੂੰ ਮਜ਼ਦੂਰ ਮਾਨਸਾ ਪਹੁੰਚਣ। ਇਹ ਸੱਦਾ ਇਥੇ ਮਜ਼ਦੂਰ ਮੰਗਾਂ ਲਈ ਏ ਡੀ ਸੀ ਵਿਕਾਸ ਦਫਤਰ ਅੱਗੇ ਚੱਲ ਰਹੇ ਦਿਨ-ਰਾਤ ਦੇ ਪੱਕੇ ਮਜ਼ਦੂਰ ਮੋਰਚੇ ਤੇ 87ਵੇਂ ਜੁੜੇ ਮਜ਼ਦੂਰ ਇਕੱਠ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓਂ ਤੇ ਜ਼ਿਲ੍ਹਾ ਪ੍ਰਧਾਨ ਨਿੱਕਾ ਸਿੰਘ ਬਹਾਦਰਪੁਰ ਨੇ ਦਿੱਤਾ। ਇਸ ਸਮੇਂ ਉਨ੍ਹਾਂ ਕਿਹਾ ਕਿ ਪੰਜਾਬ ਦੀ ਸਰਕਾਰ ਲਗਾਤਾਰ ਮਜ਼ਦੂਰ ਵਿਰੋਧੀ ਫੈਸਲੇ ਕਰ ਰਹੀ ਹੈ, ਜਿਥੇ ਕੱਚੇ ਕਾਮਿਆਂ ਨੂੰ ਪੱਕੇ ਕਰਨ ਦੀ ਸਪੈਸ਼ਲ ਕੇਡਰ ਨੀਤੀ ਕਰਨ ਵਿੱਚ ਰਾਖਵਾਂਕਰਨ ਖਤਮ ਕੀਤਾ, ਉੱਥੇ ਸ਼ਾਮਲਾਟ ਪੰਚਾਇਤਾਂ ਹਵਾਲੇ ਕਰਕੇ ਬੇਜ਼ਮੀਨੇ ਦਲਿਤਾਂ ਤੇ ਗਰੀਬ ਲੋਕਾਂ ਵੱਲੋਂ ਬਣਾਏ ਰਹਿਣਯੋਗ ਘਰਾਂ ਦੀ ਮਾਲਕੀ ਦੇਣ ਦੀ ਥਾਂ ਉਨ੍ਹਾਂ ਨੂੰ ਨਜਾਇਜ਼ ਕਰਾਰ ਦੇ ਕੇ ਘਰਾਂ ਤੋਂ ਉਜਾੜਨ ਦੀਆਂ ਨੀਤੀਆਂ ਬਣਾਈਆਂ ਜਾ ਰਹੀਆਂ ਹਨ। ਮਜ਼ਦੂਰ ਆਗੂਆਂ ਨੇ ਕਿਹਾ ਕਿ ਪੰਜਾਬ ਦਾ ਮੁੱਖ ਮੰਤਰੀ ਤੇ ਅਫਸਰਸ਼ਾਹੀ ਆਪਣੇ ਅਧਿਕਾਰਾਂ ਲਈ ਸੰਘਰਸ਼ ਕਰ ਰਹੇ ਪੰਜਾਬ ਦੇ ਪੇਂਡੂ ਤੇ ਸ਼ਹਿਰੀ ਗਰੀਬਾਂ ਦੀਆਂ ਜਾਇਜ਼ ਮੰਗਾਂ ਨੂੰ ਮੰਨਣ ਦੀ ਥਾਂ ਮਜ਼ਦੂਰ ਵਰਗ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਨੀਤੀਆਂ ਕਾਰਨ ਲਗਾਤਾਰ ਵੱਧ ਰਹੀ ਬੇਰੁਜ਼ਗਾਰੀ ਤੇ ਮਹਿਗਾਈ ਕਾਰਨ ਮਜ਼ਦੂਰ ਵਰਗ ਦਾ ਇੱਕ ਪਾਸੇ ਜਿਉਣਾ ਮੁਸ਼ਕਲ ਹੋ ਰਿਹਾ ਹੈ, ਦੂਜੇ ਪਾਸੇ ਮਜ਼ਦੂਰਾਂ ਦੇ ਰੁਜ਼ਗਾਰ ਤੇ ਮਜ਼ਦੂਰੀ 'ਚ ਵਾਧਾ ਕਰਨ ਅਤੇ ਕਰਜ਼ਾ ਮਾਫੀ ਬਾਰੇ ਪੰਜਾਬ ਸਰਕਾਰ ਨੇ ਚੁੱਪ ਵੱਟੀ ਹੋਈ ਹੈ। ਉਨ੍ਹਾਂ ਕਿਹਾ ਕਿ ਪਿੰਡਾਂ, ਸ਼ਹਿਰਾਂ ਦੇ ਮਜ਼ਦੂਰ ਜਥੇਬੰਦ ਹੋਣੇ ਸ਼ੁਰੂ ਹੋ ਚੁੱਕੇ ਹਨ ਅਤੇ ਜਲਦੀ ਹੀ ਕਿਸਾਨਾਂ ਦੀ ਤਰ੍ਹਾਂ ਪੰਜਾਬ ਦੇ ਮਜ਼ਦੂਰ ਵੀ ਮਾਨ ਸਰਕਾਰ ਨੂੰ ਮਜ਼ਦੂਰ ਮੰਗਾਂ ਮੰਨਣ ਲਈ ਮਜਬੂਰ ਕਰ ਦੇਣਗੇ। ਉਨ੍ਹਾਂ 31 ਅਕਤੂਬਰ ਨੂੰ ਮਜ਼ਦੂਰ ਵਰਗ ਨੂੰ ਮਾਨਸਾ ਪਹੁੰਚਣ ਦਾ ਸੱਦਾ ਦਿੱਤਾ। ਇਸ ਸਮੇਂ ਲਿਬਰੇਸ਼ਨ ਦੇ ਸੂਬਾ ਆਗੂ ਕਾਮਰੇਡ ਰਾਜਵਿੰਦਰ ਰਾਣਾ, ਮਜ਼ਦੂਰ ਆਗੂ ਵਿਜੈ ਕੁਮਾਰ ਭੀਖੀ, ਮਨਜੀਤ ਕੌਰ ਜੋਗਾ, ਜਰਨੈਲ ਸਿੰਘ ਮਾਨਸਾ, ਹਾਕਮ ਸਿੰਘ ਰੱਲੀ, ਗਗਨਦੀਪ ਖੜਕ ਸਿੰਘ ਵਾਲਾ, ਕਮਲਪ੍ਰੀਤ ਕੌਰ, ਮੱਖਣ ਸਿੰਘ, ਦਰਸ਼ਨ ਹਾਕਮ ਵਾਲਾ, ਜੰਟਾ ਮੱਤੀ, ਗੁਰਚਰਨ ਗੰਢੂ ਖੁਰਦ ਆਦਿ ਸ਼ਾਮਲ ਸਨ।

# ਦੇਵ ਸਮਾਜ ਕਾਲਜ ਫਾਰ ਵੂਮੈਨ ਵਿਖੇ ਵਰਕਸ਼ਾਪ

ਫਿਰੋਜ਼ਪੁਰ (ਅਸ਼ੋਕ ਸ਼ਰਮਾ)

ਦੇਵ ਸਮਾਜ ਕਾਲਜ ਫਾਰ ਵੂਮੈਨ ਫਿਰੋਜ਼ਪੁਰ ਕਾਲਜ ਦੇ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਤੇ ਡਾ. ਸੰਗੀਤਾ ਦੀ ਰਹਿਨੁਮਾਈ ਹੇਠ ਕਾਲਜ ਤਰੱਕੀ ਦੀਆਂ ਲੀਹਾਂ 'ਤੇ ਅੱਗੇ ਵਧ ਰਿਹਾ ਹੈ। ਇਸੇ ਕੜੀ ਵਿੱਚ ਮਹਾਤਮਾ ਗਾਂਧੀ ਨੈਸ਼ਨਲ ਕੌਂਸਲ ਫਾਰ ਰੂਰਲ ਐਜੂਕੇਸ਼ਨ ਤੇ ਕਾਲਜ ਦੇ ਗ੍ਰੀਨ ਆਡਿਟ ਸੈੱਲ ਵੱਲੋਂ ਇੱਕ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਵਰਕਸ਼ਾਪ ਦਾ ਮੁੱਖ ਉਦੇਸ਼ ਨਵੀਂ ਸਿੱਖਿਆ ਨੀਤੀ, ਵੇਸਟ ਮੈਨੇਜਮੈਂਟ, ਵਾਟਰ ਹਾਰਵੈਸਟਿੰਗ, ਰੇਨ ਵਾਟਰ ਹਾਰਵੈਸਟਿੰਗ, ਸੁੰਦਰੀਕਰਨ ਤੇ ਕਿੱਤਾਮੁਖੀ ਸਿੱਖਿਆ ਅਤੇ ਸਿੱਖਿਆ ਦੇ ਵਿਕੇਂਦਰੀਕਰਨ ਬਾਰੇ ਜਾਣਕਾਰੀ ਦੇਣਾ ਹੈ। ਇਸ ਦੇ ਨਾਲ ਹੀ ਸਫਾਈ ਮੁਹਿੰਮ ਨੂੰ ਪੂਰੀ ਤਰ੍ਹਾਂ ਨਾਲ ਲਾਗੂ ਕਰਨਾ ਹੋਵੇਗਾ। ਨਵੀਂ ਸਿੱਖਿਆ ਨੀਤੀ ਬਾਰੇ ਜਾਣਕਾਰੀ ਦਿੰਦਿਆਂ ਵਰਕਸ਼ਾਪ ਵਿੱਚ ਮੁੱਖ ਮਹਿਮਾਨ ਵਜੋਂ ਪੁੱਜੇ ਰਮੇਸ਼ ਕੁਮਾਰ ਪ੍ਰੋਜੈਕਟ ਐਸੋਸੀਏਟ ਨੇ ਦੱਸਿਆ ਕਿ ਇਸ ਨੂੰ ਇਸਰੋ ਦੇ ਸਾਬਕਾ ਮੁਖੀ ਕਸਤੂਰੀ ਰੰਜਨ ਦੀ ਦੇਖ-ਰੇਖ ਹੇਠ ਕਰੀਬ 75000 ਲੋਕਾਂ ਦੀ ਰਾਏ ਲੈ ਕੇ ਬਣਾਇਆ ਗਿਆ ਹੈ। ਨਈ ਤਾਲੀਮ ਵਿੱਚ ਕਿਵੇਂ ਸਿਖਾਇਆ ਜਾਵੇ ਦੀ ਬਿਜਾਏ, ਕਿਵੇਂ ਕਰਵਾਇਆ ਜਾਵੇ, ਇਸ 'ਤੇ ਧਿਆਨ ਦਿੱਤਾ ਗਿਆ ਹੈ। ਉਨ੍ਹਾਂ ਨੂੰ ਪੇਂਡੂ ਪ੍ਰਬੰਧਨ, ਮਹਿਲਾ ਸਸ਼ਕਤੀਕਰਨ ਤੇ ਸਵੈ-ਰੁਜ਼ਗਾਰ ਬਾਰੇ ਵੀ ਜਾਣਕਾਰੀ ਦਿੱਤੀ ਗਈ। ਇਸ ਵਰਕਸ਼ਾਪ ਵਿੱਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਪ੍ਰਿੰਸੀਪਲ ਡਾ. ਸੰਗੀਤਾ ਨੇ ਇਸ ਵਰਕਸ਼ਾਪ ਵਿੱਚ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਵਿਦਿਆਰਥੀਆਂ ਲਈ ਅਜਿਹੀ ਵਰਕਸ਼ਾਪ ਦਾ ਆਯੋਜਨ ਕਰਨਾ ਇਕ ਸ਼ਲਾਘਾਯੋਗ ਕਾਰਜ ਹੈ, ਜੋ ਬੱਚਿਆਂ ਦੇ ਭਵਿੱਖ ਤੇ ਵਾਤਾਵਰਨ ਨੂੰ ਵਧੀਆ ਬਣਾਉਣ ਲਈ ਸਾਬਿਤ ਹੁੰਦਾ ਹੈ। ਇਸ ਵਰਕਸ਼ਾਪ ਵਿੱਚ ਗ੍ਰੀਨ ਆਡਿਟ ਸੈੱਲ ਦੇ ਇੰਚਾਰਜ ਡਾ. ਮੋਕਸੀ, ਡਾ. ਆਸ਼ਾ ਤੇ ਕਾਲਜ ਦੇ ਹੋਰ ਵਿਭਾਗਾਂ ਦੇ ਅਧਿਆਪਕ ਡਾ. ਰਮਨੀਕ ਕੌਰ, ਡਾ. ਮਨੀਸ਼ ਕੁਮਾਰ, ਮੈਡਮ ਨੇਹਾ ਗੁਪਤਾ, ਡਾ. ਹਰਲੀਨ ਕੌਰ ਹਾਜ਼ਰ ਸਨ। ਕਾਲਜ ਦੇ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਨੇ ਇਸ ਮੌਕੇ ਸ਼ੁੱਭ-ਕਾਮਨਾਵਾਂ ਦਿੱਤੀਆਂ।



ਵਰਕਸ਼ਾਪ ਦੌਰਾਨ ਜਾਣਕਾਰੀ ਦਿੰਦਾ ਹੋਇਆ ਸਟਾਫ।

# ਵਾਟਰ ਸਪਲਾਈ ਦੀਆਂ ਪਾਈਪਾਂ ਦੀ ਲੀਕੇਜ ਬੰਦ ਕਰਵਾਉਣ ਦੀ ਮੰਗ

## ਲੀਕੇਜ ਵਾਲੀ ਥਾਂ ਡੂੰਘਾ ਖੱਡਾ ਰਾਹਗੀਰਾਂ ਲਈ ਬਣਿਆ ਮੁਸੀਬਤ



ਲਹਿਰਾ ਮੁਹੱਬਤ ਵਾਸੀ ਜਲ ਘਰ ਤੋਂ ਸਪਲਾਈ ਵਾਲੀ ਪਾਈਪ ਦੇ ਫਟਣ ਨਾਲ ਸੜਕ 'ਤੇ ਬਣਿਆ ਖਤਰਨਾਕ ਡੂੰਘਾ ਖੱਡਾ ਦਿਖਾਉਂਦੇ ਹੋਏ।

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)

ਜਲ ਘਰ ਲਹਿਰਾ ਮੁਹੱਬਤ ਤੋਂ ਪਿੰਡ ਦੇ ਵੱਖ ਵੱਖ ਹਿੱਸਿਆਂ ਤੱਕ ਪਾਣੀ ਪੁੱਜਦਾ ਕਰਨ ਲਈ ਪਾਈਆਂ ਪਾਈਪਾਂ ਕਈ ਥਾਵਾਂ ਤੋਂ ਲੀਕ ਹੋਣ ਕਾਰਨ ਜਿੱਥੇ ਸੀਵਰੇਜ ਦਾ ਗੰਦਾ ਪਾਣੀ ਵਿੱਚ ਮਿਲ ਰਿਹਾ ਹੈ, ਉੱਥੇ ਲੀਕੇਜ ਵਾਲੀ ਥਾਂ 'ਤੇ ਖੱਡੇ ਤੇ ਚਿੱਕੜ ਬਣਨ ਕਾਰਨ ਰਾਹਗੀਰਾਂ ਨੂੰ ਲਾਂਘੇ ਸਮੇਂ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੌਲਾ ਪੱਤੀ ਵਾਲੇ ਛੱਪੜ ਸਾਹਮਣੇ ਗੁਰਭਗਤ ਸਿੰਘ ਦੇ ਘਰ ਅੱਗੇ ਜਲ ਘਰ ਤੋਂ ਪਾਣੀ ਸਪਲਾਈ ਲਈ ਦੱਬੀ ਹੋਈ ਪਾਈਪ (ਜੋ ਇੱਕ ਮਹੀਨੇ ਤੋਂ ਵੀ ਵੱਧ ਸਮੇਂ ਤੋਂ ਫਟੀ ਹੋਈ ਹੈ) ਨੂੰ ਠੀਕ ਕਰਨ ਲਈ ਲੋਕਾਂ ਵੱਲੋਂ ਜਲ ਘਰ ਤੋਂ ਇਲਾਵਾ ਨਗਰ ਪੰਚਾਇਤ ਦਫਤਰ ਵਿਖੇ ਜਾ ਕੇ ਅਰਜ਼ੋਈਆਂ ਕਰਨ ਦੇ ਬਾਵਜੂਦ ਲੀਕੇਜ ਨੂੰ ਬੰਦ ਕਰਨ ਲਈ ਕੋਈ ਅਧਿਕਾਰੀ/ਕਰਮਚਾਰੀ ਨਹੀਂ ਬਹੁੜਿਆ। ਨੇੜਲੇ ਘਰਾਂ ਦੇ ਵਾਸੀਆਂ ਜੋਗਿੰਦਰ ਸਿੰਘ, ਜਮੀਤ ਸਿੰਘ, ਡਾ. ਬਲਦੇਵ ਸਿੰਘ ਸੇਖੋਂ, ਗੁਰਭਗਤ ਸਿੰਘ, ਬਿੱਟੂ ਖਾਂ, ਵਿੰਦਰ ਸਿੰਘ, ਮੀਕਾ ਸਿੰਘ, ਮਨਦੀਪ ਸਿੰਘ ਤੇ ਸੁਖਪਾਲ ਸਿੰਘ ਆਦਿ ਨੇ ਦੱਸਿਆ ਕਿ ਲੀਕੇਜ ਵਾਲੀ ਥਾਂ 'ਤੇ ਸੜਕ ਦੇ ਵਿਚਕਾਰ ਬਣੇ ਡੂੰਘੇ ਖੱਡੇ ਨੇ ਘਾਰੇ ਦਾ ਰੂਪ ਧਾਰਨ ਕਰ ਲਿਆ ਹੈ। ਸੜਕ ਵੀ ਟੁੱਟਦੀ ਜਾ ਰਹੀ ਹੈ। ਪਾਣੀ ਇਕੱਠਾ ਹੋ ਜਾਣ ਕਾਰਨ ਨੇੜਲੇ ਮਕਾਨਾਂ ਦਾ ਨੁਕਸਾਨ ਵੀ ਹੋ ਸਕਦਾ ਹੈ। ਇਸ ਰਸਤਿਓਂ ਸਕੂਲ ਵੈਨਾਂ ਸਮੇਤ ਹੋਰ ਟ੍ਰੈਫਿਕ ਦਾ ਲਾਂਘਾ ਬੰਦ ਹੈ। ਵੇਲੇ-ਕੁਵੇਲੇ ਰਾਤ ਸਮੇਂ ਅਣਜਾਣੇ 'ਚ ਕਦੇ ਵੀ ਕੋਈ ਹਾਦਸਾ ਵਾਪਰ ਸਕਦਾ ਹੈ। ਲੀਕੇਜ ਕਾਰਨ ਗਲੀਆਂ/ਨਾਲੀਆਂ ਦਾ ਗੰਦਾ ਪਾਣੀ ਮਿਕਸ ਹੋਣ ਨਾਲ ਬਿਮਾਰੀਆਂ ਫੈਲਣ ਦਾ ਖਦਸ਼ਾ ਬਣਿਆ ਹੋਇਆ ਹੈ। ਲੋਕਾਂ ਨੇ ਪਾਈਪਾਂ ਦੀ ਲੀਕੇਜ ਤੁਰੰਤ ਬੰਦ ਕਰਵਾਏ ਜਾਣ ਦੀ ਮੰਗ ਕੀਤੀ ਹੈ।

## ਕਾਤਰਾਂ

### ਸਾਇੰਸ ਕਾਲਜ ਦੇ ਵਿਦਿਆਰਥੀਆਂ ਨੇ ਨੁੱਕੜ ਨਾਟਕ ਖੇਡਿਆ

**ਜਗਰਾਓਂ (ਅਮਿਤ ਖੰਨਾ)**-ਸਾਇੰਸ ਕਾਲਜ ਜਗਰਾਉਂ ਦੇ ਵਿਦਿਆਰਥੀਆਂ ਵੱਲੋਂ ਨੁੱਕੜ ਨਾਟਕ ਖੇਡਿਆ ਗਿਆ, ਜਿਸ ਵਿੱਚ ਵਿਦਿਆਰਥੀਆਂ ਵੱਲੋਂ ਸ਼ਹਿਰ ਵਾਸੀਆਂ ਨੂੰ ਪਲਾਸਟਿਕ ਮੁਕਤ ਕਰਨ ਦਾ ਸੰਦੇਸ਼ ਦਿੱਤਾ ਗਿਆ। ਇਸ ਨੁੱਕੜ ਨਾਟਕ ਤਹਿਤ ਵਿਦਿਆਰਥੀਆਂ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਜਦੋਂ ਵੀ ਅਸੀਂ ਬਾਜ਼ਾਰ ਜਾਂਦੇ ਹਾਂ ਤਾਂ ਸਾਨੂੰ ਆਪਣੇ ਘਰ ਤੋਂ ਕੱਪੜੇ ਦਾ ਥੈਲਾ ਲੈ ਕੇ ਜਾਣਾ ਚਾਹੀਦਾ ਹੈ, ਜਿਸ ਨਾਲ ਪਲਾਸਟਿਕ ਦੀ ਵਰਤੋਂ ਵਿੱਚ ਗਿਰਾਵਟ ਆਵੇਗੀ। ਪਲਾਸਟਿਕ ਜਿੱਥੇ ਗੰਦਗੀ ਦਾ ਸਭ ਤੋਂ ਵੱਡਾ ਕਾਰਨ ਬਣਦਾ ਹੈ, ਉਥੇ ਹੀ ਇਸ ਤੋਂ ਪੈਦਾ ਹੋਣ ਵਾਲਾ ਵੱਖ-ਵੱਖ ਤਰ੍ਹਾਂ ਦਾ ਪ੍ਰਦੂਸ਼ਣ ਸਿਹਤ ਲਈ ਵਧੇਰੇ ਹਾਨੀਕਾਰਕ ਹੈ, ਜਿਸ ਨਾਲ ਸਾਨੂੰ ਸਾਹ ਦੀਆਂ ਕਈ ਭਿਆਨਕ ਬਿਮਾਰੀਆਂ ਲੱਗਦੀਆਂ ਹਨ। ਇਸ ਮੌਕੇ ਪ੍ਰਧਾਨ ਜਤਿੰਦਰਪਾਲ ਰਾਣਾ ਨੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਤੇ ਕਾਲਜ ਸਟਾਫ ਦਾ ਧੰਨਵਾਦ ਕੀਤਾ। ਇਸ ਮੌਕੇ ਈ.ਓ. ਮਨੋਹਰ ਸਿੰਘ, ਮੈਡਮ ਸ਼ਿਖਾ ਬਿਲਡਿੰਗ ਇੰਸਪੈਕਟਰ, ਅਮਨ ਕਪੂਰ, ਅਭੈ ਜੋਸ਼ੀ ਅਕਾਊਂਟੈਂਟ, ਦਵਿੰਦਰ ਸਿੰਘ ਜੂਨੀਅਰ ਸਹਾਇਕ, ਹਰੀਸ਼ ਕੁਮਾਰ ਕਲਰਕ, ਜਗਮੋਹਨ ਸਿੰਘ ਕਲਰਕ, ਗਗਨਦੀਪ ਖੁੱਲਰ ਕਲਰਕ, ਗਗਨਦੀਪ ਧੀਰ ਹਾਜ਼ਰ ਸਨ।

### ਗੈਸ ਸਿਲੰਡਰ ਦੀ ਅੱਗ ਭੜਕਣ ਨਾਲ ਨੌਜਵਾਨ ਦੀ ਮੌਤ

**ਛਾਜਲੀ (ਜਸਵੀਰ ਲਾਡੀ)**-ਪਿੰਡ ਛਾਜਲੀ ਵਿਖੇ ਨੌਜਵਾਨ



ਗੁਰਸੇਵ ਸਿੰਘ (ਗੱਗੀ) ਪੁੱਤਰ ਲਾਲ ਸਿੰਘ ਮਜ਼ਦੂਰ (23 ਸਾਲ) ਦੀ ਲੰਘੀ ਰਾਤ ਗੈਸ ਸਿਲੰਡਰ ਦੀ ਅੱਗ ਭੜਕਣ ਨਾਲ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਥਾਣਾ ਛਾਜਲੀ ਦੇ ਏ.ਐੱਸ.ਆਈ. ਰਾਮੇਸ਼ਵਰਮ ਦਾਸ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮ੍ਰਿਤਕ ਦੀ ਮਾਤਾ ਤੇ ਧਰਮਪਤਨੀ ਦੇ ਬਿਆਨਾਂ ਦੇ ਆਧਾਰ 'ਤੇ 174 ਦੀ ਕਾਰਵਾਈ ਕਰਦਿਆਂ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਲਾਸ਼ ਵਾਰਿਸਾਂ ਹਵਾਲੇ ਕਰ ਦਿੱਤੀ ਗਈ ਹੈ। ਪਿੰਡ ਦੇ ਉੱਘੇ ਸਮਾਜ ਸੇਵੀ ਇੰਦਰਜੀਤ ਸਿੰਘ ਬਾਵਾ ਨੇ ਪੰਜਾਬ ਸਰਕਾਰ ਤੋਂ ਅਚਾਨਕ ਹਾਦਸਾ ਵਾਪਰਨ 'ਤੇ ਪਰਿਵਾਰ ਲਈ ਯੋਗ ਮੁਆਵਜ਼ੇ ਦੀ ਮੰਗ ਕੀਤੀ ਹੈ।

### ਉਸਮਾਨਵਾਲਾ ਸਕੂਲ 'ਚ ਬਲਾਕ ਪੱਧਰੀ ਵਿਗਿਆਨ ਪ੍ਰਦਰਸ਼ਨੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਿੱਖਿਆ ਵਿਭਾਗ ਦੇ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਚਮਕੌਰ ਸਿੰਘ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਕੋਮਲ ਅਰੋੜਾ, ਬੀ ਐੱਨ ਓ ਸੁਨੀਤਾ ਰਾਣੀ ਡੀ ਐੱਮ ਸਾਇੰਸ ਉਮੇਸ਼ ਕੁਮਾਰ ਦੀ ਅਗਵਾਈ ਹੇਠ ਬਲਾਕ ਪੱਧਰੀ ਵਿਗਿਆਨ ਪਰਦਰਸ਼ਨੀ/ਮੇਲਾ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਉਸਮਾਨਵਾਲਾ ਵਿਖੇ ਲਗਾਇਆ ਗਿਆ। ਪ੍ਰਿੰਸੀਪਲ ਨੀਲਮ ਰਾਣੀ ਨੇ ਦੱਸਿਆ ਕਿ ਇਸ ਪ੍ਰਦਰਸ਼ਨੀ ਵਿੱਚ ਮਿਡਲ ਵਰਗ 'ਚ 16 ਸਕੂਲਾਂ ਤੇ ਸੈਕੰਡਰੀ ਵਰਗ ਵਿੱਚ 10 ਸਕੂਲਾਂ ਦੇ ਵਿਦਿਆਰਥੀਆਂ ਨੇ ਵਿਗਿਆਨ ਦੇ ਵੱਖ ਵੱਖ ਮਾਡਲ ਪੇਸ਼ ਕੀਤੇ। ਮਿਡਲ ਵਰਗ ਵਿੱਚ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਉਸਮਾਨਵਾਲਾ ਸਕੂਲ ਦੀ ਗੁਰਲੀਨ ਕੌਰ ਪਹਿਲੇ, ਸਰਕਾਰੀ ਹਾਈ ਸਕੂਲ ਨਿਜਾਮ ਵਾਲਾ ਦੀ ਰੀਆ ਦੂਸਰੇ ਤੇ ਸਰਕਾਰੀ ਸੀਨੀਅਰ ਸਕੂਲ ਧੀਰਾ ਘਾਰਾ ਦੀ ਕੋਮਲਪ੍ਰੀਤ ਕੌਰ ਤੀਜੇ ਸਥਾਨ 'ਤੇ ਰਹੀ। ਸੈਕੰਡਰੀ ਵਰਗ ਵਿੱਚ ਸਰਕਾਰੀ ਹਾਈ ਸਕੂਲ ਬਸਤੀ ਬੇਲਾ ਸਿੰਘ ਦਾ ਅਮਨਦੀਪ ਸਿੰਘ ਪਹਿਲੇ, ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਉਸਮਾਨ ਵਾਲਾ ਦੀ ਕੋਮਲਪ੍ਰੀਤ ਕੌਰ ਦੂਜੇ ਤੇ ਸਰਕਾਰੀ ਹਾਈ ਸਕੂਲ ਨਿਜਾਮ ਵਾਲਾ ਦੀ ਗੁਰਜੀਤ ਕੌਰ ਤੀਸਰੇ ਸਥਾਨ 'ਤੇ ਰਹੀ।

### ਚੋਰੀ ਦੇ ਮੋਟਰਸਾਈਕਲ ਸਮੇਤ 2 ਕਾਬੂ

**ਲਹਿਰਾਗਾਗਾ (ਸਿੰਗਲਾ)**-ਪਿਛਲੇ ਦਿਨੀਂ ਲਹਿਰਾਗਾਗਾ ਵਿਖੇ ਐੱਸ ਡੀ ਐੱਮ ਦਫ਼ਤਰ ਅੱਗਿਓਂ ਦਿਨ-ਦਿਹਾੜੇ ਮੋਟਰਸਾਈਕਲ ਚੋਰੀ ਕਰਨ ਵਾਲੇ ਦੋ ਨੌਜਵਾਨਾਂ ਨੂੰ ਪੁਲਸ ਨੇ ਫੜਨ ਵਿੱਚ ਸਫਲਤਾ ਹਾਸਲ ਕੀਤੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਲਹਿਰਾ ਇੰਸਪੈਕਟਰ ਜਤਿੰਦਰਪਾਲ ਸਿੰਘ ਨੇ ਦੱਸਿਆ ਕਿ ਸਿਟੀ ਇੰਚਾਰਜ ਲਹਿਰਾ ਸਬ ਇੰਸਪੈਕਟਰ ਵੀਰਪਾਲ ਕੌਰ ਨੇ ਇਸ ਦੀ ਤਹਿਕੀਕਾਤ ਕਰਦਿਆਂ ਦੋ ਨੌਜਵਾਨਾਂ ਸ਼ਿਵ ਕੁਮਾਰ ਉਰਫ਼ ਡੋਗਰ ਪੁੱਤਰ ਰੁਲਦੂ ਰਾਮ ਵਾਸੀ ਮਾਨਸਾ ਤੇ ਕਰਮਜੀਤ ਸਿੰਘ ਪੁੱਤਰ ਬਖਤੌਰ ਸਿੰਘ ਵਾਸੀ ਖਡਿਆਲ, ਜ਼ਿਲ੍ਹਾ ਮਾਨਸਾ ਨੂੰ ਨਾਮਜ਼ਦ ਕਰਦਿਆਂ ਗ੍ਰਿਫਤਾਰ ਕੀਤਾ ਹੈ। ਥਾਣਾ ਮੁਖੀ ਨੇ ਦੱਸਿਆ ਕਿ ਸ਼ਿਵ ਕੁਮਾਰ ਉਪਰ ਪਹਿਲਾਂ ਵੀ ਚੋਰੀ ਦੇ ਮੁਕੱਦਮੇ ਦਰਜ ਹਨ। ਉਨ੍ਹਾ ਦੱਸਿਆ ਕਿ ਇਥੋਂ ਚੋਰੀ ਕੀਤਾ ਮੋਟਰਸਾਈਕਲ ਇਨ੍ਹਾਂ ਨੇ ਜਿਸ ਨੂੰ ਵੇਚਿਆ ਸੀ, ਉਸ ਨੂੰ ਵੀ ਇਸ ਕੇਸ 'ਚ ਨਾਮਜ਼ਦ ਕੀਤਾ ਹੈ।

# ਖੇਤਰੀ ਯੁਵਕ ਤੇ ਲੋਕ ਮੇਲੇ ਦੌਰਾਨ ਲੁੱਡੀ, ਝੂਮਰ ਤੇ ਨੁੱਕੜ ਨਾਟਕਾਂ ਦੇ ਮੁਕਾਬਲੇ ਬਣੇ ਖਿੱਚ ਦਾ ਕੇਂਦਰ



**ਸੰਗਰੂਰ (ਪ੍ਰਵੀਨ ਸਿੰਘ)**-ਸਰਕਾਰੀ ਰਣਬੀਰ ਕਾਲਜ ਸੰਗਰੂਰ ਵਿਖੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੰਗਰੂਰ ਜ਼ੋਨ ਦੇ ਕਰਵਾਏ ਜਾ ਰਹੇ ਖੇਤਰੀ ਯੁਵਕ ਤੇ ਲੋਕ ਮੇਲੇ ਦੇ ਦੂਜੇ ਦਿਨ ਐੱਸ ਡੀ ਐੱਮ ਦਿੜ੍ਹਬਾ ਰਾਜੇਸ਼ ਸ਼ਰਮਾ ਵੱਲੋਂ ਮੁੱਖ ਮਹਿਮਾਨ ਤੇ ਡਾ. ਅਸ਼ਵਨੀ ਭੱਲਾ ਡਿਪਟੀ ਡਾਇਰੈਕਟਰ ਕਾਲਜਾਂ (ਪੰਜਾਬ), ਡਾ. ਪਰਮਿੰਦਰ ਸਿੰਘ ਪ੍ਰਿੰਸੀਪਲ ਸਟੇਟ ਕਾਲਜ ਪਟਿਆਲਾ ਤੇ ਡਾ. ਨਿਰਮਲ ਜੌੜਾ ਐਸੋਸੀਏਟ ਡਾਇਰੈਕਟਰ (ਪੀ. ਆਰ.) ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਉਨ੍ਹਾਂ ਵਿਦਿਆਰਥੀਆਂ ਨੂੰ ਮੁਖਾਤਿਬ ਹੁੰਦੇ ਹੋਏ ਕਿਹਾ ਕਿ ਯੁਵਕ ਮੇਲਿਆਂ ਦਾ ਮੁੱਖ ਮੰਤਵ ਵਿਦਿਆਰਥੀਆਂ ਵਿੱਚ ਏਕਤਾ, ਅਨੁਸ਼ਾਸਨ ਤੇ ਮਿਲਵਰਤਨ ਪੈਦਾ ਕਰਨਾ ਅਤੇ ਛੁਪੀ ਪ੍ਰਤਿਭਾ ਨੂੰ ਸਾਹਮਣੇ ਲਿਆਉਣਾ ਹੁੰਦਾ ਹੈ, ਇਸ ਲਈ ਵਿਦਿਆਰਥੀਆਂ ਨੂੰ ਇਨ੍ਹਾਂ ਮੇਲਿਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਇਸ ਦੌਰਾਨ ਲੋਕ ਨਾਚਾਂ ਦੀਆਂ ਨਾਮਵਰ ਹਸਤੀਆਂ, ਜਿਸ ਵਿੱਚ ਪੰਮੀ ਬਾਈ, ਜਸ਼ਨਜੀਤ ਗੋਸ਼ਾ, ਜੱਗੀ ਯੂ.ਕੇ., ਜਸਵਿੰਦਰ ਸੁਨਾਮੀ ਤੇ ਜੋਗਾ ਸਿੰਘ ਸੇਖੋਂ ਨੇ ਵੀ ਅੱਜ ਉਚੇਚੇ ਤੌਰ 'ਤੇ ਸ਼ਮੂਲੀਅਤ ਕੀਤੀ। ਯੁਵਕ ਮੇਲੇ ਦੇ ਦੂਸਰੇ ਦਿਨ ਲੁੱਡੀ, ਝੂੰਮਰ, ਪੱਛਮੀ ਸਾਜ਼, ਪੱਛਮੀ ਗਾਇਨ, ਭੰਡ, ਨੁੱਕੜ ਨਾਟਕ, ਲਘੂ ਫਿਲਮ, ਰੰਗੋਲੀ, ਕਲੇਅ ਮਾਡਲਿੰਗ ਤੇ ਪੋਸਟਰ ਮੇਕਿੰਗ ਦੇ ਮੁਕਾਬਲੇ ਕਰਵਾਏ ਗਏ। ਇਸ ਮੌਕੇ ਕਾਲਜ ਪ੍ਰਿੰਸੀਪਲ ਪ੍ਰੋ. ਸੁਖਬੀਰ ਸਿੰਘ ਤੇ ਕਾਲਜ ਦੇ ਯੂਥ ਕੋਆਰਡੀਨੇਟਰ ਡਾ. ਹਰਦੀਪ ਸਿੰਘ ਨੇ ਦੱਸਿਆ ਕਿ ਮੇਲੇ ਦੇ ਪਹਿਲੇ ਦਿਨ ਹੋਏ ਵੱਖ-ਵੱਖ ਮੁਕਾਬਲਿਆਂ 'ਚ ਸਰਕਾਰੀ ਰਣਬੀਰ ਕਾਲਜ ਸੰਗਰੂਰ ਦੇ ਵਿਦਿਆਰਥੀਆਂ ਨੇ ਗੀਤ, ਗਜ਼ਲ, ਸਮੂਹ ਗਾਇਨ (ਭਾਰਤੀ), ਕੁਇੱਜ਼, ਪੰਜਾਬੀ ਲੋਕਧਾਰਾ ਤੇ ਸੱਭਿਆਚਾਰ ਕੁਇੱਜ਼, ਨਾਲ਼ਾ ਬੁਣਨਾ ਤੇ ਛਿੱਕੂ ਬਣਾਉਣ ਵਿੱਚ ਪਹਿਲਾ ਸਥਾਨ, ਸਮੂਹ ਸ਼ਬਦ ਗਾਇਨ, ਕਢਾਈ, ਖਿੱਦੋ, ਪਰਾਂਦਾ ਤੇ ਇੰਨੂ ਬਣਾਉਣ ਵਿੱਚ ਦੂਸਰਾ ਤੇ ਸ਼ਾਸਤਰੀ ਸੰਗੀਤ ਗਾਇਨ, ਪੱਖੀ ਬਣਾਉਣਾ, ਟੋਕਰੀ ਬਣਾਉਣਾ ਤੇ ਪੀੜ੍ਹੀ ਬੁਣਨ 'ਚ ਤੀਸਰਾ ਸਥਾਨ ਹਾਸਲ ਕੀਤਾ।

# 16 ਪੇਟੀਆਂ ਨਜਾਇਜ਼ ਸ਼ਰਾਬ ਸਣੇ 2 ਕਾਬੂ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)

ਮਾਛੀਵਾੜਾ ਪੁਲਸ ਵੱਲੋਂ 16 ਪੇਟੀਆਂ ਨਜਾਇਜ਼ ਸ਼ਰਾਬ ਸਮੇਤ 2 ਵਿਅਕਤੀਆਂ ਜਗਦੀਪ ਸਿੰਘ ਵਾਸੀ ਲੱਧੜਾਂ, ਗਗਨਦੀਪ ਸਿੰਘ ਵਾਸੀ ਚਹਿਲਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਥਾਣਾ ਮੁਖੀ ਇੰਸਪੈਕਟਰ ਵਿਨੋਦ ਕੁਮਾਰ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਹਰਵਿੰਦਰ ਸਿੰਘ ਘੁੰਮਣ ਪੁਲਸ ਪਾਰਟੀ ਸਮੇਤ ਗਸ਼ਤ ਕਰ ਰਿਹਾ ਸੀ ਕਿ ਉਸ ਨੂੰ ਮੁਖ਼ਬਰ ਨੇ ਸੂਚਨਾ ਦਿੱਤੀ ਕਿ ਗਗਨਦੀਪ ਸਿੰਘ ਤੇ ਜਗਦੀਪ ਸਿੰਘ, ਜੋ ਚੰਡੀਗੜ੍ਹ ਤੋਂ ਸਸਤੇ ਭਾਅ ਸ਼ਰਾਬ ਲਿਆ ਕੇ ਪੰਜਾਬ ਵਿੱਚ ਵੇਚਦੇ ਹਨ ਅਤੇ ਉਹ ਅੱਜ ਵੀ ਇੱਕ ਕਾਰ ਵਿੱਚ ਸ਼ਰਾਬ ਲੈ ਕੇ ਮਾਛੀਵਾੜਾ ਵੱਲ ਨੂੰ ਆ ਰਹੇ ਹਨ। ਪੁਲਸ ਵੱਲੋਂ ਪੁਲ ਨਹਿਰ ਗੜ੍ਹੀ ਤਰਖਾਣਾ ਵਿਖੇ ਨਾਕਾਬੰਦੀ ਕੀਤੀ ਤੇ ਇੱਕ ਕਾਰ ਨੂੰ ਜਾਂਚ ਲਈ ਰੋਕਿਆ, ਜਿਸ ਵਿੱਚ ਉਕਤ ਦੋਵੇਂ ਵਿਅਕਤੀ ਗਗਨਦੀਪ ਸਿੰਘ ਤੇ ਜਗਦੀਪ ਸਿੰਘ ਮੌਜੂਦ ਸਨ। ਤਲਾਸ਼ੀ ਦੌਰਾਨ ਇਸ ਕਾਰ 'ਚੋਂ 16 ਪੇਟੀਆਂ ਨਾਜਾਇਜ਼ ਸ਼ਰਾਬ ਬਰਾਮਦ ਹੋਈਆਂ, ਜੋ ਕਿ ਪੰਜਾਬ ਵਿੱਚ ਨਾ-ਵਿਕਣਯੋਗ ਹਨ। ਪੁਲਸ ਵੱਲੋਂ ਦੋਵਾਂ ਵਿਅਕਤੀਆਂ ਖਿਲਾਫ਼ ਐਕਸਾਇਜ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।

# ਟੈਗੋਰ ਗਲੋਬਲ ਸਕੂਲ ਨੂੰ ਅਧਿਆਪਨ ਖੇਤਰ 'ਚ ਮਿਲਿਆ ਐਵਾਰਡ



**ਸਮਰਾਲਾ (ਸੁਰਜੀਤ ਸਿੰਘ)**-ਇਲਾਕੇ ਦੀ ਚਰਚਿਤ ਸਿਖਿਆ ਸੰਸਥਾ ਟੈਗੋਰ ਗਲੋਬਲ ਸੀ.ਸੈ. ਸਕੂਲ ਨੂੰ ਸਿੱਖਿਆ ਦੇ ਖੇਤਰ ਵਿਚ ਚੰਗਾ ਨਾਮਣਾ ਖੱਟਣ ਬਦਲੇ ਪੰਜਾਬ ਦੇ ਨਿੱਜੀ ਸਕੂਲਾਂ ਦੀ ਸੰਸਥਾ 'ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ ਪੰਜਾਬ' ਵੱਲੋਂ ਸੈਸ਼ਨ 2022-23 ਲਈ ਬੈਸਟ ਸਕੂਲ (ਇੰਨੋਵੇਟਿਵ ਟੀਚਿੰਗ ਪ੍ਰੈਕਟਿਸ) ਦੀ ਸ਼੍ਰੇਣੀ ਵਿਚ ਐਵਾਰਡ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਪ੍ਰਾਈਵੇਟ ਸਕੂਲਾਂ ਦੀ ਇਸ ਸੰਸਥਾ ਵੱਲੋਂ ਹਰ ਸਾਲ ਦਿੱਤੇ ਜਾਂਦੇ ਨੈਸ਼ਨਲ ਐਵਾਰਡ ਵਿੱਚ ਵੱਖ ਵੱਖ ਸ਼੍ਰੇਣੀਆਂ ਅਧੀਨ ਵਿੱਦਿਅਕ ਖੇਤਰ ਵਿਚ ਮੱਲਾਂ ਮਾਰਨ ਵਾਲੇ ਸਕੂਲ ਅਤੇ ਉਹਨਾਂ ਦੀਆਂ ਪ੍ਰਬੰਧਕ ਕਮੇਟੀਆਂ, ਪ੍ਰਿੰਸੀਪਲ ਅਤੇ ਅਧਿਆਪਕਾਂ ਨੂੰ ਸਨਮਾਨਤ ਕੀਤਾ ਜਾਂਦਾ ਹੈ। ਇਸ ਸਾਲ ਫੈਪ. ਨੈਸ਼ਨਲ ਐਵਾਰਡ-2022 ਨੈਸ਼ਨਲ ਗਲੋਬਲ ਸੀ. ਸੈ. ਸਕੂਲ ਦੀਆਂ ਪ੍ਰਾਪਤੀਆਂ ਨੂੰ ਪਰਖਦੇ ਹੋਏ ਦਿੱਤਾ ਗਿਆ ਹੈ। ਇਹ ਐਵਾਰਡ ਮਿਲਣ 'ਤੇ ਸਕੂਲ ਪ੍ਰਬੰਧਨ ਕਮੇਟੀ ਵੱਲੋਂ ਡਾਇਰੈਕਟਰ ਬਾਲ ਕਿਸ਼ਨ ਅਨੇਜਾ, ਸਵਾਤੀ ਅਨੇਜਾ ਅਤੇ ਪ੍ਰਿੰਸੀਪਲ ਮਨੋਜ ਕੁਮਾਰ ਨੇ ਫੈਡਰੇਸ਼ਨ ਆਫ ਸਕੂਲ ਪੰਜਾਬ ਦੇ ਪ੍ਰਧਾਨ ਅਤੇ ਪ੍ਰਬੰਧਨ ਕਮੇਟੀ ਦੇ ਸਾਰੇ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ। ਡਾਇਰੈਟਰ ਬਾਲ ਕਿਸ਼ਨ ਅਨੇਜਾ ਅਤੇ ਸਵਾਤੀ ਅਨੇਜਾ ਨੇ ਸਕੂਲ ਨੂੰ ਇਹ ਐਵਾਰਡ ਮਿਲਣ 'ਤੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਹੈ ਕਿ ਇਹ ਐਵਾਰਡ ਮਿਲਣਾ ਸਕੂਲ ਲਈ ਵੱਡੇ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਇਸ ਦਾ ਸਿਹਰਾ ਉਹਨਾਂ ਅਧਿਆਪਕ ਅਤੇ ਅਧਿਆਪਕਾਵਾਂ ਨੂੰ ਜਾਂਦਾ ਹੈ ਜਿਹਨਾਂ ਨੇ ਪੂਰੀ ਮਿਹਨਤ ਅਤੇ ਲਗਨ ਨਾਲ ਬੱਚਿਆਂ ਨੂੰ ਆਧੁਨਿਕ ਤਰੀਕੇ ਨਾਲ ਪੜ੍ਹਾਈ ਕਰਵਾ ਕੇ ਚੰਗੇ ਰਿਜ਼ਲਟ ਸਾਹਮਣੇ ਲਿਆਂਦੇ ਹਨ। ਇਸ ਦੌਰਾਨ ਸਕੂਲ ਪ੍ਰਿੰਸੀਪਲ ਮਨੋਜ ਕੁਮਾਰ ਨੇ ਖੁਸੀ ਜਾਹਿਰ ਕਰਦਿਆਂ ਕਿਹਾ ਕਿ ਉਹਨਾਂ ਦੇ ਸਕੂਲ ਵਿਚ ਬੱਚਿਆਂ ਨੂੰ ਆਧੁਨਿਕ ਅਤੇ ਇਨੋਵੇਟਿਵ ਤਰੀਕੇ ਨਾਲ ਪੜ੍ਹਾਈ ਕਰਾਈ ਜਾਂਦੀ ਹੈ ਤਾਂ ਜੋ ਉਹ ਪੜ੍ਹਾਈ ਪ੍ਰਤੀ ਉਪਰਾਮ ਨਾ ਹੋਣ ਅਤੇ ਪੜ੍ਹਾਈ ਵਿਚ ਦਿਲਚਸਪੀ ਅਤੇ ਇਕਾਗਰਤਾ ਬਣੀ ਰਹੇ। ਸਕੂਲ ਵਿਚ ਸਮਾਰਟ ਬੋਰਡਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ ਤਾਂ ਜੋ ਬੱਚਿਆਂ ਨੂੰ ਕੁੱਝ ਜਾਣਕਾਰੀ ਦੀਆਂ ਚੀਜ਼ਾਂ ਐਪ ਡਾਊਨਲੋਡ ਕਰਕੇ ਲਾਈਵ ਦਿਖਾਈਆਂ ਜਾਣ।

# ਵਿਦਿਆਰਥੀਆਂ ਨੇ ਐਥਲੈਟਿਕ ਜ਼ੋਨ ਮੁਕਾਬਲੇ 'ਚ ਜਿੱਤ ਦੇ ਝੰਡੇ ਗੱਡੇ




**ਬਾਘਾ ਪੁਰਾਣਾ (ਮਨੀ ਸਿੰਗਲਾ)**-ਇਲਾਕੇ ਦੀ ਸਭ ਤੋਂ ਪੁਰਾਣੀ ਤੇ ਨਾਮਵਰ ਅਤੇ ਵਿੱਦਿਅਕ ਸੰਸਥਾ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ ਦੇ ਵਿਦਿਆਰਥੀਆਂ ਨੇ ਅਥਲੈਟਿਕਸ ਜ਼ੋਨ ਮੁਕਾਬਲੇ ਵਿੱਚ ਜਿੱਤ ਦੇ ਝੰਡੇ ਗੱਡਦਿਆਂ ਸ਼ਾਨਦਾਰ ਪ੍ਰਾਪਤੀਆਂ ਹਾਸਲ ਕੀਤੀਆਂ। ਇਨ੍ਹਾਂ ਮੁਕਾਬਲਿਆਂ ਵਿੱਚ ਅੰਡਰ-19 ਵਿੱਚੋਂ ਲੜਕੇ ਗੁਰਪਾਲ ਸਿੰਘ ਨੇ 100 ਮੀਟਰ ਤੇ 200 ਮੀਟਰ ਰੇਸ ਵਿੱਚੋਂ ਫਸਟ ਰਹਿ ਕੇ ਗੋਲਡ ਮੈਡਲ ਅਤੇ ਅਮਨ ਸਿੰਘ ਨੇ 100 ਮੀਟਰ ਤੇ 200 ਮੀਟਰ ਰੇਸ ਵਿੱਚੋਂ ਸੈਕਿੰਡ ਰਹਿ ਕੇ ਸਿਲਵਰ ਮੈਡਲ ਹਾਸਲ ਕੀਤਾ। ਅਰਮਾਨਪ੍ਰੀਤ ਸਿੰਘ ਨੇ ਜੈਵਲਿਨ ਥਰੋ ਤੇ ਸ਼ਾਟਪੁੱਟ 'ਚੋਂ ਕ੍ਰਮਵਾਰ ਗੋਲਡ ਤੇ ਸਿਲਵਰ ਮੈਡਲ ਪ੍ਰਾਪਤ ਕੀਤਾ। ਇਸੇ ਤਰ੍ਹਾਂ ਅੰਡਰ-17 ਲੜਕੇ 'ਚ ਕਿਰਨਦੀਪ ਸਿੰਘ ਨੇ 800 ਮੀਟਰ ਰੇਸ ਵਿੱਚ ਕਾਂਸੀ ਦਾ ਤਮਗਾ ਹਾਸਲ ਕੀਤਾ। ਇਸੇ ਤਰ੍ਹਾਂ ਅੰਡਰ-19 ਲੜਕੀਆਂ ਵਿੱਚੋਂ ਮਨਪ੍ਰੀਤ ਕੌਰ ਨੇ ਗੋਲਡ ਮੈਡਲ, ਰੀਲੇਅ ਰੇਸ ਵਿੱਚੋਂ ਸੁਪਨਦੀਪ ਕੌਰ, ਮਨਪ੍ਰੀਤ ਕੌਰ, ਪਵਨਦੀਪ ਕੌਰ ਤੇ ਮਹਿਕਪ੍ਰੀਤ ਕੌਰ ਨੇ ਗੋਲਡ ਮੈਡਲ ਪ੍ਰਾਪਤ ਕੀਤਾ। ਉੱਚੀ ਛਾਲ ਵਿੱਚੋਂ ਮਹਿਕਪ੍ਰੀਤ ਕੌਰ ਨੇ ਸਿਲਵਰ ਮੈਡਲ ਹਾਸਲ ਕੀਤਾ। ਅੰਡਰ-17 ਰੀਲੇਅ ਰੇਸ ਵਿੱਚੋਂ ਅਮਨੀਤ ਕੌਰ, ਹਰਮਨਪ੍ਰੀਤ, ਰਾਜਵੀਰ ਕੌਰ ਤੇ ਸੁਖਪ੍ਰੀਤ ਕੌਰ ਨੇ ਸਿਲਵਰ ਅਤੇ 800 ਮੀਟਰ ਰੇਸ ਵਿੱਚੋਂ ਰਾਜਵੀਰ ਕੌਰ ਨੇ ਸਿਲਵਰ ਮੈਡਲ ਪ੍ਰਾਪਤ ਕੀਤਾ। ਇਨ੍ਹਾਂ ਹੋਣਹਾਰ ਵਿਦਿਆਰਥੀਆਂ ਨੇ ਕੋਚ ਨਵਨੀਤ ਸਿੰਘ ਦੀ ਅਗਵਾਈ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਮੌਕੇ ਸਕੂਲ ਪ੍ਰਿੰਸੀਪਲ ਗੁਰਦੇਵ ਸਿੰਘ, ਡਾਇਰੈਕਟਰ ਸੰਦੀਪ ਮਹਿਤਾ ਅਤੇ ਕੋ-ਆਰਡੀਨੇਟਰ ਮੁਕੇਸ਼ ਅਰੋੜਾ ਨੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਸਨਮਾਨਤ ਵੀ ਕੀਤਾ। ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਡਾਇਰੈਕਟਰ ਸੰਦੀਪ ਮਹਿਤਾ ਨੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਕਰਦੇ ਰਹਿਣ ਲਈ ਉਤਸ਼ਾਹਤ ਕੀਤਾ ਅਤੇ ਖੇਡਾਂ ਵਿੱਚ ਹਿੱਸਾ ਲੈ ਕੇ ਸਰੀਰਕ ਤੇ ਮਾਨਸਿਕ ਤੌਰ 'ਤੇ ਮਜ਼ਬੂਤ ਬਣਨ ਦੀ ਪ੍ਰੇਰਨਾ ਦਿੱਤੀ।

# ਆਈ ਐੱਸ ਐੱਫ ਕਾਲਜ ਵਿਖੇ ਆਈ ਆਈ ਸੀ ਸੈੱਲ ਦੀ ਮੀਟਿੰਗ



**ਮੋਗਾ (ਅਮਰਜੀਤ ਬੱਬਰੀ)**-ਸੂਬੇ ਦੀ ਪ੍ਰਮੁੱਖ ਵਿੱਦਿਅਕ ਸੰਸਥਾ ਆਈ.ਐੱਸ.ਐੱਫ. ਕਾਲਜ ਆਫ ਫਾਰਮੇਸੀ ਵਿਖੇ ਇੰਸਟੀਚਿਊਸ਼ਨਲ ਇਨੋਵੇਸ਼ਨ ਕੌਂਸਲ ਦੀ ਮੀਟਿੰਗ ਕੀਤੀ ਗਈ, ਜਿਸ ਵਿੱਚ ਕੁਆਟਰ-1 ਦੇ ਦੌਰਾਨ ਕੀਤੀਆਂ ਜਾ ਰਹੀਆਂ ਗਤੀਵਿਧੀਆਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ।

ਇਸ ਮੌਕੇ ਸੈੱਲ ਦੀ ਕਨਵੀਨਰ ਡਾ. ਪੂਜਾ ਚਾਵਲਾ ਨੇ ਸਾਰਿਆਂ ਦਾ ਸੁਆਗਤ ਕਰਦੇ ਹੋਏ ਦੱਸਿਆ ਕਿ ਕੁਆਟਰ-1 ਦੇ ਲਈ ਆਯੋਜਿਤ ਕੀਤੀ ਜਾਣ ਵਾਲੀ ਐਕਟੀਵਿਟੀ ਵਿੱਚ ਵੈਬੀਨਾਰ, ਆਈਡੀਆ ਥੀਮ, ਸਟਾਰਟਅਪ, ਇੰਟਰਪ੍ਰਿਓਨਰਸ਼ਿਪ ਦੇ ਨਾਲ-ਨਾਲ ਗੈਸਟ ਲੈਕਚਰਾਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਮੀਤ ਪ੍ਰਧਾਨ ਤੇ ਸੰਸਥਾ ਦੇ ਵਾਈਸ ਪ੍ਰਿੰਸੀਪਲ ਡਾ. ਆਰ. ਕੇ. ਨਾਰੰਗ ਨੇ ਸਾਰੀ ਗਤੀਵਿਧੀਆਂ ਵਿੱਚ ਟੀਚਰਾਂ, ਵਿਦਿਆਰਥੀਆਂ ਦੇ ਨਾਲ-ਨਾਲ ਸਕੂਲਾਂ ਵਿੱਚ ਵੀ ਵਿਦਿਆਰਥੀਆਂ ਵਿੱਚ ਜਾਗਰੂਕਤਾ ਲਿਆਉਣ ਲਈ ਧਿਆਨ ਆਕਰਸ਼ਿਤ ਕਰਵਾਇਆ। ਸੰਸਥਾ ਦੇ ਡਾਇਰੈਕਟਰ ਡਾ. ਜੀ. ਡੀ. ਗੁਪਤਾ ਨੇ ਐੱਮ.ਐੱਸ.ਐੱਮ.ਈ. ਵੱਲੋਂ ਹਾਲ ਹੀ ਵਿੱਚ ਆਈਡੀਆ ਥੀਮ ਦੁਆਰਾ ਵਿਦਿਆਰਥੀਆਂ ਵਿੱਚ ਸਟਾਰਟਅਪ ਪ੍ਰਤੀ ਧਿਆਨ ਦੇਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਕਈ ਮੁੱਦੇ ਜਿਸ ਵਿੱਚ ਵਿਦਿਆਰਥੀਆਂ ਨੂੰ ਸਾਇੰਸ ਪ੍ਰਤੀ ਜਾਗਰੂਕ ਕਰਨ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ।

ਇਸ ਮੌਕੇ ਸੰਸਥਾ ਦੇ ਚੇਅਰਮੈਨ ਪ੍ਰਵੀਨ ਗਰਗ ਨੇ ਕਿਹਾ ਕਿ ਆਈ.ਐੱਸ.ਐੱਫ. ਕਾਲਜ ਲਗਾਤਾਰ ਸਿੱਖਿਆ ਦੇ ਨਾਲ-ਨਾਲ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਕੰਮ ਕਰ ਰਹੀ ਹੈ। ਉਨ੍ਹਾਂ ਆਈ.ਆਈ.ਸੀ. ਸੈੱਲ ਦੀ ਮੀਟਿੰਗ ਦੇ ਸਫਲ ਆਯੋਜਨ ਲਈ ਸਾਰਿਆਂ ਨੂੰ ਵਧਾਈ ਦਿੱਤੀ।

# ਵਿਧਾਇਕ ਲਾਭ ਸਿੰਘ ਉਗੋਕੇ ਨੇ ਕੀਤਾ ਖਰੀਦ ਕੇਂਦਰ ਦਰਾਜ ਦਾ ਦੌਰਾ



ਪਿੰਡ ਦਰਾਜ ਦੇ ਖਰੀਦ ਕੇਂਦਰ ਦਾ ਜਾਇਜ਼ਾ ਲੈਂਦੇ ਵਿਧਾਇਕ ਉਗੋਕੇ ਤੇ ਹੋਰ।

**ਤਪਾ ਮੰਡੀ (ਅਰੁਣ ਗੋਇਲ, ਮੁਨੀਸ਼ ਬਾਂਸਲ)**-ਹਲਕਾ ਭਦੌੜ ਦੇ ਵਿਧਾਇਕ ਲਾਭ ਸਿੰਘ ਉਗੋਕੇ, ਜੋ ਖਰੀਦ ਕੇਂਦਰ ਦਰਾਜ ਵਿਖੇ ਝੋਨੇ ਦੀ ਖਰੀਦ ਦਾ ਜਾਇਜ਼ਾ ਲੈਣ ਪੁੱਜੇ, ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਝੋਨੇ ਦੀ ਖਰੀਦ ਦੇ ਪ੍ਰਬੰਧ ਸੁਚਾਰੂ ਢੰਗ ਨਾਲ ਕਿਸਾਨਾਂ, ਆੜ੍ਹਤੀਆਂ ਦੇ ਸਹਿਯੋਗ ਨਾਲ ਸਹੀ ਚੱਲ ਰਹੇ ਹਨ। ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਤੁਹਾਡੀ ਆਪਣੀ ਸਰਕਾਰ ਹੈ, ਮੰਡੀਆਂ 'ਚ ਕਿਸਾਨਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਉਨ੍ਹਾਂ ਪਿੰਡ ਦਰਾਜ ਦੀ ਮੰਡੀ 'ਚ ਕਿਸਾਨਾਂ, ਆੜ੍ਹਤੀਆਂ ਤੇ ਮਜ਼ਦੂਰਾਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਤਸੱਲੀ ਪ੍ਰਗਟ ਕੀਤੀ। ਉਨ੍ਹਾ ਦੱਸਿਆ ਕਿ ਮੰਡੀਆਂ ਵਿੱਚ ਖਰੀਦੇ ਝੋਨੇ ਬਦਲੇ ਕਿਸਾਨਾਂ ਨੂੰ 48 ਘੰਟਿਆਂ ਦੇ ਅੰਦਰ-ਅੰਦਰ ਅਦਾਇਗੀ ਕੀਤੀ ਜਾ ਰਹੀ ਹੈ ਅਤੇ ਨਾ ਹੀ ਲਿਫਟਿੰਗ ਦੀ ਕੋਈ ਸਮੱਸਿਆ ਆ ਰਹੀ ਹੈ, ਜਦਕਿ ਕਿਸਾਨ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਖੁਸ਼ ਨਜ਼ਰ ਆ ਰਹੇ ਹਨ। ਇਸ ਮੌਕੇ ਹਾਜ਼ਰ ਸਕੱਤਰ ਮਾਰਕੀਟ ਕਮੇਟੀ ਜਸਵੀਰ ਸਿੰਘ ਦਾ ਕਹਿਣਾ ਹੈ ਕਿ ਹੁਣ ਤੱਕ ਮੰਡੀਆਂ 'ਚ ਹੁਣ ਤੱਕ 15 ਲੱਖ ਤੋਂ ਵੱਧ ਗੱਟਿਆਂ ਦੀ ਆਮਦ ਹੋ ਚੁੱਕੀ ਹੈ, ਜਿਸ ਵਿੱਚੋਂ 14 ਲੱਖ ਤੋਂ ਵੱਧ ਦੀ ਬੋਲੀ ਵੱਖ-ਵੱਖ ਖਰੀਦ ਏਜੰਸੀਆਂ ਨੇ ਲਾਈ ਹੈ। ਇਸ ਮੌਕੇ ਮੈਨੇਜਰ ਵੇਅਰਹਾਊਸ ਜਗਦੇਵ ਸਿੰਘ, ਧਰਮਿੰਦਰ ਮਾਂਗਟ ਤੇ ਅੰਗਰੇਜ ਸਿੰਘ ਮੰਡੀ ਸੁਪਰਵਾਈਜ਼ਰ ਤੋਂ ਇਲਾਵਾ ਗੁਰਪ੍ਰੀਤ ਸਿੰਘ, ਸੁਨੀਲ ਕੁਮਾਰ, ਰੇਸ਼ਮ ਸਿੰਘ ਬੱਲੋ, ਗੁਰਤੇਜ ਦਰਾਜ, ਅਮਨ ਸਿੰਘ ਦਰਾਜ ਆਦਿ ਕਿਸਾਨ, ਮਜ਼ਦੂਰ ਤੇ ਆੜ੍ਹਤੀਏ ਹਾਜ਼ਰ ਸਨ।

# ਕੁੱਬਾ ਸਕੂਲ ਦੇ ਵਿਦਿਆਰਥੀਆਂ ਦਾ ਸਾਇੰਸ ਮੇਲੇ 'ਚ ਸ਼ਾਨਦਾਰ ਪ੍ਰਦਰਸ਼ਨ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਬਲਾਕ ਦੋਰਾਹਾ ਦੀ ਬਲਾਕ ਪੱਧਰ ਸਾਇੰਸ ਮੇਲਾ/ਪ੍ਰਦਰਸ਼ਨੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਜਗੜ੍ਹ ਵਿਖੇ ਲਗਾਈ ਗਈ, ਜਿਸ ਵਿੱਚ ਲਗਭਗ 40 ਸਕੂਲਾਂ ਦੇ ਵਿਦਿਆਰਥੀਆਂ ਨੇ ਵੱਖ-ਵੱਖ ਥੀਮਾਂ ਅਧੀਨ ਆਪਣੇ ਮਾਡਲ ਪ੍ਰਦਰਸ਼ਿਤ ਕੀਤੇ। ਇਸ ਪ੍ਰਦਰਸ਼ਨੀ ਵਿੱਚ 'ਵਿਗਿਆਨ ਤੇ ਰੋਜ਼ਾਨਾ ਜ਼ਿੰਦਗੀ' ਥੀਮ ਅਧੀਨ ਕੁੱਬਾ ਸਕੂਲ ਦੀ ਵਿਦਿਆਰਥਣ ਹਰਮਨਜੀਤ ਕੌਰ ਨੇ ਐਲੀਮੈਂਟਰੀ ਪੱਧਰ 'ਤੇ ਪਹਿਲਾ ਸਥਾਨ ਤੇ ਸੈਕੰਡਰੀ ਪੱਧਰ 'ਤੇ ਜਸ਼ਨਪ੍ਰੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਡੀ. ਐੱਮ. ਸਾਇੰਸ ਜਸਵੀਰ ਸਿੰਘ ਤੇ ਬੀ ਐੱਮ ਸਾਇੰਸ ਸੁਖਜਿੰਦਰ ਸਿੰਘ ਦੀ ਦੇਖ-ਰੇਖ ਹੇਠ ਹੋਏ ਇਨ੍ਹਾਂ ਮੁਕਾਬਲਿਆਂ ਵਿੱਚ ਜੇਤੂ ਵਿਦਿਆਰਥੀਆਂ ਨੂੰ ਦੋਰਾਹਾ, ਰਾਜਗੜ੍ਹ, ਬਿਲਾਸਪੁਰ ਸਕੂਲਾਂ ਦੇ ਪ੍ਰਿੰਸੀਪਲਾਂ ਨੇ ਸਾਂਝੇ ਤੌਰ 'ਤੇ ਤਕਸੀਮ ਕੀਤੇ। ਸਕੂਲ ਵਿੱਚ ਵਿਦਿਆਰਥਣਾਂ ਨੂੰ ਪ੍ਰਿੰਸੀਪਲ ਪੁਸ਼ਪਿੰਦਰ ਕੌਰ ਨੇ ਸਨਮਾਨਤ ਕੀਤਾ ਤੇ ਗਾਈਡ ਅਧਿਆਪਕ ਪ੍ਰਵੀਨ ਲਤਾ ਅਤੇ ਮਨਪ੍ਰੀਤ ਸਿੰਘ ਨੂੰ ਵਧਾਈ ਦਿੱਤੀ।

# ਡੇਂਗੂ ਦੀ ਰੋਕਥਾਮ ਲਈ ਗਤੀਵਿਧੀਆਂ ਲਗਾਤਾਰ ਜਾਰੀ : ਡਾ. ਸਿੰਗਲਾ



ਗਤੀਵਿਧੀਆਂ ਕਰਦੀ ਸਿਹਤ ਵਿਭਾਗ ਦੀ ਟੀਮ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਜ਼ਿਲ੍ਹਾ ਸਿਹਤ ਵਿਭਾਗ ਵੱਲੋਂ ਨੈਸ਼ਨਲ ਵੈਕਟਰ ਬੋਰਨ ਡਜ਼ੀਜ਼ ਕੰਟਰੋਲ ਪ੍ਰੋਗਰਾਮ ਅਧੀਨ ਡੇਂਗੂ ਦੀ ਬੀਮਾਰੀ ਦੇ ਫੈਲਣ ਤੋਂ ਬਚਾਅ ਲਈ ਸਿਵਲ ਸਰਜਨ ਡਾ. ਰੰਜੂ ਸਿੰਗਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਥਾਨਕ ਰੇਲਵੇ ਸਟੇਸ਼ਨ, ਰੇਲਵੇ ਕੁਆਰਟਰ, ਭੁੱਲਰ ਕਲੋਨੀ, ਟੈਲੀਫੋਨ ਐਕਸਚੇਂਜ, ਵੈਟਰਨਰੀ ਹਸਪਤਾਲ, ਜੋਧੂ ਕਲੋਨੀ, ਵੱਖ ਵੱਖ ਜਨਤਕ ਸਥਾਨਾਂ ਤੇ ਸ਼ੁੱਕਰਵਾਰ ਡਰਾਈ ਡੇਅ ਅਧੀਨ ਗਤੀਵਿਧੀਆਂ ਕੀਤੀਆਂ ਗਈਆਂ। ਇਸ ਮੌਕੇ ਸਿਹਤ ਵਿਭਾਗ ਦੀ ਟੀਮ ਵੱਲੋਂ ਪਾਣੀ ਦੀਆਂ ਟੈਂਕੀਆਂ, ਕੂਲਰ, ਗਮਲਿਆਂ, ਹੋਰ ਥਾਈਂ ਪਾਣੀ ਇਕੱਠਾ ਹੋਣ ਦੇ ਸਰੋਤ ਆਦਿ ਚੈੱਕ ਕਰਕੇ ਜਮ੍ਹਾਂ ਹੋਏ ਪਾਣੀ ਦੇ ਸਰੋਤਾਂ ਨੂੰ ਖਾਲੀ ਕਰਵਾਇਆ ਗਿਆ। ਇਸ ਸਮੇਂ ਡਾ. ਰੰਜੂ ਸਿਗਲਾ ਸਿਵਲ ਸਰਜਨ ਸ਼੍ਰੀ ਮੁਕਤਸਰ ਸਾਹਿਬ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਡੇਂਗੂ ਦਾ ਮੱਛਰ ਇੱਕ ਹਫਤੇ ਤੋਂ ਵੱਧ ਜਮ੍ਹਾਂ ਹੋਏ ਸਾਫ ਪਾਣੀ ਵਿੱਚ ਪਨਪਦਾ ਹੈ। ਮੱਛਰ ਦੀਆਂ ਤਿੰਨ ਸਟੇਜਾਂ ਅੰਡਾ, ਲਾਰਵਾ ਤੇ ਪਿਊਪਾ ਪਾਣੀ ਵਿੱਚ ਹੁੰਦੀਆਂ ਹਨ ਤੇ ਇਸ ਦਾ ਜੀਵਨ ਕਾਲ ਇੱਕ ਹਫਤੇ ਦਾ ਹੁੰਦਾ ਹੈ। ਉਨ੍ਹਾ ਕਿਹਾ ਕਿ ਸਾਨੂੰ ਹਰ ਹਫਤੇ ਜਮ੍ਹਾਂ ਕੀਤੇ ਹੋਏ ਪਾਣੀ ਦੇ ਸਰੋਤਾਂ ਨੂੰ ਇੱਕ ਵਾਰ ਖਾਲੀ ਕਰਕੇ ਸੁਕਾਉਣਾ ਚਾਹੀਦਾ ਹੈ ਤੇ ਪਾਣੀ ਇਕੱਠਾ ਨਹੀਂ ਹੋਣ ਦੇਣਾ ਚਾਹੀਦਾ ਹੈ। ਉਨ੍ਹਾ ਦੱਸਿਆ ਕਿ ਬੁਖਾਰ ਹੋਣ ਦੀ ਸੂਰਤ ਵਿੱਚ ਨੇੜੇ ਸਰਕਾਰੀ ਸਿਹਤ ਸੰਸਥਾ ਵਿੱਚ ਜਾਣਾ ਚਾਹੀਦਾ ਹੈ। ਉਨ੍ਹਾ ਦੱਸਿਆ ਕਿ ਸਰਕਾਰੀ ਹਸਪਤਾਲਾਂ ਵਿੱਚ ਡੇਂਗੂ ਤੇ ਮਲੇਰੀਆ ਦੇ ਟੈਸਟ ਅਤੇ ਇਲਾਜ ਮੁਫਤ ਕੀਤੇ ਜਾਂਦੇ ਹਨ। ਇਸ ਮੌਕੇ ਲਾਲ ਚੰਦ, ਭਗਵਾਨ ਦਾਸ ਹੈਲਥ ਇੰਸਪੈਕਟਰ, ਅੰਗਰੇਜ ਸਿੰਘ, ਜਸਕਰਨ ਸਿੰਘ ਤੇ ਬ੍ਰੀਡਿੰਗ ਚੈਕਰ ਹਾਜ਼ਰ ਸਨ।

# ਮਾਤਾ ਗੁਜਰੀ ਕਾਲਜ 'ਚ ਸਾਕਾ ਪੰਜਾ ਸਾਹਿਬ ਦੀ ਸ਼ਤਾਬਦੀ ਨੂੰ ਸਮਰਪਿਤ ਗੁਰਮਤਿ ਸਮਾਗਮ



ਮਾਤਾ ਗੁਜਰੀ ਕਾਲਜ ਵੱਲੋਂ ਸਾਕਾ ਪੰਜਾ ਸਾਹਿਬ ਦੀ ਸ਼ਤਾਬਦੀ ਨੂੰ ਸਮਰਪਿਤ ਗੁਰਮਤਿ ਸਮਾਗਮ 'ਚ ਹਿੱਸਾ ਲੈ ਰਹੇ ਕਾਲਜ ਦੇ ਆਨਰੇਰੀ ਸਕੱਤਰ ਜਗਦੀਪ ਸਿੰਘ ਚੀਮਾ, ਸਟਾਫ਼ ਮੈਂਬਰ ਤੇ ਵਿਦਿਆਰਥੀ

ਫ਼ਤਹਿਗੜ੍ਹ ਸਾਹਿਬ(ਪ੍ਰਮੋਦ ਭਾਰਦਵਾਜ)

ਮਾਤਾ ਗੁਜਰੀ ਕਾਲਜ ਫਤਹਿਗੜ੍ਹ ਸਾਹਿਬ ਵਿਖੇ ਸ਼ਹੀਦੀ ਸਾਕਾ ਸ੍ਰੀ ਪੰਜਾ ਸਾਹਿਬ ਦੀ ਸ਼ਤਾਬਦੀ ਨੂੰ ਸਮਰਪਿਤ ਵਿਸ਼ੇਸ਼ ਗੁਰਮਤਿ ਸਮਾਗਮ ਆਯੋਜਿਤ ਕੀਤਾ, ਜਿਸ ਵਿੱਚ ਕਾਲਜ ਦੇ ਸਮੂਹ ਸਟਾਫ਼ ਤੇ ਵਿਦਿਆਰਥੀਆਂ ਦੁਆਰਾ ਪੂਰੀ ਸ਼ਰਧਾ ਭਾਵਨਾ ਨਾਲ ਸ੍ਰੀ ਜਪੁਜੀ ਸਾਹਿਬ ਅਤੇ ਸ੍ਰੀ ਚੌਪਈ ਸਾਹਿਬ ਦੇ ਪਾਠ ਕੀਤੇ ਗਏ ਅਤੇ ਸ਼ਤਾਬਦੀ ਨੂੰ ਸਮਰਪਿਤ ਵਿਸ਼ੇਸ਼ ਪੈਦਲ ਗੁਰਮਤਿ ਮਾਰਚ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਪਾਇਆ ਗਿਆ। ਇਸ ਮੌਕੇ ਕਾਲਜ ਗਵਰਨਿੰਗ ਬਾਡੀ ਦੇ ਆਨਰੇਰੀ ਸਕੱਤਰ ਜਗਦੀਪ ਸਿੰਘ ਚੀਮਾ ਨੇ ਪੰਜਾ ਸਾਹਿਬ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਇਨ੍ਹਾਂ ਸਮਾਗਮਾਂ ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਨੂੰ ਆਪਣੇ ਅਮੀਰ ਗੁਰਮਤਿ ਸੱਭਿਆਚਾਰ ਬਾਰੇ ਜਾਗਰੂਕ ਕਰਨਾ ਹੈ ਤਾਂ ਜੋ ਉਹ ਆਪਣੇ ਗੌਰਵਮਈ ਵਿਰਸੇ ਨਾਲ ਜੁੜ ਸਕਣ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਸਾਕਾ ਪੰਜਾ ਸਾਹਿਬ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਸਿੱਖ ਇਤਿਹਾਸ ਸ਼ਹਾਦਤਾਂ, ਸਾਕਿਆਂ ਅਤੇ ਘੱਲੂਘਾਰਿਆਂ ਨਾਲ ਸਿੰਜਿਆ ਹੋਇਆ ਹੈ, ਇਸ ਲਈ ਸਾਨੂੰ ਆਪਣੇ ਬੱਚਿਆਂ ਨੂੰ ਆਪਣੇ ਅਮੀਰ ਸਿੱਖ ਇਤਿਹਾਸ, ਸਿੱਖ ਸਿਧਾਂਤਾਂ ਤੇ ਸਿੱਖ ਵਿਚਾਰਧਾਰਾ ਨਾਲ ਜੋੜਨਾ ਚਾਹੀਦਾ ਹੈ। ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਕਾਲਜ ਦੇ ਸਮੂਹ ਸਟਾਫ਼ ਮੈਂਬਰਾਂ, ਵਿਦਿਆਰਥੀਆਂ, ਕਾਲਜ ਦੇ ਐਨ ਸੀ ਸੀ, ਐਨ ਐਸ ਐਸ, ਭਾਰਤ ਸਕਾਊਟ ਅਤੇ ਗਾਈਡ ਦੇ ਵਾਲੰਟੀਅਰਾਂ, ਮਾਤਾ ਗੁਜਰੀ ਸਟੱਡੀ ਸਰਕਲ, ਰੈੱਡ ਕਰਾਸ ਯੂਨਿਟ, ਹੋਸਟਲ ਦੇ ਵਿਦਿਆਰਥੀਆਂ, ਪੱਤਰਕਾਰੀ ਵਿਭਾਗ, ਜ਼ਿਲ੍ਹਾ ਅਤੇ ਪੁਲਸ ਪ੍ਰਸ਼ਾਸਨ ਦਾ ਸਹਿਯੋਗ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਧਰਮ ਅਧਿਐਨ ਵਿਭਾਗ ਦੇ ਮੁਖੀ ਡਾ. ਗੁਰਬਾਜ ਸਿੰਘ ਨੇ ਸਾਕਾ ਪੰਜਾ ਸਾਹਿਬ ਦੇ ਇਤਿਹਾਸਕ ਪਿਛੋਕੜ ਬਾਰੇ ਦੱਸਦਿਆਂ ਕਿਹਾ ਕਿ ਇਹ ਸਾਕਾ ਸਿੱਖਾਂ ਦੀ ਸਹਿਣਸ਼ੀਲਤਾ, ਸੂਰਬੀਰਤਾ ਅਤੇ ਸੰਕਲਪ ਦ੍ਰਿੜਤਾ ਦੀ ਇਕ ਮਿਸਾਲ ਸੀ। ਇਸ ਮੌਕੇ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ, ਕਾਲਜ ਦਾ ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

# ਸ੍ਰੀ ਸ਼ਿਆਮ ਸੰਕੀਰਤਨ ਮੰਡਲ ਨੇ ਬੱਚਿਆਂ ਨੂੰ ਜਰਸੀਆਂ ਵੰਡੀਆਂ



ਸਮਾਣਾ (ਗੁਰਪਿਆਰ ਸਿੰਘ ਬੱਲ)

ਸ਼ਹਿਰ ਦੀ ਉੱਘੀ ਸਮਾਜ ਸੇਵੀ ਸੰਸਥਾ ਸ੍ਰੀ ਸ਼ਿਆਮ ਸੰਕੀਰਤਨ ਮੰਡਲ ਵੱਲੋਂ ਪ੍ਰਧਾਨ ਸੰਜੀਵ ਕੁਮਾਰ ਸਿੰਗਲਾ ਦੀ ਅਗਵਾਈ ਵਿੱਚ ਸਥਾਨਕ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਸਮਾਣਾ (ਮੁੰਡੇ) ਵਿਖੇ 50 ਲੋੜਵੰਦ ਬੱਚਿਆਂ ਨੂੰ ਗਰਮ ਜਰਸੀਆਂ ਵੰਡੀਆਂ ਗਈਆਂ ਤੇ ਇਸ ਦੇ ਨਾਲ ਹੀ ਸਕੂਲ ਲਈ ਲੋੜੀਂਦੇ ਵਰਤਨ ਵੀ ਦਿੱਤੇ ਗਏ। ਇਸ ਮੌਕੇ ਨੈਸ਼ਨਲ ਐਵਾਰਡੀ ਰਿਟਾਇਰਡ ਟੀਚਰ ਪਰਮਜੀਤ ਲਾਲ, ਬੀ ਪੀ ਓ ਗੁਰਪ੍ਰੀਤ ਸਿੰਘ ਗੋਲਡੀ ਤੇ ਸਕੂਲ ਇੰਚਾਰਜ ਸਰਬਜੀਤ ਕੌਰ ਨੇ ਸ੍ਰੀ ਸ਼ਿਆਮ ਸੰਕੀਰਤਨ ਮੰਡਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ੍ਰੀ ਸ਼ਿਆਮ ਸੰਕੀਰਤਨ ਮੰਡਲ ਦੀਆਂ ਸੇਵਾਵਾਂ ਸ਼ਲਾਘਾਯੋਗ ਹਨ, ਜੋ ਹਮੇਸ਼ਾ ਹੀ ਲੋੜਵੰਦਾਂ ਦੀ ਮਦਦ ਕਰਨਾ ਆਪਣਾ ਇਖ਼ਲਾਕੀ ਫ਼ਰਜ਼ ਸਮਝਦਾ ਹੈ।

ਇਸ ਮੌਕੇ ਮੰਡਲ ਪ੍ਰਧਾਨ ਸੰਜੀਵ ਕੁਮਾਰ ਸਿੰਗਲਾ, ਸਕੱਤਰ ਪੰਕਜ ਗੋਇਲ, ਪ੍ਰਿੰਸ ਸਿੰਗਲਾ, ਅਸ਼ਵਿਨ ਕੁਮਾਰ ਤੇ ਭਜਨ ਗਾਇਕ ਨੀਰਜ ਸਿੰਗਲਾ ਨੇ ਬੱਚਿਆਂ ਨੂੰ ਪੜ੍ਹਾਈ ਤੇ ਖੇਡਾਂ ਦੇ ਖੇਤਰ ਵਿੱਚ ਸਖ਼ਤ ਮਿਹਨਤ ਕਰਕੇ ਚੰਗੀਆਂ ਮੱਲਾਂ ਮਾਰਨ ਦੀ ਪ੍ਰੇਰਣਾ ਦਿੱਤੀ।

# ਡਿਪਟੀ ਕਮਾਂਡੈਂਟ ਵਿਜੈ ਕੁਮਾਰ ਬੈਂਸ ਨੇ ਜੇਤੂ ਵਿਦਿਆਰਥੀਆਂ ਨੂੰ ਕੀਤਾ ਸਨਮਾਨਤ



ਬਰਨਾਲਾ (ਰਾਜਿੰਦਰ ਬਰਾੜ, ਗੁਰਪ੍ਰੀਤ ਸੋਨੀ)

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਬਰਨਾਲਾ ਵਿਖੇ ਜ਼ਿਲ੍ਹਾ ਸਿੱਖਿਆ ਅਫਸਰ ਸਰਬਜੀਤ ਸਿੰਘ ਤੂਰ ਅਤੇ ਉਪ ਜ਼ਿਲ੍ਹਾ ਸਿੱਖਿਆ ਅਫਸਰ ਮੈਡਮ ਹਰਕੰਵਲਜੀਤ ਕੌਰ ਦੇ ਦਿਸ਼ਾ ਨਿਰਦੇਸ਼ ਤਹਿਤ ਪ੍ਰਿੰਸੀਪਲ ਹਰੀਸ ਬਾਂਸਲ ਦੀ ਅਗਵਾਈ ਅਧੀਨ ਰਾਸ਼ਟਰੀ ਅਵਿਸ਼ਕਾਰ ਅਭਿਆਨ (ਆਰਏਏ) ਤਹਿਤ ਜ਼ਿਲ੍ਹਾ ਪੱਧਰੀ ਕੁਇੱਜ਼ ਮੁਕਾਬਲੇ ਕਰਵਾਏ ਗਏ। ਇਸ ਪ੍ਰੋਗਰਾਮ ਵਿਚ ਦਿੱਲੀ ਤੋਂ ਡਿਪਟੀ ਕਮਾਂਡੈਂਟ ਵੈਲਫੇਅਰ ਸਪੈਸ਼ਲ ਸੈੱਲ ਅਤੇ 'ਭਾਰਤ ਕੇ ਵੀਰ' ਪੋਰਟਲ ਦੇ ਨੋਡਲ ਇੰਚਾਰਜ ਵੱਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਕੁਇਜ਼ ਮੁਕਾਬਲੇ ਸੰਬੰਧੀ ਜਾਣਕਾਰੀ ਦਿੰਦੇ ਹੋਏ ਡੀ ਐਮ ਕਮਲਦੀਪ ਨੇ ਦੱਸਿਆ ਬਲਾਕ ਪੱਧਰੀ ਕੁਇਜ਼ ਮੁਕਾਬਲੇ ਦੀਆਂ ਜੇਤੂ ਟੀਮਾਂ ਵੱਲੋਂ ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲਿਆ ਗਿਆ ਹੈ ਅਤੇ 18 ਸਕੂਲਾਂ ਦੇ 90 ਵਿਦਿਆਰਥੀਆਂ ਵੱਲੋਂ ਹਿੱਸਾ ਲਿਆ ਗਿਆ। ਜਿਸ ਵਿੱਚ ਮਿਡਲ ਵਰਗ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਬਰਨਾਲਾ, ਸਰਕਾਰੀ ਹਾਈ ਸਕੂਲ ਭੈਣੀ ਜੱਸਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਸਹਿਣਾ ਵੱਲੋਂ ਕ੍ਰਮਵਾਰ ਪਹਿਲੀ, ਦੂਜੀ ਅਤੇ ਤੀਜੀ ਪੁਜੀਜ਼ਨ ਹਾਸਲ ਕੀਤੀ ਗਈ। ਜਦੋਂ ਕਿ ਹਾਈ ਵਰਗ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਬਰਨਾਲਾ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਢਿੱਲਵਾਂ ਅਤੇ ਸਰਕਾਰੀ ਹਾਈ ਸਕੂਲ ਦਰਾਜ ਵੱਲੋਂ ਕ੍ਰਮਵਾਰ ਪਹਿਲੀ, ਦੂਜੀ ਅਤੇ ਤੀਜੀ ਪੁਜੀਸ਼ਨ ਹਾਸਲ ਕੀਤੀ ਗਈ। ਇਸ ਮੌਕੇ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਡਿਪਟੀ ਕਮਾਂਡੈਂਟ ਵਿਜੇ ਕੁਮਾਰ ਬੈਂਸ ਨੇ ਕਿਹਾ ਕਿ ਸਾਰੇ ਬੱਚਿਆਂ ਨੂੰ ਹੁਣ ਤੋਂ ਹੀ ਆਪਣਾ ਨਿਸ਼ਾਨਾ ਮਿੱਥ ਕੇ ਪੂਰੀ ਦ੍ਰਿੜ੍ਹਤਾ, ਇਮਾਨਦਾਰੀ ਅਤੇ ਲਗਨ ਨਾਲ ਉਸ ਨਿਸ਼ਾਨੇ ਜਾਂ ਉਸ ਟੀਚੇ ਨੂੰ ਪ੍ਰਾਪਤ ਕਰਨ ਲਈ ਸਖਤ ਮਿਹਨਤ ਕਰਨੀ ਚਾਹੀਦੀ ਹੈ। ਉਪ ਜ਼ਿਲ੍ਹਾ ਸਿੱਖਿਆ ਅਫਸਰ ਮੈਡਮ ਹਰਕੰਵਲਜੀਤ ਕੌਰ ਅਤੇ ਪ੍ਰਿੰਸੀਪਲ ਸੰਜੇ ਸਿੰਗਲਾ ਵੱਲੋਂ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਗਿਆ। ਮੁੱਖ ਮਹਿਮਾਨ ਵਿਜੇ ਕੁਮਾਰ ਅਤੇ ਅਧਿਕਾਰੀਆਂ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਤੇ ਮੋਮੈਂਟੋ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਵਿਨਸੀ ਜਿੰਦਲ, ਫਾਲਕੌਨ ਕੰਪਨੀ ਦੇ ਸੀਨੀਅਰ ਮੈਨੇਜਰ ਮਨੀ ਕਪੂਰ, ਡੀ ਐਮ ਮੈਥ ਕਮਲਦੀਪ, ਡੀ ਐਮ ਅੰਗਰੇਜ਼ੀ ਅਮਨਿੰਦਰ ਕੁਠਾਲਾ, ਸੁਖਪਾਲ ਢਿੱਲੋਂ, ਰਾਜੇਸ਼ ਕੁਮਾਰ, ਤੇਜਿੰਦਰ ਸਰਮਾ, ਸੰਦੀਪ ਸਿੰਘ, ਸਤੀਸ਼ ਜੈਦਕਾ, ਪੰਕਜ ਗੋਇਲ, ਨਵਦੀਪ ਲਾਡੀ, ਜ਼ਿਲ੍ਹਾ ਮੀਡੀਆ ਕੋਆਰਡੀਨੇਟਰ ਹਰਵਿੰਦਰ ਰੋਮੀ ਅਤੇ ਅਧਿਆਪਕ ਹਾਜ਼ਰ ਰਹੇ।

CMYK

## ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਖੇ ਹੋਇਆ ਸ਼ਤਾਬਦੀ ਸਮਾਗਮ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸਰਹੱਦ ਪਾਰੋਂ ਮਿਲੀ ਖਬਰ ਅਨੁਸਾਰ 100 ਸਾਲ ਪਹਿਲਾਂ ਵਾਪਰੇ ਸ਼ਹੀਦੀ ਸਾਕਾ ਸ੍ਰੀ ਪੰਜਾ ਸਾਹਿਬ ਦੀ ਸ਼ਤਾਬਦੀ ਦਾ ਮੁੱਖ ਸਮਾਗਮ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਖੇ ਹੋਇਆ, ਜਿਸ ਵਿਚ ਸਿੱਖ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਿਕਰਤ ਕੀਤੀ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਂਝੇ ਤੌਰ 'ਤੇ ਕੀਤੇ ਗਏ ਇਸ ਸ਼ਤਾਬਦੀ ਸਮਾਗਮ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਸੰਬੋਧਨ ਵਿਚ ਆਖਿਆ ਕਿ ਸਾਕਾ ਸ੍ਰੀ ਪੰਜਾ ਸਾਹਿਬ ਦੇ ਸ਼ਹੀਦ ਕੌਮੀ ਅਕੀਦਿਆਂ ਨੂੰ ਪ੍ਰਣਾਏ ਹੋਏ ਸਨ, ਜਿਨ੍ਹਾਂ ਨੇ ਸਿੱਖ ਸੰਸਥਾਵਾਂ ਦੀ ਮਜ਼ਬੂਤੀ ਲਈ ਆਪਣੀਆਂ ਸ਼ਹਾਦਤਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਦੇਸ਼ ਵੰਡ ਮਗਰੋਂ ਸ੍ਰੀ ਪੰਜਾ ਸਾਹਿਬ ਸਮੇਤ ਬਹੁਤ ਸਾਰੇ ਗੁਰਧਾਮ ਪਾਕਿਸਤਾਨ ਵਿਚ ਰਹਿ ਗਏ, ਜਿਨ੍ਹਾਂ ਪ੍ਰਤੀ ਸਿੱਖ ਕੌਮ ਅੰਦਰ ਗਹਿਰਾ ਸਤਿਕਾਰ ਅਤੇ ਸ਼ਰਧਾ ਹੈ। ਇਨ੍ਹਾਂ ਵਿਛੜੇ ਗੁਰਧਾਮਾਂ ਦੇ ਦਰਸ਼ਨਾਂ ਲਈ ਸਿੱਖਾਂ ਨੂੰ ਖੁੱਲ੍ਹ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਗੁਰਧਾਮਾਂ ਦੇ ਦਰਸ਼ਨਾਂ ਲਈ ਸਿੱਖਾਂ ਨੂੰ ਮੌਕੇ 'ਤੇ ਵੀਜ਼ੇ ਦੇਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ, ਤਾਂ ਜੋ ਸ਼ਰਧਾਲੂ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਆਪਣੇ ਗੁਰਧਾਮਾਂ 'ਤੇ ਆ ਕੇ ਨਤਮਸਤਕ ਹੋ ਸਕਣ। ਉਨ੍ਹਾਂ ਕਿਹਾ ਕਿ ਸਿੱਖ ਦੋਹਾਂ ਦੇਸ਼ਾਂ ਦੇ ਸੁਖਾਵੇਂ ਸਬੰਧ ਲੋਚਦੇ ਹਨ, ਕਿਉਂਕਿ ਜਦੋਂ ਵੀ ਦੇਸ਼ਾਂ ਦੇ ਸਬੰਧਾਂ 'ਚ ਕੁੜੱਤਣ ਆਉਂਦੀ ਹੈ ਤਾਂ ਸਭ ਤੋਂ ਪਹਿਲਾਂ ਸਿੱਖ ਜਥਿਆਂ ਦੇ ਆਉਣ-ਜਾਣ 'ਤੇ ਪ੍ਰਭਾਵ ਪੈਂਦਾ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਜਥਿਆਂ ਰਾਹੀਂ ਪਾਕਿਸਤਾਨ ਆਉਣ ਵਾਲੇ ਸ਼ਰਧਾਲੂਆਂ ਲਈ ਚਲਦੀ ਰੇਲ ਸੇਵਾ ਦਾ ਵੀ ਬੀਤੇ ਸਮੇਂ ਤੋਂ ਬੰਦ ਹੋਣਾ ਠੀਕ ਨਹੀਂ ਹੈ ਕਿਉਂਕਿ ਕਫਾਇਤੀ ਰੇਲ ਸੇਵਾ ਦੇ ਬੰਦ ਹੋਣ ਨਾਲ ਆਮ ਸ਼ਰਧਾਲੂਆਂ 'ਤੇ ਆਰਥਿਕ ਬੋਝ ਬਣਿਆ ਹੋਇਆ ਹੈ। ਉਨ੍ਹਾਂ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਕਿਹਾ ਕਿ ਇਸ ਪਾਸੇ ਧਿਆਨ ਦਿੱਤਾ ਜਾਵੇ ਅਤੇ ਅਰਸੇ ਤੋਂ ਚਲਦੀ ਰੇਲ ਸੇਵਾ ਮੁੜ ਬਹਾਲ ਕੀਤੀ ਜਾਵੇ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਆਪਣੇ ਸੰਬੋਧਨ ਦੌਰਾਨ ਬੰਦੀ ਸਿੰਘਾਂ ਦੀ ਰਿਹਾਈ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਸਿੱਖ ਸੰਸਥਾਵਾਂ ਨੂੰ ਮਜ਼ਬੂਤ ਕਰਨ ਲਈ ਸਰਕਾਰਾਂ ਅਤੇ ਸੰਗਤ ਨੂੰ ਖਾਸ ਧਿਆਨ ਦੇਣ ਲਈ ਵੀ ਆਖਿਆ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸਾਕਾ ਸ੍ਰੀ ਪੰਜਾ ਸਾਹਿਬ ਦੇ ਸ਼ਹੀਦਾਂ ਦੀ ਸ਼ਤਾਬਦੀ ਮੌਕੇ ਸਿੱਖ ਸੰਗਤਾਂ ਨੂੰ ਸ਼ਹੀਦਾਂ ਦੇ ਜੀਵਨ ਤੋਂ ਪ੍ਰੇਰਨਾ ਲੈਣ ਦੀ ਅਪੀਲ ਵੀ ਕੀਤੀ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਾਕਾ ਸ੍ਰੀ ਪੰਜਾ ਸਾਹਿਬ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸਿੱਖ ਕੌਮ ਦਾ ਇਹ ਸੰਘਰਸ਼ਮਈ ਇਤਿਹਾਸ ਅਮੁੱਲਾ ਹੈ, ਜਿਸ ਨੂੰ ਸੰਗਤਾਂ ਯੁੱਗਾਂ ਤੱਕ ਯਾਦ ਰੱਖਣਗੀਆਂ। ਇਸ ਮੌਕੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਮੀਰ ਸਿੰਘ ਅਤੇ ਓਕਾਫ ਬੋਰਡ ਦੇ ਐਡੀਸ਼ਨਲ ਸਕੱਤਰ ਰਾਣਾ ਸ਼ਾਹਿਦ ਸਲੀਮ ਨੇ ਸਾਕੇ ਦੇ ਸ਼ਹੀਦਾਂ ਨੂੰ ਸ਼ਰਧਾ ਭੇਟ ਕੀਤੀ।

## ਝਪਟਮਾਰਾਂ ਨੇ ਔਰਤ ਕੋਲੋਂ ਪਰਸ ਖੋਹਿਆ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਸ਼ਹਿਰ ਵਿਖੇ ਝਪਟਮਾਰਾਂ ਵੱਲੋਂ ਇਕ ਐਕਟਿਵਾ ਸਵਾਰ ਔਰਤ ਕੋਲੋਂ ਝਪਟ ਮਾਰ ਕੇ ਪਰਸ ਖੋਹਣ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਸਿਟੀ ਪੁਲਸ ਨੇ ਦੋ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਅੰਜੂ ਪਤਨੀ ਸਾਗਰ ਧਵਨ ਵਾਸੀ ਦੇਵੀ ਦੁਆਰਾ ਮੰਦਰ ਵਾਲੀ ਗਲੀ, ਤੂੜੀ ਬਾਜ਼ਾਰ ਸਿਟੀ ਫਿਰੋਜ਼ਪੁਰ ਨੇ ਦੱਸਿਆ ਕਿ ਉਹ ਆਪਣੀ ਐਕਟਿਵਾ ਸਕੂਟਰ 'ਤੇ ਬਾਜ਼ਾਰ ਤੋਂ ਆਪਣੇ ਘਰ ਵਾਪਸ ਆ ਰਹੀ ਸੀ, ਜਦ ਉਹ ਆਪਣੇ ਘਰ ਕੋਲ ਪੁੱਜੀ ਤਾਂ ਦੋ ਅਣਪਛਾਤੇ ਮੋਟਰਸਾਈਕਲ ਸਵਾਰ ਆਏ, ਜਿਨ੍ਹਾਂ ਨੇ ਝਪਟ ਮਾਰ ਕੇ ਉਸ ਦਾ ਪਰਸ ਖੋਹ ਲਿਆ ਤੇ ਮੌਕੇ ਤੋਂ ਫਰਾਰ ਹੋ ਗਏ। ਅੰਜੂ ਨੇ ਦੱਸਿਆ ਕਿ ਉਸ ਦੇ ਪਰਚ ਵਿਚ 5 ਹਜ਼ਾਰ ਰੁਪਏ ਨਗਦ, 1 ਮੋਬਾਇਲ ਫੋਨ ਮਾਰਕਾ ਆਈ ਫੋਨ ਐਕਸ ਆਰ, 1 ਸੋਨੇ ਦੀ ਚੈਨ ਵਜ਼ਨੀ 22 ਗ੍ਰਾਮ, 2 ਸੋਨੇ ਦੀਆਂ ਰਿੰਗਾਂ ਵਜ਼ਨੀ 10 ਗ੍ਰਾਮ ਤੇ ਜ਼ਰੂਰੀ ਕਾਗਜ਼ਾਤ ਸਨ। ਇਸ ਮਾਮਲੇ ਦੀ ਜਾਂਚ ਕਰ ਰਹੇ ਏਐੱਸਆਈ ਬਲਬੀਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਗੁ. ਮੱਲ ਅਖਾੜਾ ਸਾਹਿਬ ਪਾ: ਛੇਵੀਂ ਵਿਖੇ ਬਾਬਾ ਫੂਲਾ ਸਿੰਘ ਸ਼ਹੀਦ ਦੇ ਸ਼ਤਾਬਦੀ ਸਮਾਰੋਹ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਗੁਰੂ ਗੋਬਿੰਦ ਸਿੰਘ ਜੀ ਦੀਆਂ ਲਾਡਲੀਆਂ ਅਕਾਲੀ ਫੌਜਾਂ ਦਾ ਮੁੱਖ ਦਲ ਪੰਥ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਚਲਦਾ ਵਹੀਰ ਦੇ ਛੇਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਦੇ ਦੋ ਸੌ ਸਾਲਾ ਸ਼ਹੀਦੀ ਵਰ੍ਹੇ ਨੂੰ ਸਮਰਪਿਤ ਗੁਰਦੁਆਰਾ ਮੱਲ ਅਖਾੜਾ ਸਾਹਿਬ ਪਾ: ਛੇਵੀਂ ਅਤੇ ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਨਵੀਂ ਦਿੱਲੀ ਤੋਂ ਬਾਬਾ ਜ਼ੋਰਾਵਰ ਸਿੰਘ ਜੀ ਬਾਬਾ ਫਤਹਿ ਸਿੰਘ ਜੀ ਇਸਤਰੀ ਸਤਿਸੰਗ ਸਭਾ ਨੇ ਸੁਖਮਨੀ ਦੇ ਪਾਠ ਅਤੇ ਮਨੋਹਰ ਕੀਰਤਨ ਕਰਕੇ ਆਪਣੀ ਹਾਜ਼ਰੀ ਲਵਾਈ। ਇਸ ਮੌਕੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਦਿੱਲੀ ਤੋਂ ਪੁਜੀ ਸੁਸਾਇਟੀ ਨੂੰ ਜੀ ਆਇਆ ਕਿਹਾ ਅਤੇ ਸਭਾ ਦੀ ਮੁਖੀ ਬੀਬੀ ਤ੍ਰਿਪਤ ਕੌਰ ਨੂੰ ਸਨਮਾਨਿਤ ਕੀਤਾ। ਸ: ਬੇਦੀ ਨੇ ਸੋਸਾਇਟੀ ਨੂੰ ਸੰਬੋਧਨ ਕਰਦਿਆਂ ਗੁਰਦੁਆਰਾ ਸਾਹਿਬ ਦੇ ਇਤਿਹਾਸ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ ਅਤੇ ਅਕਾਲੀ ਬਾਬਾ ਫੂਲਾ ਸਿੰਘ ਦੇ ਜੀਵਨ ਬਾਰੇ ਇਤਿਹਾਸਕ ਤੇ ਧਾਰਮਿਕ ਪੱਖ ਤੋਂ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਖਾਲਸਾ ਪੰਥ ਦੇ ਛੇਵੇਂ ਮੁਖੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਜਥੇਦਾਰ ਰਹੇ ਮਹਾਨ ਜਰਨੈਲ ਬਾਬਾ ਫੂਲਾ ਸਿੰਘ ਸ਼ਹੀਦ ਦੀ ਸ਼ਹੀਦੀ ਸ਼ਤਾਬਦੀ ਮਨਾਉਣ ਦਾ ਜੋ ਉਪਰਾਲਾ ਕੀਤਾ ਹੈ, ਉਸ ਨੂੰ ਸਮੁਚੇ ਖਾਲਸਾ ਪੰਥ ਵਲੋਂ ਵਿਸ਼ੇਸ਼ ਸਹਿਯੋਗ ਤੇ ਹੁੰਗਾਰਾ ਮਿਲ ਰਿਹਾ ਹੈ। ਸ: ਬੇਦੀ ਨੇ ਦਿੱਲੀ ਤੋਂ ਪੁਜੀ ਸੰਗਤ ਦਾ ਬਾਬਾ ਬਲਬੀਰ ਸਿੰਘ 96 ਕਰੋੜੀ ਬੁੱਢਾ ਦਲ ਵਲੋਂ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਇਸ ਸਮੇਂ ਵੱਖ-ਵੱਖ ਸੇਵਾ ਸੁਸਾਇਟੀਆਂ ਦੀਆਂ ਮੁੱਖ ਬੀਬੀਆਂ ਜਿਨ੍ਹਾਂ ਵਿਚ ਬੀਬੀ ਗੁਰਚਰਨ ਕੌਰ, ਬੀਬੀ ਚਰਨਜੀਤ ਕੌਰ, ਬੀਬੀ ਪਰਮਿੰਦਰ ਕੌਰ, ਬੀਬੀ ਕਮਲਦੀਪ ਕੌਰ, ਬੀਬੀ ਬਲਬੀਰ ਕੌਰ, ਬੀਬੀ ਨਰਿੰਦਰ ਕੌਰ ਤਹਿਸੀਲ ਪੁਰਾ, ਬੀਬੀ ਸੁਰਜੀਤ ਕੌਰ, ਬੀਬੀ ਰਾਜਵੰਤ ਕੌਰ, ਬੀਬੀ ਨਰਿੰਦਰ ਕੌਰ ਗੁਰਨਾਮ ਨਗਰ, ਬੀਬੀ ਹਰਜਿੰਦਰ ਕੌਰ, ਬੀਬੀ ਪ੍ਰੀਤ ਕੌਰ, ਬੀਬੀ ਪਰਮਜੀਤ ਕੌਰ ਪਿੰਕੀ ਅਤੇ ਬੀਬੀ ਨਰਿੰਦਰ ਕੌਰ ਨੇ ਵੀ ਹਾਜ਼ਰੀ ਭਰੀ।

## ਵਿੱਦਿਆ ਦੇ ਖੇਤਰ 'ਚ ਰਿਆੜਕੀ ਕਾਲਜ ਇੱਕ ਚਾਨਣ ਮੁਨਾਰਾ: ਡਿਪਟੀ ਕਮਿਸ਼ਨਰ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਜ਼ਿਲ੍ਹਾ ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਮੁਹੰਮਦ ਇਸ਼ਫਾਕ ਆਪਣੀ ਧਰਮਪਤਨੀ ਸਾਹਲਾ ਕਾਦਰੀ ਤੇ ਅਫਸਰ ਸਹਿਬਾਨ ਦੀ ਟੀਮ ਸਮੇਤ ਆਪਣੇ ਵਿਸ਼ੇਸ਼ ਦੌਰੇ 'ਤੇ ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ ਵਿਖੇ ਪਹੁੰਚੇ ਜਿੱਥੇ ਉਨ੍ਹਾਂ ਸੰਸਥਾ ਦੀ ਹਰੇਕ ਚੀਜ਼ ਨੂੰ ਆਪ ਜਾ ਕੇ ਵੇਖਿਆ ਸਮਝਿਆ ਅਤੇ ਵਾਚਿਆ।

ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਹ ਸਕੂਲ ਹਨ੍ਹੇਰੇ ਵਿੱਚ ਇੱਕ ਚਾਨਣ ਮੁਨਾਰਾ ਹੈ ਜੋ ਬੱਚਿਆਂ ਨੂੰ ਖੁਦ ਕੰਮ ਕਰਨਾ, ਆਪਣੇ ਹੱਥੀਂ ਆਪਣਾ ਕੰਮ ਆਪ ਕਰਨਾ ਬੜੀ ਸਫਲਤਾਪੂਰਵਕ ਲੰਮੇ ਸਮੇਂ ਤੋਂ ਸਿਖਾ ਰਿਹਾ ਹੈ। ਇਸ ਮੌਕੇ ਉਨ੍ਹਾਂ ਨੇ ਅਚੀਵਰਜ਼ ਪ੍ਰੋਗਰਾਮ ਸਬੰਧੀ ਵੀ ਗੱਲ ਕੀਤੀ ਕਿ ਇਸ ਸੰਸਥਾ ਦੇ ਉੱਚ ਅਹੁਦਿਆਂ 'ਤੇ ਪਹੁੰਚੇ ਅਤੇ ਨਾਮਣਾ ਖੱਟਣ ਵਾਲੇ ਵਿਦਿਆਰਥੀਆਂ ਨੂੰ 26 ਜਨਵਰੀ ਦੇ ਪ੍ਰੋਗਰਾਮ ਵਿਚ ਸੱਦਿਆ ਜਾਵੇਗਾ।

ਉਨ੍ਹਾਂ ਨੇ ਕਿਹਾ ਕਿ ਇੱਥੇ ਆ ਕੇ ਮੈਨੂੰ ਮੇਰਾ ਬਚਪਨ ਯਾਦ ਆ ਗਿਆ। ਪ੍ਰਿੰਸੀਪਲ ਸਵਰਨ ਸਿੰਘ ਵਿਰਕ ਨੇ ਅਖੀਰ ਵਿੱਚ ਡਿਪਟੀ ਕਮਿਸ਼ਨਰ, ਉਨ੍ਹਾਂ ਦੀ ਧਰਮਪਤਨੀ ਨੂੰ ਸਿਰੋਪਾਓ ਅਤੇ ਦੁਸ਼ਾਲੇ ਦੇ ਕੇ ਸਨਮਾਨਿਤ ਕੀਤਾ ਅਤੇ ਉਨ੍ਹਾਂ ਸਮੇਤ ਆਈ ਉੱਚ ਪੱਧਰੀ ਟੀਮ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਪ੍ਰਧਾਨ ਬਖਤਾਵਰ ਸਿੰਘ, ਜ਼ਿਲ੍ਹਾ ਸਿੱਖਿਆ ਅਫਸਰ ਲਖਵਿੰਦਰ ਸਿੰਘ, ਸੁਖਵਿੰਦਰ ਸਿੰਘ ਨਾਇਬ ਤਹਿਸੀਲਦਾਰ ਕਾਹਨੂੰਵਾਨ, ਕੁਲਵੰਤ ਸਿੰਘ ਬੀਡੀਪੀਓ ਕਾਹਨੂੰਵਾਨ, ਪੰਚਾਇਤ ਸਕੱਤਰ ਮਨਜੀਤ ਕੌਰ, ਗੁਰਦਿਆਲ ਸਿੰਘ ਐੱਸਡੀਓ ਰਿਟ., ਜਗੀਰ ਸਿੰਘ ਸਰਪੰਚ ਤੁਗਲਵਾਲਾ, ਪਟਵਾਰੀ ਸਵਿੰਦਰ ਸਿੰਘ, ਮਨਜਿੰਦਰਪਾਲ ਸਿੰਘ ਸਾਬੀ, ਬਲਜੀਤ ਸਿੰਘ, ਗਗਨਦੀਪ ਸਿੰਘ ਸਮੇਤ ਇਲਾਕੇ ਦੇ ਮੋਹਤਬਰ ਅਤੇ ਪਤਵੰਤੇ ਸੱਜਣ ਵੀ ਹਾਜ਼ਰ ਸਨ।

## ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਲਈ ਅਰਜ਼ੀਆਂ ਦੀ ਮੰਗ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਪੰਜਾਬ ਸਰਕਾਰ ਦੁਆਰਾ ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਸਾਲ 2021-22 ਲਈ ਯੋਗ ਉਮੀਦਵਾਰਾਂ ਤੋਂ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਇਸ ਪੁਰਸਕਾਰ ਲਈ ਚੁਣੇ ਗਏ ਨੌਜਵਾਨਾਂ ਨੂੰ ਮੈਡਲ, ਸਕਰੋਲ ਸਰਟੀਫਿਕੇਟ ਤੇ 51 ਹਜ਼ਾਰ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਸੂਦਨ ਨੇ ਦੱਸਿਆ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਯੁਵਕ ਗਤੀਵਿਧੀਆਂ ਵਿੱਚ ਉੱਘਾ ਤੇ ਸ਼ਲਾਘਾਯੋਗ ਕੰਮ ਕਰਨ ਵਾਲੇ ਨੌਜਵਾਨਾਂ ਨੂੰ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਪੁਰਸਕਾਰ ਲਈ ਨੌਜਵਾਨ ਪਿਛਲੇ ਸਾਲਾਂ ਤੋਂ ਵੱਖ-ਵੱਖ ਯੁਵਕ ਗਤੀਵਿਧੀਆਂ ਜਿਵੇਂ ਯੁਵਕ ਭਲਾਈ ਗਤੀਵਿਧੀਆਂ, ਕੌਮੀ ਸੇਵਾ ਯੋਜਨਾ, ਐੱਨਸੀਸੀ, ਸੱਭਿਆਚਾਰਕ ਗਤੀਵਿਧੀਆਂ, ਪਰਬਤਾਰੋਹਣ, ਹਾਈਕਿੰਗ ਟਰੈਕਿੰਗ, ਖੇਡਾਂ, ਸਮਾਜ ਸੇਵਾ, ਰਾਸ਼ਟਰੀ ਏਕਤਾ, ਖ਼ੂਨਦਾਨ, ਨਸ਼ਿਆਂ ਵਿਰੁੱਧ ਜਾਗਰੂਕਤਾ, ਵਿੱਦਿਅਕ ਯੋਗਤਾ, ਬਹਾਦਰੀ ਦੇ ਕਾਰਨਾਮੇ, ਸਕਾਊਟਿੰਗ ਅਤੇ ਗਾਈਡਿੰਗ ਅਤੇ ਸਾਹਸੀ ਗਤੀਵਿਧੀਆਂ ਵਿਚ ਹਿੱਸਾ ਲੈਂਦਾ ਰਿਹਾ ਹੋਵੇ। ਉਨ੍ਹਾਂ ਦੱਸਿਆ ਕਿ ਇਹ ਪੁਰਸਕਾਰ ਸਿਰਫ਼ ਪੰਜਾਬ ਦੇ ਨੌਜਵਾਨਾਂ ਲਈ ਹੈ ਤੇ ਉਮੀਦਵਾਰ ਦੀ ਉਮਰ ਮਿਤੀ 31 ਮਾਰਚ 2022 ਨੂੰ 15 ਸਾਲ ਤੋਂ ਘੱਟ ਅਤੇ 35 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ। ਉਨ੍ਹਾਂ ਕਿਹਾ ਕਿ ਉਮੀਦਵਾਰ ਯੁਵਕ ਭਲਾਈ ਗਤੀਵਿਧੀਆਂ ਜਾਂ ਸਮਾਜ ਸੇਵਾ ਵਿੱਚ ਸ਼ਾਮਿਲ ਹੁੰਦਾ ਰਿਹਾ ਹੋਵੇ ਅਤੇ ਪੁਰਸਕਾਰ ਪ੍ਰਾਪਤ ਹੋਣ ਉਪਰੰਤ ਵੀ 2 ਸਾਲ ਬਾਅਦ ਇਨ੍ਹਾਂ ਗਤੀਵਿਧੀਆਂ ਨੂੰ ਚਾਲੂ ਰੱਖਣ ਦਾ ਇਛੁੱਕ ਹੋਵੇ ਤੇ ਇਹ ਗਤੀਵਿਧੀਆਂ ਸਮਾਜ ਸੇਵਾ ਅਤੇ ਨੌਜਵਾਨਾਂ ਦੇ ਵਿਕਾਸ ਵਿੱਚ ਸਹਾਈ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਇਹ ਪੁਰਸਕਾਰ ਲਈ ਚੋਣ ਉਸ ਦੀ ਸਮਾਜ ਸੁਧਾਰ ਵਿੱਚ ਅਸਲ ਇੱਛਾ ਅਤੇ ਪ੍ਰਤੀਨਿਧਤਾ ਦੇ ਅਧਾਰ 'ਤੇ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਪੁਰਸਕਾਰ ਲਈ ਯੋਗ ਉਮੀਦਵਾਰ ਆਪਣੀਆਂ ਅਰਜ਼ੀਆਂ ਅਤੇ ਪ੍ਰਾਪਤੀ ਸਬੰਧੀ ਆਪਣੀ ਪ੍ਰਤੀ ਬੇਨਤੀ (ਦਸਤਾਵੇਜ਼) ਦੀ ਫਾਇਲ ਜ਼ਿਲੇ ਦੇ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਦੇ ਦਫ਼ਤਰ ਵਿਖੇ 30 ਨਵੰਬਰ 2022 ਤੱਕ ਭੇਜ ਸਕਦੇ ਹਨ।

## ਭਖਦੇ ਲੋਕ ਮਸਲਿਆਂ ਨੂੰ ਲੈ ਕੇ ਸੀ ਪੀ ਆਈ (ਐੱਮਐੱਲ) ਲਿਬਰੇਸ਼ਨ ਵੱਲੋਂ ਮੀਟਿੰਗ



ਬਟਾਲਾ (ਤਰਲੋਕ ਬੱਗਾ)-ਫੈਜ਼ਪੁਰਾ ਰੋਡ ਉਪਰ ਸੀ. ਪੀ. ਆਈ. (ਐੱਮਐੱਲ) ਲਿਬਰੇਸ਼ਨ ਦੇ ਦਫਤਰ ਵਿਖੇ ਪਾਰਟੀ ਦੀ ਬਟਾਲਾ ਤਹਿਸੀਲ ਕਮੇਟੀ ਦੀ ਮੀਟਿੰਗ ਰਕੇਸ਼ ਕੁਮਾਰ ਅਠਵਾਲ ਦੀ ਪ੍ਰਧਾਨਗੀ ਹੇਠ ਹੋਈ। ਇਸ ਸਮੇਂ ਬੋਲਦਿਆਂ ਲਿਬਰੇਸ਼ਨ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਗੁਲਜ਼ਾਰ ਸਿੰਘ ਭੁੰਬਲੀ ਅਤੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਆਮ ਜਨਤਾ ਦੀਆਂ ਮੁਸ਼ਕਲਾਂ ਹੱਲ ਕਰਨ ਵਿਚ ਕੋਈ ਰੁਚੀ ਨਹੀਂ ਲੈ ਰਹੀ ਜਿਸ ਕਾਰਨ ਗਰੀਬ ਜਨਤਾ ਦਾ ਸਰਕਾਰ ਤੋਂ ਮੋਹ ਭੰਗ ਹੋ ਰਿਹਾ ਹੈ। ਬੱਖਤਪੁਰਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਸਮੇਂ ਤੋਂ ਅਨਾਜ ਕਾਰਡਾਂ ਤੋਂ ਵਾਂਝੇ ਰੱਖੇ ਗਏ ਮਜ਼ਦੂਰ ਪਰਿਵਾਰਾਂ ਦੇ ਰਾਸ਼ਨ ਕਾਰਡ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਨਹੀਂ ਬਣਾ ਰਹੀ ਜਦੋਂਕਿ ਖੁਸ਼ਹਾਲ ਪਰਿਵਾਰਾਂ ਨੂੰ ਡਿਪੂਆਂ 'ਚੋਂ ਅਨਾਜ ਮਿਲ ਰਿਹਾ ਹੈ। ਸਰਕਾਰ ਦੁਆਰਾ ਇਸ ਬਾਬਤ ਜਾਂਚ ਕਰਵਾਉਣ ਦਾ ਐਲਾਨ ਕਰਨ ਦੇ ਬਾਵਜੂਦ ਕੋਈ ਪੜਤਾਲ ਸ਼ੁਰੂ ਨਹੀਂ ਹੋਈ। ਪਿਛਲੀ ਸਰਕਾਰ ਦੇ ਸਮੇਂ ਤੋਂ ਪਿੰਡ ਦੀ ਲਾਲ ਲਕੀਰ ਦੇ ਅੰਦਰਲੇ ਗਰੀਬਾਂ ਦੇ ਘਰਾਂ ਦੀਆਂ ਰਜਿਸਟਰੀਆਂ ਕਰਨ ਦਾ ਫੈਸਲਾ ਇਸ ਸਰਕਾਰ ਸਮੇਂ ਵੀ ਲਾਗੂ ਨਹੀਂ ਹੋ ਰਿਹਾ, 90 ਫੀਸਦ ਮਜ਼ਦੂਰਾਂ ਨੂੰ ਮਨਰੇਗਾ ਦਾ ਕੋਈ ਰੋਜ਼ਗਾਰ ਨਹੀਂ ਮਿਲ ਰਿਹਾ ਅਤੇ ਨਾ ਹੀ ਘੁਰਨਿਆਂ ਵਰਗੇ ਘਰਾਂ ਵਿੱਚ ਦਿਨ ਕਟੀ ਕਰ ਰਹੇ ਮਜ਼ਦੂਰ ਪਰਿਵਾਰਾਂ ਨੂੰ ਪਲਾਟ ਦੇਣ ਦਾ ਸਰਕਾਰ ਕੋਈ ਫੈਸਲਾ ਲੈ ਰਹੀ ਹੈ। ਨਸ਼ਿਆਂ ਨਾਲ ਹਰ ਰੋਜ਼ ਦੋ ਚਾਰ ਨੌਜਵਾਨ ਮੌਤ ਦੀ ਭੇਟ ਚੜ੍ਹ ਰਹੇ ਹਨ, ਸਰਕਾਰ ਨੇ ਹੁਣ ਨਸ਼ਿਆਂ ਬਾਬਤ ਮੂੰਹ ਬੰਦ ਕਰ ਲਿਆ ਹੈ। ਸਰਕਾਰ ਨੇ ਸ਼ਗਨ ਸਕੀਮ ਦੇ ਨਵੰਬਰ 2021 ਤੋਂ ਬਾਅਦ ਦੇ ਅਜੇ ਤਕ ਪੈਸੇ ਪੈਸੇ ਨਹੀਂ ਪਾਏ, ਸਰਕਾਰ ਦੀ ਰੇਤ ਮਾਫੀਆ ਖਤਮ ਕਰਨ ਦੀ ਗਰੰਟੀ ਦੀ ਹਾਲਤ ਬੜੀ ਹੀ ਹਾਸੋਹੀਣੀ ਬਣ ਚੁੱਕੀ ਹੈ ਜਦੋਂਕਿ ਜਨਤਾ ਨੂੰ ਪਿਛਲੀ ਸਰਕਾਰ ਦੇ ਸਮੇਂ 3000 ਰੁਪਏ ਪ੍ਰਤੀ ਸੈਂਕੜਾ ਮਿਲਣ ਵਾਲਾ ਰੇਤਾ ਹੁਣ 7000 ਰੁਪਏ ਨੂੰ ਵੇਚਿਆ ਜਾ ਰਿਹਾ ਹੈ, ਸਰਕਾਰ ਔਰਤਾਂ ਨੂੰ 1000 ਰੁਪਏ ਦੇਣ ਦੀ ਗਰੰਟੀ ਵੀ ਖੂਹ ਖਾਤੇ ਪਾ ਰਹੀ ਹੈ। ਬੱਖਤਪੁਰਾ ਨੇ ਕਿਹਾ ਕਿ ਜਨਤਾ ਦੇ ਸਰਕਾਰ ਵਿਰੁੱਧ ਵੱਧ ਰਹੇ ਰੋਹ ਦੇ ਮੱਦੇਨਜ਼ਰ ਲਿਬਰੇਸ਼ਨ ਨੇ ਨਵੰਬਰ ਵਿੱਚ ਸਰਕਾਰ ਵਿਰੁੱਧ ਸੰਘਰਸ਼ ਵਿੱਢਣ ਦਾ ਫੈਸਲਾ ਲਿਆ ਹੈ। ਮੀਟਿੰਗ ਵਿੱਚ ਬੰਟੀ ਪਿੰਡਾਂ ਰੋੜੀ, ਜਿੰਦਾ ਛੀਨਾ, ਅਮਰੀਕ ਸਿੰਘ ਕਾਲਾ ਬਾਲਾ, ਸੁਖਜਿੰਦਰ ਬੱਜੂਮਾਨ ਅਤੇ ਵੀਰ ਸਿੰਘ ਆਦਿ ਹਾਜ਼ਰ ਸਨ।

## ਮਾਝਾ ਪ੍ਰੈੱਸ ਕਲੱਬ ਅੰਮ੍ਰਿਤਸਰ ਦੀ ਮੀਟਿੰਗ 'ਚ ਹੋਈਆਂ ਅਹਿਮ ਵਿਚਾਰਾਂ



ਟਾਂਗਰਾ (ਲਾਡੀ ਮੱਲ੍ਹੀ)-ਮਾਝਾ ਪ੍ਰੈੱਸ ਕਲੱਬ ਅੰਮ੍ਰਿਤਸਰ ਦੀ ਵਿਸ਼ੇਸ਼ ਮੀਟਿੰਗ ਪ੍ਰਧਾਨ ਗੁਰਦੀਪ ਸਿੰਘ ਨਾਗੀ ਦੀ ਅਗਵਾਈ ਵਿੱਚ ਜੰਡਿਆਲਾ ਗੁਰੂ ਵਿਖੇ ਹੋਈ, ਜਿਸ ਵਿਚ ਪੱਤਰਕਾਰਾਂ ਨੂੰ ਫੀਲਡ ਵਿਚ ਕੰਮ ਕਰਦਿਆਂ ਆ ਰਹੀਆਂ ਮੁਸ਼ਕਲਾਂ ਸਮੇਤ ਵਾਤਾਵਰਣ ਨੂੰ ਸ਼ੁੱਧ ਤੇ ਸਾਫ਼ ਰੱਖਣ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਪੰਜਾਬੀ ਭਾਸ਼ਾ ਦੇ ਪ੍ਰਸਾਰ ਤੇ ਪ੍ਰਸਾਰ ਆਦਿ ਵਿਸ਼ਿਆਂ 'ਤੇ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ ਪ੍ਰਧਾਨ ਨਾਗੀ ਨੇ ਦੱਸਿਆ ਕਿ ਕਲੱਬ ਵਲੋਂ ਵਾਤਾਵਰਣ ਦੀ ਸੰਭਾਲ ਲਈ ਵਿੱਢੀ ਰੁੱਖ ਲਾਉਣ ਦੀ ਮੁਹਿੰਮ ਨੂੰ ਭਵਿੱਖ ਵਿਚ ਵੀ ਜਾਰੀ ਰੱਖੀ ਜਾਵੇਗੀ ਅਤੇ ਇਸ ਤੋਂ ਇਲਾਵਾ ਪੰਜਾਬੀ ਭਾਸ਼ਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਕਲੱਬ ਵੱਲੋਂ ਸਕੂਲੀ ਵਿਦਿਆਰਥੀਆਂ ਦੇ ਕਵੀ ਮੁਕਾਬਲੇ ਕਰਵਾਉਣ ਵਰਗੇ ਉਪਰਾਲੇ ਕਰਨ ਬਾਰੇ ਮਤਾ ਪੇਸ਼ ਕੀਤਾ ਗਿਆ, ਜਿਸ 'ਤੇ ਪੱਤਰਕਾਰ ਅਤੇ ਐਡਵੋਕੇਟ ਸ਼ੁਕਰਗੁਜ਼ਾਰ ਸਿੰਘ, ਜੋ ਕਿ ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ ਦੇ ਪ੍ਰਧਾਨ ਵੀ ਹਨ, ਨੇ ਹਾਮੀ ਭਰਦਿਆਂ ਉਨਾਂ ਕਿਹਾ ਕਿ ਪੰਜਾਬੀ ਮਾਂ ਬੋਲੀ ਨੂੰ ਉੱਚਾ ਚੁੱਕਣ ਲਈ ਕਵੀ ਦਰਬਾਰ ਕਰਵਾਉਣੇ ਚਾਹੀਦੇ ਹਨ, ਜਿਸ 'ਤੇ ਸਮੂਹ ਮੈਂਬਰਾਂ ਨੇ ਪ੍ਰਵਾਨ ਕਰ ਲਿਆ ਅਤੇ ਇਲਾਕੇ ਦੇ ਸਮੂਹ ਸਕੂਲਾਂ ਦੇ ਸਹਿਯੋਗ ਨਾਲ ਵੱਖ-ਵੱਖ ਸਕੂਲਾਂ ਵਿੱਚ ਕਵੀ ਦਰਬਾਰ ਕਰਵਾਉਣ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਜਸਵੰਤ ਸਿੰਘ ਮਾਂਗਟ, ਐਡਵੋਕੇਟ ਸ਼ੁਕਰਗੁਜ਼ਾਰ ਸਿੰਘ, ਗੁਰਪਾਲ ਸਿੰਘ ਰਾਏ, ਹਰੀਸ਼ ਕੱਕੜ, ਸਵਿੰਦਰ ਸਿੰਘ ਸ਼ਿੰਦਾ ਲਾਹੌਰੀਆ, ਪਰਵਿੰਦਰ ਸਿੰਘ ਮਲਕਪੁਰ, ਕੁਲਦੀਪ ਸਿੰਘ ਭੁੱਲਰ, ਕੁਲਦੀਪ ਸਿੰਘ ਖਹਿਰਾ, ਸਤਪਾਲ ਵਿਨਾਇਕ, ਪਰਮਜੀਤ ਸਿੰਘ, ਸੁਖਦੇਵ ਸਿੰਘ ਬੱਬੂ ਅਤੇ ਮਨਦੀਪ ਸਿੰਘ ਜੰਮੂ ਸੰਸਦ ਮੈਂਬਰ ਸਾਹਿਬਾਨ ਹਾਜ਼ਰ ਸਨ।

## ਅੰਤ੍ਰਿੰਗ ਕਮੇਟੀ ਮੈਂਬਰ ਬਲਵਿੰਦਰ ਸਿੰਘ ਵੇਈਂਪੂਈਂ ਵੱਲੋਂ ਖਾਲਸਾ ਪਾਰਕ ਨੂੰ ਬਰਤਨ ਭੇਟ



ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਬਲਵਿੰਦਰ ਸਿੰਘ ਵੇਈਂਪੂਈਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀਆਂ ਹਦਾਇਤਾਂ ਤੇ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਬਣੇ ਖਾਲਸਾ ਪਾਰਕ ਦੇ ਪ੍ਰਬੰਧਕਾਂ ਨੂੰ ਲੰਗਰ ਲਗਾਉਣ ਲਈ ਬਰਤਨਾਂ ਦੀ ਸੇਵਾ ਕੀਤੀ। ਇਨ੍ਹਾਂ ਵਿਚ ਥਾਲ, ਗਲਾਸ ਅਤੇ ਹੋਰ ਬਰਤਨ ਸ਼ਾਮਲ ਹਨ। ਇਸ 'ਤੇ ਸਮਾਗਮ ਨੂੰ ਸੰਬੋਧਨ ਕਰਦਿਆਂ ਵੇਈਂਪੂਈਂ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਮੇਸ਼ਾ ਲੋੜਵੰਦਾਂ ਦੀ ਸਹਾਇਤਾ ਕੀਤੀ ਹੈ। ਪਿੰਡਾਂ ਅਤੇ ਸ਼ਹਿਰਾਂ ਵਿੱਚ ਬਣੀਆਂ ਸੁਸਾਇਟੀਆਂ ਨੂੰ ਪਹਿਲ ਦੇ ਆਧਾਰ 'ਤੇ ਬਰਤਨ ਅਤੇ ਦਰੀਆਂ ਦਿੱਤੀਆਂ ਜਾਂਦੀਆਂ ਹਨ, ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਦਾ ਖਹਿੜਾ ਛੱਡ ਕੇ ਗੁਰੂ ਨਾਲ ਜੁੜ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨਗਰ ਦੇ ਦੂਜੇ ਵਾਰਡਾਂ ਨੂੰ ਵੀ ਜਲਦੀ ਬਰਤਨ ਦੇਣ ਦਾ ਵਿਸ਼ਵਾਸ ਦਿਵਾਇਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਜਥੇਬੰਦਕ ਸਕੱਤਰ ਕੁਲਦੀਪ ਸਿੰਘ ਔਲਖ, ਯੂਥ ਅਕਾਲੀ ਦਲ ਦੇ ਜਰਨਲ ਸਕੱਤਰ ਕੁਲਦੀਪ ਸਿੰਘ ਲਾਹੌਰੀਆ ਸਰਪੰਚ, ਵਰਿੰਦਰ ਸਿੰਘ ਜੋਤੀ ਮੈਂਬਰ ਪੰਚਾਇਤ, ਨਿਰਮਲ ਸਿੰਘ, ਹਰਦਿਆਲ ਸਿੰਘ ਕੰਗ, ਰਣਜੀਤ ਸਿੰਘ, ਸਾਹਿਬ ਸਿੰਘ ਭਗਤ, ਮੱਸਾ ਸਿੰਘ ਮੈਂਬਰ ਪੰਚਾਇਤ, ਸ਼ਿਵਚਰਨ ਸਿੰਘ ਰੋਪੜ ਵਾਲੇ, ਕਰਮ ਸਿੰਘ, ਹਰਜਿੰਦਰ ਸਿੰਘ ਫੌਜੀ, ਹਰਦੀਪ ਸਿੰਘ ਖੱਖ ਅਤੇ ਹੋਰ ਸੀਨੀਅਰ ਆਗੂ ਹਾਜ਼ਰ ਸਨ।

## ਭਾਈ ਸਾਲੋ ਜੀ ਦਾ ਸਾਲਾਨਾ ਜੋੜ ਮੇਲਾ ਆਯੋਜਿਤ



ਮਜੀਠਾ (ਮਨਮੋਹਨ ਸਿੰਘ ਢਿੱਲੋਂ)-ਗੁਰੂ ਅਰਜਨ ਦੇਵ ਜੀ ਦੇ ਅਨਿਨ ਭਗਤ ਭਾਈ ਸਾਲੋ ਜੀ ਦਾ ਸਲਾਨਾ ਜੋੜ ਮੇਲਾ ਨੇੜੇ ਪੰਡੋਰੀ ਵੜੈਚ ਵਿਖੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾਪੂਰਵਕ ਮਨਾਇਆ ਗਿਆ ਜਿਸ ਵਿੱਚ ਦੇਸ਼-ਵਿਦੇਸ਼ ਤੋਂ ਭਾਰੀ ਗਿਣਤੀ ਵਿੱਚ ਸੰਗਤਾਂ ਪਹੁੰਚੀਆਂ। ਰਖਾਏ ਗਏ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਖੁੱਲ੍ਹੇ ਪੰਡਾਲ ਵਿੱਚ ਧਾਰਮਿਕ ਦੀਵਾਨ ਸਜਾਇਆ ਗਿਆ ਜਿਸ ਵਿੱਚ ਪੰਥ ਪ੍ਰਸਿੱਧ ਰਾਗੀ, ਢਾਡੀ, ਕਵੀਸ਼ਰ, ਕਥਾਵਾਚਕ ਅਤੇ ਪੰਥਕ ਸ਼ਖ਼ਸੀਅਤਾਂ ਨੇ ਗੁਰਬਾਣੀ ਅਤੇ ਗੁਰਮਤਿ ਵਿਚਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕੇ ਲੰਗਰ ਅਟੁੱਟ ਚਲਾਏ ਗਏ। ਇਸ ਸਮੇਂ ਪ੍ਰਬੰਧਕ ਕਮੇਟੀ ਗੁਰਦੁਆਰਾ ਭਾਈ ਸਾਲੋ ਦੇ ਸੇਵਾਦਾਰ ਬਾਬਾ ਮੇਜਰ ਸਿੰਘ ਵਿਦਿਆਰਥੀ ਦਮਦਮੀ ਟਕਸਾਲ ਨੇ ਸੰਗਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸੰਤਾਂ ਮਹਾਂਪੁਰਸ਼ਾਂ ਦੇ ਜੋੜ ਮੇਲੇ ਮਨਾਉਣ ਦਾ ਫਾਇਦਾ ਤਾਂ ਹੈ ਜੇ ਅਸੀਂ ਗੁਰਮਤਿ ਅਨੁਸਾਰ ਜ਼ਿੰਦਗੀ ਬਸਰ ਕਰੀਏ, ਅੰਮ੍ਰਿਤ ਛਕੀਏ, ਬਾਣੀ ਤੇ ਬਾਣੇ ਦੇ ਧਾਰਨੀ ਬਣੀਏ, ਰੋਜ਼ ਪੰਜ ਬਾਣੀਆਂ ਦਾ ਨਿਤਨੇਮ ਕਰੀਏ, ਨਾਮ ਜਪੀਏ, ਵੰਡ ਛਕੀਏ ਅਤੇ ਲੋੜਵੰਦਾਂ ਦੀ ਸੇਵਾ ਕਰੀਏ। ਇਸ ਮੌਕੇ ਪ੍ਰਧਾਨ ਲਖਵਿੰਦਰ ਸਿੰਘ ਅਤੇ ਖਜ਼ਾਨਚੀ ਭਾਈ ਸੁਖਵੰਤ ਸਿੰਘ, ਰਣਜੀਤ ਸਿੰਘ ਆਧੀ, ਗੁਰਦੇਵ ਸਿੰਘ ਬਾਪੂ, ਸਤਨਾਮ ਸਿੰਘ, ਬਾਬਾ ਤਰਲੋਕ ਸਿੰਘ, ਹਰਚਰਨ ਸਿੰਘ, ਪੰਚਾਇਤ ਮੈਂਬਰ ਹੀਰਾ ਸਿੰਘ, ਰਾਮ ਲੁਭਾਇਆ, ਬਲਵੰਤ ਸਿੰਘ, ਸੁਖਚੈਨ ਸਿੰਘ, ਹਰਜੀਤ ਸਿੰਘ ਅਤੇ ਬਿਕਰਮਜੀਤ ਸਿੰਘ ਸੱਗੂ ਆਦਿ ਵੀ ਸੰਗਤਾਂ ਦੀ ਸੇਵਾ ਕਰ ਰਹੇ ਸਨ।

## ਪ੍ਰਿੰਸੀਪਲ ਤਰਨਜੀਤ ਸਿੰਘ ਨੂੰ ਸਦਮਾ, ਮਾਤਾ ਦਾ ਦਿਹਾਂਤ



ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਬਾਬਾ ਬੁੱਢਾ ਜੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬੀੜ ਸਾਹਿਬ ਵਿਖੇ ਤਾਇਨਾਤ ਪ੍ਰਿੰਸੀਪਲ ਤਰਨਜੀਤ ਸਿੰਘ ਨੂੰ ਉਸ ਵੇਲੇ ਗਹਿਰਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਸਤਿਕਾਰਯੋਗ ਮਾਤਾ ਗੁਰਬਚਨ ਕੌਰ ਦਾ ਸੰਖੇਪ ਬਿਮਾਰੀ ਤੋਂ ਬਾਅਦ ਦਿਹਾਂਤ ਹੋ ਗਿਆ।

ਇਸ ਸਮੇਂ ਦੁੱਖ ਸਾਂਝਾ ਕਰਦਿਆਂ ਸਾਬਕਾ ਵਿਧਾਇਕ ਹਰਮੀਤ ਸਿੰਘ ਸੰਧੂ, ਚੇਅਰਮੈਨ ਹਰਵੰਤ ਸਿੰਘ ਝਬਾਲ ਖੁਰਦ, ਰਾਜਬੀਰ ਸਿੰਘ ਸੰਧੂ, ਲਾਲੀ ਵਸੀਕਾ ਤਰਨ ਤਾਰਨ, ਭੁਪਿੰਦਰ ਸਿੰਘ ਖੇੜਾ, ਸ਼੍ਰੋਮਣੀ ਕਮੇਟੀ ਦੇ ਮੈਂਬਰ ਬਾਬਾ ਨਿਰਮਲ ਸਿੰਘ ਨੌਸ਼ਹਿਰਾ ਢਾਲਾ, ਭਾਈ ਮਨਜੀਤ ਸਿੰਘ, ਮੁਖਵਿੰਦਰ ਸਿੰਘ ਖਾਪੜਖੇੜੀ, ਸਕੱਤਰ ਹਰਜੀਤ ਸਿੰਘ ਲਾਲੂ ਘੁੰਮਣ, ਮੈਨੇਜਰ ਹਰਜਿੰਦਰ ਸਿੰਘ ਪੱਟੀ, ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ, ਸਰਪੰਚ ਮਨਜਿੰਦਰ ਸਿੰਘ ਐਮਾਂ, ਦਲਜੀਤ ਸਿੰਘ ਐਮਾਂ, ਮਾਣਕ ਸਿੰਘ ਬੱਬੇਵਾਲੇ, ਸਾਬਕਾ ਸਰਪੰਚ ਜਸਬੀਰ ਸਿੰਘ ਸਵਰਗਾਪੁਰੀ, ਬਿਕਰਮ ਸਿੰਘ ਢਿੱਲੋਂ ਝਬਾਲ, ਬਲਜੀਤ ਸਿੰਘ ਝਬਾਲ ਖੁਰਦ, ਦਿਲਬਾਗ ਸਿੰਘ ਝਬਾਲ, ਜਸਪਾਲ ਸਿੰਘ ਨੌਸ਼ਹਿਰਾ ਢਾਲਾਂ, ਗੁਰਜੀਤ ਸਿੰਘ ਪੰਜਵੜ, ਕਸਮੀਰ ਸਿੰਘ ਭੁੱਚਰ, ਸ਼ਰਨਜੀਤ ਸਿੰਘ ਭੋਜੀਆ, ਸਾਬਕਾ ਸਰਪੰਚ ਭਗਵੰਤ ਸਿੰਘ ਕਸੇਲ, ਸੁਖਜਿੰਦਰ ਸਿੰਘ ਕਸੇਲ ਪਰਿਵਾਰ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ।

## ਹਰਵਿੰਦਰ ਸਿੰਘ ਰਾਣਾ (ਖੁਸ਼ੀਪੁਰ) ਨਾਲ ਦੁੱਖ ਦਾ ਪ੍ਰਗਟਾਵਾ

ਮਜੀਠਾ (ਮਨਮੋਹਨ ਸਿੰਘ ਢਿੱਲੋਂ)-ਸਮਾਜਿਕ ਨਿਆਂ, ਅਧਿਕਾਰਤਾ ਵੈੱਲਫੇਅਰ ਯੂਨੀਅਨ ਪੰਜਾਬ ਦੇ ਸੂਬਾ ਪ੍ਰੈੱਸ ਸਕੱਤਰ ਹਰਵਿੰਦਰ ਸਿੰਘ ਰਾਣਾ (ਖੁਸ਼ੀਪੁਰ) ਦੀ ਵੱਡੀ ਭੈਣ ਅਰਜਿੰਦਰ ਕੌਰ ਮਰਹੂਮ ਪਤਨੀ ਸਤਨਾਮ ਸਿੰਘ ਪਿੰਡ ਭੋਆ ਫਤਿਹਗੜ੍ਹ ਦੀ ਸੰਖੇਪ ਜਿਹੀ ਬਿਮਾਰੀ ਕਾਰਨ ਹੋਈ ਬੇਵਕਤੀ ਮੌਤ 'ਤੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਵੱਲੋਂ ਦੁਖੀ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

ਦੁੱਖ ਪ੍ਰਗਟਾਉਣ ਵਾਲਿਆਂ 'ਚ ਸਾਬਕਾ ਕੈਬਨਿਟ ਮੰਤਰੀ ਜਥੇਦਾਰ ਗੁਲਜ਼ਾਰ ਸਿੰਘ ਰਣੀਕੇ, ਗੁਨੀਵ ਕੌਰ ਹਲਕਾ ਵਿਧਾਇਕ ਮਜੀਠਾ, ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ, ਵਿਧਾਇਕ ਡਾ. ਜਸਬੀਰ ਸਿੰਘ ਸੰਧੂ, ਸਾਬਕਾ ਵਿਧਾਇਕ ਬਲਜੀਤ ਸਿੰਘ ਜਲਾਲ ਉਸਮਾਂ, ਸਾਬਕਾ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਜੈਲ ਸਿੰਘ ਗੋਪਾਲਪੁਰਾ, ਸਮਾਜਿਕ ਨਿਆਂ, ਅਧਿਕਾਰਤਾ ਵੈੱਲਫੇਅਰ ਯੂਨੀਅਨ ਪੰਜਾਬ ਦੇ ਚੇਅਰਮੈਨ ਬਲਕਾਰ ਸਿੰਘ ਸਫਰੀ, ਚੀਫ ਆਰਗੇਨਾਈਜ਼ਰ ਕਰਨਰਾਜ ਸਿੰਘ ਗਿੱਲ, ਸੂਬਾ ਸਲਾਹਕਾਰ ਮਨਜੀਤ ਸਿੰਘ ਵਿਰਕ, ਸੀਨੀ: ਮੀਤ ਪ੍ਰਧਾਨ ਤੇਜਿੰਦਰ ਸਿੰਘ ਸੋਹੀ, ਜਨਰਲ ਸਕੱਤਰ ਕੁਲਜੀਤ ਸਿੰਘ ਵੇਰਕਾ, ਖਜਾਨਚੀ ਹਰਪਾਲ ਸਿੰਘ ਓਠੀਆਂ, ਬੀਡੀਪੀਓ ਸੁਰਜੀਤ ਸਿੰਘ, ਏਡੀਓ ਪ੍ਰਭਦੀਪ ਸਿੰਘ ਗਿੱਲ, ਮਾਸਟਰ ਮਨਜੀਤ ਸਿੰਘ ਸੋਹੀਆਂ, ਸੀਐਚਟੀ ਹਰਮਨਦੀਪ ਸਿੰਘ ਛੀਨਾ, ਮਾਸਟਰ ਸਤਿੰਦਰ ਸਿੰਘ ਜਹਾਂਗੀਰ, ਸਰਪੰਚ ਜਸਵੰਤ ਸਿੰਘ ਲੁੱਧੜ, ਸੁਪਰਡੈਂਟ ਪਲਵਿੰਦਰ ਸਿੰਘ ਲੁੱਧੜ ਬਲਾਕ ਮਜੀਠਾ, ਪੱਤਰਕਾਰ ਮਨਮੋਹਨ ਸਿੰਘ ਢਿੱਲੋਂ, ਭੁਪਿੰਦਰ ਸਿੰਘ ਕੰਬੋ, ਸਮਾਜ-ਸੇਵੀ ਗੁਰਮੀਤ ਸਿੰਘ ਗੋਪਾਲਪੁਰਾ, ਪੰਚ ਚਰਨ ਸਿੰਘ ਮਝਵਿੰਡ, ਬਿਕਰਮਜੀਤ ਸਿੰਘ ਹੈਪੀ ਕੈਨੇਡਾ, ਸੁਲੱਖਣ ਸਿੰਘ ਐੱਸਬੀਆਈ, ਹੈੱਡਟੀਚਰ ਨੀਰੂ ਛਾਬੜਾ, ਸਾਬਕਾ ਸਰਪੰਚ ਧਰਮਬੀਰ ਸਿੰਘ ਸੋਹੀਆਂ, ਠੇਕੇਦਾਰ ਸੁਖਵਿੰਦਰ ਸਿੰਘ ਸੋਹੀਆਂ, ਮਨਦੀਪ ਸਿੰਘ ਕਾਲੀ, ਬਾਬਾ ਲਖਵਿੰਦਰ ਸਿੰਘ, ਪਲਵ ਸ਼੍ਰੇਸਠਾ ਸਮਾਜਿਕ ਨਿਆਂ, ਅਧਿਕਾਰਤਾ ਅਫਸਰ, ਸੇਵਾਮੁਕਤ ਬੀਪੀਓ ਦਰਸ਼ਨ ਲਾਲ ਕਲਹੋਤਰਾ, ਸੀਐੱਚਟੀ ਵਰਿੰਦਰ ਸਿੰਘ, ਸੁਖਬੀਰ ਸਿੰਘ ਕੋਟ ਖਾਲਸਾ ਅਤੇ ਅਜੇਪਾਲ ਸਿੰਘ ਆਦਿ ਸ਼ਾਮਿਲ ਸਨ।

## 'ਬੇਅਦਬੀ ਦੀਆਂ ਘਟਨਾਵਾਂ ਨੂੰ ਠੱਲ੍ਹਣ ਲਈ ਠੋਸ ਰਣਨੀਤੀ ਦੀ ਘਾਟ ਰੜਕਦੀ ਐ'



ਬਟਾਲਾ (ਤਰਲੋਕ ਬੱਗਾ)-ਸ਼ਿਵ ਸੈਨਾ ਬਾਲਾ ਸਾਹਿਬ ਠਾਕਰੇ ਪਾਰਟੀ ਦੇ ਪੰਜਾਬ ਸੀਨੀਅਰ ਮੀਤ ਪ੍ਰਧਾਨ ਰਮੇਸ਼ ਨਈਅਰ ਅਤੇ ਸੂਬਾ ਯੁਵਾ ਇਕਾਈ ਦੇ ਇੰਚਾਰਜ ਹਨੀ ਮਹਾਜਨ ਵੱਲੋਂ ਇੱਕ ਸਾਂਝੀ ਪ੍ਰੈੱਸ ਕਾਨਫਰੰਸ ਕੀਤੀ ਗਈ ਜਿਸ ਵਿੱਚ ਆਏ ਦਿਨ ਪੂਰੇ ਪੰਜਾਬ ਵਿੱਚ ਹੋ ਰਹੀਆਂ ਬੇਅਦਬੀਆਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਅਫਸੋਸ ਪ੍ਰਗਟਾਇਆ ਕਿ ਮੌਜੂਦਾ ਬਣੀ ਪੰਜਾਬ ਸਰਕਾਰ ਇਸ ਵੱਲ ਕੋਈ ਧਿਆਨ ਨਹੀਂ ਦੇ ਰਹੀ। ਅੱਜ ਤੱਕ ਜਿੰਨੀਆਂ ਵੀ ਸਰਕਾਰਾਂ ਆਈਆਂ ਹਨ ਕਿਸੇ ਨੇ ਵੀ ਇਹ ਆਏ ਦਿਨ ਹਿੰਦੂ ਧਰਮ ਦੀਆਂ ਹੋ ਰਹੀਆਂ ਬੇਅਦਬੀ ਦੀਆਂ ਘਟਨਾਵਾਂ ਉਪਰ ਠੋਸ ਰਣਨੀਤੀ ਤਿਆਰ ਨਹੀਂ ਕੀਤੀ।

ਬਹੁਤ ਸਾਰੀਆਂ ਘਟਨਾਵਾਂ ਵਾਪਰਦੀਆਂ ਹਨ ਪਰ ਮੁਆਫੀ ਮੰਗ ਕੇ ਛੱਡ ਦਿੱਤਾ ਜਾਂਦਾ ਹੈ ਪਰ ਇਹ ਘਟਨਾਵਾਂ ਵਧ ਰਹੀਆਂ ਹਨ ਨਾ ਕਿ ਘੱਟ ਹੋ ਰਹੀਆਂ ਹਨ। ਸਾਰੇ ਹਿੰਦੂ ਸੰਗਠਨਾਂ ਨੂੰ ਚਾਹੀਦਾ ਹੈ ਕਿ ਜਿਹੜੇ ਵੀ ਸ਼ਰਾਰਤੀ ਅਨਸਰ ਇਹੋ ਜਿਹੀਆਂ ਘਟਨਾਵਾਂ ਕਰਦੇ ਹਨ ਉਨ੍ਹਾਂ ਉਪਰ ਬਣਦੀ ਕਾਨੂੰਨੀ ਕਾਰਵਾਈ ਕਰਵਾਉਣ ਤਾਂ ਜੋ ਕੋਈ ਵੀ ਸ਼ਰਾਰਤੀ ਅਨਸਰ ਇਹੋ ਜਿਹੀ ਘਟਨਾ ਕਰਨ ਲੱਗਿਆਂ ਵੀਹ ਵਾਰੀ ਸੋਚੇ। ਕੁਝ ਦਿਨ ਪਹਿਲਾਂ ਬਟਾਲੇ ਵਿੱਚ ਨਿਊ ਏਕਤਾ ਕਲੱਬ ਵੱਲੋਂ ਇੱਕ ਮਹਾਂਮਾਈ ਦਾ ਜਾਗਰਣ ਕਰਵਾਇਆ ਗਿਆ ਜਿਸ ਵਿੱਚ ਮਹਾਂਮਾਈ ਦੇ ਦਰਬਾਰ ਵਿੱਚ ਜੋ ਕਲਾਕਾਰ ਆਏ ਸਨ ਉਨ੍ਹਾਂ ਦੇ ਨਾਲ ਆਏ ਬਾਊਂਸਰਾਂ ਵੱਲੋਂ ਕੀਤੀਆਂ ਬੱਚਕਾਨਾ ਹਰਕਤਾਂ ਇਕ ਮਾੜੀ ਘਟਨਾ ਹੈ।

ਸਾਂਝੇ ਬਿਆਨ ਵਿੱਚ ਦੋਵਾਂ ਆਗੂਆਂ ਨੇ ਕਿਹਾ ਕਿ ਇਨ੍ਹਾਂ ਬਾਊਂਸਰਾਂ ਅਤੇ ਪ੍ਰਬੰਧਕਾਂ ਉਪਰ (295) ਦਾ ਪਰਚਾ ਦਰਜ ਕੀਤਾ ਜਾਣਾ ਚਾਹੀਦਾ ਹੈ। ਇਸ ਸਬੰਧ ਵਿੱਚ ਸਾਰੇ ਹਿੰਦੂ ਸੰਗਠਨਾਂ ਨੂੰ ਨਾਲ ਲੈ ਕੇ ਸੋਮਵਾਰ ਨੂੰ ਐੱਸ. ਐੱਸ. ਪੀ. ਬਟਾਲਾ ਨੂੰ ਮਿਲ ਕੇ ਅਗਲੀ ਰਣਨੀਤੀ ਤਿਆਰ ਕੀਤੀ ਜਾਵੇਗੀ।

## ਅਧੂਰੀਆਂ ਸੜਕਾਂ ਦਾ ਉਦਘਾਟਨ ਕਰਨ ਲਈ ਮੌਜੂਦਾ ਤੇ ਸਾਬਕਾ ਸਰਕਾਰਾਂ ਹੋਈਆਂ ਪੱਬਾਂ ਭਾਰ : ਫੁਗਲਾਣਾ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਇਕ ਬਿਆਨ ਜਾਰੀ ਕਰਦੇ ਬਲਵੀਰ ਸਿੰਘ ਫੁਗਲਾਣਾ ਪ੍ਰਧਾਨ ਦੋਆਬਾ ਜਨਰਲ ਕੈਟਾਗਿਰੀ ਫਰੰਟ ਪੰਜਾਬ ਨੇ ਦੱਸਿਆ ਕਿ ਸਾਬਕਾ ਅਤੇ ਮੌਜੂਦਾ ਸਰਕਾਰਾਂ ਦੇ ਵਿਧਾਇਕ ਅਤੇ ਹਲਕਾ ਇੰਚਾਰਜ ਅਧੂਰੀਆਂ ਸੜਕਾਂ ਦੇ ਉਦਘਾਟਨ ਕਰਨ ਲਈ ਪੱਬਾਂ ਭਾਰ ਹੋਏ ਪਏ ਨੇ। ਉਨ੍ਹਾਂ ਦੱਸਿਆ ਕਿ ਅੱਤੋਵਾਲ ਤੋਂ ਵਾਇਆ ਰਾਜਪੁਰ ਭਾਈਆਂ ਭੁੰਗਰਨੀ ਤੱਕ ਬਣਨ ਵਾਲੀ ਵੱਡੀ ਸੜਕ ਭਾਵੇਂ ਕਿ ਅਜੇ ਅਧੂਰੀ ਪਈ ਹੈ ਪਰ ਮੌਜੂਦਾ ਐਮ ਐਲ ਏ ਅਤੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਇਨ੍ਹਾਂ ਅਧੂਰੀਆਂ ਸੜਕਾਂ ਦੇ ਵਾਰੋ ਵਾਰੀ ਉਦਘਾਟਨ ਕਰ ਰਹੇ ਹਨ। ਇਸੇ ਤਰ੍ਹਾਂ ਫੁਗਲਾਣੇ ਤੋਂ ਮੋਨਾ ਕਲਾਂ ਨੂੰ ਜਾਂਦੀ ਸੜਕ ਵੀ ਕਈ ਜਗ੍ਹਾ ਤੋਂ ਅਧੂਰੀ ਪਈ ਹੈ ਪਰ ਇਸ ਦਾ ਵੀ ਦੋ ਵਾਰ ਉਦਘਾਟਨ ਹੋ ਚੁੱਕਾ ਹੈ। ਹਲਕਾ ਚੱਬੇਵਾਲ ਵਿੱਚ ਦਿਨੋ ਦਿਨ ਨਸ਼ੇ ਦੇ ਸੌਦਾਗਰ ਆਪਣੀਆਂ ਸ਼ਰੇਆਮ ਦੁਕਾਨਾਂ ਚਲਾ ਰਹੇ ਹਨ ਅਤੇ ਘਰ ਘਰ ਨਸ਼ਾ ਪਹੁੰਚਾ ਰਹੇ ਹਨ ਅਤੇ ਸਰਕਾਰ ਇਨ੍ਹਾਂ ਕੰਮਾਂ ਤੋਂ ਬਿਲਕੁਲ ਬੇਖ਼ਬਰ ਅਤੇ ਕੁੰਭਕਰਨ ਦੀ ਨੀਂਦ ਸੁੱਤੀ ਪਈ ਹੈ। ਸਰਕਾਰੀ ਅੰਕੜਿਆਂ ਅਨੁਸਾਰ ਪਿੰਡ ਹਾਰਟਾ ਅਤੇ ਪਿੰਡ ਭੁੰਗਰਨੀ ਜੋ ਕਿ ਰੈੱਡ ਜ਼ੋਨ ਵਿੱਚ ਪਏ ਹੋਏ ਹਨ ਇਹ ਹੀ ਕਾਰਨ ਹੈ ਕਿ ਇਨ੍ਹਾਂ ਪਿੰਡਾਂ ਵਿੱਚ ਨਸ਼ਾ ਵੇਚਣ ਅਤੇ ਖਰੀਦਣ ਵਾਲੇ ਬੇਖੌਫ ਹੋ ਕੇ ਸ਼ਰੇਆਮ ਘੁੰਮ ਰਹੇ ਹਨ ਅਤੇ ਕਈ ਵਾਰਦਾਤਾਂ ਨੂੰ ਅੰਜਾਮ ਦੇ ਚੁੱਕੇ ਹਨ। ਲੋਕਾਂ ਵਿੱਚ ਭਾਰੀ ਸਹਿਮ ਬਣਿਆ ਹੋਇਆ ਹੈ ਅਤੇ ਦਿਨ ਦਿਹਾੜੇ ਵਾਰਦਾਤਾਂ ਅਤੇ ਲੁਟੇਰੇ ਆਦਿ ਆਪਣੇ ਕੰਮਾਂ ਨੂੰ ਅੰਜਾਮ ਦੇ ਰਹੇ ਹਨ। ਸਰਕਾਰਾਂ ਲੋਕਾਂ ਦੀਆਂ ਦੁੱਖ ਤਕਲੀਫਾਂ ਵੱਲ ਧਿਆਨ ਦੇਣ ਦੀ ਬਜਾਏ ਈਰਖਾਬਾਜ਼ੀ ਅਤੇ ਇੱਕ ਦੂਜੇ ਨੂੰ ਨੀਵਾਂ ਦਿਖਾਉਣ ਵਿੱਚ ਆਪਣੇ ਜੌਹਰ ਦਿਖਾ ਰਹੇ ਹਨ। ਰਾਤ ਬਰਾਤੇ ਤਾਂ ਬਹੁਤ ਦੂਰ ਦੀ ਗੱਲ, ਦਿਨ ਦਿਹਾੜੇ ਹੀ ਸੜਕਾਂ ਵਿਚ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਹੋ ਰਹੀਆਂ ਹਨ। ਅਸੀਂ ਸਰਕਾਰ ਅਤੇ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੇ ਹਾਂ ਕਿ ਜਲਦੀ ਤੋਂ ਜਲਦੀ ਇਨ੍ਹਾਂ ਨਸ਼ੇ ਦੇ ਸੌਦਾਗਰਾਂ ਨੂੰ ਨੱਥ ਪਾਈ ਜਾਵੇ।

## ਸ਼ੈਰੀ ਕਲਸੀ ਵੱਲੋਂ ਗੁਜਰਾਤ ਦੀ ਨੁਹਾਰ ਬਦਲਣ ਲਈ ਨੁੱਕੜ ਮੀਟਿੰਗਾਂ ਦਾ ਸਿਲਸਿਲਾ ਜਾਰੀ




ਬਟਾਲਾ (ਤਰਲੋਕ ਬੱਗਾ)-'ਆਪ' ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਵਲੋਂ ਗੁਜਰਾਤ ਫਤਿਹ ਕਰਨ ਲਈ ਬਟਾਲਾ ਵਿਧਾਨ ਸਭਾ ਹਲਕੇ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਡਿਊਟੀ ਲਗਾਈ ਹੈ, ਜਿਸ ਨੂੰ ਵਿਧਾਇਕ ਸ਼ੈਰੀ ਕਲਸੀ ਪੂਰੀ ਮਿਹਨਤ ਤੇ ਲਗਨ ਨਾਲ ਨਿਭਾ ਰਹੇ ਹਨ ਅਤੇ ਗੁਜਰਾਤ ਦੇ ਵੱਖ-ਵੱਖ ਖੇਤਰਾਂ ਵਿੱਚ ਲੋਕਾਂ ਨਾਲ ਨੁੱਕੜ ਮੀਟਿੰਗਾਂ ਕਰਕੇ ਆਪ ਪਾਰਟੀ ਦੀਆਂ ਲੋਕਪੱਖੀ ਨੀਤੀਆਂ ਤੋਂ ਲੋਕਾਂ ਨੂੰ ਜਾਣੂ ਕਰਵਾ ਰਹੇ ਹਨ। ਗੱਲਬਾਤ ਦੌਰਾਨ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਗੁਜਰਾਤ ਦੇ ਖੇੜਾ ਖੇਤਰ ਵਿਚ ਆਪ ਪਾਰਟੀ ਦੇ ਹੱਕ ਵਿਚ ਲੋਕਾਂ ਨਾਲ ਨੁੱਕੜ ਮੀਟਿੰਗਾਂ ਵਿੱਚੋਂ ਇਹ ਗੱਲ ਨਿਕਲ ਕੇ ਸਾਹਮਣੇ ਆਈ ਹੈ ਕਿ ਲੋਕ ਗੁਜਰਾਤ ਵਿਚ ਬਦਲਾਅ ਚਾਹੁੰਦੇ ਹਨ ਅਤੇ ਆਪ ਪਾਰਟੀ ਦੇ ਵਿਕਾਸ ਏਜੰਡੇ ਨੂੰ ਇਥੇ ਵੀ ਵੇਖਣਾ ਚਾਹੁੰਦੇ ਹਨ।

ਉਨ੍ਹਾਂ ਅੱਗੇ ਕਿਹਾ ਕਿ ਆਪ ਪਾਰਟੀ ਦੇ ਵਿਕਾਸ ਏਜੰਡੇ ਦੇ ਨਾਲ-ਨਾਲ ਆਪ ਪਾਰਟੀ ਵਲੋਂ ਭ੍ਰਿਸ਼ਟਾਚਾਰ ਵਿਰੁੱਧ ਜੋ ਜ਼ੀਰੋ ਟਾਲਰੈਂਸ ਦੀ ਨੀਤੀ ਅਪਣਾਈ ਗਈ ਹੈ, ਉਸ ਤੋਂ ਵੀ ਗੁਜਰਾਤ ਵਾਸੀ ਪ੍ਰਭਾਵਿਤ ਹਨ। ਉਨ੍ਹਾਂ ਕਿਹਾ ਕਿ ਆਪ ਪਾਰਟੀ ਨੂੰ ਜਿਸ ਤਰਾਂ ਪਹਿਲਾਂ ਦਿੱਲੀ ਵਿਚ ਅਤੇ ਹੁਣ ਪੰਜਾਬ ਵਿੱਚ ਲੋਕਾਂ ਵਲੋਂ ਭਰਵਾਂ ਹੁੰਗਾਰਾ ਦਿੱਤਾ ਗਿਆ ਹੈ, ਓਸੇ ਤਰ੍ਹਾਂ ਗੁਜਰਾਤ ਦੇ ਲੋਕ ਵੀ ਹਾਂਪੱਖੀ ਹੁੰਗਾਰਾ ਭਰ ਰਹੇ ਹਨ। ਵਿਧਾਇਕ ਕਲਸੀ ਨੇ ਦੱਸਿਆ ਕਿ ਆਪ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਮਹਿਜ ਸੱਤ ਮਹਿਨਿਆਂ ਦੇ ਕਾਰਜਕਾਲ ਦੌਰਾਨ ਲੋਕਪੱਖੀ ਫੈਸਲੇ ਲਏ ਹਨ, ਜਿਸ ਤੋਂ ਲੋਕ ਖੁਸ਼ ਹਨ। ਉਨ੍ਹਾਂ ਕਿਹਾ ਕਿ ਖਾਸਕਰਕੇ ਸੂਬਾ ਸਰਕਾਰ ਵਲੋਂ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਗਈ ਮੁਹਿੰਮ ਪ੍ਰਤੀ ਲੋਕ ਆਪ ਸਰਕਾਰ ਦੀ ਸਰਾਹਨਾ ਕਰ ਰਹੇ ਹਨ ਅਤੇ ਸਰਕਾਰ ਦੇ ਫੈਸਲਿਆਂ 'ਤੇ ਮੋਹਰ ਲਗਾਏ ਰਹੇ ਹਨ। ਉਨਾਂ ਕਿਹਾ ਕਿ ਪੰਜਾਬ ਸਰਕਾਰ ਨੇ ਸਿੱਖਿਆ, ਸਿਹਤ, ਰੈਵੀਨਿਊ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਬਿਜਲੀ, ਉਦਯੋਗਿਕ, ਖੇਤੀ, ਮਜ਼ਦੂਰ ਵਰਗ ਸਮੇਤ ਹਰੇਕ ਵਰਗ ਦੀ ਭਲਾਈ ਲਈ ਇਤਿਹਾਸਕ ਫੈਸਲੇ ਲਏ ਹਨ।

## ਹਿੰਦੀ ਸਾਹਿਤ ਸਿਰਜਣ ਤੇ ਕਵਿਤਾ ਗਾਇਨ ਮੁਕਾਬਲਿਆਂ ਦੇ ਜੇਤੂ ਬੱਚਿਆਂ ਦਾ ਸਨਮਾਨ



ਧਾਰੀਵਾਲ/ਗੁਰਦਾਸਪੁਰ, (ਮਨਦੀਪ ਸਿੰਘ ਵਿੱਕੀ, ਜਨਕ ਮਹਾਜਨ)-ਪੰਜਾਬ ਸਰਕਾਰ ਦੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਵਿਭਾਗ ਦੇ ਭਾਸ਼ਾ ਵਿਭਾਗ, ਪੰਜਾਬ ਦੇ ਸੰਯੁਕਤ ਡਾਇਰੈਕਟਰ ਡਾ. ਵੀਰਪਾਲ ਕੌਰ ਦੀ ਅਗਵਾਈ ਹੇਠ ਜ਼ਿਲ੍ਹਾ ਭਾਸ਼ਾ ਅਫ਼ਸਰ ਗੁਰਦਾਸਪੁਰ ਡਾ. ਪਰਮਜੀਤ ਸਿੰਘ ਕਲਸੀ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਵੱਖ-ਵੱਖ ਵਰਗਾਂ ਦੇ ਹਿੰਦੀ ਸਾਹਿਤ ਸਿਰਜਣ ਤੇ ਕਵਿਤਾ ਗਾਇਨ ਮੁਕਾਬਲੇ ਗੋਲਡਨ ਕਾਲਜ ਆਫ ਐਜੂਕੇਸ਼ਨ ਗੁਰਦਾਸਪੁਰ ਵਿਖੇ ਕਰਵਾਏ ਗਏ, ਜਿਸ ਵਿੱਚ 70 ਦੇ ਕਰੀਬ ਭਾਗੀਦਾਰਾਂ ਨੇ ਹਿੱਸਾ ਲਿਆ। ਇਸ ਵਿੱਚ ਡਾ. ਮੋਹਿਤ ਮਹਾਜਨ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਦੋਂਕਿ ਨਿਰਣਾਇਕ ਵਜੋਂ ਨਾਮੀ ਗਜ਼ਲਗੋ ਕਮਲਜੀਤ ਸਿੰਘ ਕਮਲ ਅਤੇ ਹਿੰਦੀ ਦੀ ਨਾਮੀ ਲੇਖਿਕਾ ਮੁਕਤਾ ਸ਼ਰਮਾ ਨੇ ਸ਼ਿਰਕਤ ਕੀਤੀ।

ਜੇਤੂ ਬੱਚਿਆਂ ਦਾ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨ ਕੀਤਾ ਗਿਆ। ਜ਼ਿਲ੍ਹਾ ਪੱਧਰ 'ਤੇ ਕਰਵਾਏ ਗਏ ਹਨ ਹਿੰਦੀ ਸਾਹਿਤ ਸਿਰਜਣ ਅਤੇ ਕਵਿਤਾ ਗਾਇਨ ਮੁਕਾਬਲਿਆਂ ਦੇ ਹਿੰਦੀ ਲੇਖ ਰਚਨਾ ਵਿੱਚ ਪਹਿਲਾ ਸਥਾਨ ਵੀਨੂ (ਦਸਵੀਂ) ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਕੈਂਪ ਬਟਾਲਾ, ਦੂਜਾ ਰਿਮਝਿਮ (ਦਸਵੀਂ) ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਕੈਂਪ ਬਟਾਲਾ ਅਤੇ ਤੀਜਾ ਸਥਾਨ ਤ੍ਰਿਪਤੀ (ਦਸਵੀਂ) ਗੋਲਡਨ ਸੀਨੀਅਰ ਸੈਕੰਡਰੀ ਸਕੂਲ ਗੁਰਦਾਸਪੁਰ ਨੇ ਪ੍ਰਾਪਤ ਕੀਤਾ। ਹਿੰਦੀ ਕਵਿਤਾ ਰਚਨਾ ਵਿੱਚ ਭਵਿਆ (ਦਸਵੀਂ), ਸਵਾਮੀ ਵਿਵੇਕਾਨੰਦ ਹਾਈ ਸਕੂਲ ਦੀਨਾਨਗਰ ਨੇ ਪਹਿਲਾ, ਰਾਜਦੀਪ ਕੌਰ (ਨੌਵੀਂ) ਸੀਨੀਅਰ ਸੈਕੰਡਰੀ ਸਮਾਰਟ ਸਕੂਲ ਰੰਗੜ ਨੰਗਲ ਨੇ ਦੂਜਾ ਅਤੇ ਰੀਆ (ਸਤਵੀਂ), ਸ. ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਪਬਲਿਕ ਸਕੂਲ, ਧਾਰੀਵਾਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਕਹਾਣੀ ਰਚਨਾ ਵਿੱਚ ਪਹਿਲਾ ਸਥਾਨ ਸ਼ਵੇਤਾ (ਨੌਵੀਂ) ਸੁਮਿੱਤਰਾ ਦੇਵੀ ਆਰੀਆ ਸੀਨੀਅਰ ਸੈਕੰਡਰੀ ਸਕੂਲ ਦੀਨਾਨਗਰ, ਦੂਜਾ ਪ੍ਰਦਿਊਮ (ਦਸਵੀਂ) ਸੁਮਿੱਤਰਾ ਦੇਵੀ ਆਰੀਆ ਸੀਨੀਅਰ ਸੈਕੰਡਰੀ ਸਕੂਲ, ਦੀਨਾਨਗਰ ਅਤੇ ਤੀਜਾ ਸਥਾਨ ਮਹਿਕਦੀਪ ਕੌਰ (ਦਸਵੀਂ) ਸੁਮਿੱਤਰਾ ਦੇਵੀ ਆਰੀਆ ਸੀਨੀਅਰ ਸੈਕੰਡਰੀ ਸਕੂਲ ਦੀਨਾਨਗਰ ਨੇ ਪ੍ਰਾਪਤ ਕੀਤਾ। ਹਿੰਦੀ ਕਵਿਤਾ ਗਾਇਨ ਵਿੱਚ ਪਹਿਲਾ ਸਥਾਨ ਸ਼ੀਤੂ ਕਾਟਲ ਸੁਮਿੱਤਰਾ ਦੇਵੀ ਆਰੀਆ ਸੀਨੀਅਰ ਸੈਕੰਡਰੀ ਸਕੂਲ ਦੀਨਾਨਗਰ, ਦੂਜਾ ਸਥਾਨ ਰਵਨੀਤ ਕੌਰ (ਨੌਵੀਂ) ਗੋਲਡਨ ਸੀਨੀਅਰ ਸੈਕੰਡਰੀ ਸਕੂਲ ਗੁਰਦਾਸਪੁਰ ਅਤੇ ਤੀਜਾ ਸਥਾਨ ਭਵਨ ਕੌਰ (ਅੱਠਵੀਂ) ਸੀਨੀਅਰ ਸੈਕੰਡਰੀ ਸਮਾਰਟ ਸਕੂਲ ਰੰਗੜ ਨੰਗਲ ਗੁਰਦਾਸਪੁਰ ਨੇ ਪ੍ਰਾਪਤ ਕੀਤਾ। ਪ੍ਰਿੰ. ਡਾ. ਸੁਰਿੰਦਰ ਕਾਦੀਆਨ, ਪ੍ਰਿੰ. ਜਤਿੰਦਰ ਕੁਮਾਰ ਗੋਲਡਨ ਸੀਨੀਅਰ ਸੈਕੰਡਰੀ ਸਕੂਲ ਗੁਰਦਾਸਪੁਰ, ਸੈਲ ਇੰਚਾਰਜ ਸ਼ਾਮ ਸਿੰਘ, ਹਰਦੇਵ ਰਾਜ ਅਤੇ ਸਥਾਨਕ ਕਾਲਜ ਦੇ ਵਿਦਿਆਰਥੀਆਂ ਨੇ ਇਨ੍ਹਾਂ ਮੁਕਾਬਲਿਆਂ ਵਿੱਚ ਵਿਸ਼ੇਸ਼ ਸ਼ਿਰਕਤ ਕੀਤੀ। ਜ਼ਿਕਰਯੋਗ ਹੈ ਕਿ ਇਨ੍ਹਾਂ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਭਾਸ਼ਾ ਵਿਭਾਗ ਵੱਲੋਂ ਕਰਵਾਏ ਜਾਣ ਵਾਲੇ ਰਾਜ ਪੱਧਰੀ ਮੁਕਾਬਲਿਆਂ ਵਿੱਚ ਭਾਗ ਲੈਣਗੇ।

# ਮਹਿੰਦਵਾਣੀ ਮੋਰਚਾ ਲੋਕਾਂ ਦੀ ਏਕਤਾ ਤੇ ਸੰਘਰਸ਼ ਨਾਲ ਜਿੱਤਿਆ

**ਹੁਸ਼ਿਆਰਪੁਰ (ਓ ਪੀ ਰਾਣਾ )**- ਲੋਕ ਬਚਾਓ, ਪਿੰਡ ਬਚਾਓ ਸੰਘਰਸ਼ ਕਮੇਟੀ (ਇਲਾਕਾ ਬੀਤ) ਪੰਜਾਬ ਅਤੇ ਹਿਮਾਚਲ ਪ੍ਰਦੇਸ਼' ਦੇ ਅਹੁਦੇਦਾਰਾਂ ਰਕੇਸ਼ ਚੰਦ, ਦਵਿੰਦਰ ਕੁਮਾਰ ਰਾਣਾ, ਰਮੇਸ਼ ਲਾਲ, ਜਗਰੂਪ ਸਿੰਘ ਰਾਣਾ ਅਤੇ ਕੁਲਭੂਸ਼ਨ ਕੁਮਾਰ ਨੇ ਦੱਸਿਆ ਕਿ ਕਮੇਟੀ ਵੱਲੋਂ ਲਗਾਇਆ ਗਿਆ ਪੱਕਾ ਮੋਰਚਾ ਹਟਾ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਕਮੇਟੀ ਵਲੋਂ 5 ਅਗਸਤ 2022 ਤੋਂ 27 ਅਕਤੂਬਰ 2022 ਤੱਕ (84 ਦਿਨ) ਫੈਕਟਰੀਆਂ ਮੈ./ਸ. ਮੋਡੂਲਸ ਕਾਸਮੈਟਿਕ ਪ੍ਰਾ.ਲਿ., ਮੈਸ.ਆਰ.ਆਰ.ਡੀ. ਆਇਲ ਅਤੇ ਫੈਟਸ ਪ੍ਰਾ.ਲਿ. ਪਿੰਡ ਗੋਂਦਪੁਰ ਜੈ ਚੰਦ, ਤਹਿਸੀਲ ਹਰੋਲੀ, ਜ਼ਿਲ੍ਹਾ ਊਨਾ (ਹਿਮਾਚਲ ਪ੍ਰਦੇਸ਼) ਵਿਰੁੱਧ ਧਰਨਾ ਅਤੇ ਪੱਕਾ ਮੋਰਚਾ ਲਗਾਇਆ ਗਿਆ ਸੀ ਜੋ ਕਿ ਇਨ੍ਹਾਂ ਫੈਕਟਰੀਆਂ ਦੇ ਪ੍ਰਦੂਸ਼ਣ (ਹਵਾ ਅਤੇ ਪਾਣੀ) ਅਤੇ ਪੰਜਾਬ ਵਾਲੀ ਜ਼ਮੀਨ ਤੋਂ ਗਲਤ ਢੰਗ ਨਾਲ ਪਾਣੀ ਚੋਰੀ ਕਰਨਾ ਅਤੇ ਫੈਕਟਰੀਆਂ ਦੀ ਰਹਿੰਦ-ਖੂੰਹਦ ਤੋਂ ਗੰਦੇ ਪਾਣੀ ਨੂੰ ਪੰਜਾਬ ਵਾਲੀ ਧਰਤੀ ਵਿਚ ਜ਼ਮੀਨਦੋਜ ਕਰਨਾ ਸੀ। ਇਨ੍ਹਾਂ ਫੈਕਟਰੀਆਂ ਦੀ ਵੱਡੀ ਆਵਾਜਾਈ, ਭਾਰੀ ਵਾਹਨਾਂ ਨੂੰ ਪਿੰਡ ਮਹਿੰਦਵਾਣੀ ਵਿਚ ਬੰਦ ਕਰਵਾਉਣਾ ਸੀ। ਇਸ ਸਮੱਸਿਆ ਦੇ ਹੱਲ ਲਈ ਸਾਡੀ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਰੋੜੀ ਅਤੇ ਹੁਸ਼ਿਆਰਪੁਰ ਤੋਂ ਡਿਪਟੀ ਕਮਿਸ਼ਨਰ ਸੰਦੀਪ ਹੰਸ, ਐਸ.ਐਸ.ਪੀ . ਸਰਤਾਜ ਸਿੰਘ ਚਾਹਲ, ਗੜ੍ਹਸ਼ੰਕਰ ਤੋਂ ਡੀ.ਐਸ.ਪੀ ਦਲਜੀਤ ਸਿੰਘ ਖੱਖ ਨੇ ਇਕ ਵਿਸ਼ੇਸ਼ ਮੀਟਿੰਗ 26-10-2022 ਨੂੰ ਕਮੇਟੀ ਮੈਂਬਰਾਂ ਨਾਲ ਕਰਕੇ ਪੱਕੇ ਮੋਰਚੇ ਦੀਆਂ ਪੰਜਾਬ ਵਾਲੀ ਸਾਈਡ ਤੋਂ ਸਾਰੀਆਂ ਮੰਗਾਂ ਮੰਨ ਕੇ ਕਮੇਟੀ ਮੈਂਬਰਾਂ ਦੀ ਸੰਤੁਸ਼ਟੀ ਕਰਵਾ ਕਿ ਧਰਨਾ ਤੇ ਪੱਕਾ ਮੋਰਚਾ 27-10-2022 ਨੂੰ ਆਮ ਲੋਕਾਂ ਵਿਚ ਆ ਕਿ ਸਮਾਪਤ ਕਰਵਾ ਦਿੱਤਾ ਗਿਆ, ਜਿਸ ਵਿਚ ਕਮੇਟੀ ਮੈਂਬਰਾਂ ਤੇ ਹੋਏ ਪਰਚੇ ਮੁੱਢੋਂ ਰੱਦ ਕੀਤੇ ਗਏ ਅਤੇ ਫੈਕਟਰੀਆਂ ਦੇ ਮਾਲਿਕ ਤੇ ਪਰਚਾ ਦਰਜ ਕੀਤਾ ਗਿਆ। ਪੰਜਾਬ ਸਰਕਾਰ ਵਲੋਂ ਹਿਮਾਚਲ ਪ੍ਰਦੇਸ਼ ਸਰਕਾਰ ਦੇ ਚੇਅਰਮੈਨ, ਹਿਮਾਚਲ ਪ੍ਰਦੇਸ਼ ਪ੍ਰਦੂਸ਼ਣ ਕੰਟਰੋਲ ਬੋਰਡ ਸ਼ਿਮਲਾ ਨੂੰ ਫੈਕਟਰੀਆਂ ਦੇ ਪ੍ਰਦੂਸ਼ਣ ਨੂੰ ਬੰਦ ਕਰਵਾਉਣ ਅਤੇ ਫੈਕਟਰੀਆਂ 'ਤੇ ਕਾਰਵਾਈ ਲਈ ਲਿਖਿਆ ਗਿਆ ਹੈ। ਫੈਕਟਰੀਆਂ ਦੇ ਭਾਰੀ ਵਾਹਨਾਂ ਨੂੰ ਰੋਕਣ ਲਈ ਪਿੰਡ ਮਹਿੰਦਵਾਣੀ ਵਿਚ ਬੈਰੀਕੇਟਿੰਗ ਕਰਵਾ ਦਿੱਤੀ ਗਈ ਹੈ। ਇਨ੍ਹਾਂ ਮੰਗਾਂ ਤੋਂ ਸੰਤੁਸ਼ਟ ਹੁੰਦੇ ਹੋਏ ਕਮੇਟੀ ਨੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਅਤੇ ਆਪਣਾ ਧਰਨਾ 27 ਅਕਤੂਬਰ ਨੂੰ ਹੀ ਸਮਾਪਤ ਕਰ ਦਿੱਤਾ ਗਿਆ। ਧਰਨਾ ਲੋਕਾਂ ਦੀ ਏਕਤਾ ਤੇ ਸੰਘਰਸ਼ ਨਾਲ ਜਿੱਤਿਆ ਗਿਆ।

# ਬਾਬਾ ਸੁਖਦੇਵ ਸਿੰਘ ਬੇਦੀ ਵੱਲੋਂ ਐੱਸ ਡੀ ਐੱਮ ਦਸੂਹਾ ਤੇ ਟੀਮ ਸਨਮਾਨਤ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**-ਐਸ ਡੀ ਐਮ ਦਸੂਹਾ ਓਜਸਵੀ ਅਲੰਕਾਰ ਗੁਰਦੁਆਰਾ ਗੁਰੂ ਨਾਨਕ ਦਰਬਾਰ ਅਸਥਾਨ ਬਾਬਾ ਸ੍ਰੀ ਚੰਦ ਜੀ ਵਿਖੇ ਵਿਸ਼ੇਸ਼ ਤੌਰ 'ਤੇ ਨਤਮਸਤਕ ਹੋਣ ਲਈ ਪਹੁੰਚੇ। ਇਸ ਮੌਕੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਅਸਥਾਨ ਬਾਬਾ ਸ੍ਰੀ ਚੰਦ ਦੇ ਮੁੱਖ ਸੇਵਾਦਾਰ ਸੋਲ੍ਹਵੀਂ ਸੰਤਾਨ ਸ੍ਰੀ ਗੁਰੂ ਨਾਨਕ ਦੇਵ ਜੀ ਅੰਸ਼-ਵੰਸ਼ ਦਰਬਾਰ ਸ੍ਰੀ ਚੋਲਾ ਸਾਹਿਬ ਡੇਰਾ ਬਾਬਾ ਨਾਨਕ ਵਾਲੇ ਸੰਤ ਬਾਬਾ ਸੁਖਦੇਵ ਸਿੰਘ ਬੇਦੀ ਨੇ ਐੱਸ ਡੀ ਐੱਮ ਦਸੂਹਾ ਓਜਸਵੀ ਅਲੰਕਾਰ ਅਤੇ ਉਨ੍ਹਾਂ ਦੀ ਟੀਮ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਅਤੇ ਗੁਰਦੁਆਰਾ ਸਾਹਿਬ ਵਿਖੇ ਹੋਣ ਵਾਲੇ ਵੱਖ -ਵੱਖ ਧਾਰਮਿਕ ਸਮਾਗਮਾਂ ਸੰਬੰਧੀ ਵਿਸ਼ੇਸ਼ ਤੌਰ 'ਤੇ ਜਾਣੂ ਕਰਵਾਇਆ। ਇਸ ਮੌਕੇ ਬਾਬਾ ਸੁਖਦੇਵ ਸਿੰਘ ਬੇਦੀ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਵਿਖੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ , ਬਾਬਾ ਸ੍ਰੀ ਚੰਦ ਜੀ ਦਾ ਜਨਮ ਦਿਹਾੜਾ ,ਡੇਰਾ ਬਾਬਾ ਨਾਨਕ ਜਾਣ ਵਾਲੀ ਪੈਦਲ ਯਾਤਰਾ ਲਈ ਵਿਸ਼ੇਸ਼ ਸਮਾਗਮ ਕਰਨ ਤੋਂ ਇਲਾਵਾ ਹਰ ਮਹੀਨੇ ਪੂਰਨਮਾਸ਼ੀ ਦੇ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਸਮਾਗਮ ਕਰਵਾਏ ਜਾਂਦੇ ਹਨ, ਜਿਸ ਵਿੱਚ ਸੰਤ- ਮਹਾਂਪੁਰਸ਼ ਅਤੇ ਰਾਗੀ ਢਾਡੀ ਜਥੇ ਸਮੂਹ ਸੰਗਤ ਨੂੰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋ ਕੇ ਗੁਰੂ ਚਰਨਾਂ ਨਾਲ ਜੋੜਦੇ ਹਨ। ਇਸ ਤੋਂ ਇਲਾਵਾ ਇਸ ਅਸਥਾਨ 'ਤੇ ਸਮੇਂ -ਸਮੇਂ 'ਤੇ ਸਮਾਜ ਸੇਵਾ ਕਾਰਜਾਂ ਦੀ ਲੜੀ ਤਹਿਤ ਮੁਫ਼ਤ ਮੈਡੀਕਲ ਚੈੱਕਅਪ ਕੈਂਪ, ਲੋੜਵੰਦ ਲੜਕੀਆਂ ਦੇ ਅਨੰਦ ਕਾਰਜ ਵੀ ਕਰਵਾਏ ਜਾਂਦੇ ਹਨ। ਇਸ ਮੌਕੇ ਐੱਸ ਡੀ ਐੱਮ ਦਸੂਹਾ ਓਜਸਵੀ ਅਲੰਕਾਰ ਨੇ ਸੰਤ ਬਾਬਾ ਸੁਖਦੇਵ ਸਿੰਘ ਬੇਦੀ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਵੱਲੋਂ ਧਾਰਮਿਕ ਅਤੇ ਸਮਾਜ ਸੇਵੀ ਕੰਮਾਂ ਵਿਚ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕੀਤੀ। ਇਸ ਮੌਕੇ ਕਮੇਟੀ ਪ੍ਰਧਾਨ ਨਾਜਰ ਸਿੰਘ ਸਹਿਬਾਜਪੁਰ ਨੇ ਦੱਸਿਆ ਕਿ ਗੁਰਦੁਆਰਾ ਗੁਰੂ ਨਾਨਕ ਦਰਬਾਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ 8 ਅੱਠ ਨਵੰਬਰ ਨੂੰ ਸ਼ਰਧਾ, ਸਤਿਕਾਰ ਭਾਵਨਾ ਨਾਲ ਮਨਾਇਆ ਜਾਵੇਗਾ, ਜਿਸ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਅਤੇ ਸ੍ਰੀ ਸਹਿਜ ਪਾਠ ਦੀ ਲੜੀ ਦੇ ਭੋਗ ਪਾਉਣ ਉਪਰੰਤ ਵਿਸ਼ਾਲ ਸਮਾਗਮ ਕਰਵਾਏ ਜਾਣਗੇ। ਇਸ ਮੌਕੇ ਡਾ.ਸੁਖਵਿੰਦਰ ਸਿੰਘ ਬੇਦੀ, ਸਾਬਕਾ ਸਰਪੰਚ ਕੁਲਵੰਤ ਸਿੰਘ , ਪ੍ਰਧਾਨ ਨਾਜਰ ਸਿੰਘ ਸਹਿਵਾਜਪੁਰ, ਹਰਭਜਨ ਸਿੰਘ ,ਸਾਬਕਾ ਸਰਪੰਚ ਗੁਰਮੀਤ ਸਿੰਘ , ਲਖਵੀਰ ਸਿੰਘ ਗਿੱਲ, ਪਰਮਜੀਤ ਸਿੰਘ ,ਬਚਿੱਤਰ ਸਿੰਘ ਆਦਿ ਵੀ ਮੌਜੂਦ ਸਨ ।

# ਮਨਜੀਤ ਦਸੂਹਾ ਵੱਲੋਂ ਲੜਕੀ ਦੇ ਵਿਆਹ ਲਈ ਪਰਵਾਰ ਨੂੰ ਸਹਾਇਤਾ ਰਾਸ਼ੀ ਭੇਟ



**ਅੱਡਾ ਸਰਾਂ (ਜਸਵੀਰ ਕਾਜਲ)** ਹਲਕਾ ਉੜਮੁੜ ਟਾਂਡਾ ਵਿੱਚ ਲੋੜਵੰਦ ਗਰੀਬ ਪਰਵਾਰਾਂਦੀਆ ਲੜਕੀਆਂ ਦੇ ਵਿਆਹ ਲਈ ਉੱਘੇ ਸਮਾਜ ਸੇਵੀ ਤੇ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਮਨਜੀਤ ਸਿੰਘ ਦਸੂਹਾ ਵੱਲੋਂ ਚਲਾਈ ਸ਼ਗਨ ਸਕੀਮ ਤਹਿਤ ਅੱਜ ਪਿੰਡ ਨੈਣੋਵਾਲ ਦੇ ਸੁਖਵਿੰਦਰ ਸਿੰਘ ਦੀ ਬੇਟੀ ਪ੍ਰਭਜੋਤ ਕੌਰ ਦੇ ਵਿਆਹ ਲਈ ਸ਼ਗਨ ਸਕੀਮ ਤਹਿਤ 51 ਸੌ ਰੁਪਏ ਸਹਾਇਤਾ ਰਾਸ਼ੀ ਭੇਟ ਕਰਦਿਆਂ ਪਰਵਾਰ ਨੂੰ ਮਨਜੀਤ ਸਿੰਘ ਦਸੂਹਾ ਨੇ ਵਧਾਈ ਦਿੱਤੀ ਤੇ ਕਿਹਾ ਕਿ ਸਰਕਾਰ ਦੀ ਸ਼ਗਨ ਸਕੀਮ ਸਿਰਫ ਕਾਗਜ਼ਾਂ ਤੱਕ ਸਿਮਟ ਕੇ ਰਹਿ ਗਈ ਹੈ। ਗਰੀਬ ਪਰਵਾਰ ਦਫਤਰਾਂ ਦੇ ਚੱਕਰ ਮਾਰ ਕੇ ਨਿਰਾਸ਼ ਹੋ ਕੇ ਬਹਿ ਜਾਦੇ ਹਨ ਪਰੰਤੂ ਸ਼ਗਨ ਸਕੀਮ ਨਹੀਂ ਮਿਲਦੀ। ਮਨਜੀਤ ਸਿੰਘ ਦਸੂਹਾ ਨੇ ਕਿਹਾ ਕਿ ਕਰੀਬ ਇਕ ਸਾਲ ਤੋਂ ਗਰੀਬ ਪਰਵਾਰਾਂ ਨੂੰ ਸ਼ਗਨ ਸਕੀਮ ਦਾ ਕੋਈ ਪੈਸਾ ਨਹੀ ਮਿਲਿਆ । ਫਿਰ ਸਰਕਾਰ ਦੀ ਸ਼ਗਨ ਸਕੀਮ ਦਾ ਕੀ ਫਾਇਦਾ ? ਉਹਨਾ ਕਿਹਾ ਕਿ ਜਿੰਨਾ ਚਿਰ ਜ਼ਿੰਦਗੀ ਹੈ ਸ਼ਗਨ ਸਕੀਮ ਇਸੇ ਤਰ੍ਹਾਂ ਜਾਰੀ ਰਹੇਗੀ। ਇਸ ਮੌਕੇ ਸਾਬਕਾ ਜ਼ਿਲਾ ਪ੍ਰੀਸ਼ਦ ਮੈਂਬਰ ਹੁਸ਼ਿਆਰਪੁਰ ਸੁਖਵਿੰਦਰ ਸਿੰਘ ਮੂਨਕ ,ਸੁਰਜੀਤਪਾਲ ਤੇ ਨੰਬਰਦਾਰ ਸਤਨਾਮ ਸਿੰਘ ਢਿੱਲੋਂ ਨੇ ਮਨਜੀਤ ਸਿੰਘ ਦਸੂਹਾ ਵੱਲੋਂ ਚਲਾਈਆਂ ਲੋਕ ਭਲਾਈ ਸਕੀਮਾਂ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਇਸ ਨਾਲ ਹਲਕੇ ਦੇ ਗਰੀਬ ਲੋੜਵੰਦ ਪਰਵਾਰਾਂ ਨੂੰ ਬਹੁਤ ਵੱਡੀ ਰਾਹਤ ਮਿਲ ਰਹੀ ਹੈ। ਮਨਜੀਤ ਦਸੂਹਾ ਵੱਲੋਂ ਚਲਾਈਆਂ ਸਕੀਮਾਂ ਗਰੀਬ ਪਰਵਾਰਾਂ ਲਈ ਵਰਦਾਨ ਸਾਬਤ ਹੋ ਰਹੀਆਂ ਹਨ। ਪਰਵਾਰ ਨੇ ਮਨਜੀਤ ਸਿੰਘ ਦਸੂਹਾ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸਰਪੰਚ ਨਰਿੰਦਰ ਸਿੰਘ ਨੈਣੋਵਾਲ ,ਪਰਮਜੀਤ ਸਿੰਘ, ਜੱਗਲਾਲ ਸਿੰਘ ਆਦਿ ਹਾਜ਼ਰ ਸਨ।

# ਕੰਧਾਲੀ ਵਿਖੇ 13ਵਾਂ ਸਾਲਾਨਾ ਭਗਵਤੀ ਜਾਗਰਣ ਯਾਦਗਾਰੀ ਹੋ ਨਿੱਬੜਿਆ



**ਅੱਡਾ ਸਰਾਂ ( ਜਸਵੀਰ ਕਾਜਲ)** ਨਜ਼ਦੀਕ ਪਿੰਡ ਕੰਧਾਲੀ ਨਾਰੰਗਪੁਰ ਵਿਖੇ ਬਾਬਾ ਸਿੰਧ ਚਰਨੋ ਕਲੱਬ ਵੱਲੋਂ ਐਨ ਆਰ ਆਈ ਵੀਰਾਂ ਅਤੇ ਨਗਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ 13ਵਾਂ ਸਾਲਾਨਾ ਮਾਤਾ ਜੀ ਦਾ ਜਾਗਰਣ ਕਰਵਾਇਆ ਗਿਆ । ਇਸ ਮੌਕੇ ਨਗਰ ਦੀਆਂ ਸੰਗਤਾਂ ਨੇ ਵਧ ਚੜ੍ਹ ਕੇ ਹਾਜ਼ਰੀ ਲਗਵਾਈ ਅਤੇ ਇਸ ਉਪਰੰਤ ਦਵਿੰਦਰ ਬਾਵਾ ਐਂਡ ਪਾਰਟੀ ਤੋਂ ਇਲਾਵਾ ਮਿਸ ਅਨੂ ਨਿਗਾਹਾ ਮੈਡਮ ਨੇ ਮਾਤਾ ਜੀ ਦੀ ਆਰਤੀ ਅਤੇ ਸ੍ਰੀ ਗਣੇਸ਼ ਜੀ ਦੀ ਆਰਤੀ ਉਪਰੰਤ ਸਾਰੀ ਰਾਤ ਮਾਤਾ ਜੀ ਦੀਆਂ ਭੇਟਾਂ ਦਾ ਗੁਣਗਾਨ ਕੀਤਾ । ਇਸ ਮੌਕੇ ਮਾਤਾ ਜੀ ਦਾ ਸੁੰਦਰ ਭਵਨ ਸੁਸ਼ੋਭਿਤ ਕੀਤਾ ਸੀ ਅਤੇ ਮਾਤਾ ਜੀ ਦੀਆਂ ਝਾਕੀਆਂ ਵੀ ਕੱਢੀਆਂ ਗਈਆਂ ।ਇਸ ਮੌਕੇ ਸੰਤ ਬਾਬਾ ਨਰੇਸ਼ ਗਿਰ ਨੰਗਲ ਖੂੰਗਾ, ਸੰਤ ਬਾਬਾ ਬਲਵੰਤ ਸ਼ਾਹ ਤੋਂ ਇਲਾਵਾ ਹੋਰ ਸੰਤਾਂ ਨੇ ਵੀ ਹਾਜ਼ਰੀ ਲਗਵਾਈ । ਇਸ ਮੌਕੇ ਸੁਰਿੰਦਰਪਾਲ ਸਿੰਘ, ਪਲਵਿੰਦਰ ਸਿੰਘ, ਪਰਗਟ ਸਿੰਘ, ਸਤਨਾਮ ਸਿੰਘ, ਭਗਵਾਨ ਦਾਸ, ਅਵਤਾਰ ਸਿੰਘ ,ਮਲਕੀਤ ਸਿੰਘ, ਬਲਵਿੰਦਰ ਸਿੰਘ ਵਿੱਕੀ ,ਕਮਲਜੀਤ ਸਿੰਘ, ਗੁਰਮੇਲ ਸਿੰਘ ,ਹਰਪ੍ਰੀਤ ਸਿੰਘ ਪੀਤਾ ,ਬਲਵੀਰ ਸਿੰਘ, ਮਨਦੀਪ ਸਿੰਘ ਰੈਂਪੀ ,ਸੰਦੀਪ ਸਿੰਘ, ਸੁੱਚਾ ਸਿੰਘ ,ਸੁਖਵਿੰਦਰ ਸਿੰਘ, ਜਸਵੀਰ ਸਿੰਘ, ਬਿਜੈ ਸਿੰਘ, ਹਰਪ੍ਰੀਤ ਸਿੰਘ ,ਪਵਨਦੀਪ ਸਿੰਘ ,ਬੂਟਾ ਸਿੰਘ, ਮੋਨਾ ,ਮੌਲਾ ਹੈਪੀ, ਸਾਬੀ, ਸੋਨੂੰ ਹਰਪ੍ਰੀਤ ਪੀਤਾ ਅਤੇ ਨਗਰ ਦੀਆਂ ਸੰਗਤਾਂ ਹਾਜ਼ਰ ਸਨ। ਇਸ ਮੌਕੇ ਅਤੁੱਟ ਲੰਗਰ ਵੀ ਵਰਤਾਇਆ ਗਿਆ।

# ਵਧੀਕ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ 19 ਵੋਟਰਾਂ ਨੂੰ ਦਿੱਤੇ ਸਕਿਓਰਡ ਐਪਿਕ



**ਹੁਸ਼ਿਆਰਪੁਰ, (ਓ ਪੀ ਰਾਣਾ)** ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਅਗਸਤ ਮਹੀਨੇ ਵਿਚ ਰਜਿਸਟਰਡ ਕੀਤੇ ਗਏ ਨਵੇਂ ਵੋਟਰਾਂ ਤੇ ਦਰੁਸਤ ਕੀਤੇ ਗਏ ਵੋਟਰਾਂ ਨੂੰ ਸਕਿਓਰਡ ਪਹਿਚਾਣ ਪੱਤਰ ਤਿਆਰ ਕਰਕੇ ਦਿੱਤੇ ਗਏ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਕਰਵਾਏ ਗਏ ਪ੍ਰੋਗਰਾਮ ਦੌਰਾਨ ਵਧੀਕ ਜ਼ਿਲ੍ਹਾ ਚੋਣ ਅਫ਼ਸਰ-ਕਮ-ਵਧੀਕ ਡਿਪਟੀ ਕਮਿਸ਼ਨਰ (ਜ) ਸ਼੍ਰੀਮਤੀ ਦਲਜੀਤ ਕੌਰ ਨੇ ਵੱਖ-ਵੱਖ ਵਿਧਾਨ ਸਭਾ ਹਲਕਿਆਂ ਦੇ 19 ਵੋਟਰਾਂ ਨੂੰ ਇਹ ਸਕਿਓਰਡ ਐਪਿਕ (ਇਲੈਕਸ਼ਨ ਫੋਟੋ ਆਈਡੈਂਟਟੀ ਕਾਰਡ) ਦੇ ਕੇ ਜ਼ਿਲ੍ਹੇ ਵਿਚ ਇਸ ਦੀ ਸ਼ੁਰੂਆਤ ਕਰਦਿਆਂ ਇਸ ਦੇ ਬਾਰੇ ਵੋਟਰਾਂ ਨੂੰ ਜਾਗਰੂਕ ਕੀਤਾ।

ਉਨ੍ਹਾਂ ਦੱਸਿਆ ਕਿ ਬਣਾਏ ਗਏ ਸਕਿਓਰਡ ਐਪਿਕ 'ਤੇ ਹੋਲੋਗ੍ਰਾਮ ਅਤੇ ਕਿਊ.ਆਰ. ਸਕੈਨਰ ਵੀ ਦਰਜ ਹੈ।

ਵਧੀਕ ਡਿਪਟੀ ਕਮਿਸ਼ਨਰ ਨੇ ਵਿਧਾਨ ਸਭਾ ਹਲਕਾ 42-ਸ਼ਾਮਚੁਰਾਸੀ ਦੇ 5 ਵੋਟਰਾਂ, 43-ਹੁਸ਼ਿਆਰਪੁਰ ਦੇ 10 ਵੋਟਰਾਂ ਅਤੇ 44-ਚੱਬੇਵਾਲ ਦੇ 4 ਵੋਟਰਾਂ ਨੂੰ ਇਹ ਸਕਿਓਰਡ ਐਪਿਕ ਦਿੱਤੇ। ਉਨ੍ਹਾਂ ਕਿਹਾ ਕਿ ਅੱਜ ਦੇ ਪ੍ਰੋਗਰਾਮ ਦਾ ਉਦੇਸ਼ ਜ਼ਿਲ੍ਹੇ ਦੇ ਵੋਟਰਾ ਨੂੰ ਸਕਿਓਰਡ ਐਪਿਕ ਬਾਰ ਜਾਗਰੂਕ ਕਰਨਾ ਸੀ। ਇਸ ਮੌਕੇ ਤਹਿਸੀਲਦਾਰ (ਚੋਣਾਂ) ਹਰਮਿੰਦਰ ਸਿੰਘ, ਕਾਨੂੰਗੋ ਹਰਪ੍ਰੀਤ ਕੌਰ, ਦੀਪਕ ਕੁਮਾਰ, ਲਖਵੀਰ ਸਿੰਘ, ਮੇਘਾ ਮਹਿਤਾ ਤੇ ਰਾਜਨ ਮੌਂਗਾ ਵੀ ਮੌਜੂਦ ਸਨ।

# ਟਰੈਕਟਰ ਦੀ ਬਰੇਕ ਫੇਲ੍ਹ ਹੋਣ ਕਾਰਨ 25 ਸਾਲਾ ਲੜਕੇ ਦੀ ਮੌਤ



**ਸੁਲਤਾਨਪੁਰ ਲੋਧੀ(ਬਲਵਿੰਦਰ ਸਿੰਘ ਧਾਲੀਵਾਲ)** ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 553ਵੇਂ ਪ੍ਰਕਾਸ਼ ਪੁਰਬ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ ਅਤੇ ਵੱਖ ਵੱਖ ਪਿੰਡਾਂ ਤੋਂ ਨਗਰ ਕੀਰਤਨ ਸੁਲਤਾਨਪੁਰ ਲੋਧੀ ਆਉਣੇ ਸ਼ੁਰੂ ਹੋ ਚੁੱਕੇ ਹਨ। ਪਰ ਇਸ ਦੌਰਾਨ ਇੱਕ ਦੁਖਦਾਈ ਖਬਰ ਸਾਹਮਣੇ ਆ ਰਹੀ ਹੈ। ਦਰਅਸਲ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਕਪੂਰਥਲਾ ਤੋਂ ਸੁਲਤਾਨਪੁਰ ਲੋਧੀ ਲਈ ਪੈਦਲ ਯਾਤਰਾ ਕੱਢੀ ਜਾ ਰਹੀ ਸੀ ਕਿ ਪਿੰਡ ਕੜ੍ਹਾਲ ਕਲਾਂ ਨੇੜੇ ਟਰੈਕਟਰ ਦੀ ਬ੍ਰੇਕ ਫੇਲ੍ਹ ਹੋ ਗਈ ਜਿਸ ਕਾਰਨ ਇੱਕ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਗੁਰਜੀਤ ਸਿੰਘ ਪੁੱਤਰ ਮਨਮੋਹਨ ਸਿੰਘ ਵਾਸੀ ਕਪੂਰਥਲਾ ਵਜੋਂ ਹੋਈ ਹੈ, ਜਿਸ ਦੀ ਉਮਰ 25 ਸਾਲ ਦੱਸੀ ਜਾ ਰਹੀ ਹੈ। ਇਸ ਦੇ ਨਾਲ ਹੀ ਮੌਕੇ 'ਤੇ ਪਹੁੰਚੀ ਪੁਲਸ ਨੇ ਲਾਸ਼ ਨੂੰ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਭੇਜ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਕ੍ਰਿਸ਼ੀ ਵਿਗਿਆਨ ਕੇਂਦਰ ਰੋਪੜ ਵਿਖੇ ਕਿਸਾਨ ਮੇਲਾ



**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)** ਪੀ ਏ ਯੂ ਲੁਧਿਆਣਾ ਅਤੇ ਆਈ.ਸੀ.ਏ.ਆਰ.-ਅਟਾਰੀ, ਜੋਨ-1 ਦੀ ਅਗਵਾਈ ਹੇਠ ਇਨ-ਸੀਟੂ ਫਸਲਾਂ ਦੀ ਰਹਿੰਦ-ਖੂੰਹਦ ਪ੍ਰਬੰਧਨ ਤਕਨੀਕਾਂ ਦੇ ਵਿਸੇ 'ਤੇ ਕ੍ਰਿਸੀ ਵਿਗਿਆਨ ਕੇਂਦਰ ਰੋਪੜ ਵਿਖੇ ਕਿਸਾਨ ਮੇਲਾ ਆਯੋਜਿਤ ਕੀਤਾ ਗਿਆ। ਡਿਪਟੀ ਡਾਇਰੈਕਟਰ (ਟੀ.ਆਰ.ਜੀ.) ਡਾ: ਸਤਬੀਰ ਸਿੰਘ ਦੀ ਅਗਵਾਈ ਹੇਠ "ਪੰਜਾਬ ਰਾਜ ਵਿੱਚ ਫਸਲਾਂ ਦੀ ਰਹਿੰਦ-ਖੂੰਹਦ ਦੇ ਅੰਦਰ-ਅੰਦਰ ਪ੍ਰਬੰਧਨ ਲਈ ਖੇਤੀਬਾੜੀ ਮਸ਼ੀਨੀਕਰਨ ਨੂੰ ਉਤਸਾਹਿਤ ਕਰਨ" ਪ੍ਰੋਜੈਕਟ ਤਹਿਤ ਇਹ ਮੇਲਾ ਲਗਾਇਆ ਗਿਆ। ਇਸ ਮੇਲੇ ਵਿੱਚ ਜਿਲ੍ਹੇ ਭਰ ਤੋਂ 400 ਦੇ ਕਰੀਬ ਕਿਸਾਨਾਂ ਨੇ ਭਾਗ ਲਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਡਾਇਰੈਕਟਰ ਆਰ.ਆਰ.ਐਸ ਬੱਲੋਵਾਲ ਸੌਂਖੜੀ (ਪੀ.ਏ.ਯੂ. ਲੁਧਿਆਣਾ) ਡਾ: ਮਨਮੋਹਨਜੀਤ ਸਿੰਘ ਸਨ। ਸਮਾਗਮ ਦੀ ਸੁਰੂਆਤ ਪਤਵੰਤਿਆਂ ਵੱਲੋਂ ਪ੍ਰਦਰਸਨੀ ਸਟਾਲਾਂ ਦੇ ਦੌਰੇ ਨਾਲ ਕੀਤੀ ਗਈ ਜਿਸ ਵਿੱਚ ਵੱਖ-ਵੱਖ ਸਰਕਾਰੀ ਵਿਭਾਗਾਂ, ਐਫ.ਪੀ.ਓਜ, ਉਦਮੀਆਂ ਜਿਵੇਂ ਮਿੱਟੀ ਅਤੇ ਜਲ ਸੰਭਾਲ, ਬਾਗਬਾਨੀ, ਜੰਗਲਾਤ, ਮਾਰਕਫੈੱਡ, ਰੈੱਡ ਕਰਾਸ ਸੁਸਾਇਟੀ, ਪੀਬੀ ਐਗਰੀ ਐਕਸਪੋਰਟਸ, ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦੇ ਸਟਾਲ ਸਮੇਤ ਲਗਭਗ 25 ਸਟਾਲ ਲਗਾਏ ਗਏ। ਸ੍ਰੀ ਅਨੰਦਪੁਰ ਸਾਹਿਬ, ਵਿਰਬੈਕ, ਕੁਆਂਟਮ ਪੇਪਰ ਮਿੱਲਾਂ ਆਦਿ ਨੇ ਆਪਣੇ ਯਤਨਾਂ ਦੀ ਸਾਨਦਾਰ ਪ੍ਰਦਰਸਨੀ ਲਗਾਈ ਅਤੇ ਦਰਸਕਾਂ ਦਾ ਧਿਆਨ ਖਿੱਚਿਆ। ਆਪਣੇ ਸੁਆਗਤੀ ਭਾਸਣ ਵਿੱਚ ਡਾ: ਸਤਬੀਰ ਸਿੰਘ ਨੇ ਵਾਤਾਵਰਨ ਨੂੰ ਬਚਾਉਣ ਲਈ ਰਹਿੰਦ-ਖੂੰਹਦ ਦੀ ਸੰਭਾਲ ਦੀ ਮਹੱਤਤਾ ਬਾਰੇ ਦੱਸਿਆ। ਡਾ. ਸਿੰਘ ਨੇ ਕੇਵੀਕੇ ਰੋਪੜ ਦੀ ਪਿਛਲੇ 4 ਸਾਲਾਂ ਤੋਂ ਚੱਲ ਰਹੀ ਸੀਆਰਐਮ ਮੁਹਿੰਮ ਬਾਰੇ ਵਿਸਥਾਰ ਨਾਲ ਦੱਸਿਆ ਅਤੇ ਜਿਲ੍ਹੇ ਦੇ ਕੁਝ ਸਫਲ ਰਹਿੰਦ-ਖੂੰਹਦ ਪ੍ਰਬੰਧਨ ਕਰਨ ਵਾਲੇ ਕਿਸਾਨਾਂ ਬਾਰੇ ਜਾਣੂ ਕਰਵਾਇਆ। ਆਪਣੇ ਸੰਬੋਧਨ ਵਿੱਚ ਮੁੱਖ ਮਹਿਮਾਨ ਡਾ. ਮਨਮੋਹਨਜੀਤ ਸਿੰਘ ਨੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ ਨਾਲ ਜਮੀਨ ਦੀ ਜੈਵਿਕ ਕਾਰਬਨ ਅਤੇ ਉਪਜਾਊ ਸਕਤੀ 'ਤੇ ਹੋਣ ਵਾਲੇ ਮਾੜੇ ਪ੍ਰਭਾਵਾਂ 'ਤੇ ਚਾਨਣਾ ਪਾਇਆ ਜਿਸ ਵਿੱਚ ਲੰਬੇ ਸਮੇਂ ਵਿੱਚ ਉਤਪਾਦਕਤਾ ਵਿੱਚ ਕਮੀ ਆਉਂਦੀ ਹੈ। ਮੁੱਖ ਮਹਿਮਾਨ ਨੇ ਝੋਨੇ ਦੀ ਰਹਿੰਦ-ਖੂੰਹਦ ਨੂੰ ਸਾੜਨ ਦੇ ਸੰਕਟ ਨੂੰ ਰੋਕਣ ਲਈ ਕੇ.ਵੀ.ਕੇ ਰੋਪੜ ਦੀਆਂ ਪਹਿਲਕਦਮੀਆਂ ਦੀ ਵੀ ਸਲਾਘਾ ਕੀਤੀ ਅਤੇ ਕਿਸਾਨਾਂ ਵੱਲੋਂ ਇਨ੍ਹਾਂ ਉਪਰਾਲਿਆਂ ਨੂੰ ਅਪਣਾਉਣ ਦੀ ਵੀ ਸਲਾਘਾ ਕੀਤੀ। ਡਾ: ਸਿੰਘ ਨੇ ਕਿਸਾਨਾਂ ਨੂੰ ਪ੍ਰੋਸੈਸਿੰਗ ਅਤੇ ਮੰਡੀਕਰਨ ਵੱਲ ਵੀ ਧਿਆਨ ਦੇਣ ਲਈ ਪ੍ਰੇਰਿਤ ਕੀਤਾ। ਡਾ: ਆਰ.ਐਸ. ਘੁਮਾਣ, ਡੀ.ਈ.ਐਸ. ਨੇ ਹਾੜ੍ਹੀ ਦੀਆਂ ਹੋਰ ਫਸਲਾਂ ਜਿਵੇਂ ਸਰ੍ਹੋਂ, ਰਾਇਆ ਆਦਿ ਦੀਆਂ ਕਾਸਤ ਵਿਧੀਆਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਈ.ਆਰ. ਕਰੁਣ ਸਰਮਾ, ਕੇ.ਵੀ.ਕੇ ਸਮਰਾਲਾ ਨੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਖੇਤ ਵਿੱਚ ਝੋਨੇ ਦੀ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਵੱਖ-ਵੱਖ ਮਸੀਨਾਂ ਜਿਵੇਂ ਕਿ ਪੀਏਯੂ ਸਮਾਰਟ ਸੀਡਰ, ਪੀਏਯੂ ਹੈਪੀ ਸੀਡਰ, ਸੁਪਰ ਸੀਡਰ ਆਦਿ ਦੇ ਕੰਮ ਅਤੇ ਰੱਖ-ਰਖਾਅ ਸਬੰਧੀ ਵੇਰਵੇ ਸਾਂਝੇ ਕੀਤੇ। ਡਾ: ਸੰਜੀਵ ਆਹੂਜਾ, ਸਹਾਇਕ ਪ੍ਰੋਫੈਸਰ (ਬਾਗਬਾਨੀ) ਨੇ ਪ੍ਰੋਗਰਾਮ ਸਬੰਧੀ ਤਾਲਮੇਲ ਕੀਤਾ ਅਤੇ ਸਰਦੀਆਂ ਦੀਆਂ ਸਬਜੀਆਂ ਦੇ ਉਤਪਾਦਨ ਲਈ ਕੀਮਤੀ ਸੁਝਾਅ ਸਾਂਝੇ ਕੀਤੇ। ਡਾ. ਪਵਨ ਕੁਮਾਰ, ਸਹਾਇਕ ਪ੍ਰੋਫੈਸਰ (ਪੌਦ ਸੁਰੱਖਿਆ) ਨੇ ਰਹਿੰਦ-ਖੂੰਹਦ ਦੇ ਪ੍ਰਬੰਧਨ ਵਾਲੇ ਖੇਤਾਂ ਵਿੱਚ ਬੀਜੀ ਕਣਕ ਵਿੱਚ ਪੀਏਯੂ ਦੀਆਂ ਸਿਫਾਰਸ ਕੀਤੀਆਂ ਆਈਪੀਐਮ ਤਕਨੀਕਾਂ ਬਾਰੇ ਚਰਚਾ ਕੀਤੀ। ਡਾ: ਪ੍ਰਿੰਸੀ, ਸਹਾਇਕ ਪ੍ਰੋਫੈਸਰ (ਗ੍ਰਹਿ ਵਿਗਿਆਨ) ਨੇ ਕਿਸਾਨ ਔਰਤਾਂ ਲਈ ਉੱਦਮੀ ਹੁਨਰ ਬਾਰੇ ਚਰਚਾ ਕੀਤੀ। ਪੇਂਡੂ ਔਰਤਾਂ ਦੇ ਵਿਕਾਸ ਲਈ ਵੱਖ-ਵੱਖ ਹੁਨਰਾਂ 'ਤੇ ਵੀ ਜੋਰ ਦਿੱਤਾ। ਸ੍ਰੀਮਤੀ ਅੰਕੁਰਦੀਪ ਪ੍ਰੀਤੀ, ਸਹਾਇਕ ਪ੍ਰੋਫੈਸਰ (ਐਗਰੋਫੋਰੈਸਟਰੀ) ਨੇ ਝੋਨੇ ਦੀ ਪਰਾਲੀ ਦੀ ਪੌਪਲਰ ਵਿੱਚ ਮਲਚ ਦੇ ਤੌਰ 'ਤੇ ਸੰਭਾਵੀ ਵਰਤੋਂ ਬਾਰੇ ਚਰਚਾ ਕੀਤੀ, ਜੋ ਨਾ ਸਿਰਫ ਨਦੀਨਾਂ ਦੇ ਖਤਰੇ ਨੂੰ ਕੰਟਰੋਲ ਕਰ ਸਕਦੀ ਹੈ ਬਲਕਿ ਮਿੱਟੀ ਦੀ ਨਮੀ ਨੂੰ ਬਰਕਰਾਰ ਰੱਖਣ ਵਿੱਚ ਵੀ ਮਦਦ ਕਰਦੀ ਹੈ। ਸੀਆਰਐਮ ਗੋਦ ਲਏ ਪਿੰਡਾਂ ਨੂੰ ਸੀਆਰਐਮ ਮਸੀਨਰੀ ਦੀ ਝੰਡੀ ਦੀ ਰਸਮ ਨੇ ਸਮਾਗਮ ਵਿੱਚ ਦਿਲਚਸਪੀ ਵਧਾ ਦਿੱਤੀ।

ਪੀਏਯੂ ਸਾਹਿਤ ਅਤੇ ਬੀਜਾਂ ਦੀ ਵਿਕਰੀ ਇਸ ਸਮਾਗਮ ਦਾ ਇੱਕ ਹੋਰ ਪ੍ਰਮੁੱਖ ਆਕਰਸ਼ਣ ਸੀ। ਡਾ. ਅਪਰਣਾ ਸਹਾਇਕ ਪ੍ਰੋਫੈਸਰ (ਪਸ਼ੂ ਪਾਲਣ) ਨੇ ਪਰਾਲੀ ਦੇ ਪਸ਼ੂਆਂ ਦੀ ਖੁਰਾਕ ਵਜੋਂ ਵਰਤੋਂ ਬਾਰੇ ਜਾਣਕਾਰੀ ਦਿੱਤੀ। ਸੰਜੀਵ ਆਹੂਜਾ ਸਹਾਇਕ ਪ੍ਰੋਫੈਸਰ (ਬਾਗਬਾਨੀ) ਨੇ ਕੇਵੀਕੇ ਵਿਖੇ ਉਪਲਬਧ ਪਰਾਲੀ ਦੀ ਸਾਂਭ ਸੰਭਾਲ ਲਈ ਮਸ਼ੀਨਾਂ ਅਤੇ ਉਹਨਾਂ ਦੀ ਵਰਤੋਂ ਬਾਰੇ ਜਾਣਕਾਰੀ ਦਿੱਤੀ। ਡਾ. ਪਵਨ ਕੁਮਾਰ ਸਹਾਇਕ ਪ੍ਰੋਫੈਸਰ (ਪੌਦ ਸੁਰੱਖਿਆ) ਨੇ ਹਾੜ੍ਹੀ ਦੀਆਂ ਫਸਲਾਂ ਵਿੱਚ ਸਰਵਪੱਖੀ ਕੀਟ ਪ੍ਰਬੰਧਨ ਬਾਰੇ ਸੰਪੂਰਨ ਜਾਣਕਾਰੀ ਸਾਂਝੀ ਕੀਤੀ। ਕੈਂਪ ਵਿੱਚ ਪਰਾਲੀ ਦੀ ਸੰਭਾਲ ਸੰਬੰਧੀ ਸਾਹਿਤ ਵੀ ਦਿੱਤਾ ਗਿਆ। ਅੰਤ ਵਿੱਚ ਡਾ. ਸਤਬੀਰ ਸਿੰਘ ਵੱਲੋਂ ਜਿਲ੍ਹੇ ਦੇ ਕਿਸਾਨਾਂ ਦਾ ਕੈਂਪ 'ਚ ਸ਼ਿਰਕਤ ਕਰਨ ਤੇ ਧੰਨਵਾਦ ਕੀਤਾ।

# ਚੂਰਾ ਪੋਸਤ ਸਮੇਤ ਕਾਬੂ, ਰੇਤ ਦਾ ਖਾਲੀ ਟਿੱਪਰ ਬਰਾਮਦ



**ਬਿਲਗਾ (ਵਿਜੇ ਕੁਮਾਰ)**-ਮੁੱਖ ਅਫਸਰ ਥਾਣਾ ਬਿਲਗਾ ਸਬ ਇੰਸਪੈਕਟਰ ਮਹਿੰਦਰ ਪਾਲ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਏ ਐਸ ਆਈ ਸਤਪਾਲ ਸਮੇਤ ਪੁਲਿਸ ਪਾਰਟੀ ਗਸ਼ਤ ਬਾ ਚੈਕਿੰਗ ਭੈੜੇ ਅਨਸਰਾਂ ਦੇ ਸੰਬੰਧ ਵਿੱਚ ਥਾਣਾ ਬਿਲਗਾ ਤੋਂ ਪਿੰਡ ਖੋਖੇਵਾਲ, ਪੁਆਦੜਾ ਤੋਂ ਤਲਵਣ ਆਦਿ ਪਿੰਡਾਂ ਨੂੰ ਜਾ ਰਹੇ ਸੀ ਜਦ ਪੁਲਿਸ ਪਾਰਟੀ ਪੈਟਰੋਲ ਪੰਪ ਪਿੰਡ ਤਲਵਣ ਕੋਲ ਪੁੱਜੀ ਤਾਂ ਸਾਹਮਣੇ ਤੋਂ ਇਕ ਮੋਨਾ ਵਿਅਕਤੀ ਜਿਸ ਦੇ ਹੱਥ ਵਿਚ ਵਜ਼ਨਦਾਰ ਬੋਰਾ ਪਲਾਸਟਿਕ ਫੜਿਆ ਦਿਖਾਈ ਦਿੱਤਾ ਜਿਸ ਨੇ ਪੁਲਸ ਨੂੰ ਦੇਖ ਕੇ ਬੋਰਾ ਸੁੱਟ ਦਿੱਤਾ ਜਿਸ ਨੂੰ ਪੁਲਸ ਪਾਰਟੀ ਕਰਮਚਾਰੀਆਂ ਦੀ ਮਦਦ ਨਾਲ ਕਾਬੂ ਕਰਕੇ ਉਸ ਦਾ ਨਾਂ ਪਤਾ ਪੁੱਛਣ 'ਤੇ ਜਿਸ ਨੇ ਆਪਣਾ ਨਾਂਅ ਹਰਬੰਸ ਲਾਲ ਉਰਫ ਕਾਲਾ ਪੁੱਤਰ ਪਾਲਾ ਰਾਮ ਵਾਸੀ ਮਹੁੱਲਾ ਮੰਡੀ ਤਲਵਣ ਥਾਣਾ ਬਿਲਗਾ ਜ਼ਿਲ੍ਹਾ ਜਲੰਧਰ ਦੱਸਿਆ ਜਿਸ ਵਲੋਂ ਸੁੱਟਿਆ ਬੋਰਾ ਪਲਾਸਟਿਕ ਵਿੱਚੋਂ ਡੋਡੇ ਚੂਰਾ ਪੋਸਤ ਵਜ਼ਨੀ 1 ਕਿਲੋ 500 ਗਰਾਮ ਬਰਾਮਦ ਕਰਕੇ ਉਸ ਖਿਲਾਫ ਥਾਣਾ ਬਿਲਗਾ 'ਚ ਮੁਕੱਦਮਾ ਦਰਜ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

ਇਸੇ ਤਰ੍ਹਾਂ ਏ ਐਸ ਆਈ ਅਸ਼ਵਨੀ ਕੁਮਾਰ ਥਾਣਾ ਬਿਲਗਾ ਤੋਂ ਸਮੇਤ ਪੁਲਸ ਪਾਰਟੀ ਪਿੰਡ ਢੰਗਾਰਾ ਤੋਂ ਤਲਵਣ ਰੋਡ ਪੁੱਜੇ ਤਾਂ ਇਕ ਗੱਡੀ ਰੇਤਾ ਨਾਲ ਭਰੀ ਆਉਂਦੀ ਦਿਖਾਈ ਦਿੱਤੀ ਜਿਸ ਦੇ ਚਾਲਕ ਨੂੰ ਰੋਕ ਕੇ ਰੇਤਾ ਦੀ ਪਰਚੀ ਦਿਖਾਉਣ ਲਈ ਕਿਹਾ ਗਿਆ ਜਿਸ 'ਤੇ ਗੱਡੀ ਚਾਲਕ ਪਾਸ ਪਰਚੀ ਨਾ ਹੋਣ ਕਰਕੇ ਰਕੇਸ਼ ਕੁਮਾਰ ਜੇ ਈ ਕਮ ਮਾਇਨਿੰਗ ਇੰਸਪੈਕਟਰ ਬਿਸਤ ਦੋਆਬ ਉਪ ਮੰਡਲ ਜਲੰਧਰ ਸਮੇਤ ਹੋਰ ਕਰਮਚਾਰੀ ਮੌਕੇ 'ਤੇ ਬੁਲਾਇਆ ਗਿਆ ਜਿਨ੍ਹਾਂ ਨੇ ਚਾਲਕ ਤੋਂ ਰੇਤਾ ਦੀ ਪਰਚੀ ਮੰਗੀ ਤਾਂ ਚਾਲਕ ਰੇਤਾ ਦੀ ਪਰਚੀ ਨਾ ਦਿਖਾ ਕੇ ਉਸ ਜਗ੍ਹਾ ਤੋਂ ਗੱਡੀ ਭਜਾ ਕੇ ਮੌਕੇ ਤੋਂ ਭੱਜ ਗਿਆ ਜਿਸ 'ਤੇ ਰਕੇਸ਼ ਕੁਮਾਰ ਜੇ ਈ ਕਮ ਮਾਇਨਿੰਗ ਇੰਸਪੈਕਟਰ ਬਿਸਤ ਦੋਆਬ ਉਪ ਮੰਡਲ ਜਲੰਧਰ ਨੇ ਮੁਕਦਮਾ ਰਜਿਸਟਰ ਕੀਤਾ ਗਿਆ ਅਤੇ ਰਜਿੰਦਰ ਸਿੰਘ ਵਾਸੀ ਪਿੰਡ ਢੰਗਾਰਾ ਥਾਣਾ ਬਿਲਗਾ ਦੇ ਘਰ ਤੋਂ ਖਾਲੀ ਟਿੱਪਰ ਬਰਾਮਦ ਕੀਤਾ ਗਿਆ। ਰਜਿੰਦਰ ਸਿੰਘ ਘਰੋਂ ਫਰਾਰ ਚੱਲਿਆ ਆ ਰਿਹਾ ਹੈ ਉਸ ਦੀ ਭਾਲ ਕੀਤੀ ਜਾ ਰਹੀ ਹੈ।

# ਸੀਚੇਵਾਲ ਵੱਲੋਂ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਾਉਣ ਦਾ ਹੋਕਾ




**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)** ਜਗਤ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 553ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਹਿਲਾ ਮਹਾਨ ਨਗਰ ਕੀਰਤਨ ਅੱਜ 30 ਅਕਤੂਬਰ ਨੂੰ ਪਿੰਡ ਅਕਾਲੀ ਖੁਰਦ ਦੇ ਗੁਰਦੁਆਰਾ ਬਾਜ ਸਿੰਘ ਸਾਹਿਬ ਤੋਂ ਪਦਮਸ੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਮੈਂਬਰ ਰਾਜ ਸਭਾ ਦੀ ਅਗਵਾਈ ਹੇਠ ਸਜਾਇਆ ਗਿਆ। ਇਹ ਨਗਰ ਕੀਰਤਨ ਅਕਾਲੀ ਖੁਰਦ ਗੁਰਦੁਆਰਾ ਬਾਜ ਸਿੰਘ ਤੋਂ ਸ਼ੁਰੂ ਹੋ ਕੇ ਜੋ ਪਿੰਡ ਬੂਲੇ, ਹਜ਼ਾਰਾ, ਭੀਮਾਂ, ਚੱਕ, ਹਾਜ਼ੀਪੁਰ, ਕਬੀਰਪੁਰ, ਲੋਧੀਵਾਲ, ਭਾਗੋ ਬੁੱਢਾ, ਬੂਸੋਵਾਲ, ਤਰਫਹਾਜ਼ੀ ਤੋਂ ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਤੋਂ ਹੁੰਦੇ ਹੋਏ ਪਵਿੱਤਰ ਵੇਈਂ ਦੇ ਕੰਢੇ-ਕੰਢੇ ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਵਿਖੇ ਸੰਪੂਰਨ ਹੋਇਆ। ਇਹ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਕੱਢਿਆ ਗਿਆ।

ਨਗਰ ਕੀਰਤਨ ਦੌਰਾਨ ਜਿੱਥੇ ਇਲਾਹੀ ਬਾਣੀ ਦਾ ਗੁਣਗਾਨ ਕੀਤਾ ਜਾ ਰਿਹਾ ਹੈ ਉੱਥੇ ਹੀ ਵਾਤਾਵਰਣ ਨੂੰ ਬਚਾਉਣ ਤੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਾਉਣ ਦਾ ਹੋਕਾ ਦਿੱਤਾ ਗਿਆ। ਇਸ ਨਗਰ ਕੀਰਤਨ ਵਿੱਚ ਸੰਤ ਅਵਤਾਰ ਸਿੰਘ ਯਾਦਗਾਰੀ ਸਕੂਲ ਦੇ ਵਿਦਿਆਰਥੀ ਅਤੇ ਸੰਤ ਮਹਾਂਪੁਰਸ਼ ਹਾਜ਼ਰ ਸਨ।

# ਗੁਰਬਿੰਦਰ ਸਿੰਘ ਅਟਵਾਲ ਵੱਲੋਂ ਪਿੰਡਾਂ ਦਾ ਦੌਰਾ

**ਫਿਲੌਰ (ਬੀ ਐਸ ਕੈਨੇਡੀ)** ਭਾਵੇਂ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਆ ਗਈ ਹੈ ਪਰ ਫਿਰ ਵੀ ਗੁਰਬਿੰਦਰ ਸਿੰਘ ਅਟਵਾਲ ਸਾਬਕਾ ਮੰਤਰੀ ਪੰਜਾਬ ਨੂੰ ਬੁਲਾ ਰਹੇ ਹਨ। ਪਿੰਡਾਂ 'ਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਅੱਜ ਗੁਰਬਿੰਦਰ ਸਿੰਘ ਅਟਵਾਲ ਸਾਬਕਾ ਮੰਤਰੀ ਪੰਜਾਬ ਨੇ ਪਿੰਡ ਮੁਆਈ ਬਿਲਗਾ ਨੂਰਮਹਿਲ ਨਕੋਦਰ ਦਾ ਦੌਰਾ ਕੀਤਾ ਤੇ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ ਅਤੇ ਜਲਦੀ ਹੱਲ ਕਰਨ ਦਾ ਭਰੋਸਾ ਦਿਵਾਇਆ। ਉਸ ਮੌਕੇ ਉਹਨਾਂ ਦੇ ਨਾਲ ਸਾਬਕਾ ਸਰਪੰਚ ਜੀਤਾਂ ਢੇਲੀ, ਸਤਪਾਲ ਸੁਮਨ, ਦਰਸ਼ਨ ਸਾਬਕਾ ਸਰਪੰਚ ਹਾਜ਼ਰ ਸਨ।

# ਦਿਓਲ ਪਰਵਾਰ ਵੱਲੋਂ 40 ਬੇਘਰੇ ਪਰਵਾਰਾਂ ਨੂੰ ਦਿੱਤੇ ਜਾਣਗੇ ਮੁਫਤ ਪਲਾਟ

**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)** 40 ਲੋੜਵੰਦ ਬੇਘਰੇ 'ਗੱਡੀਆਂ ਵਾਲੇ ਪਰਵਾਰਾਂ' ਨੂੰ ਦਿਓਲ ਪਰਵਾਰ ਵੱਲੋਂ ਫਰੀ ਰਿਹਾਇਸ਼ੀ ਪਲਾਂਟ ਮੁਫਤ ਦਿੱਤੇ ਜਾ ਰਹੇ ਹਨ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਜਸਪਾਲ ਸਿੰਘ ਦਿਓਲ ਅ੍ਮਿਤ ਦਿਓਲ, ਸਿਮਰਤ ਗਿੱਲ ਅਤੇ ਰਾਜਵੀਰ ਕੌਰ ਗਿੱਲ ਐੱਮ. ਸੀ. ਮੋਹਾਲੀ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਵ ਨੂੰ ਸਮਰਪਿਤ ਅ੍ਮਿਤ ਦਿਓਲ ਫਾਉਂਡੇਸ਼ਨ ਸੁਸਾਇਟੀ ਵਲੋਂ 1 ਨਵੰਬਰ ਨੂੰ ਭੂਰੜੇ ਰੋਡ ਸ੍ਰੀ ਚਮਕੌਰ ਸਾਹਿਬ ਵਿਚ ਇਹ ਪਲਾਂਟ ਦਿੱਤੇ ਜਾਣਗੇ।

# ਅਮਰ ਕੌਰ ਤੇ ਚਰਨ ਕੌਰ ਵੈੱਲਫੇਅਰ ਸੁਸਾਇਟੀ ਤੇ ਜ਼ਿਲ੍ਹਾ ਪੁਲਸ ਵੱਲੋਂ ਭੂੰਗਰਨੀ ਵਿਖੇ ਵਿਸ਼ੇਸ਼ ਸੈਮੀਨਾਰ



**ਮੇਹਟੀਆਣਾ (ਜਗਤਰ ਸਿੰਘ ਭੁੰਗਰਨੀ)** ਅਮਰ ਕੌਰ ਅਤੇ ਚਰਨ ਕੌਰ ਵੈੱਲਫੇਅਰ ਸੁਸਾਇਟੀ ਭੁੰਗਰਨੀ ਅਤੇ ਜਿਲ੍ਹਾ ਪੁਲਸ ਹੁਸ਼ਿਆਰਪੁਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੂੰਗਰਨੀ ਵਿਖੇ ਇਕ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ ਇਸ ਸੈਮੀਨਾਰ ਵਿੱਚ ਬੱਚਿਆਂ ਨੂੰ ਸਾਈਬਰ ਠੱਗਾਂ ਤੋਂ ਬਚਣ ਲਈ, ਟਰੈਫਿਕ ਨਿਯਮਾਂ ਅਤੇ ਨਸ਼ਿਆਂ ਤੋਂ ਬਚਣ ਲਈ ਜਾਗਰੂਕ ਕੀਤਾ ਗਿਆ। ਇਸ ਸੈਮੀਨਾਰ ਦੇ ਮੁੱਖ ਮਹਿਮਾਨ ਡੀ ਐਸ ਪੀ ਸੁਰਿੰਦਰ ਪਾਲ ਸਿੰਘ ਅਤੇ ਉਨਾਂ ਨਾਲ ਆਏ ਸਾਈਬਰ ਕਰਾਈਮ ਦੇ ਡੀ ਐਸ ਪੀ ਅਨਿਲ ਭਨੋਟ, ਐਚ ਓ ਮੇਹਟੀਆਣਾ ਇੰਸਪੈਕਟਰ ਪ੍ਰਭਜੋਤ ਕੌਰ ਅਤੇ ਏ ਐਸ ਆਈ ਟ੍ਰੈਫਿਕ ਮਨਜੀਤ ਸਿੰਘ ਨੇ ਬੱਚਿਆਂ ਨੂੰ ਜਾਗਰੂਕ ਕੀਤਾ ਤੇ ਦੱਸਿਆ ਕਿ ਮੋਬਾਇਲ ਰਾਂਹੀ ਆਮ ਭੋਲੇ ਭਾਲੇ ਲੋਕਾਂ ਨੂੰ ਵੱਡੇ ਪੱਧਰ ਤੇ ਠੱਗਿਆ ਜਾ ਰਿਹਾ ਹੈ ਦਿਨ ਬ ਦਿਨ ਸੜਕੀ ਹਾਦਸਿਆਂ ਦਾ ਵਧਣਾ ਅਤੇ ਪੰਜਾਬ ਵਿਚ ਨੌਜਵਾਨਾਂ ਜਵਾਨੀ ਨੂੰ ਚਿੱਟੇ ਨੇ ਖਾ ਲਿਆ ਉਨ੍ਹਾਂ ਕਿਹਾ ਕਿ ਸਾਡੇ ਸੀਨੀਅਰ ਵੱਲੋਂ ਇਨ੍ਹਾਂ ਤੋਂ ਬਚਣ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਭੂੰਗਰਨੀ ਵਿੱਚ ਇਹ ਸੈਮੀਨਾਰ ਦਾ ਆਯੋਜਨ ਕੀਤਾ ਤਾਂ ਜੋ ਬੱਚਿਆਂ ਨੂੰ ਜਾਗਰੂਕ ਕੀਤਾ ਜਾ ਸਕੇ ਵੈੱਲਫੇਅਰ ਸੁਸਾਇਟੀ ਦੇ ਜਨਰਲ ਸਕੱਤਰ ਜਗਤਾਰ ਸਿੰਘ ਭੁੰਗਰਨੀ ਨੇ ਦੱਸਿਆ । ਇਸ ਸੈਮੀਨਾਰ ਵਿੱਚ ਬੱਚਿਆਂ ਨੂੰ ਜਾਗਰੂਕ ਕਰਨ ਲਈ ਮੁੱਖ ਮਹਿਮਾਨ ਦੇ ਤੌਰ ਤੇ ਡੀ ਐੱਸ ਪੀ (ਆਰ) ਸੁਰਿੰਦਰ ਪਾਲ ਸਿੰਘ ਨੇ ਬੱਚਿਆਂ ਨੂੰ ਦੱਸਿਆ ਕਿ ਸਾਨੂੰ ਸਾਈਬਰ ਠੱਗਾਂ ਤੋਂ ਕਿਸ ਤਰ੍ਹਾਂ ਆਪਣਾ ਬਚਾ ਕਰਨਾ ਹੈ। ਇਸ ਮੌਕੇ ਦੋਆਬਾ ਜਨਰਲ ਕੈਟਾਗਰੀ ਫਰੰਟ ਪ੍ਰਧਾਨ ਬਲਵੀਰ ਸਿੰਘ ਫੁਗਲਾਣਾ ਅਤੇ ਸੁਰਜੀਤ ਸਿੰਘ ਮਸੂਤਾ ਪ੍ਰਧਾਨ ਨੇ ਨਸ਼ਿਆਂ ਦੇ ਵੱਧ ਰਹੇ ਰੁਝਾਨ ਤੇ ਚਿੰਤਾ ਜਾਹਰ ਕਰਦਿਆਂ ਨਸ਼ਾ ਤਸਕਰਾਂ ਤੇ ਸਖਤੀ ਵਰਤਣ ਲਈ ਕਿਹਾ ਇਸ ਸੈਮੀਨਾਰ ਵਿੱਚ ਪ੍ਰਿੰਸੀਪਲ ਗੁਰਪ੍ਰੀਤ ਸਿੰਘ ਅਤੇ ਉਨਾਂ ਦੇ ਸਮੁੱਚੇ ਸਟਾਫ ਨੇ ਆਏ ਮਹਿਮਾਨਾਂ ਨੂੰ ਜੀ ਆਇਆ ਕਿਹਾ ਅਤੇ ਧੰਨਵਾਦ ਕੀਤਾ। ਇਸ ਮੌਕੇ ਸੁਸਾਇਟੀ ਵਲੋਂ ਆਏ ਮਹਿਮਾਨਾਂ ਨੂੰ ਸਿਰਪਾਓ ਅਤੇ ਸਨਮਾਨ ਚਿੰਨ੍ਹ ਦੇ ਸਨਮਾਨਤ ਕੀਤਾ ਗਿਆ। ਇਸ ਸੈਮੀਨਾਰ ਨੂੰ ਸੁਸਾਇਟੀ ਸਰਪ੍ਰਸਤ ਡਾ. ਹਰਦੇਵ ਸਿੰਘ ਪਰਹਾਰ, ਜਸਵਿੰਦਰ ਕੌਰ ਪਰਹਾਰ ਯੂ ਐਸ ਏ ਵੱਲੋਂ ਵਿਸੇਸ ਸਹਿਯੋਗ ਕੀਤਾ ਗਿਆ। ਇਸ ਮੌਕੇ ਭਾਸ਼ਣ ਮੁਕਾਬਲਿਆ ਵਿੱਚ 1-2-3 ਪੁਜੀਸ਼ਨ 'ਚ ਆਏ ਬੱਚਿਆਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਹੋਰਨਾ ਤੋਂ ਇਲਾਵਾ ਜਸਵੀਰ ਸਿੰਘ ਭਾਮ, ਗੁਰਦਿਆਂ ਸਿੰਘ ਜਲਵੇਹੜਾ, ਵਰਿੰਦਰ ਸਿੰਘ ਭਿੰਡਰ ਬੱਡਲਾ, ਮਨਜੀਤ ਸਿੰਘ ਸਰਪੰਚ ਰਾਜਪੁਰ ਭਾਈਆਂ, ਜਸਵਿੰਦਰ ਸਿੰਘ ਸੰਘਾ, ਅਜੀਤ ਸਿੰਘ ਖਨੌੜਾ, ਬਲਵੀਰ ਸਿੰਘ ਯੂ ਕੇ, ਲਖਵੀਰ ਸਿੰਘ ਜੰਜੂਆ, ਜਸਬੀਰ ਸਿੰਘ ਮਿਨਹਾਸ, ਬਲਵੀਰ ਸਿੰਘ ਫੁਗਲਾਣਾ, ਸੀ ਏ ਪਰਵਿੰਦਰ ਸਿੰਘ ਰਾਣਾ, ਇੰਜਨੀਅਰ ਪਰਮਿੰਦਰ ਸਿੰਘ ਪੋਸੀ, ਸਤਨਾਮ ਸਿੰਘ ਪਰਹਾਰ, ਸਤਵੰਤ ਸਿੰਘ ,ਬਲਵੀਰ ਸਿੰਘ ਤੰਬੜ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

# ਫੀਸਾਂ ਜਮ੍ਹਾਂ ਕਰਵਾਉਣ ਦੀ ਮਿਤੀ 'ਚ ਵਾਧਾ ਕੀਤਾ ਜਾਵੇ : ਡੀ ਟੀ ਐੱਫ

**ਜਲੰਧਰ, (ਕੇਸਰ)**- ਡੈਮੋਕ੍ਰੇਟਿਕ ਟੀਚਰਜ਼ ਫਰੰਟ (ਪੰਜਾਬ) ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਗੁਰਮੀਤ ਸਿੰਘ ਕੋਟਲੀ,ਸਕੱਤਰ ਅਵਤਾਰ ਲਾਲ ਅਤੇ ਵਿੱਤ ਸਕੱਤਰ ਗੁਰਮੁਖ ਸਿੰਘ ਸਿੱਧੂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀ ਤੇ ਬਾਰ੍ਹਵੀ ਜਮਾਤ ਦੀ ਲਈ ਜਾਣ ਵਾਲੀ ਸਲਾਨਾ ਪ੍ਰੀਖਿਆ ਦੀਆਂ ਫੀਸਾਂ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ ਵਿਚ ਵਾਧਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿਚ ਜ਼ਿਆਦਾਤਰ ਗਰੀਬ ਬੱਚੇ ਪੜ੍ਹਦੇ ਹਨ। ਆਰਥਿਕ ਪੱਖੋਂ ਬੇਹੱਦ ਕਮਜ਼ੋਰ ਵਿਦਿਆਰਥੀਆਂ ਕੋਲੋਂ ਫੀਸਾਂ ਜਮ੍ਹਾਂ ਨਹੀਂ ਕਰਵਾ ਹੋਈਆਂ। ਉਨ੍ਹਾਂ ਕਿਹਾ ਕਿ ਝੋਨੇ ਦੀ ਕਟਾਈ ਦਾ ਸੀਜ਼ਨ ਚਲਦਾ ਹੋਣ ਕਾਰਨ ਗਰੀਬ ਕਿਸਾਨੀ ਅਤੇ ਖੇਤ ਮਜ਼ਦੂਰਾਂ ਦੇ ਬੱਚੇ ਫੀਸਾਂ ਦੇਣ ਤੋਂ ਅਸਮਰੱਥ ਹਨ। ਉਨ੍ਹਾਂ ਦੀ ਸਥਿਤੀ ਨੂੰ ਸਮਝਦੇ ਹੋਏ ਫੀਸਾਂ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ ਵਿਚ 15 ਦਿਨ ਦਾ ਹੋਰ ਵਾਧਾ ਕੀਤਾ ਜਾਵੇ ਤਾਂ ਕਿ ਉਹ ਵਿਦਿਆਰਥੀ ਵੀ ਫੀਸਾਂ ਦਾ ਇੰਤਜ਼ਾਮ ਕਰਕੇ ਆਪਣੀ ਪੜ੍ਹਾਈ ਪੂਰੀ ਕਰ ਸਕਣ। ਇਸ ਮੌਕੇ ਸੁਖਵਿੰਦਰਪ੍ਰੀਤ ਸਿੰਘ,ਅੰਮ੍ਰਿਤਪਾਲ ਸਿੰਘ,ਬਲਵਿੰਦਰ ਸਿੰਘ ਮੁਰੀਦਵਾਲ,ਅਮਨਦੀਪ ਸਿੰਘ,ਗੌਰਵ ਕੁਮਾਰ,ਸੁਰਿੰਦਰਜੀਤ ਸਿੰਘ ਅਮਨਦੀਪ ਫਰਵਾਲਾ,ਹਰਨੇਕ ਸਿੰਘ,ਬਲਕਾਰ ਸਿੰਘ, ਸਤੀਸ਼ ਕੁਮਾਰ, ਸਰਬਜੀਤ ਸਿੰਘ,ਰਵੀ ਕੁਮਾਰ,ਇੰਦਰਜੀਤ ਸਿੰਘ, ਸ਼ਿਵ, ਮਹਿੰਦਰਪਾਲ ਸਿੰਘ, ਜਗਜੀਤ ਸਿੰਘ,ਰਾਜਵਿੰਦਰਪਾਲ ਸਿੰਘ, ਸੁਖਜਿੰਦਰ ਸਿੰਘ,ਸ਼ਿਵਦਿਆਲ,ਕੁਲਬੀਰ ਸਿੰਘ, ਲਖਵੀਰ ਚੰਦ, ਨਰਿੰਦਰ ਸੈਦਪੁਰੀ, ਮਨਜਿੰਦਰ ਸਿੰਘ ਮਲਸੀਆਂ ਅਤੇ ਹਾਜ਼ਰ ਸਨ।

# ਜ਼ੋਨਲ ਟੂਰਨਾਮੈਂਟ ਸਫਲਤਾਪੂਰਵਕ ਸੰਪੰਨ



**ਬਿਲਗਾ (ਵਿਜੇ ਕੁਮਾਰ)**-ਜਿਲ੍ਹਾ ਜਲੰਧਰ ਦੇ ਬਲਾਕ ਨੂਰਮਹਿਲ ਦੇ ਜੋਨ ਨੰਬਰ -13 ਲੜਕੇ ਦੀਆਂ ਅਥਲੈਟਿਕ ਮੀਟ 2022-23 ਤਰੀਕ 26, 27, ਤੇ 28 ਅਕਤੂਬਰ ਨੂੰ ਚੋਧਰੀ ਸੰਤਾਂ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬਿਲਗਾ (ਲੜਕੇ) ਜਲੰਧਰ ਵਿਖੇ ਕਰਵਾਈ ਗਈ ਇਸ ਵਿਚ ਬਲਾਕ ਨੂਰਮਹਿਲ ਦੇ ਸਰਕਾਰੀ, ਅਰਧ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ ਪੰਜਾਬ ਸਕੂਲ ਸਿੱਖਿਆ ਵਿਭਾਗ ਵਲੋਂ ਕਰਵਾਏ ਜਾ ਰਹੇ ਜੋਨਲ ਟੂਰਨਾਮੈਂਟ ਮਹੀਨਾ ਸਤੰਬਰ ਵਿਚ ਸੁਰੂ ਕੀਤੇ ਗਏ ਸਨ ਜਿਸ ਤਹਿਤ ਮਹੀਨਾ ਸਤੰਬਰ ਵਿਚ ਬਲਾਕ ਨੂਰਮਹਿਲ ਦੇ ਸਾਰੇ ਸਕੂਲਾਂ ਦੀਆਂ ਟੀਮਾਂ ਦੇ ਫੁੱਟਬਾਲ, ਕਬੱਡੀ , ਵਾਲੀਵਾਲ ਤੇ ਕ੍ਰਿਕਟ ਆਦਿ ਮੈਚ ਕਰਵਾਏ ਗਏ ਸਨ ਇਸ ਉਪਰੰਤ ਪੰਜਾਬ ਸਰਕਾਰ ਵੱਲੋਂ "ਖੇਡਾਂ ਵਤਨ ਪੰਜਾਬ ਦੀਆਂ" ਵੀ ਇਸੇ ਹੀ ਸਕੂਲ ਦੇ ਮੈਦਾਨ ਵਿੱਚ ਕਰਵਾਈਆਂ ਗਈਆਂ ਜਿਸ ਵਿਚ ਅੰਡਰ -14, ਅੰਡਰ -17, ਤੇ ਅੰਡਰ -19 ਟੀਮਾਂ ਦੇ 100 ਮੀਟਰ,200 ਮੀਟਰ, 400 ਮੀਟਰ, 800 ਮੀਟਰ,1500 ਮੀਟਰ,3000 ਮੀਟਰ, 5000 ਮੀਟਰ ਤੇ 10,000 ਮੀਟਰ ਦੌੜਾਂ ਕਰਵਾਈਆਂ ਗਈਆਂ ਇਸ ਤੋਂ ਇਲਾਵਾ ਸਾਰੇ ਥਰੋਅ ਈਵੈਂਟਸ ਤੇ ਜੰਪ ਈਵੈਂਟਸ ਵੀ ਕਰਵਾਏ ਗਏ ਇਸ ਸਾਰੇ ਟੂਰਨਾਮੈਂਟ ਦੀ ਅਗਵਾਈ ਜੋਨਲ ਪ੍ਰਧਾਨ ਸ੍ਰੀ ਆਤਮਾ ਰਾਮ ਪ੍ਰਿੰਸੀਪਲ ਸ. ਸ .ਸ. ਸ. ਬਿਲਗਾ ਅਤੇ ਜੋਨਲ ਸੈਕਟਰੀ ਸ੍ਰੀ ਪਵਨ ਕੁਮਾਰ, ਲੈਕਚਰਾਰ ਫਿਜੀਕਲ ਐਜੂਕੇਸਨ ਸ. ਸ.ਸ. ਸ. ਤਲਵਣ ਵਲੋਂ ਕੀਤੀ ਗਈ ਇਸ ਇਨਾਮ ਵੰਡ ਸਮਾਰੋਹ ਵਿਚ ਮੁੱਖ ਮਹਿਮਾਨ ਸ.ਅਮਨਦੀਪ ਸਿੰਘ (ਸਪੁੱਤਰ ਹਲਕਾ ਵਿਧਾਇਕ ਨਕੋਦਰ ਸ੍ਰੀਮਤੀ ਇੰਦਰਜੀਤ ਕੌਰ ਮਾਨ ) ਅਤੇ ਉਨ੍ਹਾਂ ਦੀ ਧਰਮ ਪਤਨੀ ਨੇ ਸ਼ ?ਰਕਤ ਕੀਤੀ ਇਸ ਤੋਂ ਇਲਾਵਾ ਸ੍ਰੀਮਤੀ ਨੀਨਾ ਤਾਂਗੜੀ ਐਮ.ਪੀ ਮਿਸੀਸਾਗਾ ਕੈਨੇਡਾ ਦੇ ਪਤੀ ਸ੍ਰੀ ਅਸਵਨੀ ਤਾਂਗੜੀ,ਪ੍ਰਿੰਸੀਪਲ ਰਵੀ ਸਰਮਾਂ, ਪੁਸਕਰ ਅਰੋੜਾ, ਬਲਵਿੰਦਰ ਸਿੰਘ ਲਾਲੀ ਆਦਿ ਨੇ ਬੱਚਿਆਂ ਨੂੰ ਆਸੀਰਵਾਦ ਦਿੱਤਾ ਸਕੂਲ ਇੰਚਾਰਜ ਸ੍ਰੀਮਤੀ ਪ੍ਰਭਜੋਤ ਕੌਰ ਤੇ ਸਮੂਹ ਸਟਾਫ ਵਲੋਂ ਆਏ ਹੋਏ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਦਾ ਧੰਨਵਾਦ ਵੀ ਕੀਤਾ ਗਿਆ ਇਸ ਮੌਕੇ ਟੂਰਨਾਮੈਂਟ ਵਿਚ ਭਾਗ ਲੈਣ ਵਾਲੇ ਸਕੂਲਾਂ ਦੇ ਅਧਿਆਪਕ ਸਾਹਿਬਾਨ, ਵਿਦਿਆਰਥੀ ਅਤੇ ਇਲਾਕੇ ਦੇ ਪਤਵੰਤੇ ਸੱਜਣ ਹਾਜਰ ਸਨ।

# ਸਾਕਾ ਸ੍ਰੀ ਪੰਜਾ ਸਾਹਿਬ ਦੀ ਸ਼ਤਾਬਦੀ ਨੂੰ ਸਮਰਪਿਤ ਧਾਰਮਿਕ ਸਮਾਗਮ



**ਕਰਤਾਰਪੁਰ (ਹਰਮੇਸ਼)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਮਾਤਾ ਗੁਜਰੀ ਖ਼ਾਲਸਾ ਕਾਲਜ, ਕਰਤਾਰਪੁਰ ਵਿਖੇ ਮਾਣਯੋਗ ਪ੍ਰਧਾਨ ਸਾਹਿਬ ਜੀ (ਸ਼੍ਰੋ.ਗੁ.ਪ੍ਰ.ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ) ਦੇ ਆਦੇਸ਼ਾਂ ਅਨੁਸਾਰ ਕਾਲਜ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਦੀ ਅਗਵਾਈ ਹੇਠ ਕਾਲਜ ਵਿਖੇ ਸਾਕਾ ਸ੍ਰੀ ਪੰਜਾ ਸਾਹਿਬ ਦੀ ਸ਼ਤਾਬਦੀ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਇਆ ਗਿਆ, ਜਿਸ ਵਿਚ ਪ੍ਰੋ. ਕਮਲੇਸ਼ ਰਾਣੀ ਨੇ ਸਾਕਾ ਸ੍ਰੀ ਪੰਜਾ ਸਾਹਿਬ ਦੇ ਇਤਿਹਾਸ ਬਾਰੇ ਵਿਦਿਆਰਥੀਆਂ ਨੂੰ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਉਹਨਾਂ ਕਿਹਾ ਕਿ ਸ੍ਰੀ ਪੰਜਾ ਸਾਹਿਬ ਦਾ ਸੰਬੰਧ 'ਗੁਰੂ ਕਾ ਬਾਗ' ਮੋਰਚੇ ਦੇ ਕੈਦੀ ਸਿੰਘਾਂ ਨੂੰ ਲੰਗਰ ਛਕਾਉਣ ਨਾਲ ਸੰਬੰਧਤ ਹੈ। ਇਸ ਘਟਨਾ ਦਾ ਬਿਆਨ ਕਰਦਿਆਂ ਉਹਨਾਂ ਕਿਹਾ ਕਿ ਰੇਲ ਅਧਿਕਾਰੀਆਂ ਵੱਲੋਂ ਗੱਡੀ ਰੋਕਣ ਲਈ ਨਾ ਮੰਨੇ ਜਾਣ ਕਾਰਨ ਗੱਡੀ ਨੂੰ ਰੋਕਣ ਲਈ ਭਾਈ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਨੇ ਕਿਵੇਂ ਰੇਲ ਦੀ ਪਟੜੀ ਉੱਤੇ ਵਿਛ ਕੇ ਆਪਣਾ ਆਪ ਵਾਰ ਕੇ ਗੱਡੀ ਰੋਕੀ ਅਤੇ ਇਸ ਉਪਰੰਤ ਸਿੰਘਾਂ ਨੂੰ ਲੰਗਰ ਛਕਾਇਆ ਗਿਆ। ਉਹਨਾਂ ਕਿਹਾ ਕਿ ਅਜਿਹੀਆਂ ਸ਼ਹੀਦੀਆਂ ਦੀ ਮਿਸਾਲ ਹੋਰ ਕਿਧਰੇ ਵੀ ਨਹੀਂ ਮਿਲਦੀ। ਇਸ ਸਮਾਗਮ ਵਿਚ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੇ ਸ੍ਰੀ ਜਪੁਜੀ ਸਾਹਿਬ, ਸ੍ਰੀ ਚੌਪਈ ਸਾਹਿਬ ਦੇ ਪਾਠ ਕੀਤੇ ਅਤੇ ਅਰਦਾਸ ਉਪਰੰਤ ਸੰਸਥਾ ਦੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਵੱਲੋਂ ਸ਼ਤਾਬਦੀ ਨੂੰ ਸਮਰਪਿਤ ਵਿਸ਼ੇਸ਼ ਪੈਦਲ ਮਾਰਚ ਕਰਤਾਰਪੁਰ ਸ਼ਹਿਰ ਵਿਖੇ ਕੱਢਿਆ ਗਿਅ, ਜਿਸ ਵਿਚ ਸਮੂਹ ਸਟਾਫ਼ ਅਤੇ ਕਾਲਜ ਵਿਦਿਆਰਥੀਆਂ ਨੇ ਕੇਸਰੀ ਦਸਤਾਰਾਂ/ਦੁਪੱਟੇ ਸਜਾ ਕੇ ਸ਼ਮੂਲੀਅਤ ਕੀਤੀ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਨੇ ਸਾਕਾ ਸ੍ਰੀ ਪੰਜਾ ਸਾਹਿਬ ਦੀ ਇਤਿਹਾਸਕ ਘਟਨਾ ਨੂੰ ਸਿੱਖਾਂ ਦੀ ਸਹਿਣਸ਼ੀਲਤਾ, ਸੂਰਬੀਰਤਾ ਅਤੇ ਪੂਰਨ ਕੁਰਬਾਨੀ ਦਾ ਇੱਕ ਉਦਾਹਰਨ ਦੱਸਿਆ ਅਤੇ ਉਹਨਾਂ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਵਿਦਿਆਰਥੀਆਂ ਨੂੰ ਗੁਰਮਤਿ ਵਿਚਾਰਧਾਰਾ ਨਾਲ ਜੋੜਨ ਵਿਚ ਸਹਾਈ ਸਿੱਧ ਹੁੰਦੇ ਹਨ।